BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery

Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

5425 E. Thompson Rd., Indianapolis IN 46237

22KT GOLD
ANTIQUE JEWELRY
Regal Jewels
773-262-4377 BUY OR ORDER ONLINE 773-517-0574
www.RegalJewels.com

Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill
Broker
5820 N Canton Center Rd, Suite 145
734-751-4455 (Cell)
Rajsshergill@Yahoo.com

Twenty-Fifth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 25; June 22, 2024
20451 N. Plum Grove Rd., Palatine, IL 60074
Ph:847-359-0746, Fax:847-705-9388

# ਜ਼ਿਮਨੀ ਚੋਣ: 'ਆਪ' ਲਈ ਪਰਖ ਦੀ ਇਕ ਹੋਰ ਘੜੀ



**ਚੰਡੀਗੜ੍ਹ:** ਲੋਕ ਸਭਾ ਚੋਣਾਂ ਵਿਚ ਨਮੋਸ਼ੀ ਵਾਲੇ ਪ੍ਰਦਰਸ਼ਨ ਤੋਂ ਬਾਅਦ ਪੰਜਾਬ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ ਲਈ ਪਰਖ ਦੀ ਇਕ ਹੋਰ ਘੜੀ ਆ ਗਈ ਹੈ। ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦੇ ਐਲਾਨ ਪਿੱਛੋਂ ਪਾਰਟੀ ਨੇ ਪੂਰੀ ਵਾਹ ਲਾ ਦਿੱਤੀ ਹੈ। ਆਮ ਆਦਮੀ ਪਾਰਟੀ ਲਈ ਇਹ ਸੀਟ ਵੱਕਾਰ ਦਾ ਸਵਾਲ ਬਣ ਗਈ ਹੈ ਕਿਉਂਕਿ 2022 ਦੀਆਂ ਵਿਧਾਨ ਸਭਾ ਚੋਣਾਂ ਮੌਕੇ 'ਆਪ' ਉਮੀਦਵਾਰ ਸ਼ੀਤਲ ਅੰਗੁਰਾਲ ਨੇ ਜਿੱਤ ਪ੍ਰਾਪਤ ਕੀਤੀ ਸੀ, ਜੋ ਬਾਅਦ ਵਿਚ ਅਸਤੀਫ਼ਾ ਦੇ ਕੇ ਭਾਜਪਾ 'ਚ ਸ਼ਾਮਲ ਹੋ ਗਏ ਸਨ।

ਹੁਣ ਆਪ ਦਾ ਇਹ ਸਾਬਕਾ ਵਿਧਾਇਕ (ਸ਼ੀਤਲ ਅੰਗੁਰਾਲ) ਹੀ ਭਾਜਪਾ ਵੱਲੋਂ ਉਮੀਦਵਾਰ ਬਣ ਕੇ 'ਆਪ' ਦੇ ਮਹਿੰਦਰ ਭਗਤ ਖਿਲਾਫ ਚੋਣ ਲੜ ਰਿਹਾ ਹੈ। ਇਸ ਲਈ ਆਪ ਲਈ ਇਹ ਚੋਣ ਨੱਕ ਦਾ ਸਵਾਲ ਬਣ ਗਈ ਹੈ। ਦੱਸ ਦਈਏ ਕਿ ਹਾਲ ਹੀ ਵਿਚ ਲੋਕ ਸਭਾ ਚੋਣਾਂ ਦੇ ਆਏ ਨਤੀਜਿਆਂ ਵਿਚ 'ਆਪ' ਨੂੰ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਤੋਂ ਸਿਰਫ਼ 15,629 ਵੋਟਾਂ ਮਿਲੀਆਂ ਸਨ ਜਦ ਕਿ ਕਾਂਗਰਸ ਨੂੰ 44,394 ਅਤੇ ਭਾਜਪਾ ਨੂੰ 42,837 ਵੋਟਾਂ ਮਿਲੀਆਂ ਸਨ। ਕਾਂਗਰਸ 1,557 ਵੋਟਾਂ ਨਾਲ ਭਾਜਪਾ ਤੋਂ ਅੱਗੇ ਰਹੀ ਸੀ ਪਰ ਉਹ 'ਆਪ' ਤੋਂ 28 ਹਜ਼ਾਰ 765 ਵੋਟਾਂ ਨਾਲ ਅੱਗੇ ਸੀ। ਇੰਨੇ ਵੱਡੇ ਫਰਕ ਨੂੰ ਸਰ ਕਰਨਾ ਔਖਾ ਹੋਵੇਗਾ।

ਸ਼ੀਤਲ ਅੰਗੁਰਾਲ ਦੇ ਅਸਤੀਫ਼ੇ ਕਾਰਨ ਖਾਲੀ ਹੋਈ ਜਲੰਧਰ ਪੱਛਮੀ ਵਿਧਾਨ ਸਭਾ ਸੀਟ 'ਤੇ ਜ਼ਿਮਨੀ ਚੋਣ 10 ਜੁਲਾਈ ਨੂੰ ਹੋਣੀ ਹੈ। ਆਪ ਨੇ ਇਹ ਸੀਟ ਆਪਣੇ ਪਾਲੇ ਵਿਚ ਕਰਨ ਲਈ ਇੰਨਾ ਕੂ ਟਿੱਲ ਲਾ ਦਿੱਤਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਲੰਧਰ ਦੇ ਦੀਪ ਸਿੰਘ ਨਗਰ ਇਲਾਕੇ ਵਿਚ ਕਿਰਾਏ 'ਤੇ ਮਕਾਨ ਲੈ ਲਿਆ ਹੈ। ਉਹ ਇੱਥੋਂ ਪਾਰਟੀ ਅਤੇ ਸਰਕਾਰ ਦੀਆਂ ਮਾਝੇ ਤੇ ਦੋਆਬੇ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣਗੇ।

ਦੱਸ ਦਈਏ ਕਿ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਤੋਂ ਬਾਅਦ ਚਾਰ ਹੋਰ ਜ਼ਿਮਨੀ ਚੋਣਾਂ ਹੋਣੀਆਂ ਹਨ। ਇਹ ਸੀਟਾਂ 4 ਵਿਧਾਇਕਾਂ ਵੱਲੋਂ ਲੋਕ ਸਭਾ ਚੋਣਾਂ ਜਿੱਤਣ ਕਾਰਨ ਖਾਲੀ ਹੋਈਆਂ ਹਨ। ਬਰਨਾਲਾ ਤੋਂ ਵਿਧਾਇਕ ਗੁਰਮੀਤ ਸਿੰਘ ਮੀਤ ਹੇਅਰ ਨੇ ਲੋਕ ਸਭਾ ਹਲਕਾ ਸੰਗਰੂਰ, ਚੱਬੇਵਾਲ ਦੇ ਵਿਧਾਇਕ ਡਾ. ਰਾਜ ਕੁਮਾਰ ਚੱਬੇਵਾਲ ਨੇ ਲੋਕ ਸਭਾ ਹਲਕਾ ਹੁਸ਼ਿਆਰਪੁਰ, ਗਿੱਦੜਬਾਹਾ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਲੋਕ ਸਭਾ ਹਲਕਾ ਲੁਧਿਆਣਾ ਤੇ ਡੇਰਾ ਬਾਬਾ ਨਾਨਕ ਦੇ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਜਿੱਤ ਹਾਸਲ ਕੀਤੀ ਹੈ। ਇਸ ਤਰ੍ਹਾਂ ਵਿਧਾਨ ਸਭਾ ਹਲਕਾ ਬਰਨਾਲਾ, ਚੱਬੇਵਾਲ, ਗਿੱਦੜਬਾਹਾ ਅਤੇ ਡੇਰਾ ਬਾਬਾ ਨਾਨਕ ਸੀਟਾਂ 'ਤੇ ਜ਼ਿਮਨੀ ਚੋਣਾਂ ਹੋਣਗੀਆਂ।

ਇਧਰ, ਜਿਮਨੀ ਚੋਣ ਤੋਂ ਬਾਅਦ ਪੇਂਡੂ ਤੇ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ 'ਆਪ' ਸਰਕਾਰ ਦੀ ਕਾਰਗੁਜ਼ਾਰੀ ਲਈ ਮੁੜ ਪਰਖ ਦਾ ਵੇਲਾ ਹੋਵੇਗਾ। ਪੰਜਾਬ ਵਿਚ ਕੁੱਲ 13,241 ਗ੍ਰਾਮ ਪੰਚਾਇਤਾਂ, 153 ਬਲਾਕ ਸਮਿਤੀਆਂ ਅਤੇ 23 ਜ਼ਿਲ੍ਹਾ ਪਰਿਸ਼ਦਾਂ ਲਈ ਚੋਣਾਂ ਦੀ ਮਿਆਦ 31 ਦਸੰਬਰ 2023 ਨੂੰ ਖ਼ਤਮ ਹੋ ਚੁੱਕੀ ਹੈ। ਸੂਬੇ ਵਿਚ ਸਭ ਤੋਂ ਜ਼ਿਆਦਾ 1405 ਪੰਚਾਇਤਾਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹਨ। ਜ਼ਿਲ੍ਹਾ ਪਟਿਆਲਾ ਵਿਚ 1022 ਪੰਚਾਇਤਾਂ ਹਨ। ਜ਼ਿਆਦਾਤਰ ਪੰਚਾਇਤਾਂ ਉਤੇ ਕਾਂਗਰਸ ਦਾ ਕਬਜ਼ਾ ਹੈ।

ਆਮ ਆਦਮੀ ਪਾਰਟੀ ਲੋਕ ਸਭਾ ਚੋਣਾਂ ਵਿਚ ਮਾੜੀ ਕਾਰਗੁਜ਼ਾਰੀ ਤੋਂ ਅੱਗੇ ਰੱਖ ਕੇ ਸੂਬੇ ਵਿਚ ਆਪਣਾ ਸਿਆਸੀ ਭਵਿੱਖ ਵੇਖ ਰਹੀ ਹੈ। 'ਆਪ' ਨੇ ਚੋਣ ਮੈਦਾਨ ਵਿਚ ਪੰਜ ਕੈਬਨਿਟ ਮੰਤਰੀ ਉਤਾਰੇ ਸਨ ਜਿਨ੍ਹਾਂ 'ਚੋਂ ਸਿਰਫ਼ ਸੰਗਰੂਰ ਤੋਂ ਗੁਰਮੀਤ ਸਿੰਘ ਮੀਤ ਹੇਅਰ ਹੀ ਜਿੱਤ ਸਕੇ। ਇਸੇ ਤਰ੍ਹਾਂ ਚੋਣ ਲੜ ਰਹੇ 'ਆਪ' ਦੇ ਤਿੰਨ ਵਿਧਾਇਕਾਂ ਨੂੰ ਵੀ ਸਫਲਤਾ ਨਹੀਂ ਮਿਲੀ।

ਆਮ ਆਦਮੀ ਪਾਰਟੀ ਨੂੰ ਅੱਠ ਕੈਬਨਿਟ ਵਜ਼ੀਰਾਂ ਦੇ ਅਸੈਂਬਲੀ ਹਲਕਿਆਂ ਵਿਚ ਹਾਰ ਦਾ

*(ਬਾਕੀ ਸਫਾ 6 'ਤੇ)*

## ਲੋਕਾਂ ਦੀ ਨਾਰਾਜ਼ਗੀ ਦੂਰ ਕਰਨ ਲਈ ਕੋਸ਼ਿਸ਼ਾਂ ਤੇਜ਼

**ਚੰਡੀਗੜ੍ਹ:** 'ਆਪ' ਸਰਕਾਰ ਨੇ ਸਰਕਾਰੀ ਦਫ਼ਤਰਾਂ 'ਚ ਲੋਕਾਂ ਦੀ ਖੱਜਲ-ਖੁਆਰੀ ਘਟਾਉਣ ਲਈ ਖਾਕਾ ਤਿਆਰ ਕਰਨਾ ਸ਼ੁਰੂ ਕੀਤਾ ਹੈ ਕਿਉਂਕਿ ਲੋਕ ਸਭਾ ਚੋਣਾਂ 'ਚ ਹੋਈ ਹਾਰ ਦੇ ਮੰਥਨ ਦੌਰਾਨ ਇਹ ਮੁੱਦਾ ਉਭਰ ਕੇ ਸਾਹਮਣੇ ਆਇਆ ਹੈ। ਇਸੇ ਤਰ੍ਹਾਂ ਵਿਧਾਇਕਾਂ ਅਤੇ ਅਫ਼ਸਰਾਂ ਦਰਮਿਆਨ ਬਣੀ ਦੂਰੀ ਘਟਾਉਣ ਲਈ ਨਵੇਂ ਕਦਮ ਚੁੱਕੇ ਜਾਣਗੇ। ਵਿਧਾਇਕਾਂ ਦੀ ਸ਼ਿਕਾਇਤ ਹੈ ਕਿ ਅਫ਼ਸਰ ਚੁਣੇ ਹੋਈ ਪ੍ਰਤੀਨਿਧ ਦੀ ਕਹੀ ਗੱਲ 'ਤੇ ਗ਼ੌਰ ਨਹੀਂ ਕਰਦੇ। ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕ ਸਭਾ ਚੋਣਾਂ ਵਿਚ 'ਆਪ' ਸਰਕਾਰ ਖ਼ਿਲਾਫ਼ ਲੋਕਾਂ ਦੀ ਨਾਰਾਜ਼ਗੀ ਨੂੰ ਦੇਖਦਿਆਂ ਡਿਪਟੀ ਕਮਿਸ਼ਨਰਾਂ ਦੀ ਝਾੜ-ਝੰਬ ਕੀਤੀ। ਮੁੱਖ ਮੰਤਰੀ ਵੱਲੋਂ ਪਿਛਲੇ ਦਿਨਾਂ ਵਿਚ ਲੋਕ ਸਭਾ ਚੋਣਾਂ ਦੇ ਉਮੀਦਵਾਰਾਂ ਅਤੇ ਵਿਧਾਇਕਾਂ ਨਾਲ ਜੋ ਵਿਚਾਰ ਚਿੰਤਨ ਕੀਤਾ ਗਿਆ, ਉਸ ਵਿਚ ਮਿਲੀ ਫੀਡਬੈਕ ਅਤੇ ਫ਼ੀਲਡ ਵਿਚੋਂ ਆਈਆਂ ਰਿਪੋਰਟਾਂ ਮਗਰੋਂ ਡੀ.ਸੀਜ਼. ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਗਿਆ। ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਕਿ ਉਹ 'ਕੰਮ ਕਰਨ ਜਾਂ ਕੁਰਸੀ ਛੱਡਣ'।

ਘਰ ਦੀ ਵਿਕਰੀ ਅਤੇ ਖਰੀਦ ਲਈ ਅੱਜ ਹੀ ਕਾਲ ਕਰੋ
Buying or Selling Home?
Contact PRADEEP SINGH
COLDWELL BANKER REALTY
CALL ME TO GET THE MAXIMUM VALUE YOUR HOME DESERVES
847-322-5832
ishowhomes@yahoo.com
1501 E Woodfield Rd Ste 113E, Schaumburg 60173

India Palace Restaurant
And Banquet Hall
Best Price Wholesale
Ph: 630-400-0996
Lakhvir S. Johal
Ph: 317-709-7800
Restaurant-Fine Indian Cuisine
(Ph: 317-298-0773)
Banquet Hall Available Up to 550 People
Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store Restaurant, Ph: 317-888-2040
Desi Bazar Indianapolis, Ph: 317-709-7800

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

RESTAURANT SUPPLY
WHOLESALER
ਉਚ ਕੁਆਲਿਟੀ ਦੇ ਭਾਂਡਿਆਂ, ਪਤੀਲੇ, ਕੁੱਕਵੇਅਰ, ਸਰਵਵੇਅਰ, ਕਮਰਸ਼ੀਅਲ ਜੂਸਰ, ਐਸਪਰੈਸੋ ਮਸ਼ੀਨਾਂ ਅਤੇ ਰੈਸਟੋਰੈਂਟ ਸਪਲਾਈ ਲਈ ਹਰ ਤਰ੍ਹਾਂ ਦੇ ਸਾਮਾਨ ਲਈ ਸਾਡੇ ਨਾਲ ਸੰਪਰਕ ਕਰੋ:
Prag International
RAVI KAPOOR
1125 Howard Street, Elk Grove Village, IL 60007
Ph: 847-979-5970, 847-979-5990, 847-228-0150, pragint@aol.com

Devon
COME VISIT US
Regal Jewels
773-262-4377 www.RegalJewels.com
LITTLE INDIA CHICAGO
2625 W. Devon Ave. Chicago, IL 60659
www.RegalJewels.com
PH: 773-262-4377 WA: 773-517-0574

# ਸ਼ਿਕਾਗੋ ਦੇ ਸਿੱਖਾਂ ਨੇ 'ਮੈਮੋਰੀਅਲ ਡੇਅ ਪਰੇਡ 2024' ਵਿਚ ਲਿਆ ਹਿੱਸਾ

## ਸ਼ਿਕਾਗੋ, ਨੇਪਰਵਿਲ ਅਤੇ ਸ਼ੌਮਬਰਗ ਵਿਚ ਹੋਈਆਂ ਹੋਰ ਗਤੀਵਿਧੀਆਂ ਵਿਚ ਵੀ ਹੋਏ ਸ਼ਾਮਲ

**ਸ਼ਿਕਾਗੋ:** ਸੰਯੁਕਤ ਰਾਜ ਅਮਰੀਕਾ ਵਿਚ ਮੈਮੋਰੀਅਲ ਡੇਅ ਸਾਲਾਨਾ ਫੈਡਰਲ ਛੁੱਟੀਆਂ ਵਿਚੋਂ ਇਕ ਹੈ, ਜਿਸ ਵਿਚ ਉਨ੍ਹਾਂ ਅਮਰੀਕੀ ਫੌਜੀਆਂ ਨੂੰ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਸੰਯੁਕਤ ਰਾਜ ਦੀਆਂ ਹਥਿਆਰਬੰਦ ਸੈਨਾਵਾਂ ਵਿਚ ਸੇਵਾ ਕਰਦਿਆਂ ਆਪਣਾ ਜੀਵਨ ਕੁਰਬਾਨ ਕਰ ਦਿੱਤਾ ਸੀ। ਮੈਮੋਰੀਅਲ ਡੇਅ ਮਈ ਮਹੀਨੇ ਦੇ ਆਖ਼ਰੀ ਸੋਮਵਾਰ ਨੂੰ ਮਨਾਇਆ ਜਾਂਦਾ ਹੈ।















ਸ਼ਿਕਾਗੋ ਵਿੱਚ, ਮੈਮੋਰੀਅਲ ਡੇਅ ਦੀ ਸ਼ੁਰੂਆਤ ਡੇਲੀ ਪਲਾਜ਼ਾ ਵਿਖੇ 1.2 ਮਿਲੀਅਨ ਤੋਂ ਵੱਧ ਨਾਇਕਾਂ ਨੂੰ ਯਾਦ ਕਰਦੇ ਹੋਏ ਫੁੱਲਾਂ ਦੀ ਰਸਮ ਨਾਲ ਕੀਤੀ ਗਈ, ਜਿਸ ਤੋਂ ਬਾਅਦ ਸਟੇਟ ਸਟ੍ਰੀਟ 'ਤੇ ਇੱਕ ਪਰੇਡ ਹੋਈ। ਸ਼ਰਧਾਂਜਲੀ ਦੇਣ ਲਈ ਲੋਕਾਂ ਦੀ ਵੱਡੀ ਭੀੜ ਮੌਜੂਦ ਸੀ। ਪਰੇਡ ਦਾ ਸਥਾਨਕ ਟੀਵੀ ਤੇ ਏਬੀਸੀ ਟੀਵੀ-7 'ਤੇ ਸਿੱਧਾ ਪ੍ਰਸਾਰਣ ਕੀਤਾ ਗਿਆ।

ਸ਼ਿਕਾਗੋ ਰਾਸ਼ਟਰ ਵਿਚ ਸਭ ਤੋਂ ਵੱਡੀ ਮੈਮੋਰੀਅਲ ਡੇਅ ਪਰੇਡਾਂ ਵਿਚੋਂ ਇੱਕ ਦੀ ਮੇਜ਼ਬਾਨੀ ਕਰਦਾ ਹੈ। ਕਈ ਮਾਰਚਿੰਗ ਬੈਂਡ, ਆਰਓਟੀਸੀ ਕੈਡੇਟ, ਵਰਦੀਧਾਰੀ ਸਿਪਾਹੀ, ਵੈਟਰਨ ਗਰੁੱਪ, ਮਿਲਟਰੀ ਜੀਪਾਂ ਅਤੇ ਹਮਵੀ ਵਾਹਨ ਆਦਿ ਪਰੇਡ ਦੇ ਰੂਟ ਦੇ ਨਾਲ ਚੱਲ ਰਹੇ ਸਨ। ਮਾਰਚਿੰਗ ਬੈਂਡਾਂ ਵਿਚੋਂ ਇੱਕ ਅਮਰੀਕੀ ਸਿੱਖ ਭਾਈਚਾਰੇ ਦੁਆਰਾ ਸਜਾਇਆ ਗਿਆ ਫਲੋਟ ਸੀ ਜੋ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਮਾਰੇ ਗਏ ਸਿੱਖ ਸੈਨਿਕਾਂ ਨੂੰ ਉਜਾਗਰ ਕਰਦਾ ਸੀ। 27 ਮਈ ਨੂੰ ਪਰੇਡ ਝੀਲ ਅਤੇ ਸਟੇਟ ਸਟ੍ਰੀਟਸ ਤੋਂ ਸ਼ੁਰੂ ਹੋਈ, ਦੱਖਣ ਵੱਲ ਮਾਰਚ ਕਰਦੇ ਹੋਏ ਸਟੇਟ ਸਟ੍ਰੀਟ ਵੈਨ ਬੁਰੇਨ ਵਿਖੇ ਸਮਾਪਤ ਹੋਈ। ਦਰਸ਼ਕਾਂ ਵੱਲੋਂ ਤਾੜੀਆਂ ਦੀ ਗੂੰਜ ਨਾਲ ਲਾਲ ਪੱਗਾਂ, ਅਮਰੀਕੀ ਥੀਮ ਵਾਲੀ ਕਮੀਜ਼ ਕਾਲੇ ਰੰਗ ਦੀ ਪੈਂਟ ਨਾਲ ਪਰੇਡ ਵਿਚ ਮਾਰਚ ਕਰ ਰਹੇ ਸਿੱਖ ਭਾਈਚਾਰੇ ਦਾ ਸਵਾਗਤ ਕੀਤਾ ਗਿਆ। ਪਰੇਡ ਦੀ ਅਗਵਾਈ ਰਜਿੰਦਰ ਸਿੰਘ ਮਾਗੋ ਨੇ ਅਮਰੀਕਾ ਦੇ ਝੰਡੇ ਨਾਲ ਕੀਤੀ। ਸਰਵਣ ਸਿੰਘ ਬੋਲੀਨਾ ਅਤੇ ਡੱਲਾਸ ਨਾਮ ਦੀ ਅਮਰੀਕਨ ਮੁਟਿਆਰ ਨੇ ਵਿਸ਼ਵ ਯੁੱਧਾਂ ਵਿਚ ਸਿੱਖਾਂ ਦੇ ਯੋਗਦਾਨ ਦੇ ਨਾਲ ਵੱਡੇ ਖੰਡੇ ਵਾਲਾ ਬੈਨਰ ਵੀ ਚੁੱਕਿਆ ਹੋਇਆ ਸੀ। ਸਿੱਖ ਨਿਸ਼ਾਨ ਸਾਹਿਬ ਜੀਤ ਸਿੰਘ ਨੇ ਚੁੱਕਿਆ। ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਸ਼ਿਕਾਗੋ ਮੈਮੋਰੀਅਲ ਡੇਅ ਪਰੇਡ ਵਿਚ ਹਿੱਸਾ ਲੈਣ ਲਈ ਸਨਮਾਨਿਤ ਕੀਤਾ ਗਿਆ।

ਸੋਮਵਾਰ, 29 ਮਈ ਨੂੰ ਅਮਰੀਕਨ ਸਿੱਖ ਕਮਿਊਨਿਟੀ ਜੋ 2012 ਤੋਂ ਸ਼ੌਮਬਰਗ ਪਰੇਡ ਵਿਚ ਹਿੱਸਾ ਲੈ ਰਹੀ ਹੈ, ਨੇ ਐਤਕੀਂ ਵੀ ਪਰੇਡ ਵਿਚ ਸ਼ਿਰਕਤ ਕੀਤੀ। ਇਸ ਸਾਲ ਸ਼ੌਮਬਰਗ ਵਿਚ ਮੈਮੋਰੀਅਲ ਡੇਅ ਵਿਚ ਸ਼ਮੂਲੀਅਤ ਦਾ ਪ੍ਰਬੰਧ ਐਸ ਅਵਤਾਰ ਸਿੰਘ ਔਲਖ, ਐਸ ਅਮਰੀਕ ਪਾਲ ਸਿੰਘ ਅਤੇ ਸਰਵਣ ਸਿੰਘ ਬੋਲੀਨਾ ਨੇ ਅਮਰੀਕਨ ਸਿੱਖ ਕਮਿਊਨਿਟੀ ਦੇ ਬੈਨਰ ਹੇਠ ਕੀਤਾ ਸੀ। ਆਨਰ ਗਾਰਡ, ਸੰਗੀਤਕ ਬੈਂਡ, ਗਾਉਣ ਵਾਲੇ ਗੀਤ ਅਤੇ ਯਾਦਗਾਰੀ ਸਮਾਰੋਹ ਤੋਂ ਬਾਅਦ, ਅਮਰੀਕਨ ਸਿੱਖ ਕਮਿਊਨਿਟੀ ਨੇ ਲਾਅਨ ਵਿਚ ਪਿਕਨਿਕ ਲਈ ਇਕੱਠੇ ਹੋਏ ਲੋਕਾਂ ਨੂੰ ਚਿਕਨ ਟਿੱਕਾ ਅਤੇ ਸਮੋਸਾ ਆਦਿ ਸਨੈਕਸ ਦਿੱਤੇ।

29 ਮਈ ਨੂੰ ਹੀ ਇਲੀਨੋਇ ਸਿੱਖ ਕਮਿਊਨਿਟੀ ਸੈਂਟਰ (ਵ੍ਹੀਟਨ ਗੁਰਦੁਆਰਾ) ਦੇ ਨਾਲ ਅਮਰੀਕਨ ਸਿੱਖ ਕਮਿਊਨਿਟੀ ਨੇ ਲਗਾਤਾਰ ਤੀਜੇ ਸਾਲ ਨੇਪਰਵਿਲ ਦੀ ਮੈਮੋਰੀਅਲ ਡੇਅ ਪਰੇਡ ਵਿਚ ਹਿੱਸਾ ਲਿਆ। ਪਰੇਡ ਫਲੋਟ ਨੂੰ 2022 ਤੋਂ ਵ੍ਹੀਟਨ ਗੁਰਦੁਆਰੇ ਦੁਆਰਾ ਸਪਾਂਸਰ ਕੀਤਾ ਜਾਂਦਾ ਹੈ। ਵਧੀਆ ਸਜਾਏ ਗਏ ਅਮਰੀਕੀ ਸਿੱਖ ਭਾਈਚਾਰੇ ਦੇ ਫਲੋਟ ਨੇ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਸ਼ਹੀਦ ਹੋਏ ਸਿੱਖ ਸੈਨਿਕਾਂ ਨੂੰ ਉਜਾਗਰ ਕੀਤਾ। ਫਲੋਟ ਦੇ ਦੋਵੇਂ ਪਾਸੇ ਅਮਰੀਕਾ ਦੇ ਝੰਡੇ, ਨਿਸ਼ਾਨ ਸਾਹਿਬ ਅਤੇ ਵੱਡੇ-ਵੱਡੇ ਪੋਸਟਰ ਲੱਗੇ ਹੋਏ ਸਨ। ਦੋਵਾਂ ਵਿਸ਼ਵ ਯੁੱਧਾਂ ਵਿਚ ਬਹਾਦਰ ਸਿੱਖ ਸੈਨਿਕਾਂ ਦੇ ਯੋਗਦਾਨ ਨੂੰ ਦਰਸਾਉਂਦੇ ਪੋਸਟਰਾਂ ਵਿਚ ਬ੍ਰਿਟਿਸ਼ ਫੌਜ ਦੇ ਅਧਿਕਾਰੀਆਂ, ਇਤਿਹਾਸਕਾਰਾਂ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਦੇ ਹਵਾਲੇ ਵੀ ਦਿਖਾਏ ਗਏ ਹਨ।

ਪਰੇਡ ਸ਼ੁਰੂ ਕਰਨ ਤੋਂ ਪਹਿਲਾਂ ਭਾਈ ਮਹਿੰਦਰ ਸਿੰਘ ਨੇ ਅਰਦਾਸ ਕੀਤੀ। ਸਿੱਖ ਜਥੇ ਨੇ ਇਕ ਮੀਲ ਤੱਕ ਪਰੇਡ ਵਿਚ ਮਾਰਚ ਕੀਤਾ। ਇਸ ਫਲੋਟ ਦੀ ਅਗਵਾਈ ਰਾਜਿੰਦਰ ਸਿੰਘ ਮਾਗੋ, ਰੋਜਰ ਸਿੰਘ ਚਾਵਲਾ ਨੇ ਕੀਤੀ, ਜਿਨ੍ਹਾਂ ਨੇ ਬੈਨਰ ਅਤੇ ਅਮਰੀਕਾ ਦੇ ਝੰਡੇ ਫੜੇ ਹੋਏ ਸਨ। ਭਾਈ ਮਹਿੰਦਰ ਸਿੰਘ ਨੇ ਨਿਸ਼ਾਨ ਸਾਹਿਬ ਫੜਿਆ ਹੋਇਆ ਸੀ। ਪਰੇਡ ਵਿਚ ਸਕੂਲੀ ਬੈਂਡ, ਐਂਟੀਕ ਕਾਰਾਂ ਅਤੇ ਮਿਲਟਰੀ ਜੈਟ ਸ਼ਾਮਲ ਸਨ, ਪਰੇਡ ਨੂੰ ਦੇਖਣ ਲਈ ਹਜ਼ਾਰਾਂ ਲੋਕ ਮੌਜੂਦ ਸਨ। ਦਰਸ਼ਕਾਂ ਨੇ ਲਾਲ, ਚਿੱਟੇ ਅਤੇ ਨੀਲੇ ਰੰਗ ਦੇ ਕੱਪੜੇ ਪਹਿਨੇ ਹੋਏ ਸਨ ਜੋ ਪੂਰੀ ਪਰੇਡ ਵਿਚ ਵੱਡੇ ਅਮਰੀਕੀ ਝੰਡੇ ਦਾ ਪ੍ਰਭਾਵ ਦਿੰਦੇ ਸਨ। ਦਰਸ਼ਕਾਂ ਨੇ ਸ਼ਹੀਦ ਸਿੱਖ ਸੈਨਿਕਾਂ ਨੂੰ ਖੜ੍ਹੇ ਹੋ ਕੇ ਤਾੜੀਆਂ ਮਾਰ ਕੇ ਸ਼ਰਧਾਂਜਲੀ ਦਿੱਤੀ।


ਪਰੇਡ ਤੋਂ ਬਾਅਦ ਵ੍ਹੀਟਨ ਗੁਰਦੁਆਰੇ ਵੱਲੋਂ ਪਾਰਕ ਵਿਚ ਲੰਗਰ ਵਰਤਾਇਆ ਗਿਆ ਜਿਸ ਦਾ ਸਾਰਿਆਂ ਨੇ ਲੰਮੀ ਸੈਰ ਤੋਂ ਬਾਅਦ ਆਨੰਦ ਮਾਣਿਆ। ਸਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਅਗਲੇ ਸਾਲ ਵੀ ਪਰੇਡ ਵਿਚ ਸ਼ਾਮਲ ਹੋਣ ਦਾ ਵਾਅਦਾ ਕੀਤਾ। ਰੋਜਰ ਸਿੰਘ ਚਾਵਲਾ ਨੇ ਇਕ ਸਥਾਨਕ ਰੈਸਟੋਰੈਂਟ ਵਿਚ ਕੌਫੀ, ਆਈਸਕ੍ਰੀਮ ਦਾ ਪ੍ਰਬੰਧ ਕੀਤਾ ਸੀ ਜਿੱਥੇ ਸਾਰਿਆਂ ਨੇ ਭਵਿੱਖ ਵਿਚ ਵੀ ਮੁੱਖ ਧਾਰਾ ਦੇ ਸਮਾਗਮਾਂ ਵਿਚ ਪੰਜਾਬੀ ਭਾਈਚਾਰੇ ਦੀ ਭਾਗੀਦਾਰੀ ਨੂੰ ਵਧਾਉਣ ਅਤੇ ਬਿਹਤਰ ਬਣਾਉਣ ਬਾਰੇ ਚਰਚਾ ਕੀਤੀ। ਭਾਗੀਦਾਰਾਂ ਨੇ ਵ੍ਹੀਟਨ ਗੁਰਦੁਆਰਾ ਪ੍ਰਬੰਧਕਾਂ ਦੇ ਸਹਿਯੋਗ ਲਈ ਧੰਨਵਾਦ ਕੀਤਾ।

# ਸ. ਗੁਰਮੇਲ ਸਿੰਘ ਗਿੱਲ ਨੂੰ ਸ਼ਰਧਾਂਜਲੀਆਂ ਭੇਟ

**ਸ਼ਿਕਾਗੋ:** ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰ ਸ. ਹਰਵਿੰਦਰ ਪਾਲ ਸਿੰਘ ਲੈਲ ਦੇ ਸਤਿਕਾਰਯੋਗ ਸਹੁਰਾ ਸ. ਗੁਰਮੇਲ ਸਿੰਘ ਗਿੱਲ (1929 -2024), ਆਪਣੀ ਆਰਜਾ ਪੂਰੀ ਕਰ ਕੇ ਲੰਘੇ ਦਿਨੀਂ ਗੁਰੂ ਚਰਨਾਂ ਵਿਚ ਜਾ ਬਿਰਾਜਮਾਨ ਹੋਏ। ਉਨ੍ਹਾਂ ਜੋਸ਼ ਅਤੇ ਲਗਨ ਨਾਲ ਭਰਪੂਰ ਜੀਵਨ ਬਤੀਤ ਕੀਤਾ। ਐਲੀਮੈਂਟਰੀ ਸਕੂਲਾਂ ਦੇ ਅਧਿਆਪਕ ਅਤੇ ਮੁੱਖ ਅਧਿਆਪਕ ਵਜੋਂ, ਉਨ੍ਹਾਂ ਨੇ ਅਧਿਆਪਨ ਅਤੇ ਸਿੱਖਿਆ ਲਈ ਬਹੁਤ ਸਾਰੇ ਲੋਕਾਂ ਨੂੰ ਪ੍ਰੇਰਿਤ ਕੀਤਾ। ਉਹ ਬਾਗਬਾਨੀ ਅਤੇ ਭੰਗੜਾ/ਗਿੱਧਾ ਦੇ ਸ਼ੌਕੀਨ ਸਨ। ਉਹ ਐਲੀਮੈਂਟਰੀ ਸਕੂਲ ਦੇ ਡਿਪਟੀ ਡੀਈਓ ਵਜੋਂ ਸੇਵਾਮੁਕਤ ਹੋਏ।

ਸੇਵਾਮੁਕਤੀ ਤੋਂ ਬਾਅਦ ਸ. ਗੁਰਮੇਲ ਸਿੰਘ ਆਪਣੀ ਧੀ ਕੋਲ ਅਮਰੀਕਾ ਆ ਗਏ। ਉਹ ਮਿਹਨਤੀ, ਇਮਾਨਦਾਰ ਅਤੇ ਮਦਦਗਾਰ ਇਨਸਾਨ ਸੀ। ਉਨ੍ਹਾਂ ਨੇ ਸਖਤ ਮਿਹਨਤ ਨਾਲ ਛੇ ਧੀਆਂ ਅਤੇ ਦੋ ਪੁੱਤਰਾਂ ਦਾ ਵੱਡਾ ਪਰਿਵਾਰ ਪਾਲਿਆ।


ਉਨ੍ਹਾਂ ਦੀ ਪਤਨੀ ਪ੍ਰਕਾਸ਼ ਕੌਰ, ਜੋ ਉਨ੍ਹਾਂ ਲਈ ਤਾਕਤ ਅਤੇ ਪ੍ਰੇਰਨਾ ਦਾ ਸਰੋਤ ਸੀ, 2017 ਵਿਚ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਗੁਰਮੇਲ ਸਿੰਘ ਆਪਣੇ ਪਿੱਛੇ 6 ਧੀਆਂ, ਦੋ ਪੁੱਤਰ, ਉਨ੍ਹਾਂ ਦੇ ਜੀਵਨ ਸਾਥੀ, 15 ਪੋਤੇ-ਪੋਤੀਆਂ ਅਤੇ 9 ਪੜਪੋਤੇ-ਪੋਤੀਆਂ ਛੱਡ



ਗਏ ਹਨ। ਉਨ੍ਹਾਂ ਨੂੰ ਹਮੇਸ਼ਾ ਕਮਾਲ ਦੇ ਅਧਿਆਪਕ, ਸਮਰਪਿਤ ਪੁੱਤਰ, ਪਿਆਰ ਕਰਨ ਵਾਲੇ ਪਿਤਾ ਅਤੇ ਦਾਦਾ ਅਤੇ ਪੜਦਾਦੇ ਵਜੋਂ ਯਾਦ ਕੀਤਾ ਜਾਵੇਗਾ। ਉਹ ਆਪਣੇ ਕਾਰਜਾਂ ਨਾਲ ਉਨ੍ਹਾਂ ਲੋਕਾਂ ਨੂੰ ਪ੍ਰੇਰਿਤ ਅਤੇ ਉਤਸ਼ਾਹਿਤ ਕਰਦੇ ਰਹਿਣਗੇ ਜੋ ਉਨ੍ਹਾਂ ਨੂੰ ਜਾਣਦੇ ਅਤੇ ਪਿਆਰ ਕਰਦੇ ਹਨ।

ਉਨ੍ਹਾਂ ਦਾ ਅੰਤਿਮ ਸੰਸਕਾਰ ਐਤਵਾਰ ਨੂੰ ਕੰਟਰੀਸਾਈਡ ਫਿਊਨਰਲ ਹੋਮ, ਬਾਰਲੇਟ ਵਿਖੇ ਕੀਤਾ ਗਿਆ ਜਿੱਥੇ ਇਲੀਨੋਇ, ਇੰਡੀਆਨਾ, ਵਿਸਕਾਨਸਿਨ, ਕੈਲੀਫੋਰਨੀਆ ਅਤੇ ਇੰਗਲੈਂਡ ਤੋਂ ਪਰਿਵਾਰਕ ਮੈਂਬਰਾਂ, ਦੋਸਤਾਂ ਅਤੇ ਭਾਈਚਾਰੇ ਦੇ ਬਹੁਤ ਸਾਰੇ ਮੈਂਬਰਾਂ ਨੇ ਸ਼ਿਰਕਤ ਕੀਤੀ। ਉਨ੍ਹਾਂ ਦੇ ਪੋਤੇ ਧਨਵੀਰ ਸਿੰਘ ਗਿੱਲ ਅਤੇ ਕੈਲੀਫੋਰਨੀਆ ਤੋਂ ਜਸਵਿੰਦਰ ਸਿੰਘ ਗਿੱਲ ਦੇ ਚਚੇਰੇ ਭਰਾ ਨੇ ਹਾਜ਼ਰੀਨ ਨੂੰ ਸੰਬੋਧਨ ਕੀਤਾ। ਸ਼ੁੱਕਰਵਾਰ ਨੂੰ ਅਖੰਡ ਪਾਠ ਦਾ ਭੋਗ ਪਾਇਆ ਗਿਆ ਅਤੇ ਐਤਵਾਰ ਨੂੰ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਭੋਗ ਅਤੇ ਅੰਤਮ ਅਰਦਾਸ ਕੀਤੀ ਗਈ, ਜਿੱਥੇ ਉਨ੍ਹਾਂ ਦੇ ਜਵਾਈ ਹਰਵਿੰਦਰ ਪਾਲ ਸਿੰਘ ਲੈਲ ਅਤੇ ਸ. ਗਿੱਲ ਦੇ ਚਚੇਰੇ ਭਰਾ ਜਸਵਿੰਦਰ ਸਿੰਘ ਗਿੱਲ ਨੇ ਪਰਿਵਾਰ ਅਤੇ ਹੋਰਾਂ ਨਾਲ ਉਨ੍ਹਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਹਰਵਿੰਦਰ ਪਾਲ ਸਿੰਘ (ਜਵਾਈ) ਨਾਲ 224-715-0395 ਅਤੇ ਸੁਖਵਿੰਦਰ ਸਿੰਘ ਗਿੱਲ (ਪੁੱਤਰ) ਨਾਲ 630-440-9860 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੈਲਾਟਾਈਨ ਵਿਚ ਭੰਗੜੇ ਦੀ ਸਿਖਲਾਈ ਸ਼ੁਰੂ

# ਕੁਵੈਤ ਅਗਨੀ ਕਾਂਡ: 45 ਭਾਰਤੀਆਂ ਦੀਆਂ ਦੇਹਾਂ ਵਤਨ ਲਿਆਂਦੀਆਂ

**ਕੁਵੈਤ ਸਿਟੀ:** ਕੁਵੈਤ ਦੀ ਇਕ ਬਹੁ-ਮੰਜ਼ਿਲਾ ਇਮਾਰਤ ਵਿਚ ਹੋਏ ਅਗਨੀ ਕਾਂਡ 'ਚ ਜਾਨ ਗੁਆਉਣ ਵਾਲੇ 45 ਭਾਰਤੀਆਂ ਦੀਆਂ ਦੇਹਾਂ ਲੈ ਕੇ ਭਾਰਤੀ ਹਵਾਈ ਸੈਨਾ ਦਾ ਵਿਸ਼ੇਸ਼ ਜਹਾਜ਼ ਕੋਚੀ ਪੁੱਜਿਆ। ਜਹਾਜ਼ ਵਿਚ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਵੀ ਮੌਜੂਦ ਸਨ। ਮ੍ਰਿਤਕਾਂ ਵਿਚ 31 ਜਣੇ ਦੱਖਣੀ ਸੂਬਿਆਂ ਨਾਲ ਸਬੰਧਤ ਹਨ। ਉਧਰ ਅਗਨੀ ਕਾਂਡ ਵਿਚ ਜ਼ਖ਼ਮੀ ਹੋਏ ਇਕ ਹੋਰ ਭਾਰਤੀ ਦੀ ਇਲਾਜ ਦੌਰਾਨ ਮੌਤ ਹੋ ਗਈ ਹੈ, ਜਿਸ ਨਾਲ ਮ੍ਰਿਤਕ ਭਾਰਤੀਆਂ ਦੀ ਗਿਣਤੀ ਵਧ ਕੇ 46 ਹੋ ਗਈ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਕੁਵੈਤ ਅਗਨੀ ਕਾਂਡ ਵਿਚ ਮਾਰੇ ਗਏ ਦੱਖਣੀ ਸੂਬਿਆਂ ਦੇ 31 ਜਣਿਆਂ ਵਿਚ ਕੇਰਲ ਦੇ 23, ਤਾਮਿਲਨਾਡੂ ਦੇ ਸੱਤ ਅਤੇ ਕਰਨਾਟਕ ਦਾ ਇਕ ਵਿਅਕਤੀ ਸ਼ਾਮਲ ਹਨ। ਕੁਵੈਤ ਅਗਨੀ ਕਾਂਡ ਦਾ ਸ਼ਿਕਾਰ ਹੋਏ ਯਮੁਨਾਨਗਰ ਉਦਯੋਗਿਕ ਏਰੀਆ ਦੇ ਰਹਿਣ ਵਾਲੇ ਅਨਿਲ ਗਿਰੀ ਦੀਆਂ ਅੰਤਿਮ ਰਸਮਾਂ ਉਸ ਦੇ ਬਿਹਾਰ ਦੇ ਗੋਪਾਲਗੰਜ ਜ਼ਿਲ੍ਹੇ ਵਿਚ ਪੈਂਦੇ ਜੱਦੀ ਪਿੰਡ ਵਿਚ ਹੋਣਗੀਆਂ। ਅਨਿਲ ਅੱਠ ਸਾਲ ਪਹਿਲਾਂ ਰੋਜ਼ੀ-ਰੋਟੀ ਲਈ ਕੁਵੈਤ ਗਿਆ ਸੀ। ਕੁਵੈਤ ਅਗਨੀ ਕਾਂਡ ਵਿਚ ਮਾਰਿਆ ਗਿਆ ਰਾਂਚੀ ਦੇ ਹਿੰਦਪਿਰੀ ਇਲਾਕੇ ਦਾ ਮੁਹੰਮਦ ਅਲੀ ਹੁਸੈਨ ਅਜੇ 18 ਦਿਨ ਪਹਿਲਾਂ ਹੀ ਕੁਵੈਤ ਗਿਆ ਸੀ। ਪਰਿਵਾਰ ਨੇ ਕਦੇ ਨਹੀਂ ਸੋਚਿਆ ਸੀ ਕਿ ਉਸ ਨਾਲ ਉਨ੍ਹਾਂ ਦੀ ਇਹ ਆਖ਼ਰੀ ਮੁਲਾਕਾਤ ਹੋਵੇਗੀ। ਅਲੀ ਦੇ ਪਿਤਾ ਮੁਬਾਰਕ ਹੁਸੈਨ (57) ਨੇ ਦੱਸਿਆ ਕਿ ਤਿੰਨ ਭੈਣ-ਭਰਾਵਾਂ ਵਿਚੋਂ ਸਭ ਤੋਂ ਛੋਟਾ ਹੁਸੈਨ (24) ਰੋਜ਼ੀ-ਰੋਟੀ ਖਾਤਰ ਕੁਵੈਤ ਗਿਆ ਸੀ। ਉਨ੍ਹਾਂ ਦੱਸਿਆ ਕਿ ਹੁਸੈਨ ਪਹਿਲੀ ਵਾਰ ਦੇਸ਼ ਤੋਂ ਬਾਹਰ ਗਿਆ ਸੀ।



## ਮ੍ਰਿਤਕਾਂ ਵਿਚ ਹੁਸ਼ਿਆਰਪੁਰ ਦਾ ਹਿੰਮਤ ਰਾਏ ਵੀ ਸ਼ਾਮਲ

ਕੁਵੈਤ ਵਿਚ ਬੀਤੇ ਦਿਨੀਂ ਇਕ ਇਮਾਰਤ ਨੂੰ ਅੱਗ ਲੱਗਣ ਕਾਰਨ ਮਾਰੇ ਗਏ ਭਾਰਤੀਆਂ ਵਿਚ ਹੁਸ਼ਿਆਰਪੁਰ ਦਾ ਹਿੰਮਤ ਰਾਏ ਵੀ ਸ਼ਾਮਲ ਹੈ। ਪਿੰਡ ਕੱਕੋਂ ਦਾ ਰਹਿਣ ਵਾਲਾ ਹਿੰਮਤ ਰਾਏ (62) ਕੁਵੈਤ ਦੀ ਇਕ ਕੰਪਨੀ 'ਚ ਫੋਰਮੈਨ ਸੀ। ਹਾਦਸੇ ਤੋਂ ਇਕ ਦਿਨ ਪਹਿਲਾਂ ਹੀ ਉਸ ਨੇ ਪਰਿਵਾਰ ਨਾਲ ਗੱਲ ਕਰਕੇ ਆਪਣੀ ਸੁੱਖ-ਸਾਂਦ ਬਾਰੇ ਦੱਸਿਆ ਸੀ। ਉਸ ਦੇ ਇਕ ਸਾਥੀ ਨੇ ਪਰਿਵਾਰ ਨੂੰ ਫ਼ੋਨ ਕਰਕੇ ਹਿੰਮਤ ਦੀ ਮੌਤ ਦੀ ਖਬਰ ਦਿੱਤੀ। ਪਿਛਲੇ ਸਾਲ ਉਹ ਦੋ ਮਹੀਨੇ ਪਰਿਵਾਰ ਨਾਲ ਬਿਤਾ ਕੇ ਗਿਆ ਸੀ। ਹਿੰਮਤ ਦੀ ਪਤਨੀ ਸਰਬਜੀਤ ਕੌਰ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਮਨਹੂਸ ਖਬਰ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੂੰ ਯਕੀਨ ਨਹੀਂ ਹੋਇਆ।

WEATHER XPERTS, INC.
ਹੀਟ ਅਤੇ ਏਅਰ ਕੰਡੀਸ਼ਨਰ ਲਗਵਾਉਣ ਅਤੇ ਠੀਕ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ।
* ਅਸੀਂ ਹੀਟ ਅਤੇ ਕੂਲਿੰਗ ਨਾਲ ਸਬੰਧਤ ਹਰ ਸਮੱਸਿਆ ਦਾ ਹੱਲ ਕਰਦੇ ਹਾਂ।
* ਵਧੀਆ ਸੇਵਾਵਾਂ ਲਈ ਮਸ਼ਹੂਰ
* ਪਿਛਲੇ ਵੀਹ ਸਾਲਾਂ ਤੋਂ ਕੁੱਕ ਅਤੇ ਲੇਕ ਕਾਊਂਟੀ ਵਿਚ ਸੇਵਾਵਾਂ ਦੇ ਰਹੇ ਹਾਂ।
Call: BRIAN STREET Owner/President
847-255-2665

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at 847-436-9010
EARLY BIRD SALE!!!!
Domestic fares available


UMA TRAVELS
2541 W. Devon Ave., Chicago, IL 60659
For Delhi Amritsar-Bombay Ahmedabad, Hydrabad-Madras
Call For Special Sale Fares
Call: 773-338-5603

# Matrimonials

## ਲੜਕੀ ਦੀ ਲੋੜ ਹੈ

Ramgarhia Family seeks a suitable match for their USA Born and Raised 30 year 5'6" Gursikh Boy, PhD. Girl should be Gursikh and educated. Caste no bar. If you are interested please call us at 224-422-4773.

25-28

ਅਮਰੀਕਾ ਵਿਚ ਵੈੱਲ ਸੈਟਲਡ ਗੁਰਸਿੱਖ ਪਰਿਵਾਰ ਆਪਣੇ well qualified ਅੰਮ੍ਰਿਤਧਾਰੀ ਲੜਕੇ, ਉਮਰ 36 ਸਾਲ, ਕੱਦ 5'11" ਅਮਰੀਕਾ ਤੋਂ masters ਡਿਗਰੀ ਹੋਲਡਰ, Software Engineering Product Manager ਦੀ ਵਧੀਆ ਜੌਬ ਕਰਦਾ ਹੈ। Well settled, San Francisco Bay Area, USA ਵਿਚ ਆਪਣਾ ਘਰ ਹੈ ਅਤੇ innocent issueless divorcee ਹੈ, ਲੜਕੇ ਲਈ ਅਮਰੀਕਾ/ਕੈਨੇਡਾ ਤੋਂ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ਼ ਕਰਨ। ਵਧੇਰੇ ਜਾਣਕਾਰੀ ਲਈ ਕਾਲ ਕਰੋ: +1 510-281-7065/what's app on +91 9899379442 or E-mail: cjsingh55@gmail.com

25-28

Jatt Sikh family seeks a suitable match in the USA/Canada for their Amritdhari boy (work permit in Canada), 30, 5'11" tall, residing in Surrey. Please contact: 98768-65849

24-27

Saini family (Belongs to Hoshiarpur) looking for a suitable match for their 28, 5'5" son, Masters in Bio tech. Boy is Working as Research professional in Stanford University. Please call to his Uncle at: 510-557-6988

23-26

Looking for a Bride for American Citizen Ramgarhia Sikh boy divorced from short marriage, no kids, born in 1984, height 5'10". Looking for American citizen or green card holder girl. Contact us at: 510-200-1772 or E-mail: binnumunday@gmail.com

22-25

Parjapat Punjabi family looking for a H1B or Student visa holder Match for their Engineer son, working in MNC at Texas, USA. Age- 28, 5.10". Caste no Bar. Please Contact us at: singh.dapinder@gmail.com or call at 732-407-6683.

20-23

Ramgarhia family looking for a suitable match for their USA born Electtrical Engineer boy, 31, 5'11" tall. Gilr should be educated. Please call us at: 586-549-0107 or E-mail: sukhjitusa@att.net.

20-23

Jatt Sikh family seeks a suitable match for their US Citizen, very handsome, teetotaller, trimmed hair, son, 31, 5'8", Master in Education and diploma in Administration. Working as Program specialist in Maths with California govt. He is very knowledgeable, sincere and progressive. Caste no bar, no demand. Send profile with photo at whatsapp no. 661-578-2261

19-22

## ਲੜਕੇ ਦੀ ਲੋੜ ਹੈ

Jatt Sikh family seeks a suitable match for their divorced girl (no kids) 32, 5'6" tall. Working as a journalist in a prominant newspaper. Please contact: +91-70093-82989

Gursikh Rajput Kanda family seeks a suitable match in USA for their convent educated MBBS Doctor daughter, October 1989 born 5'4". Younger sister is also a Doctor. Please call us at: 98150-66773 or text message our Whatsapp no. 224-392-6613.

Ramgarhia Sikh family seeks a suitable match in USA for their USA Citizen well settled daughter, August 1990 born in Ludhiana 5'2", residing in Michigan (Canton). Working as a Nursing Assitant in University of Michigan Hospital. Please call us at : +17348001448 or Email :binnumunday@gmail.com

17-20


Hindu/Sikh nai family looking for a suitable match for their beautiful daughter US Citizen, 26years, 5'6" Dentist DMD degree and now working as a Dentist. Family and sibling are US citizen. Please Contact us at 516-510-9744

17-20

Rajput family looking for a suitable match for their USA Citizen daughter 29, 5'-3" beautiful, family oriented, bachelors of Science in Biology and Psychology. MBA in Healthcare Management. Working as Senior Project Manager in Oncology Research. The boy must be from the USA (Citizen, Green card or H1b visa holder), professionally qualified, good-natured & well settled. Serious enquiries only. Please do Text Message at 630-746-9793

17-20

# ਚੋਣਾਂ ਲੰਘਦਿਆਂ ਹੀ ਪੰਜਾਬ ਵਾਸੀਆਂ ਨੂੰ ਮਹਿੰਗਾਈ ਦਾ ਝਟਕਾ ਲੱਗਿਆ




**ਚੰਡੀਗੜ੍ਹ:** ਪੰਜਾਬ ਵਿਚ ਘਰੇਲੂ ਬਿਜਲੀ ਦੀਆਂ ਦਰਾਂ ਵਿਚ 10 ਪੈਸੇ ਤੋਂ 12 ਪੈਸੇ ਪ੍ਰਤੀ ਯੂਨਿਟ ਜਦਕਿ ਸਨਅਤੀ ਬਿਜਲੀ ਦੀਆਂ ਦਰਾਂ ਵਿਚ 15 ਪੈਸੇ ਪ੍ਰਤੀ ਯੂਨਿਟ ਦਾ ਵਾਧਾ ਕੀਤਾ ਗਿਆ ਹੈ। 'ਆਪ' ਸਰਕਾਰ ਦਾ ਆਪਣੇ ਕਾਰਜਕਾਲ ਦੌਰਾਨ ਬਿਜਲੀ ਦਰਾਂ 'ਚ ਇਹ ਦੂਜਾ ਵਾਧਾ ਹੈ। ਜਲੰਧਰ ਲੋਕ ਸਭਾ ਦੀ ਜ਼ਿਮਨੀ ਚੋਣ ਮਗਰੋਂ ਪਹਿਲੀ ਵਾਰ ਬਿਜਲੀ ਦਰਾਂ ਵਿਚ 15 ਮਈ 2023 ਨੂੰ ਵਾਧਾ ਕੀਤਾ ਗਿਆ ਸੀ ਜਦਕਿ ਹੁਣ ਵਿਧਾਨ ਸਭਾ ਹਲਕਾ ਜਲੰਧਰ (ਪੱਛਮੀ) ਦੀ 10 ਜੁਲਾਈ ਨੂੰ ਹੋਣ ਵਾਲੀ ਜ਼ਿਮਨੀ ਚੋਣ ਤੋਂ ਪਹਿਲਾਂ ਇਹ ਵਾਧਾ ਕੀਤਾ ਗਿਆ ਹੈ।

ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਵਰ੍ਹਾ 2024-25 ਲਈ ਬਿਜਲੀ ਦਰਾਂ ਵਿਚ ਵਾਧੇ ਦੇ ਹੁਕਮ ਜਾਰੀ ਕੀਤੇ ਹਨ ਅਤੇ ਨਵੀਆਂ ਬਿਜਲੀ ਦਰਾਂ 16 ਜੂਨ ਤੋਂ ਲਾਗੂ ਹੋਣਗੀਆਂ ਅਤੇ ਇਹ ਵਾਧਾ 31 ਮਾਰਚ 2025 ਤੱਕ ਕੀਤਾ ਗਿਆ ਹੈ। ਨਵੀਆਂ ਦਰਾਂ ਨਾਲ ਪਾਵਰਕੌਮ ਨੂੰ 654.35 ਕਰੋੜ ਦੀ ਵਾਧੂ ਆਮਦਨ ਹੋਵੇਗੀ ਅਤੇ ਇਸ 654.35 ਕਰੋੜ ਦੇ ਵਾਧੇ 'ਚੋਂ ਖਪਤਕਾਰਾਂ 'ਤੇ ਸਿਰਫ਼ 18 ਕਰੋੜ ਦਾ ਬੋਝ ਪਵੇਗਾ ਜਦਕਿ 636 ਕਰੋੜ ਰੁਪਏ ਦੀ ਸਬਸਿਡੀ ਦਾ ਵਾਧੂ ਬੋਝ ਪੰਜਾਬ ਸਰਕਾਰ ਹੀ ਚੁੱਕੇਗੀ।

ਪੰਜਾਬ ਸਰਕਾਰ ਘਰੇਲੂ ਖਪਤਕਾਰਾਂ ਨੂੰ ਤਾਂ ਜੁਲਾਈ 2022 ਤੋਂ ਪ੍ਰਤੀ ਮਹੀਨਾ 300 ਯੂਨਿਟ ਮੁਫ਼ਤ ਦੇ ਰਹੀ ਹੈ ਅਤੇ ਇਸੇ ਤਰ੍ਹਾਂ ਸਨਅਤਾਂ ਨੂੰ ਵੀ ਬਿਜਲੀ 'ਤੇ ਸਬਸਿਡੀ ਦਿੱਤੀ ਜਾ ਰਹੀ ਹੈ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਜੋ ਨਵਾਂ ਟੈਰਿਫ਼ ਜਾਰੀ ਕੀਤਾ ਗਿਆ ਹੈ, ਉਸ ਅਨੁਸਾਰ ਪਾਵਰਕੌਮ ਨੂੰ ਬਿਜਲੀ ਦਰਾਂ ਵਿਚ ਵਾਧੇ ਨਾਲ ਕਰੀਬ 654.35 ਕਰੋੜ ਰੁਪਏ ਦੀ ਵਾਧੂ ਆਮਦਨ ਹੋਣ ਦਾ ਅਨੁਮਾਨ ਹੈ। ਪਾਵਰਕੌਮ ਨੂੰ 2024-25 ਦੌਰਾਨ 44,239 ਕਰੋੜ ਰੁਪਏ ਦੀ ਕੁੱਲ ਆਮਦਨ ਪ੍ਰਾਪਤ ਹੋਣ ਦਾ ਅਨੁਮਾਨ ਹੈ।

ਖੇਤੀ ਸੈਕਟਰ ਲਈ ਪਹਿਲਾਂ ਹੀ ਮੋਟਰਾਂ ਨੂੰ ਮੁਫ਼ਤ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ। ਖੇਤੀ ਸੈਕਟਰ ਵਿਚ 15 ਪੈਸੇ ਪ੍ਰਤੀ ਯੂਨਿਟ ਦਾ ਵਾਧਾ ਕੀਤਾ ਗਿਆ ਹੈ। ਖੇਤੀ ਸੈਕਟਰ ਦੀਆਂ ਨਵੀਆਂ ਦਰਾਂ ਨਾਲ ਸਾਲਾਨਾ 180 ਕਰੋੜ ਰੁਪਏ ਦਾ ਵਾਧੂ ਬੋਝ ਸਰਕਾਰੀ ਖ਼ਜ਼ਾਨੇ 'ਤੇ ਪਵੇਗਾ। ਘਰੇਲੂ ਦਰਾਂ ਵਿੱਚ ਵਾਧੇ ਨਾਲ ਕੁਲ ਸਾਲਾਨਾ 133 ਕਰੋੜ ਦਾ ਬੋਝ ਪਵੇਗਾ ਜਿਸ 'ਚੋਂ 120 ਕਰੋੜ ਰੁਪਏ ਦੀ ਸਾਲਾਨਾ ਸਬਸਿਡੀ ਸਰਕਾਰ ਭਰੇਗੀ ਜਦਕਿ ਖਪਤਕਾਰਾਂ 'ਤੇ ਸਿਰਫ਼ ਸਾਲਾਨਾ 13 ਕਰੋੜ ਦਾ ਬੋਝ ਹੀ ਪਵੇਗਾ। ਇਹ ਬੋਝ ਉਨ੍ਹਾਂ ਖਪਤਕਾਰਾਂ 'ਤੇ ਪਵੇਗਾ ਜਿਨ੍ਹਾਂ ਦੀ ਬਿਜਲੀ ਖਪਤ 300 ਯੂਨਿਟਾਂ ਤੋਂ ਵੱਧ ਹੋਵੇਗੀ। ਦੋ ਤੋਂ ਸੱਤ ਕਿੱਲੋਵਾਟ ਲੋਡ ਵਾਲੇ ਖਪਤਕਾਰਾਂ ਨੂੰ ਬਿਜਲੀ ਪਹਿਲੇ ਸੌ ਯੂਨਿਟ ਤੱਕ 10 ਪੈਸੇ, 101 ਤੋਂ 300 ਯੂਨਿਟ ਤੱਕ 12 ਪੈਸੇ ਪ੍ਰਤੀ ਯੂਨਿਟ ਦਾ ਵਾਧਾ ਕੀਤਾ ਗਿਆ ਹੈ। ਇਸ ਤੋਂ ਉਪਰ ਯੂਨਿਟਾਂ 'ਚ ਕੋਈ ਵਾਧਾ ਨਹੀਂ ਕੀਤਾ ਗਿਆ।

ਸ੍ਰੀ ਹਰਮਿੰਦਰ ਸਾਹਿਬ ਅਤੇ ਦੁਰਗਿਆਨਾ ਮੰਦਰ ਨੂੰ ਪਹਿਲੇ 2000 ਯੂਨਿਟ ਮੁਫ਼ਤ ਬਿਜਲੀ ਦੀ ਸਪਲਾਈ ਜਾਰੀ ਰਹੇਗੀ। ਘਰੇਲੂ ਬਿਜਲੀ ਦੇ ਫਿਕਸਡ ਚਾਰਜਿਜ਼ 'ਚ ਕੋਈ ਵਾਧਾ ਨਹੀਂ ਕੀਤਾ ਗਿਆ ਹੈ। ਐਤਕੀਂ ਕਮਰਸ਼ੀਅਲ ਬਿਜਲੀ ਦਰਾਂ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ ਹੈ ਅਤੇ ਨਾ ਹੀ ਫਿਕਸਡ ਚਾਰਜਿਜ਼ ਵਧਾਏ ਗਏ ਹਨ।

ਇਸੇ ਤਰ੍ਹਾਂ ਉਦਯੋਗਿਕ ਖੇਤਰ ਵਿਚ ਸਮਾਲ ਪਾਵਰ ਸਪਲਾਈ, ਮੀਡੀਅਮ ਪਾਵਰ ਸਪਲਾਈ ਤੇ ਲਾਰਜ ਪਾਵਰ ਸਪਲਾਈ ਦੀਆਂ ਬਿਜਲੀ ਦਰਾਂ ਵਿਚ ਪ੍ਰਤੀ ਯੂਨਿਟ 15 ਪੈਸੇ ਦਾ ਵਾਧਾ ਕੀਤਾ ਗਿਆ ਹੈ ਜਦਕਿ ਫਿਕਸਡ ਚਾਰਜਿਜ਼ ਪੰਜ ਰੁਪਏ ਵਧਾਏ ਗਏ ਹਨ। ਸਨਅਤੀ ਖੇਤਰ 'ਚ ਨਵੇਂ ਵਾਧੇ ਨਾਲ 335 ਕਰੋੜ ਦਾ ਵਾਧੂ ਭਾਰ ਪਵੇਗਾ ਅਤੇ ਵਾਧੇ ਦਾ ਸਮੁੱਚਾ ਬੋਝ ਪੰਜਾਬ ਸਰਕਾਰ ਚੁੱਕੇਗੀ। ਔਸਤਨ ਸਮੁੱਚੀਆਂ ਬਿਜਲੀ ਦਰਾਂ 11 ਪੈਸੇ ਪ੍ਰਤੀ ਯੂਨਿਟ ਵਧੀਆਂ ਹਨ ਅਤੇ ਇਹ ਵਾਧਾ 1.59 ਫ਼ੀਸਦੀ ਬਣਦਾ ਹੈ।

## ਬਿਜਲੀ ਦਰਾਂ 'ਚ ਵਾਧਾ ਪੰਜਾਬੀਆਂ ਨਾਲ ਮਜ਼ਾਕ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਸਰਕਾਰ ਨੇ ਸੰਸਦੀ ਚੋਣਾਂ ਖ਼ਤਮ ਹੋਣ ਤੋਂ ਬਾਅਦ ਘਰੇਲੂ ਅਤੇ ਉਦਯੋਗਿਕ ਖਪਤਕਾਰਾਂ ਲਈ ਬਿਜਲੀ ਦਰਾਂ 'ਚ ਵਾਧਾ ਕਰ ਕੇ ਪੰਜਾਬੀਆਂ ਨਾਲ ਭੱਦਾ ਮਜ਼ਾਕ ਕੀਤਾ ਹੈ ਤੇ ਉਨ੍ਹਾਂ ਮੰਗ ਕੀਤੀ ਕਿ ਇਹ ਵਾਧਾ ਤੁਰੰਤ ਵਾਪਸ ਲਿਆ ਜਾਵੇ। ਉਨ੍ਹਾਂ ਕਿਹਾ ਕਿ ਵਾਧਾ ਕਰਕੇ ਪੰਜਾਬੀਆਂ ਨੂੰ ਸਜ਼ਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪੰਜਾਬੀਆਂ ਨੂੰ ਦੱਸਣ ਕਿ ਉਨ੍ਹਾਂ ਨੇ 'ਬਦਲਾਅ' ਦੇ ਨਾਂ 'ਤੇ ਇਹ ਧੋਖਾ ਕਿਉਂ ਕੀਤਾ ਤੇ ਆਮ ਆਦਮੀ ਦੀ ਜੇਬ ਵਿਚ ਸੰਨ੍ਹ ਕਿਉਂ ਲਾਈ ਜਦੋਂ ਗਰਮੀ ਕਾਰਨ ਬਿਜਲੀ ਖਪਤ ਸਿਖਰ 'ਤੇ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਪੰਜਾਬ ਵਿਚ ਉਦਯੋਗਾਂ ਲਈ ਕੰਮ ਕਰਨਾ ਔਖਾ ਹੋ ਜਾਵੇਗਾ। ਇਸ ਨਾਲ ਸੂਬੇ ਵਿਚੋਂ ਉਦਯੋਗ ਹਿਜਰਤ ਕਰ ਜਾਣਗੇ।

## ਪੰਜਾਬੀਆਂ ਦੀ ਜੇਬ 'ਤੇ ਪਵੇਗਾ ਭਾਰ: ਬਾਜਵਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਬਿਜਲੀ ਦਰਾਂ ਵਿਚ ਕੀਤੇ ਵਾਧੇ ਦਾ ਸਿੱਧਾ ਭਾਰ ਪੰਜਾਬੀਆਂ ਦੀ ਜੇਬ 'ਤੇ ਪੈਣ ਦਾ ਦੋਸ਼ ਲਾਇਆ ਹੈ। ਸ੍ਰੀ ਬਾਜਵਾ ਨੇ ਕਿਹਾ ਕਿ 'ਆਪ' ਸਰਕਾਰ ਨੇ ਲੋਕ ਸਭਾ ਚੋਣਾਂ ਦੇ ਨਤੀਜੇ ਆਉਣ ਮਗਰੋਂ ਬਿਜਲੀ ਦੀਆਂ ਦਰਾਂ ਵਿਚ ਵਾਧਾ ਕਰ ਕੇ ਚਲਾਕੀ ਵਾਲਾ ਦਾਅ ਖੇਡਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ 'ਆਪ' ਸਰਕਾਰ ਨੇ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਮਗਰੋਂ ਅਜਿਹਾ ਕੀਤਾ ਸੀ। ਉਨ੍ਹਾਂ ਕਿਹਾ ਕਿ ਜੇ ਸੂਬਾ ਸਰਕਾਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਬਿਜਲੀ ਦੀਆਂ ਦਰਾਂ ਵਧਾ ਦਿੰਦੀ ਤਾਂ ਉਹ ਤਿੰਨ ਸੀਟਾਂ ਵੀ ਨਹੀਂ ਜਿੱਤ ਸਕਦੀ ਸੀ।

# ਨੇਤਰਹੀਣਾਂ ਦੇ ਸਹਾਇਕਾਂ ਨੂੰ ਮੁਫ਼ਤ ਬੱਸ ਸਫ਼ਰ ਦੀ ਸਹੂਲਤ



**ਚੰਡੀਗੜ੍ਹ:** ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੇ ਰਹੇ ਮਾੜੇ ਪ੍ਰਦਰਸ਼ਨ ਤੋਂ ਬਾਅਦ ਅਤੇ ਵਿਧਾਨ ਸਭਾ ਹਲਕਾ ਜਲੰਧਰ (ਪੱਛਮੀ) ਦੀ ਜ਼ਿਮਨੀ ਚੋਣ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਲੋਕ ਹਿੱਤ ਵਿਚ ਵਧੇਰੇ ਫੈਸਲੇ ਲਏ ਜਾ ਰਹੇ ਹਨ। ਇਸੇ ਤਹਿਤ ਪੰਜਾਬ ਦੀ 'ਆਪ' ਸਰਕਾਰ ਨੇ ਸੂਬੇ ਵਿਚ ਨੇਤਰਹੀਣਾਂ ਨੂੰ ਦਿੱਤੀ ਜਾਂਦੀ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਵਿਚ ਵਾਧਾ ਕਰਦਿਆਂ ਨੇਤਰਹੀਣਾਂ ਦੇ ਸਹਾਇਕਾਂ ਲਈ ਵੀ ਮੁਫ਼ਤ ਬੱਸ ਸਫ਼ਰ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਹ ਐਲਾਨ ਵਿੱਤ ਤੇ ਯੋਜਨਾ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਕੀਤਾ ਗਿਆ। ਸੂਬਾ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਸੂਬੇ ਵਿਚ ਨੇਤਰਹੀਣਾਂ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਉਨ੍ਹਾਂ ਦੇ ਸਹਾਇਕਾਂ ਲਈ ਵੀ ਮੁਫ਼ਤ ਬੱਸ ਸਫ਼ਰ ਸ਼ੁਰੂ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਇਸੇ ਮੰਗ ਨੂੰ ਪੂਰਾ ਕਰਦਿਆਂ ਸੂਬਾ ਸਰਕਾਰ ਨੇ ਨੇਤਰਹੀਣਾਂ ਦੇ ਸਹਾਇਕਾਂ ਦਾ ਬੱਸ ਸਫ਼ਰ ਵੀ ਮੁਫ਼ਤ ਕਰ ਦਿੱਤਾ ਹੈ।

# ਜੰਮੂ ਕਸ਼ਮੀਰ ਵਿਚ ਅਤਿਵਾਦੀ ਹਮਲਿਆਂ ਪਿੱਛੋਂ ਪੰਜਾਬ ਭਰ ਵਿਚ ਚੌਕਸੀ ਦੇ ਹੁਕਮ

**ਅੰਮ੍ਰਿਤਸਰ:** ਜੰਮੂ ਕਸ਼ਮੀਰ ਵਿਚ ਅਤਿਵਾਦੀ ਹਮਲਿਆਂ ਨੂੰ ਦੇਖਦਿਆਂ ਪੰਜਾਬ ਪੁਲਿਸ ਅਤੇ ਸੀਮਾ ਸੁਰੱਖਿਆ ਬਲ ਨੂੰ ਚੌਕਸ ਕੀਤਾ ਗਿਆ ਹੈ। ਇਸ ਸਬੰਧੀ ਡੀ.ਜੀ.ਪੀ. ਪੰਜਾਬ ਨੇ ਸੀਨੀਅਰ ਪੁਲਿਸ ਅਧਿਕਾਰੀਆਂ ਨਾਲ ਵੀਡਿਓ ਕਾਨਫਰੰਸਿੰਗ ਰਾਹੀਂ ਮੀਟਿੰਗ ਕੀਤੀ ਅਤੇ ਸਖ਼ਤ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਪਾਕਿਸਤਾਨ ਤੇ ਜੰਮੂ ਕਸ਼ਮੀਰ ਦੀ ਸਰਹੱਦ ਨਾਲ ਲੱਗਦੇ ਜ਼ਿਲ੍ਹਿਆਂ ਦੇ ਅਧਿਕਾਰੀਆਂ ਨੂੰ ਚੌਕਸੀ ਵਰਤਣ ਅਤੇ ਨਿਗਰਾਨੀ ਤੇਜ਼ ਕਰਨ ਦੇ ਨਾਲ-ਨਾਲ ਸੀਮਾ ਸੁਰੱਖਿਆ ਬਲ ਅਤੇ ਭਾਰਤੀ ਫੌਜ ਨਾਲ ਤਾਲਮੇਲ ਕਰ ਕੇ ਰੱਖਿਆ ਦੀ ਦੂਜੀ



ਲਾਈਨ ਨੂੰ ਮਜ਼ਬੂਤ ਕਰਨ ਲਈ ਕਿਹਾ ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਜਾਂ ਦੇਸ਼ ਵਿਰੋਧੀ ਤਾਕਤਾਂ ਦੀ ਘੁਸਪੈਠ ਨੂੰ ਨਾਕਾਮ ਕੀਤਾ ਜਾ ਸਕੇ।

ਇਸੇ ਦੌਰਾਨ ਡੀ.ਆਈ.ਜੀ. ਬਾਰਡਰ ਰੇਂਜ ਰਾਕੇਸ਼ ਕੌਸ਼ਲ ਨੇ ਕਿਹਾ ਕਿ ਜੰਮੂ ਕਸ਼ਮੀਰ ਨਾਲ ਲੱਗਦੀ ਅੰਤਰ-ਰਾਜੀ ਸਰਹੱਦ 'ਤੇ ਵੀ ਸੁਰੱਖਿਆ ਵਧਾਈ ਜਾਵੇਗੀ।

ਉਨ੍ਹਾਂ ਕਿਹਾ ਕਿ ਕਿਸੇ ਵੀ ਘੁਸਪੈਠ ਜਾਂ ਹਮਲੇ ਨੂੰ ਨਾਕਾਮ ਕਰਨ ਲਈ ਭਾਰਤ ਅਤੇ ਪਾਕਿਸਤਾਨ ਸਰਹੱਦ ਅਤੇ ਜੰਮੂ ਕਸ਼ਮੀਰ ਦੇ ਨਾਲ ਲਗਦੀ ਸਰਹੱਦ 'ਤੇ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਪੰਜਾਬ ਪੁਲਿਸ ਕਮਾਂਡੋ, ਪੰਜਾਬ ਆਰਮਡ ਪੁਲਿਸ ਅਤੇ ਅਰਧ ਸੈਨਿਕ ਬਲਾਂ ਦੀਆਂ ਕੰਪਨੀਆਂ ਸਣੇ ਵਾਧੂ ਸੁਰੱਖਿਆ ਬਲ ਸਰਹੱਦੀ ਖੇਤਰ ਵਿਚ ਤਾਇਨਾਤ ਕੀਤੇ ਜਾ ਰਹੇ ਹਨ।

# ਪੰਜਾਬ 'ਚ ਦੂਜੇ ਪੜਾਅ ਤਹਿਤ ਝੋਨੇ ਦੀ ਲੁਆਈ ਸ਼ੁਰੂ

**ਮਾਨਸਾ:** ਪੰਜਾਬ ਵਿਚ ਦੂਜੇ ਪੜਾਅ ਦੇ ਝੋਨੇ ਦੀ ਲੁਆਈ 15 ਜੂਨ ਤੋਂ ਆਰੰਭ ਹੋ ਗਈ ਹੈ ਜਦੋਂਕਿ ਇਸ ਤੋਂ ਪਹਿਲਾਂ 11 ਜੂਨ ਤੋਂ ਛੇ ਜ਼ਿਲ੍ਹਿਆਂ- ਮਾਨਸਾ, ਬਠਿੰਡਾ, ਫ਼ਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਫਿਰੋਜ਼ਪੁਰ ਤੇ ਫਾਜ਼ਿਲਕਾ ਵਿਚ ਆਰੰਭ ਹੋ ਚੁੱਕੀ ਹੈ। ਹੁਣ ਮੋਗਾ, ਸੰਗਰੂਰ, ਬਰਨਾਲਾ, ਮਾਲੇਰਕੋਟਲਾ, ਪਟਿਆਲਾ, ਸ੍ਰੀ ਫ਼ਤਹਿਗੜ੍ਹ ਸਾਹਿਬ, ਐਸ.ਏ.ਐਸ. ਨਗਰ, ਪਟਿਆਲਾ, ਰੂਪਨਗਰ, ਲੁਧਿਆਣਾ, ਕਪੂਰਥਲਾ, ਜਲੰਧਰ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਤਰਨ ਤਾਰਨ, ਅੰਮ੍ਰਿਤਸਰ ਤੇ ਪਠਾਨਕੋਟ ਜ਼ਿਲ੍ਹਿਆਂ ਵਿਚ ਝੋਨੇ ਦੀ ਲੁਆਈ ਸ਼ੁਰੂ ਹੋ ਚੁੱਕੀ ਹੈ।

ਪੰਜਾਬ ਦੇ ਜਿਹੜੇ ਜ਼ਿਲ੍ਹਿਆਂ ਵਿਚ ਦੂਜੇ ਪੜਾਅ ਵਜੋਂ ਝੋਨੇ ਦੀ ਲੁਆਈ ਆਰੰਭ ਹੋਈ ਹੈ। ਹਾਸਲ ਜਾਣਕਾਰੀ ਮੁਤਾਬਕ ਇਸ ਵਾਰ ਕਿਸਾਨਾਂ ਵਿਚ ਝੋਨੇ ਦੀ ਸਿੱਧੀ ਬਿਜਾਈ ਦਾ ਰੁਝਾਨ ਵੀ ਵਧਿਆ ਹੈ ਅਤੇ ਕਈ ਥਾਵਾਂ 'ਤੇ ਇਹ ਬਿਜਾਈ ਕਾਮਯਾਬ ਹੁੰਦੀ ਦਿਖਾਈ ਦੇਣ ਲੱਗੀ ਹੈ। ਇਸੇ ਦੌਰਾਨ ਪੀ.ਐਸ.ਪੀ.ਸੀ.ਐਲ. ਦੇ ਇਕ ਅਧਿਕਾਰੀ ਦਾ ਕਹਿਣਾ ਹੈ ਕਿ ਸਰਕਾਰੀ ਆਦੇਸ਼ਾਂ ਤਹਿਤ ਝੋਨੇ ਦੀ ਲੁਆਈ ਲਈ ਪੂਰੇ ਪੰਜਾਬ ਵਿਚ ਅੱਠ ਘੰਟੇ ਨਿਰਵਿਘਨ ਬਿਜਲੀ ਸਪਲਾਈ ਦੇਣੀ ਆਰੰਭ ਕੀਤੀ ਜਾ ਚੁੱਕੀ ਹੈ।

# ਪੰਜਾਬ ਦੇ ਚਾਰ ਕੈਡੇਟ ਭਾਰਤੀ ਹਵਾਈ ਸੈਨਾ ਵਿਚ ਅਫਸਰ ਬਣੇ



**ਮੁਹਾਲੀ:** ਪੰਜਾਬ ਦੇ ਚਾਰ ਕੈਡੇਟਾਂ ਨੇ ਭਾਰਤੀ ਹਵਾਈ ਸੈਨਾ ਵਿਚ ਅਫਸਰ ਬਣ ਕੇ ਸੂਬੇ ਦਾ ਨਾਂ ਰੋਸ਼ਨ ਕੀਤਾ ਹੈ। ਇਨ੍ਹਾਂ 'ਚੋਂ ਦੋ ਕੈਡੇਟ ਕੰਵਰਨੂਰ ਸਿੰਘ ਤੇ ਅਨੀਸ਼ ਪਾਂਡੇ ਮੁਹਾਲੀ ਦੀ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਜਦਕਿ ਦੋ ਕੈਡੇਟ ਹਰੂਪ ਕੌਰ ਤੇ ਨਿਵੇਦਿਤਾ ਸੈਣੀ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼ ਮੁਹਾਲੀ ਨਾਲ ਸਬੰਧਤ ਹਨ।

ਮਿਲੀ ਜਾਣਕਾਰੀ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਸੈਕਟਰ-77 (ਮੁਹਾਲੀ) ਦੇ ਅੱਠਵੇਂ ਕੋਰਸ ਦੇ ਦੋ ਕੈਡੇਟਾਂ ਨੂੰ ਏਅਰ ਫੋਰਸ ਅਕੈਡਮੀ, ਡੁੰਡੀਗਲ (ਹੈਦਰਾਬਾਦ) ਵਿਚ ਹੋਈ ਕੰਬਾਈਂਡ ਗਰੈਜੂਏਸ਼ਨ ਪਰੇਡ (ਸੀ.ਜੀ.ਪੀ.) ਮਗਰੋਂ ਭਾਰਤੀ ਹਵਾਈ ਸੈਨਾ ਵਿਚ ਅਫ਼ਸਰ ਵਜੋਂ ਕਮਿਸ਼ਨ ਮਿਲਿਆ ਹੈ। ਤਰਨ ਤਾਰਨ ਵਾਸੀ ਫਲਾਇੰਗ ਅਫ਼ਸਰ ਕੰਵਰਨੂਰ ਸਿੰਘ ਫਾਈਟਰ ਪਾਇਲਟ ਵਜੋਂ ਫਲਾਇੰਗ ਬ੍ਰਾਂਚ 'ਚ ਸ਼ਾਮਲ ਹੋਣਗੇ, ਜਦਕਿ ਅੰਮ੍ਰਿਤਸਰ ਵਾਸੀ ਫਲਾਇੰਗ ਅਫ਼ਸਰ ਅਨੀਸ਼ ਪਾਂਡੇ ਹੈਲੀਕਾਪਟਰ ਪਾਇਲਟ ਵਜੋਂ ਫਲਾਇੰਗ ਬ੍ਰਾਂਚ ਵਿਚ ਸ਼ਾਮਲ ਹੋਣਗੇ। ਇਸੇ ਤਰ੍ਹਾਂ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼ ਮੁਹਾਲੀ ਦੀਆਂ ਦੋ ਮਹਿਲਾ ਕੈਡੇਟਾਂ ਹਰੂਪ ਕੌਰ ਅਤੇ ਨਿਵੇਦਿਤਾ ਸੈਣੀ ਏਅਰ ਫੋਰਸ ਅਕੈਡਮੀ, ਡੁੰਡੀਗਲ (ਹੈਦਰਾਬਾਦ) ਤੋਂ ਸਫ਼ਲਤਾਪੂਰਵਕ ਪਾਸ ਹੋਣ ਮਗਰੋਂ ਭਾਰਤੀ ਹਵਾਈ ਸੈਨਾ 'ਚ ਫਲਾਇੰਗ ਅਫ਼ਸਰ ਵਜੋਂ ਸ਼ਾਮਲ ਹੋ ਗਈਆਂ ਹਨ। ਪਾਸਿੰਗ ਆਊਟ ਪਰੇਡ ਦਾ ਨਿਰੀਖਣ ਏਅਰ ਚੀਫ਼ ਮਾਰਸ਼ਲ ਵਿਵੇਕ ਰਾਮ ਚੌਧਰੀ ਨੇ ਕੀਤਾ।

ਮੁਹਾਲੀ ਵਿਚ ਤਾਇਨਾਤ ਹੌਲਦਾਰ ਭਗਵੰਤ ਸਿੰਘ ਦੀ ਧੀ ਫਲਾਇੰਗ ਅਫ਼ਸਰ ਹਰੂਪ ਕੌਰ ਐਜੂਕੇਸ਼ਨ ਬ੍ਰਾਂਚ ਵਿਚ ਸ਼ਾਮਲ ਹੋਵੇਗੀ। ਪਠਾਨਕੋਟ ਦੀ ਰਹਿਣ ਵਾਲੀ ਫਲਾਇੰਗ ਅਫ਼ਸਰ ਨਿਵੇਦਿਤਾ ਸੈਣੀ ਦੇ ਪਿਤਾ ਹਰਿੰਦਰ ਸਿੰਘ ਸੈਣੀ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਵਿਚ ਪ੍ਰਿੰਸੀਪਲ ਦੇ ਅਹੁਦੇ 'ਤੇ ਤਾਇਨਾਤ ਹਨ ਤੇ ਨਿਵੇਦਿਤਾ ਹਵਾਈ ਸੈਨਾ ਦੀ ਲੌਜਿਸਟਿਕ ਬ੍ਰਾਂਚ ਵਿਚ ਸ਼ਾਮਲ ਹੋਵੇਗੀ। ਮਾਈ ਭਾਗੋ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ (ਸੇਵਾਮੁਕਤ) ਜਸਬੀਰ ਸਿੰਘ ਸੰਧੂ ਨੇ ਦੋਵੇਂ ਕੈਡਿਟਾਂ ਨੂੰ ਫਲਾਇੰਗ ਅਫ਼ਸਰ ਵਜੋਂ ਕਮਿਸ਼ਨ ਮਿਲਣ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਪ੍ਰਾਪਤੀ ਸੂਬਾ ਸਰਕਾਰ ਵੱਲੋਂ ਹੋਰ ਲੜਕੀਆਂ ਨੂੰ ਵੱਖ-ਵੱਖ ਹਥਿਆਰਬੰਦ ਸੈਨਾਵਾਂ ਦੀਆਂ ਪ੍ਰੀ-ਕਮਿਸ਼ਨ ਸਿਖਲਾਈ ਅਕੈਡਮੀਆਂ ਵਿਚ ਭੇਜਣ ਦੇ ਕੀਤੇ ਜਾ ਰਹੇ ਯਤਨਾਂ ਨੂੰ ਹੋਰ ਹੁਲਾਰਾ ਦੇਵੇਗੀ। ਮਹਾਰਾਜਾ ਰਣਜੀਤ ਸਿੰਘ ਇੰਸਟੀਚਿਊਟ ਦੇ ਡਾਇਰੈਕਟਰ ਜਨਰਲ, ਮੇਜਰ ਜਨਰਲ (ਸੇਵਾਮੁਕਤ) ਅਜੈ ਐਚ. ਚੌਹਾਨ ਨੇ ਦੋਵੇਂ ਕੈਡਿਟਾਂ ਨੂੰ ਕਮਿਸ਼ਨਡ ਅਫ਼ਸਰ ਬਣਨ 'ਤੇ ਵਧਾਈ ਦਿੰਦਿਆਂ ਉਨ੍ਹਾਂ ਨੂੰ ਸੰਸਥਾ ਦੇ ਸੱਚੇ ਪ੍ਰਤੀਨਿਧ ਤੇ ਪੰਜਾਬ ਦੇ ਸਪੂਤ ਵਜੋਂ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਆ।

ਪੰਜਾਬ ਦੇ ਰੁਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਕੈਡਿਟਾਂ ਨੂੰ ਭਾਰਤੀ ਹਵਾਈ ਸੈਨਾ ਦੇ ਅਫਸਰ ਬਣਨ 'ਤੇ ਵਧਾਈ ਦਿੰਦਿਆਂ ਉਨ੍ਹਾਂ ਨੂੰ ਸੁਨਹਿਰੀ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਫ਼ਲਤਾ ਯਕੀਨੀ ਤੌਰ 'ਤੇ ਪੰਜਾਬ ਦੇ ਹੋਰ ਨੌਜਵਾਨਾਂ ਨੂੰ ਵੀ ਰੱਖਿਆ ਸੇਵਾਵਾਂ ਵਿਚ ਕਰੀਅਰ ਬਣਾਉਣ ਦੇ ਮੌਕੇ ਤਲਾਸ਼ਣ ਲਈ ਪ੍ਰੇਰਿਤ ਕਰੇਗੀ।

# ਕੋਰ ਕਮੇਟੀ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਕਲੀਨ ਚਿੱਟ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਹੋਈ। ਲੋਕ ਸਭਾ ਚੋਣਾਂ ਵਿਚ ਕਰਾਰੀ ਹਾਰ ਮਗਰੋਂ ਕੋਰ ਕਮੇਟੀ ਦੀ ਇਥੇ ਕਰੀਬ ਛੇ ਘੰਟੇ ਚੱਲੀ ਮੀਟਿੰਗ ਵਿਚ ਚੋਣਾਂ 'ਚ ਪਾਰਟੀ ਦੀ ਕਾਰਗੁਜ਼ਾਰੀ ਅਤੇ ਪੰਜਾਬ ਦੇ ਮੌਜੂਦਾ ਸਿਆਸੀ ਹਾਲਾਤ 'ਤੇ ਚਰਚਾ ਕੀਤੀ ਗਈ। ਕੋਰ ਕਮੇਟੀ ਦੇ ਕਿਸੇ ਮੈਂਬਰ ਨੇ ਮੀਟਿੰਗ ਦੌਰਾਨ ਸੁਖਬੀਰ ਬਾਦਲ ਦੀ ਪ੍ਰਧਾਨਗੀ 'ਤੇ ਕੋਈ ਸਵਾਲ ਖੜ੍ਹਾ ਨਹੀਂ ਕੀਤਾ ਬਲਕਿ ਉਨ੍ਹਾਂ ਦੀ ਅਗਵਾਈ 'ਤੇ ਪੂਰਾ ਭਰੋਸਾ ਪ੍ਰਗਟਾਇਆ।

ਕੋਰ ਕਮੇਟੀ ਨੇ ਲੋਕ ਸਭਾ ਚੋਣਾਂ ਵਿਚ ਹੋਈ ਹਾਰ ਦੇ ਮਾਮਲੇ ਵਿਚ ਇਕ ਤਰੀਕੇ ਨਾਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਮੀਟਿੰਗ ਵਿਚ ਝੂੰਦਾਂ ਕਮੇਟੀ ਦੀਆਂ ਸਿਫ਼ਾਰਸ਼ਾਂ 'ਤੇ ਸਭ ਨੇ ਚੁੱਪ ਵੱਟੀ ਰੱਖੀ। ਕੋਰ ਕਮੇਟੀ ਨੇ ਫ਼ੈਸਲਾ ਕੀਤਾ ਹੈ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਾਰਟੀ ਦੀ ਸਮੁੱਚੀ ਰਣਨੀਤੀ ਤਿਆਰ ਕਰਨ ਲਈ ਅਤੇ ਭਵਿੱਖ ਦਾ ਏਜੰਡਾ ਤੈਅ ਕਰਨ ਵਾਸਤੇ ਪਾਰਟੀ ਆਗੂਆਂ ਤੋਂ ਵਿਅਕਤੀਗਤ ਅਤੇ ਸਮੂਹਿਕ ਤੌਰ 'ਤੇ ਸੁਝਾਅ ਲੈਣਗੇ। ਪਾਰਟੀ ਨੇ ਸਭਨਾਂ ਨੂੰ ਖੁੱਲ੍ਹੇ ਸੁਝਾਅ ਅਤੇ ਮਸ਼ਵਰੇ ਦੇਣ ਦਾ ਸੱਦਾ ਦਿੱਤਾ ਹੈ। ਚੋਣਾਂ ਦੌਰਾਨ ਸਾਹਮਣੇ ਆਏ ਮਾਮਲੇ ਵੀ ਪਾਰਟੀ ਪਲੇਟਫਾਰਮ 'ਤੇ ਰੱਖਣ ਲਈ ਕਿਹਾ ਹੈ।

ਪਾਰਟੀ ਨੇ ਨਵੀਂ ਅਨੁਸ਼ਾਸਨੀ ਕਮੇਟੀ ਦੇ ਗਠਨ ਅਤੇ ਕਮੇਟੀ ਦੇ ਪਹਿਲੇ ਪ੍ਰਧਾਨ ਦੀ ਛੁੱਟੀ ਕਰਨ ਦਾ ਫ਼ੈਸਲਾ ਕੀਤਾ ਹੈ। ਕਮੇਟੀ ਨੇ ਮੀਟਿੰਗ ਵਿਚ ਦੇਸ਼ ਵਿਚ ਵਧ ਰਹੇ ਫ਼ਿਰਕੂ ਧਰੁਵੀਕਰਨ, ਸੰਸਦ ਮੈਂਬਰ ਕੰਗਣਾ ਰਣੌਤ ਦੀ ਜ਼ਹਿਰੀਲੀ ਬੋਲ ਬਾਣੀ ਅਤੇ ਕੈਥਲ ਵਿਚ ਸਿੱਖ ਨੌਜਵਾਨ 'ਤੇ ਹਮਲੇ ਨੂੰ ਲੈ ਕੇ ਚਿੰਤਾ ਜ਼ਾਹਰ ਕੀਤੀ ਅਤੇ ਨਿੰਦਾ ਕੀਤੀ ਗਈ।

ਪਾਰਟੀ ਨੇ ਆਪਣਾ ਸਟੈਂਡ ਦੁਹਰਾਇਆ ਕਿ ਸੰਘੀ ਢਾਂਚਾ ਹੀ ਦੇਸ਼ ਨੂੰ ਮਜ਼ਬੂਤ ਕਰ ਸਕਦਾ ਹੈ। ਮੀਟਿੰਗ ਵਿਚ ਮਹਿਸੂਸ ਕੀਤਾ ਗਿਆ ਕਿ ਲੋਕ ਸਭਾ ਚੋਣਾਂ ਵਿਚ ਮੋਦੀ ਵਿਰੋਧੀ ਵੋਟ ਬੈਂਕ ਜੋ ਅਕਾਲੀ ਦਲ ਨੂੰ ਭੁਗਤਣਾ ਸੀ, ਉਹ ਇਸ ਕਰਕੇ ਨਹੀਂ ਭੁਗਤਿਆ ਕਿਉਂਕਿ ਵਿਰੋਧੀ ਪਾਰਟੀਆਂ ਨੇ ਵੋਟਰਾਂ ਨੂੰ ਇਹ ਜਚਾ ਦਿੱਤਾ ਕਿ ਅਕਾਲੀ ਦਲ ਤੇ ਭਾਜਪਾ ਇੱਕੋ ਹੀ ਹਨ। ਪਾਰਟੀ ਦੇ ਸੀਨੀਅਰ ਆਗੂ ਡਾ.ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਬਹੁਤ ਹੀ ਸੁਖਾਵੇਂ ਮਾਹੌਲ ਵਿਚ ਹੋਈ ਮੀਟਿੰਗ ਵਿਚ ਚੋਣਾਂ ਨੂੰ ਲੈ ਕੇ ਚਰਚਾ ਹੋਈ ਹੈ ਅਤੇ ਅਨੁਸ਼ਾਸਨੀ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਮੀਟਿੰਗ ਵਿਚ ਲੋਕ ਫ਼ਤਵੇ ਨੂੰ ਸਵੀਕਾਰ ਕੀਤਾ ਗਿਆ ਅਤੇ ਝੂੰਦਾਂ ਕਮੇਟੀ ਬਾਰੇ ਕੋਈ ਗੱਲ ਨਹੀਂ ਹੋਈ ਹੈ।

ਅਕਾਲੀ ਦਲ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਨੇ ਮੀਟਿੰਗ ਤੋਂ ਪਹਿਲਾਂ ਕਿਹਾ ਕਿ ਜੰਗ ਵਿਚ ਜਿੱਤ ਹਾਰ ਹੁੰਦੀ ਰਹਿੰਦੀ ਹੈ ਅਤੇ ਇਸ ਮੌਕੇ ਸਭ ਨੂੰ ਜਰਨੈਲ ਨਾਲ ਖੜ੍ਹਨਾ ਚਾਹੀਦਾ ਹੈ। ਲੋਕ ਸਭਾ ਚੋਣਾਂ ਵਿਚ ਪਾਰਟੀ ਦੇ 10 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ ਸੀ। ਬਾਦਲ ਪਰਿਵਾਰ ਆਪਣੀ ਬਠਿੰਡਾ ਸੀਟ ਹੀ ਬਚਾ ਸਕਿਆ ਹੈ। ਪਾਰਟੀ ਦਾ ਵੋਟ ਫੀਸਦ ਵੀ ਘਟ ਕੇ 13.42 ਫ਼ੀਸਦੀ ਰਹਿ ਗਿਆ ਹੈ ਜੋ ਕਿ ਸਾਲ 2019 ਦੀਆਂ ਚੋਣਾਂ ਵਿਚ 27.76 ਫ਼ੀਸਦੀ ਸੀ। ਪੰਜਾਬ ਵਿਧਾਨ ਸਭਾ ਵਿਚ ਪਾਰਟੀ ਦੇ ਸਿਰਫ਼ ਤਿੰਨ ਵਿਧਾਇਕ ਹਨ।

### ਪੰਚ ਪ੍ਰਧਾਨੀ ਬਣਾਉਣ ਦੀ ਸਲਾਹ

**ਚੰਡੀਗੜ੍ਹ:** ਕੋਰ ਕਮੇਟੀ ਦੀ ਮੀਟਿੰਗ ਤੋਂ ਐਨ ਪਹਿਲਾਂ ਅਕਾਲੀ ਦਲ ਦੇ ਆਗੂ ਅਤੇ ਸਿਆਸੀ ਸਕੱਤਰ ਚਰਨਜੀਤ ਸਿੰਘ ਬਰਾੜ ਨੇ ਇਕ ਪੱਤਰ ਲਿਖ ਕੇ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ 'ਤੇ ਉਂਗਲ ਉਠਾਈ ਹੈ। ਉਨ੍ਹਾਂ ਲਿਖਿਆ ਹੈ ਕਿ ਪਾਰਟੀ ਦੇ ਵਡੇਰੇ ਹਿੱਤਾਂ ਲਈ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਹੇਠ ਇਕ ਪੰਚ ਪ੍ਰਧਾਨੀ ਬਣਾ ਦਿੱਤੀ ਜਾਵੇ ਜਿਸ ਵਿਚ ਪ੍ਰਧਾਨ ਕਮੇਟੀ ਹਰਜਿੰਦਰ ਸਿੰਘ ਧਾਮੀ, ਹਰਸਿਮਰਤ ਕੌਰ ਬਾਦਲ, ਪ੍ਰੇਮ ਸਿੰਘ ਚੰਦੂਮਾਜਰਾ, ਗੁਲਜ਼ਾਰ ਸਿੰਘ ਰਣੀਕੇ, ਹੀਰਾ ਸਿੰਘ ਗਾਬੜੀਆ ਅਤੇ ਐਨ.ਕੇ.ਸ਼ਰਮਾ ਨੂੰ ਮੈਂਬਰ ਵਜੋਂ ਸ਼ਾਮਲ ਕੀਤਾ ਜਾਵੇ। ਡੈਲੀਗੇਟਾਂ ਦੀ ਨਵੀਂ ਭਰਤੀ ਕਰਕੇ ਪ੍ਰਧਾਨ ਦੀ ਚੋਣ ਤੱਕ ਇਹ ਕੰਮ ਕਰੇ।

# ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਦੇ ਅਹੁਦੇ ਤੋਂ ਮਲੂਕਾ ਦੀ ਛੁੱਟੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਦੇ ਅਹੁਦੇ ਤੋਂ ਛੁੱਟੀ ਕਰ ਦਿੱਤੀ ਹੈ। ਪਾਰਟੀ ਨੇ ਪਹਿਲਾਂ ਉਨ੍ਹਾਂ ਨੂੰ ਹਲਕਾ ਮੌੜ ਦੀ ਇੰਚਾਰਜੀ ਤੋਂ ਵੀ ਹਟਾ ਦਿੱਤਾ ਸੀ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੀ ਨਵੀਂ ਅਨੁਸ਼ਾਸਨੀ ਕਮੇਟੀ ਦਾ ਐਲਾਨ ਕਰ ਦਿੱਤਾ ਹੈ।



ਅਨੁਸ਼ਾਸਨੀ ਕਮੇਟੀ ਦੇ ਮੁਖੀ ਹੁਣ ਸੀਨੀਅਰ ਅਕਾਲੀ ਨੇਤਾ ਬਲਵਿੰਦਰ ਸਿੰਘ ਭੂੰਦੜ ਹੋਣਗੇ ਜਦੋਂ ਕਿ ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਤੇ ਮਹੇਸ਼ਇੰਦਰ ਸਿੰਘ ਗਰੇਵਾਲ ਨੂੰ ਇਸ ਕਮੇਟੀ ਦਾ ਮੈਂਬਰ ਬਣਾਇਆ ਗਿਆ ਹੈ। ਸੂਤਰਾਂ ਨੇ ਦੱਸਿਆ ਕਿ ਅਕਾਲੀ ਦਲ ਦੀ ਲੰਘੇ ਦਿਨੀਂ ਹੋਈ ਕੋਰ ਕਮੇਟੀ ਦੀ ਮੀਟਿੰਗ 'ਚ ਹੀ ਨਵੀਂ ਅਨੁਸ਼ਾਸਨੀ ਕਮੇਟੀ ਦੇ ਗਠਨ ਦਾ ਫ਼ੈਸਲਾ ਕਰ ਲਿਆ ਗਿਆ ਸੀ। ਸੂਤਰਾਂ ਮੁਤਾਬਕ ਕੋਰ ਕਮੇਟੀ ਦੀ ਮੀਟਿੰਗ ਵਿਚ ਇਕ ਵਾਰ ਤਾਂ ਸਾਬਕਾ ਮੰਤਰੀ ਮਲੂਕਾ ਨੂੰ ਪਾਰਟੀ 'ਚੋਂ ਬਾਹਰ ਦਾ ਰਸਤਾ ਦਿਖਾਉਣ ਦਾ ਰੌਅ ਬਣ ਗਿਆ ਸੀ ਪਰ ਕੁਝ ਮੈਂਬਰਾਂ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਅਜਿਹਾ ਨਾ ਕਰਨ ਦੀ ਸਲਾਹ ਦਿੱਤੀ ਹਾਲਾਂਕਿ ਇਸ ਦੀ ਅਧਿਕਾਰਤ ਪੁਸ਼ਟੀ ਨਹੀਂ ਹੋ ਸਕੀ ਹੈ। ਦੱਸਣਯੋਗ ਹੈ ਕਿ ਸਾਬਕਾ ਮੰਤਰੀ ਮਲੂਕਾ ਦੀ ਨੂੰਹ ਪਰਮਪਾਲ ਕੌਰ ਸਿੱਧੂ ਨੇ ਭਾਜਪਾ ਦੀ ਟਿਕਟ ਤੋਂ ਲੋਕ ਸਭਾ ਹਲਕਾ ਬਠਿੰਡਾ ਤੋਂ ਚੋਣ ਲੜੀ ਸੀ।

ਲੋਕ ਸਭਾ ਚੋਣਾਂ 'ਚ ਭਾਵੇਂ ਮਲੂਕਾ ਨੇ ਅਕਾਲੀ ਦਲ ਅਤੇ ਭਾਜਪਾ ਤੋਂ ਬਰਾਬਰ ਦੀ ਦੂਰੀ ਬਣਾ ਕੇ ਰੱਖੀ ਪਰ ਇਨ੍ਹਾਂ ਚੋਣਾਂ 'ਚ ਸਾਬਕਾ ਮੰਤਰੀ ਦੇ ਜੱਦੀ ਪਿੰਡ ਮਲੂਕਾ 'ਚੋਂ ਅਕਾਲੀ ਦਲ ਨਾਲੋਂ ਭਾਜਪਾ ਦੀਆਂ ਵੋਟਾਂ ਵੱਧ ਨਿਕਲੀਆਂ ਹਨ। ਚੋਣਾਂ ਦੌਰਾਨ ਅਕਾਲੀ ਦਲ ਨੇ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਪਾਰਟੀ 'ਚੋਂ ਕੱਢ ਦਿੱਤਾ ਸੀ ਪਰ ਮਲੂਕਾ ਹਾਲੇ ਪਾਰਟੀ ਦੀ ਕਿਸੇ ਕਾਰਵਾਈ ਤੋਂ ਬਚੇ ਹੋਏ ਹਨ। ਸਾਬਕਾ ਮੰਤਰੀ ਮਲੂਕਾ ਨੂੰ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਵੀ ਨਹੀਂ ਸੀ ਸੱਦਿਆ ਗਿਆ।

# ਪਾਰਟੀ ਲਈ ਬੁੱਧੀਜੀਵੀਆਂ ਤੋਂ ਸਲਾਹ ਲੈਣਗੇ ਸੁਖਬੀਰ

**ਚੰਡੀਗੜ੍ਹ:** ਪੰਜਾਬ ਦੀ ਸਿਆਸਤ 'ਤੇ ਲੰਮਾ ਸਮਾਂ ਰਾਜ ਕਰਨ ਵਾਲਾ ਸ਼੍ਰੋਮਣੀ ਅਕਾਲੀ ਦਲ ਸੂਬੇ ਦੀ ਸਿਆਸਤ ਵਿਚ ਹਾਸ਼ੀਏ 'ਤੇ ਪਹੁੰਚ ਗਿਆ ਹੈ। ਹੁਣ ਅਕਾਲੀ ਦਲ ਵੱਲੋਂ ਪਾਰਟੀ ਦੀ ਮਜ਼ਬੂਤੀ ਲਈ ਬੁੱਧੀਜੀਵੀਆਂ, ਚਿੰਤਕਾਂ, ਵਿਦਵਾਨਾਂ ਅਤੇ ਪੰਥਕ ਝੁਕਾਅ ਰੱਖਣ ਵਾਲੇ ਵਿਅਕਤੀਆਂ ਤੋਂ ਸਲਾਹ ਲੈਣ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਸਲਾਹ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖ਼ੁਦ ਲੈਣਗੇ।



ਉਨ੍ਹਾਂ ਵੱਲੋਂ ਪਾਰਟੀ ਦੇ 104 ਸਾਲਾ ਅਮੀਰ ਵਿਰਸੇ ਦੀ ਸੰਭਾਲ ਲਈ ਆਉਂਦੇ ਹਫ਼ਤਿਆਂ ਵਿਚ ਅਜਿਹੇ ਵਿਅਕਤੀਆਂ ਨਾਲ ਮੁਲਾਕਾਤ ਕੀਤੀ ਜਾਵੇਗੀ ਅਤੇ ਨਿੱਜੀ ਰਾਇ ਲਈ ਜਾਵੇਗੀ। ਪਾਰਟੀ ਵੱਲੋਂ ਇਸ ਰਾਇ 'ਤੇ ਵਿਚਾਰ-ਚਰਚਾ ਕਰ ਕੇ ਭਵਿੱਖ ਦੇ ਟੀਚਿਆਂ ਅਨੁਸਾਰ ਸੁਧਾਰ ਕੀਤੇ ਜਾਣਗੇ। ਅਕਾਲੀ ਦਲ ਦੇ ਬੁਲਾਰੇ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਸੁਖਬੀਰ ਬਾਦਲ, ਸਿੱਖ ਗੁਰੂ ਸਾਹਿਬਾਨ, ਸੰਤਾਂ ਤੇ ਮਹਾਂਪੁਰਖਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਗ਼ਰੀਬਾਂ, ਦੱਬੇ-ਕੁਚਲੇ ਲੋਕਾਂ ਤੇ ਸਮਾਜ ਦੇ ਅਣਗੌਲੇ ਵਰਗ ਲਈ ਕੰਮ ਕਰਨਾ ਚਾਹੁੰਦੇ ਹਨ। ਜ਼ਿਕਰਯੋਗ ਹੈ ਕਿ ਅਕਾਲੀ ਦਲ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਲਗਾਤਾਰ ਸੂਬੇ ਦੀ ਸਿਆਸਤ ਵਿਚ ਪਛੜਦਾ ਜਾ ਰਿਹਾ ਹੈ। ਕਿਸਾਨੀ ਅੰਦੋਲਨ ਦੌਰਾਨ ਅਕਾਲੀ ਦਲ ਨੇ ਕਿਸਾਨਾਂ ਦੇ ਵੋਟ ਬੈਂਕ ਨੂੰ ਸਾਂਭਣ ਲਈ ਭਾਜਪਾ ਨਾਲ ਗੱਠਜੋੜ ਵੀ ਤੋੜ ਦਿੱਤਾ ਸੀ ਅਤੇ 2022 ਦੀਆਂ ਚੋਣਾਂ ਤੋਂ ਪਹਿਲਾਂ ਬਸਪਾ ਨਾਲ ਗੱਠਜੋੜ ਕਰ ਲਿਆ ਸੀ। ਇਸ ਗੱਠਜੋੜ ਦੇ ਬਾਵਜੂਦ ਅਕਾਲੀ ਦਲ ਦੇ ਪੱਲੇ ਕੁਝ ਵੀ ਨਹੀਂ ਪਿਆ। ਪਾਰਟੀ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਸਿਰਫ਼ ਤਿੰਨ ਸੀਟਾਂ ਅਤੇ ਹੁਣ ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿਚ ਇਕ ਸੀਟ ਜਿੱਤ ਸਕੀ ਹੈ।

# ਪੰਜਾਬ ਸਰਕਾਰ ਛੇਤੀ ਕਰੇਗੀ 300 ਵੈਟਰਨਰੀ ਅਫਸਰਾਂ ਦੀ ਭਰਤੀ

**ਚੰਡੀਗੜ੍ਹ:** ਪਸ਼ੂ ਪਾਲਣ, ਡੇਅਰੀ ਵਿਕਾਸ ਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 300 ਵੈਟਰਨਰੀ ਅਫ਼ਸਰਾਂ ਦੀ ਭਰਤੀ ਕੀਤੀ ਜਾਵੇਗੀ। ਵੱਖ-ਵੱਖ ਪ੍ਰੋਜੈਕਟਾਂ ਦਾ ਜਾਇਜ਼ਾ ਲੈਂਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਲੋਕ ਸੇਵਾ ਕਮਿਸ਼ਨ (ਪੀ.ਪੀ.ਐਸ.ਸੀ.) ਨੇ ਵੈਟਰਨਰੀ ਅਫ਼ਸਰਾਂ ਦੀਆਂ ਪੋਸਟਾਂ ਲਈ ਭਰਤੀ ਪ੍ਰਕਿਰਿਆ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਪਿਛਲੇ ਦੋ ਸਾਲਾਂ ਵਿਚ 326 ਵੈਟਰਨਰੀ ਅਫ਼ਸਰਾਂ ਅਤੇ 536 ਵੈਟਰਨਰੀ ਇੰਸਪੈਕਟਰਾਂ ਦੀ ਭਰਤੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪਸ਼ੂ ਹਸਪਤਾਲਾਂ ਵਿਚ ਦਵਾਈਆਂ ਤੇ ਉਪਕਰਨਾਂ ਦੀ ਖ਼ਰੀਦ ਲਈ 93 ਕਰੋੜ ਰੁਪਏ ਦੀ ਕਾਰਜ ਯੋਜਨਾ ਭਾਰਤ ਸਰਕਾਰ ਨੂੰ ਸੌਂਪੀ ਗਈ ਹੈ। ਉਨ੍ਹਾਂ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਮੂੰਹਖੁਰ ਅਤੇ ਗਲਘੋਟੂ ਵਿਰੁੱਧ ਚਲਾਈ ਜਾ ਰਹੀ ਟੀਕਾਕਰਨ ਮੁਹਿੰਮ ਨੂੰ 30 ਜੂਨ 2024 ਤੱਕ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।

ਇਸ ਮੌਕੇ ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਡਾ. ਰੰਜੀਵ ਬਾਲੀ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਹੁਣ ਤੱਕ ਲਗਪਗ 78 ਫੀਸਦ ਅਤੇ 75 ਫੀਸਦ ਪਸ਼ੂਆਂ ਨੂੰ ਕ੍ਰਮਵਾਰ ਮੂੰਹ ਖੁਰ ਅਤੇ ਗਲਘੋਟੂ ਤੋਂ ਬਚਾਅ ਲਈ ਵੈਕਸੀਨ ਦੀ ਡੋਜ਼ ਲਗਾਈ ਗਈ ਹੈ। ਖੁੱਡੀਆਂ ਨੇ ਦੱਸਿਆ ਕਿ ਕਿਸਾਨਾਂ ਨੂੰ ਡੇਅਰੀ ਫਾਰਮਿੰਗ ਕਿੱਤੇ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨ ਵਾਸਤੇ ਵਿਭਾਗ ਵੱਲੋਂ ਦੁਧਾਰੂ ਪਸ਼ੂਆਂ ਦੀ ਖ਼ਰੀਦ 'ਤੇ ਜਨਰਲ ਵਰਗ ਨੂੰ 25 ਫ਼ੀਸਦੀ ਅਤੇ ਅਨੁਸੂਚਿਤ ਜਾਤੀਆਂ ਦੇ ਲਾਭਪਾਤਰੀਆਂ ਨੂੰ 33 ਫ਼ੀਸਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਯੋਜਨਾ ਤਹਿਤ ਪ੍ਰਤੀ ਪਸ਼ੂ ਨਿਰਧਾਰਿਤ ਰੇਟ 70,000 ਰੁਪਏ ਹੈ। ਵਿਭਾਗ ਨੇ 2023-24 ਦੌਰਾਨ 1,089 ਦੁਧਾਰੂ ਪਸ਼ੂਆਂ ਲਈ ਲਗਭਗ 2 ਕਰੋੜ ਰੁਪਏ ਵਿੱਤੀ ਸਹਾਇਤਾ ਵਜੋਂ ਦਿੱਤੇ ਹਨ।

# ਹੇਮਕੁੰਟ ਸਾਹਿਬ ਯਾਤਰਾ ਉਤੇ ਗਏ ਨੌਜਵਾਨ ਦੀ ਮੌਤ

**ਪੱਟੀ:** ਇਥੋਂ ਦੇ ਨੌਜਵਾਨ ਸੁਖਮਨਪਾਲ ਸਿੰਘ (25) ਦੀ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦੌਰਾਨ ਮੌਤ ਹੋ ਗਈ ਹੈ। ਉਸ ਦੇ ਤਾਇਆ ਰਾਜਵੰਤ ਸਿੰਘ ਨੇ ਦੱਸਿਆ ਕਿ ਸੁਖਮਨਪਾਲ ਸਿੰਘ ਹਰ ਸਾਲ ਇਸ ਯਾਤਰਾ 'ਤੇ ਜਾਂਦਾ ਸੀ ਅਤੇ ਇਸ ਵਾਰ ਉਹ 12 ਜੂਨ ਨੂੰ ਆਪਣੇ ਸਾਥੀਆਂ ਨਾਲ ਪੱਟੀ ਤੋਂ ਰਵਾਨਾ ਹੋਇਆ ਸੀ। ਉਨ੍ਹਾਂ ਨੂੰ ਸ੍ਰੀ ਹੇਮਕੁੰਟ ਸਾਹਿਬ ਦੇ ਟਰੱਸਟ ਤੋਂ ਜਾਣਕਾਰੀ ਮਿਲੀ ਹੈ ਕਿ ਸੁਖਮਨਪਾਲ ਸ੍ਰੀ ਹੇਮਕੁੰਟ ਸਾਹਿਬ ਤੋਂ ਕਰੀਬ 300 ਕੁ ਮੀਟਰ ਦੂਰੀ 'ਤੇ ਬਣੀਆਂ ਪੌੜੀਆਂ ਰਾਹੀਂ ਉੱਪਰ ਜਾ ਰਿਹਾ ਸੀ ਕਿ ਉਸ ਨੂੰ ਸਾਹ ਲੈਣ ਵਿਚ ਤਕਲੀਫ਼ ਹੋਈ ਤੇ ਉਸ ਦੀ ਮੌਕੇ ਉਤੇ ਹੀ ਮੌਤ ਹੋ ਗਈ।

# ਇਰਾਨ ਯੂਨੀਵਰਸਿਟੀ ਦੇ ਵੀ.ਸੀ. ਵੱਲੋਂ ਜਥੇਦਾਰ ਨਾਲ ਮੁਲਾਕਾਤ

**ਅੰਮ੍ਰਿਤਸਰ:** ਇਰਾਨ ਦੀ ਅਲ-ਮੁਸਤਫ਼ਾ ਇੰਟਰਨੈਸ਼ਨਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਰਜ਼ਾ ਸੇਕਰੀ ਨੇ ਗੁਰਮੁਖੀ (ਪੰਜਾਬੀ ਬੋਲੀ) ਤੇ ਫਾਰਸੀ ਵਿਚ ਆਪਸੀ ਸਾਂਝ ਹੋਰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਇੱਥੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕੀਤੀ।

ਉਨ੍ਹਾਂ ਵੱਖਰੇ ਤੌਰ ਉਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਵੀ ਮੁਲਾਕਾਤ ਕੀਤੀ। ਇਸ ਮੌਕੇ ਵਿਰਾਸਤ ਸਿੱਖੀਜ਼ਮ ਟਰੱਸਟ ਦੇ ਚੇਅਰਮੈਨ ਅਤੇ ਦਿੱਲੀ ਕਮੇਟੀ ਦੇ ਪੰਜਾਬੀ ਭਾਸ਼ਾ ਪ੍ਰਸਾਰ ਕਮੇਟੀ ਦੇ ਕਨਵੀਨਰ ਰਜਿੰਦਰ ਸਿੰਘ ਵਿਰਾਸਤ ਵੀ ਮੌਜੂਦ ਸਨ। ਉਨ੍ਹਾਂ ਇਸ ਮੁਲਾਕਾਤ ਦੌਰਾਨ ਗੁਰਮੁਖੀ ਅਤੇ ਫਾਰਸੀ ਭਾਸ਼ਾ ਵਿਚ ਆਪਸੀ ਸਾਂਝ ਹੋਰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਦੌਰਾਨ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ



ਕਿਹਾ ਕਿ ਗੁਰਬਾਣੀ, ਗੁਰੂ ਇਤਿਹਾਸ ਅਤੇ ਸਿੱਖ ਇਤਿਹਾਸ ਵਿਚ ਫਾਰਸੀ ਦੀ ਵਰਤੋਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਵੱਲੋਂ ਲਿਖਿਆ ਗਿਆ ਜ਼ਫ਼ਰਨਾਮਾ ਫਾਰਸੀ ਭਾਸ਼ਾ 'ਚ ਲਿਖੀ ਰਚਨਾ ਹੈ ਜਿਸ ਦੀ ਮਿਸਾਲ ਕਿਤੇ ਹੋਰ ਨਹੀਂ ਮਿਲਦੀ।

ਇਸ ਮੌਕੇ ਵਾਈਸ ਚਾਂਸਲਰ ਡਾ. ਸੇਕਰੀ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਫਾਰਸੀ ਅਤੇ ਪੰਜਾਬੀ ਦੀ ਸਾਂਝ ਹੋਰ ਮਜ਼ਬੂਤ ਕਰਨਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਯੂਨੀਵਰਸਿਟੀ ਵਿਚ ਸਿੱਖ ਇਤਿਹਾਸ ਦੇ ਫਾਰਸੀ ਸਰੋਤਾਂ ਦੇ ਅਧਿਐਨ ਨੂੰ ਸੁਖਾਲਾ ਬਣਾਉਣ ਲਈ ਸਿੱਖ ਇਤਿਹਾਸ ਦੇ ਖੋਜਕਾਰਾਂ ਨੂੰ ਫਾਰਸੀ ਸਿਖਾਉਣ ਦਾ ਉਪਰਾਲਾ ਵੀ ਕੀਤਾ ਜਾਵੇਗਾ।

ਅਲ ਮੁਸਤਫ਼ਾ ਯੂਨੀਵਰਸਿਟੀ ਦੇ ਆਗੂ ਡਾ. ਅੱਬਾਸੀ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ, ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਜਨਰਲ ਸਕੱਤਰ ਰਜਿੰਦਰ ਸਿੰਘ ਮਹਿਤਾ ਨੂੰ ਇਰਾਨ ਆਉਣ ਦਾ ਸੱਦਾ ਦਿੱਤਾ। ਇਸ ਮੌਕੇ ਸਿੱਖ ਆਗੂਆਂ ਨੇ ਸੱਦਾ ਦੇਣ ਲਈ ਉਨ੍ਹਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਗੁਰਮੁਖੀ ਅਤੇ ਫਾਰਸੀ ਬੋਲੀ ਦੀ ਆਪਸੀ ਸਾਂਝ ਹੋਰ ਮਜ਼ਬੂਤ ਕਰਨ ਲਈ ਉਪਰਾਲੇ ਕੀਤੇ ਜਾਣਗੇ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਰਵਨੀਤ ਬਿੱਟੂ ਦੇ ਅੰਮ੍ਰਿਤਪਾਲ ਸਿੰਘ ਨੂੰ ਮਿਲਣ ਬਾਰੇ ਬਿਆਨ ਤੋਂ ਭਾਜਪਾ 'ਚ ਘਮਸਾਣ

**ਚੰਡੀਗੜ੍ਹ:** ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਚੁਣੇ ਗਏ ਅਤੇ ਡਿਬਰੂਗੜ੍ਹ ਜੇਲ੍ਹ 'ਚ ਬੰਦ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਨੂੰ ਮਿਲਣ ਜਾਣ ਦੇ ਬਿਆਨ ਤੋਂ ਭਾਜਪਾ ਅੰਦਰ ਘਮਸਾਣ ਸ਼ੁਰੂ ਹੋ ਗਿਆ ਹੈ। ਭਾਜਪਾ ਦੇ ਸੀਨੀਅਰ ਆਗੂ ਅਤੇ ਬੁਲਾਰੇ ਸਾਬਕਾ ਰਾਜ ਸੂਚਨਾ ਕਮਿਸ਼ਨਰ ਨਿਧੜਕ ਸਿੰਘ ਬਰਾੜ ਨੇ ਇਸ ਸਬੰਧੀ ਕਿਹਾ ਕਿ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਭਾਜਪਾ ਦੀ ਵਿਚਾਰਧਾਰਾ ਦੇ ਉਲਟ ਅਜਿਹੇ ਬਿਆਨ ਦੇਣਾ ਸੋਭਾ ਨਹੀਂ ਦਿੰਦੇ। ਉਨ੍ਹਾਂ ਕਿਹਾ ਕਿ ਭਾਜਪਾ ਹਾਈਕਮਾਂਡ ਨੇ ਰਵਨੀਤ ਸਿੰਘ ਬਿੱਟੂ ਦੇ ਚੋਣ ਹਾਰ ਜਾਣ ਦੇ ਬਾਵਜੂਦ ਉਨ੍ਹਾਂ ਨੂੰ ਮੰਤਰੀ ਬਣਾ ਕੇ ਪੰਜਾਬ ਨੂੰ ਪ੍ਰਤੀਨਿਧਤਾ ਦਿੱਤੀ ਗਈ ਹੈ ਪਰ ਉਨ੍ਹਾਂ ਦੇ ਬਿਆਨ ਲੋਕਾਂ ਨੂੰ ਦੁਬਿਧਾ 'ਚ ਪਾ ਰਹੇ ਹਨ। ਬਰਾੜ ਨੇ ਆਖਿਆ ਕਿ ਬਿੱਟੂ ਨੂੰ ਹੁਣ ਕਾਂਗਰਸ ਦੀ ਕਥਿਤ ਦੋ-ਮੂੰਹੀਂ ਰਾਜਨੀਤੀ ਭੁੱਲ ਕੇ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਹੁਣ ਭਾਜਪਾ ਆਗੂ ਅਤੇ ਸਰਕਾਰ ਵਿਚ ਮੰਤਰੀ ਹਨ। ਬਰਾੜ ਨੇ ਕਿਹਾ ਕਿ ਉਹ ਕਿ ਪਾਰਟੀ ਦੀ ਹਾਈਕਮਾਂਡ ਨੂੰ ਪੱਤਰ ਲਿਖ ਕੇ ਬਿੱਟੂ ਨੂੰ ਅਜਿਹੇ ਬਿਆਨ ਦੇਣ ਤੋਂ ਵਰਜਣ ਦੀ ਅਪੀਲ ਕਰਨਗੇ।

ਦੱਸ ਦਈਏ ਕਿ ਰਵਨੀਤ ਸਿੰਘ ਬਿੱਟੂ ਨੇ ਕਿਹਾ ਸੀ ਕਿ ਉਹ ਪੰਜਾਬ ਅਤੇ ਖ਼ਾਸ ਕਰਕੇ ਕਿਸਾਨਾਂ ਦੇ ਹੱਕਾਂ ਅਤੇ ਹਿੱਤਾਂ ਲਈ ਪੂਰੀ ਵਾਹ ਲਗਾਉਣਗੇ ਅਤੇ ਪ੍ਰਧਾਨ ਮੰਤਰੀ ਨਾਲ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕੱਢਣਗੇ। ਉਹ ਕੇਂਦਰੀ ਮੰਤਰੀ ਬਣਨ ਮਗਰੋਂ ਪਹਿਲੀ ਵਾਰ ਇੱਥੇ ਪੁੱਜੇ ਸਨ। ਉਨ੍ਹਾਂ ਸਰਕਟ ਹਾਊਸ ਵਿਚ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਸੂਬੇ ਦੇ ਭਲੇ ਲਈ ਨਿਭਾਉਣਗੇ। ਉਨ੍ਹਾਂ ਕਿਹਾ ਕਿ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਨੇ ਸੋਸ਼ਲ ਮੀਡੀਆ 'ਤੇ ਉਨ੍ਹਾਂ ਨੂੰ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਬਾਰੇ ਸੰਪਰਕ ਕਰਨ ਲਈ ਕਿਹਾ ਹੈ। ਉਹ ਉਨ੍ਹਾਂ ਦੇ ਪਰਿਵਾਰ ਨੂੰ ਮਿਲ ਕੇ ਗੱਲਬਾਤ ਕਰਨਗੇ ਤਾਂ ਜੋ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਸੰਭਵ ਹੋ ਸਕੇ। ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਸਜ਼ਾ ਭੁਗਤਣ ਮਗਰੋਂ ਵੀ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਵਿਚ ਉਹ ਧਿਰ ਬਣ ਕੇ ਕੋਈ ਰੁਕਾਵਟ ਨਹੀਂ ਪੈਦਾ ਕਰਨਗੇ ਸਗੋਂ ਕਾਨੂੰਨ ਅਨੁਸਾਰ ਕਾਰਵਾਈ ਯਕੀਨੀ ਬਣਾਉਣਗੇ।

## ਪਾਕਿਸਤਾਨ 'ਚ ਸ਼ਹੀਦੀ ਦਿਹਾੜਾ ਮਨਾਉਣ ਮਗਰੋਂ ਜਥਾ ਵਤਨ ਪਰਤਿਆ

**ਅਟਾਰੀ:** ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਪਾਕਿਸਤਾਨ ਵਿਖੇ ਮਨਾਉਣ ਮਗਰੋਂ ਸਿੱਖ ਜਥਾ ਵਾਹਗਾ-ਅਟਾਰੀ ਸਰਹੱਦ ਰਸਤੇ ਵਤਨ ਪਰਤਿਆ। ਇਸ ਮੌਕੇ ਦਰਸ਼ਨ ਸਿੰਘ ਰੋਸ਼ਨਵਾਲਾ ਨੇ ਦੱਸਿਆ ਕਿ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਸੰਗਤ ਵੱਲੋਂ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਦੌਰਾਨ ਗੁਰਦੁਆਰੇ ਵਿਚ ਅਖੰਡ ਪਾਠ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਹੋਇਆ। ਉਨ੍ਹਾਂ ਦੱਸਿਆ ਕਿ ਮਗਰੋਂ ਉਥੇ ਸੰਗਤ ਨੇ ਠੰਢੇ-ਮਿੱਠੇ ਜਲ ਦੀਆਂ ਛਬੀਲਾਂ ਵੀ ਲਗਾਈਆਂ। ਉਨ੍ਹਾਂ ਦੱਸਿਆ ਕਿ ਯਾਤਰਾ ਦੌਰਾਨ ਸੰਗਤ ਨੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ, ਕਰਤਾਰਪੁਰ ਸਾਹਿਬ, ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਆਦਿ ਗੁਰਧਾਮਾਂ ਦੇ ਦਰਸ਼ਨ ਕੀਤੇ।

## ਲਾਰੈਂਸ ਦੀ ਜੇਲ੍ਹ 'ਚੋਂ ਇਕ ਹੋਰ ਵੀਡਿਓ ਵਾਇਰਲ ਹੋਣ ਪਿੱਛੋਂ ਬਲਕੌਰ ਸਿੰਘ ਨੇ ਚੁੱਕੇ ਸਵਾਲ

**ਮਾਨਸਾ:** ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਗੁਜਰਾਤ ਦੀ ਜੇਲ੍ਹ ਵਿਚੋਂ ਵੀਡੀਓ ਵਾਇਰਲ ਕਾਰਨ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਕਾਫੀ ਖਫ਼ਾ ਨਜ਼ਰ ਆ ਰਹੇ ਹਨ। ਉਨ੍ਹਾਂ ਕਿਹਾ ਹੈ ਕਿ ਸਰਕਾਰਾਂ ਨੇ ਸੁਰੱਖਿਆ ਦੇ ਕੇ ਪੂਰੀ ਤਰ੍ਹਾਂ ਲਾਰੈਂਸ ਬਿਸ਼ਨੋਈ ਨੂੰ ਸਾਂਭਿਆ ਹੋਇਆ ਹੈ ਤਾਂ ਹੀ ਉਹ ਜੇਲ੍ਹਾਂ ਵਿਚ ਬੈਠਾ ਫੋਨਾਂ 'ਤੇ ਧਮਕੀਆ ਦੇ ਰਿਹਾ ਹੈ ਅਤੇ ਆਪਣਾ ਕਾਰੋਬਾਰ ਚਲਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਨੇ ਇਸ ਗੈਂਗਸਟਰ ਨੂੰ ਨੱਥ ਨਹੀਂ ਪਾਈ ਅਤੇ ਨਾ ਹੀ ਸਿੱਧੂ ਮੂਸੇਵਾਲਾ ਕਤਲ ਦੀ ਸਾਜ਼ਿਸ਼ ਕਰਨ ਵਾਲਿਆਂ ਨੂੰ ਬੇਨਕਾਬ ਕੀਤਾ ਹੈ। ਗੈਂਗਸਟਰ ਦੀ ਗੁਜਰਾਤ ਦੀ ਜੇਲ੍ਹ ਵਿਚੋਂ ਪਾਕਿਸਤਾਨ ਦੇ ਕਿਸੇ ਅਤਿਵਾਦੀ ਨਾਲ ਗੱਲਬਾਤ ਕਰਦੇ ਦੀ ਵੀਡੀਓ ਵਾਇਰਲ ਹੋਈ ਹੈ, ਜਿਸ ਵਿਚ ਉਹ ਈਦ ਦੀ ਵਧਾਈ ਦਿੰਦਿਆਂ ਅਤਿਵਾਦੀ ਨਾਲ ਪਾਕਿਸਤਾਨ ਅਤੇ ਦੁਬਈ ਵਿਚ ਇਹ ਤਿਓਹਾਰ ਮਨਾਏ ਜਾਣ ਦੀ ਗੱਲ ਕਰ ਰਿਹਾ ਹੈ। ਬਲਕੌਰ ਸਿੰਘ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਬਿਸ਼ਨੋਈ ਦੀ ਟੀਵੀ ਨੂੰ ਇੰਟਰਵਿਊ ਦਿੰਦੇ ਦੀ ਵੀਡੀਓ ਵਾਇਰਲ ਹੋਈ ਸੀ, ਜਿਸ ਨਾਲ ਜੇਲ੍ਹ ਪ੍ਰਸ਼ਾਸਨ ਅਤੇ ਸਰਕਾਰਾਂ 'ਤੇ ਵੀ ਸਵਾਲ ਉਠੇ।

## ਪੰਜਾਬ ਵਿਚ ਕਹਿਰ ਦੀ ਗਰਮੀ ਨੇ ਘਰਾਂ ਵਿਚ ਡੱਕੇ ਲੋਕ

**ਚੰਡੀਗੜ੍ਹ:** ਪੰਜਾਬ, ਹਰਿਆਣਾ ਸਣੇ ਪੂਰੇ ਉੱਤਰੀ ਭਾਰਤ ਵਿੱਚ ਗਰਮੀ ਦਾ ਕਹਿਰ ਲਗਾਤਾਰ ਜਾਰੀ ਹੈ। ਗਰਮੀ ਕਰਕੇ ਲੋਕ ਜ਼ਰੂਰੀ ਕੰਮਕਾਜ ਲਈ ਹੀ ਘਰੋਂ ਬਾਹਰ ਨਿਕਲ ਰਹੇ ਹਨ, ਜਿਸ ਕਰਕੇ ਸੜਕਾਂ 'ਤੇ ਸੰਨਾਟਾ ਪੱਸਰਿਆ ਹੈ। ਪੰਜਾਬ ਤੇ ਹਰਿਆਣਾ ਵਿਚ ਤਾਪਮਾਨ ਆਮ ਨਾਲੋਂ 8 ਤੋਂ 9 ਡਿਗਰੀ ਸੈਲਸੀਅਸ ਵੱਧ ਦਰਜ ਕੀਤਾ ਗਿਆ ਹੈ। ਪੰਜਾਬ ਦਾ ਬਠਿੰਡਾ ਹਵਾਈ ਅੱਡਾ ਤੇ ਹਰਿਆਣਾ ਦੇ ਜ਼ਿਲ੍ਹਾ ਜੀਂਦ 'ਚ ਪੈਂਦਾ ਸ਼ਹਿਰ ਪਾਂਡੂ ਭੰਡਾਰਾ ਸਭ ਤੋਂ ਗਰਮ ਰਹੇ ਹਨ। ਇਥੇ ਵੱਧ ਤੋਂ ਵੱਧ ਤਾਪਮਾਨ 46.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਬਠਿੰਡਾ ਹਵਾਈ ਅੱਡੇ 'ਤੇ ਘੱਟ ਤੋਂ ਘੱਟ ਤਾਪਮਾਨ ਵੀ 30.9 ਡਿਗਰੀ ਸੈਲਸੀਅਸ ਰਿਹਾ, ਜੋ ਆਮ ਨਾਲੋਂ 5 ਡਿਗਰੀ ਸੈਲਸੀਅਸ ਵੱਧ ਸੀ। ਮੌਸਮ ਵਿਗਿਆਨੀਆਂ ਨੇ ਪੰਜਾਬ, ਹਰਿਆਣਾ ਸਣੇ ਉੱਤਰ ਭਾਰਤ ਵਿਚ ਹਾਲੇ ਗਰਮੀ ਤੋਂ ਰਾਹਤ ਨਾ ਮਿਲਣ ਦੀ ਪੇਸ਼ੀਨਗੋਈ ਕੀਤੀ ਹੈ। ਦਿਨ ਚੜ੍ਹਦਿਆਂ ਹੀ ਪੈਣ ਵਾਲੀ ਤਪਸ਼ ਕਰਕੇ ਸਬਜ਼ੀ ਤੇ ਹੋਰਨਾਂ ਫ਼ਸਲਾਂ ਸੁੱਕਣ ਕੰਢੇ ਪਹੁੰਚ ਰਹੀਆਂ ਹਨ, ਜਿਨ੍ਹਾਂ ਨੂੰ ਵਾਰ-ਵਾਰ ਪਾਣੀ ਦੇਣਾ ਪੈ ਰਿਹਾ ਹੈ। ਉੱਧਰ ਅਤਿ ਦੀ ਗਰਮੀ ਪੈਣ ਕਰਕੇ ਬਿਜਲੀ ਦੀ ਮੰਗ ਵੀ ਲਗਾਤਾਰ ਵਧ ਰਹੀ ਹੈ। ਅੱਜ ਪੰਜਾਬ ਵਿੱਚ ਦੁਪਹਿਰ ਸਮੇਂ ਬਿਜਲੀ ਦੀ ਮੰਗ 15471 ਮੈਗਾਵਾਟ 'ਤੇ ਪਹੁੰਚ ਗਈ ਸੀ, ਜੋ ਕਿ ਪਿਛਲੇ ਸਾਲ ਅੱਜ ਦੇ ਦਿਨ ਦੇ ਮੁਕਾਬਲੇ 3500 ਮੈਗਾਵਾਟ ਵੱਧ ਹੈ।

## ਜੋਅ ਬਾਇਡਨ ਵੱਲੋਂ ਗੈਰ-ਕਾਨੂੰਨੀ ਪਰਵਾਸੀਆਂ ਨੂੰ ਵੱਡੀ ਰਾਹਤ ਦੇਣ ਦੀ ਤਿਆਰੀ

**ਵਾਸ਼ਿੰਗਟਨ:** ਅਮਰੀਕਾ 'ਚ ਨਵੰਬਰ 'ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਜੋਅ ਬਾਇਡਨ ਨਵੀਂ ਇਮੀਗ੍ਰੇਸ਼ਨ ਨੀਤੀ ਬਾਰੇ ਵੱਡਾ ਫੈਸਲਾ ਲੈ ਰਹੇ ਹਨ। ਇਸ ਨਾਲ ਕਰੀਬ 5 ਲੱਖ ਲੋਕਾਂ ਨੂੰ ਲਾਭ ਪੁੱਜੇਗਾ। ਅਮਰੀਕੀ ਰਾਸ਼ਟਰਪਤੀ ਇਸ ਯੋਜਨਾ ਦਾ ਵਿਸਥਾਰ ਨਾਲ ਐਲਾਨ ਕਰਨਗੇ। ਮੀਡੀਆ ਰਿਪੋਰਟ ਮੁਤਾਬਕ ਇਸ ਨੀਤੀ ਦਾ ਮਕਸਦ ਉਨ੍ਹਾਂ ਵਿਅਕਤੀਆਂ ਨੂੰ ਫਾਇਦਾ ਦੇਣਾ ਹੈ, ਜੋ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਰਹਿ ਰਹੇ ਹਨ ਪਰ ਅਮਰੀਕੀ ਨਾਗਰਿਕਾਂ ਨਾਲ ਵਿਆਹੇ ਹੋਏ ਹਨ। ਨਵੀਂ ਨੀਤੀ ਉਨ੍ਹਾਂ ਲੋਕਾਂ ਨੂੰ ਦੇਸ਼ ਨਿਕਾਲੇ ਤੋਂ ਬਚਾਏਗੀ ਅਤੇ ਉਨ੍ਹਾਂ ਨੂੰ ਵਰਕ ਪਰਮਿਟ ਦੇਵੇਗੀ, ਜਿਸ ਨਾਲ ਉਨ੍ਹਾਂ ਦੀ ਨਾਗਰਿਕਤਾ ਹਾਸਲ ਕਰਨ ਦੀਆਂ ਸੰਭਾਵਨਾਵਾਂ ਵੱਧ ਜਾਣਗੀਆਂ। ਮੀਡੀਆ ਮੁਤਾਬਕ ਅਮਰੀਕੀ ਨਾਗਰਿਕਾਂ ਦੇ ਗੈਰ-ਕਾਨੂੰਨੀ ਜੀਵਨ ਸਾਥੀਆਂ ਦੀ ਸੁਰੱਖਿਆ ਲਈ ਆਦੇਸ਼ ਪਾਸ ਕੀਤਾ ਜਾ ਸਕਦਾ ਹੈ। ਇਸ ਕਦਮ ਨਾਲ 500,000 ਗੈਰ-ਕਾਨੂੰਨੀ ਪਰਵਾਸੀਆਂ ਨੂੰ ਲਾਭ ਮਿਲੇਗਾ।

## ਜ਼ਿਮਨੀ ਚੋਣ: 'ਆਪ' ਲਈ ਪਰਖ ਦੀ ਇਕ ਹੋਰ ਘੜੀ

*(ਪਹਿਲੇ ਸਫੇ ਦੀ ਬਾਕੀ)*

ਮੂੰਹ ਦੇਖਣਾ ਪਿਆ ਹੈ। 'ਆਪ' ਨੇ ਤਿੰਨ ਸੰਸਦੀ ਸੀਟਾਂ 'ਤੇ ਜਿੱਤ ਦਰਜ ਕੀਤੀ ਹੈ। ਅਸੈਂਬਲੀ ਹਲਕਾ ਵਾਈਜ਼ ਨਤੀਜੇ ਦੇਖੀਏ ਤਾਂ 'ਆਪ' ਨੂੰ 32 ਅਸੈਂਬਲੀ ਹਲਕਿਆਂ ਵਿਚ ਲੀਡ ਮਿਲੀ ਹੈ ਜਦੋਂ ਕਿ 54 ਸੀਟਾਂ 'ਤੇ 'ਆਪ' ਦੂਜੇ ਨੰਬਰ ਉਤੇ ਆਈ ਹੈ। ਪੰਜਾਬ ਵਿਧਾਨ ਸਭਾ ਚੋਣਾਂ 2022 ਵਿਚ 'ਆਪ' ਨੇ 92 ਸੀਟਾਂ ਹਾਸਲ ਕਰਕੇ ਵੱਡੀ ਜਿੱਤ ਦਰਜ ਕੀਤੀ ਸੀ। 'ਆਪ' ਨੂੰ ਲੋਕ ਸਭਾ ਚੋਣਾਂ ਵਿਚ 26.02 ਫ਼ੀਸਦੀ ਜਦੋਂ ਕਿ ਕਾਂਗਰਸ ਦੀ ਝੋਲੀ 26.30 ਫ਼ੀਸਦੀ ਵੋਟ ਪਏ ਹਨ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ 'ਆਪ' ਨੇ 42 ਫ਼ੀਸਦ ਦੇ ਕਰੀਬ ਵੋਟਾਂ ਹਾਸਲ ਕਰਕੇ 117 ਵਿਚੋਂ 92 ਵਿਧਾਨ ਸਭਾ ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ ਪਰ 'ਆਪ' ਲੋਕ ਸਭਾ ਚੋਣਾਂ ਵਿਚ 13 ਵਿਚੋਂ ਤਿੰਨ ਸੀਟਾਂ ਹੀ ਜਿੱਤ ਸਕੀ ਹੈ।

ਇਸ ਦੇ ਨਾਲ ਹੀ 'ਆਪ' ਦੀਆਂ ਵੋਟਾਂ ਵੀ 42 ਪ੍ਰਤੀਸ਼ਤ ਤੋਂ ਖਿਸਕ ਕੇ 26 ਫ਼ੀਸਦ 'ਤੇ ਆ ਗਈਆਂ ਹਨ। 'ਆਪ' ਲਈ ਇਹ ਚੋਣ ਨਤੀਜੇ ਚੁਣੌਤੀ ਤੋਂ ਘੱਟ ਨਹੀਂ ਹਨ ਕਿਉਂਕਿ 'ਆਪ' ਦੇ ਜ਼ੀਰੋ ਬਿੱਲ, ਨਹਿਰੀ ਪਾਣੀ, ਬਿਜਲੀ ਸਪਲਾਈ ਤੇ ਸਰਕਾਰੀ ਨੌਕਰੀਆਂ ਦੇ ਮੁੱਦੇ ਬਹੁਤਾ ਰੰਗ ਨਹੀਂ ਦਿਖਾ ਸਕੇ। ਇਹੀ ਕਾਰਨ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਪਿਛਲੇ ਕੁਝ ਦਿਨਾਂ ਤੋਂ ਪ੍ਰਸ਼ਾਸਨਿਕ ਸੁਧਾਰਾਂ ਲਈ ਕਾਫੀ ਸਰਗਰਮੀ ਵਿਖਾ ਰਹੇ ਹਨ। ਉਨ੍ਹਾਂ ਵੱਲੋਂ ਅਫਸਰਸ਼ਾਹੀ ਨਾਲ ਬਕਾਇਕਾ ਮੀਟਿੰਗਾਂ ਦਾ ਸਿਲਸਲਾ ਸ਼ੁਰੂ ਕੀਤਾ ਹੋਇਆ ਹੈ।

ਪੁਲਿਸ ਵੱਲੋਂ ਨਸ਼ਿਆਂ ਖਿਲਾਫ ਵੱਡੇ ਪੱਧਰ ਉਤੇ ਮੁਹਿੰਮ ਛੇੜੀ ਹੋਈ ਹੈ। ਦੱਸ ਦਈਏ ਕਿ ਪਿਛਲੇ ਦੋ ਹਫਤਿਆਂ ਵਿਚ ਨਸ਼ੇ ਦੀ ਵੱਧ ਡੋਜ਼ ਲੈਣ ਕਾਰਨ 14 ਨੌਜਵਾਨਾਂ ਦੀ ਮੌਤ ਪਿੱਛੋਂ ਸਰਕਾਰ ਬੁਰੀ ਤਰ੍ਹਾਂ ਘਿਰੀ ਹੋਈ ਹੈ। ਆਪ ਸਰਕਾਰ ਨਸ਼ਿਆਂ ਦੇ ਖਾਤਮੇ ਦਾ ਵਾਅਦਾ ਕਰਕੇ ਸੱਤਾ ਵਿਚ ਆਈ ਸੀ, ਪਰ ਨਸ਼ਿਆਂ ਦਾ ਮੱਕੜ ਜਾਲ ਹੋਰ ਫੈਲਦਾ ਜਾ ਰਿਹਾ ਹੈ। ਸਰਕਾਰ ਇਸ ਮਸਲੇ ਉਤੇ ਲਾਜਵਾਬ ਹੋਈ ਪਈ ਹੈ। ਇਹੀ ਕਾਰਨ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਹੁਣ ਆਪਣੀ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਮੁਫਤ ਸਹੂਲਤਾਂ ਦੇ ਸੋਹਲੇ ਗਾਉਣ ਦੀ ਥਾਂ ਸਰਕਾਰੀ ਦਫ਼ਤਰਾਂ 'ਚ ਲੋਕਾਂ ਦੀ ਖੱਜਲ-ਖੁਆਰੀ ਘਟਾਉਣ ਸਣੇ ਹੋਰ ਲੋਕ ਮਸਲਿਆਂ ਉਤੇ ਧਿਆਨ ਕੇਂਦਰਿਤ ਕਰ ਰਹੇ ਹਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਆਪ ਇਨ੍ਹਾਂ ਪੰਜ ਜਿਮਨੀ ਚੋਣਾਂ ਵਿਚ ਮਾੜਾ ਪ੍ਰਦਰਸ਼ਨ ਕਰਦੀ ਹੈ ਤਾਂ ਅਗਲੇ ਕੁਝ ਮਹੀਨਿਆਂ ਵਿਚ ਹੋਣ ਵਾਲੀਆਂ ਪੰਚਾਇਤੀ ਅਤੇ ਨਿਗਮ ਚੋਣਾਂ ਪਾਰਟੀ ਲਈ ਵੱਡੀ ਚੁਣੌਤੀ ਹੋਣਗੀਆਂ। ਲੋਕ ਸਭਾ ਚੋਣਾਂ ਵਿਚ ਕਾਂਗਰਸ ਦਾ ਵੱਡੀ ਧਿਰ ਬਣ ਕੇ ਉਭਰਨਾ ਵੀ ਆਮ ਆਦਮੀ ਪਾਰਟੀ ਦੇ ਸਿਆਸੀ ਭਵਿੱਖ ਲਈ ਚੁਣੌਤੀ ਮੰਨਿਆਂ ਜਾ ਰਿਹਾ ਹੈ।

## ਭਾਜਪਾ ਸਿਰਫ ਝੂਠ ਦੀ ਰਾਜਨੀਤੀ ਕਰਦੀ ਹੈ: ਵੜਿੰਗ

**ਪਟਿਆਲਾ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਭਾਜਪਾ ਨੂੰ ਝੂਠ ਫੈਲਾ ਕੇ ਲੋਕਾਂ ਨੂੰ ਹਨੇਰੇ ਵਿਚ ਰੱਖਣ ਦੀ ਆਦਤ ਹੈ। ਭਾਜਪਾ ਝੂਠ ਦੀ ਰਾਜਨੀਤੀ ਕਰਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਅਧੀਨ ਚੱਲ ਰਹੀਆਂ ਕਈ ਸਰਕਾਰਾਂ ਦੇ ਸੂਬਿਆਂ ਵਿਚ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵੱਧ ਹਨ, ਜਦਕਿ ਕਾਂਗਰਸ ਦੀਆਂ ਸਰਕਾਰਾਂ ਵਾਲੇ ਰਾਜਾਂ ਵਿਚ ਇਨ੍ਹਾਂ ਦੀਆਂ ਕੀਮਤਾਂ ਘੱਟ ਹਨ। ਇਹ ਪ੍ਰਗਟਾਵਾ ਉਨ੍ਹਾਂ 'ਐਕਸ' ਉੱਤੇ ਕੀਤਾ।

## ਗੁਜਰਾਤ ਤੋਂ ਪੰਜਾਬ 'ਚ ਸਪਲਾਈ ਹੋ ਰਿਹਾ ਹੈ ਨਸ਼ਾ: ਭਗਵੰਤ ਮਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਨਸ਼ਿਆਂ ਦੀ ਅਲਾਮਤ ਨੂੰ ਖਤਮ ਕਰਨ ਲਈ ਨਵੇਂ ਕਦਮ ਚੁੱਕ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ੇ ਗੁਜਰਾਤ ਤੋਂ ਪੰਜਾਬ ਵਿਚ ਆਉਂਦੇ ਹਨ ਪਰ ਇਸ ਮਾਮਲੇ 'ਚ ਸੂਬੇ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਉਨ੍ਹਾਂ ਸਾਰੇ ਜ਼ਿਲ੍ਹਿਆਂ ਦੇ ਐਸ.ਐਸ.ਪੀਜ਼. ਅਤੇ ਹੋਰ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਦੱਸਿਆ, 'ਮੈਂ ਡੀ.ਜੀ.ਪੀ. ਪੰਜਾਬ ਨੂੰ ਹਰੇਕ ਥਾਣੇ ਵਿਚ ਹੇਠਲੇ ਦਰਜੇ ਦੇ ਅਧਿਕਾਰੀਆਂ ਦਾ ਤੁਰਤ ਤਬਾਦਲਾ ਕਰਨ ਲਈ ਕਿਹਾ ਹੈ। ਅਜਿਹੇ 10,000 ਤੋਂ ਵੱਧ ਅਧਿਕਾਰੀਆਂ ਦੇ ਤਬਾਦਲੇ ਕੀਤੇ ਗਏ ਹਨ। ਜੇ ਕੋਈ ਵੀ ਪੁਲਿਸ ਅਧਿਕਾਰੀ ਨਸ਼ੇ ਦੇ ਨਾਜਾਇਜ਼ ਕਾਰੋਬਾਰ ਵਿਚ ਸ਼ਾਮਲ ਨਿਕਲਿਆ ਤਾਂ ਉਸ ਨੂੰ ਤੁਰਤ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਜਾਵੇਗਾ।'

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਨਸ਼ਿਆਂ ਕਾਰਨ ਮੌਤਾਂ ਦੇ ਮੁੱਦੇ ਬਾਰੇ ਸਰਕਾਰ ਦੀ ਨੀਅਤ ਉਤੇ ਉਠੇ ਸਵਾਲ

**ਚੰਡੀਗੜ੍ਹ:** ਨਸ਼ਿਆਂ ਦੀ ਓਵਰਡੋਜ਼ ਕਾਰਨ ਪੰਜਾਬ ਵਿਚ ਇਸ ਮਹੀਨੇ ਅੰਦਰ ਹੁਣ ਤੱਕ 15 ਜਣਿਆਂ ਦੀ ਮੌਤ ਹੋ ਚੁੱਕੀ ਹੈ। ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਅਤੇ ਸਥਾਨਕ ਪੁਲਿਸ ਤੋਂ ਹਾਸਲ ਕੀਤੀ ਜਾਣਕਾਰੀ ਅਨੁਸਾਰ ਨਸ਼ਿਆਂ ਦੀ ਓਵਰਡੋਜ਼ ਕਾਰਨ ਹੋਈਆਂ ਮੌਤਾਂ ਦਾ ਅੰਕੜਾ 15 ਜੂਨ ਤੱਕ ਦਾ ਹੈ। ਨੌਂ ਮੌਤਾਂ ਪਿਛਲੇ 7 ਦਿਨਾਂ ਅੰਦਰ ਹੋਈਆਂ ਹਨ।

ਇਨ੍ਹਾਂ ਘਟਨਾਵਾਂ ਨੇ ਸਾਲ 2018 ਦਾ ਜੂਨ ਮਹੀਨਾ ਯਾਦ ਕਰਵਾ ਦਿੱਤਾ ਹੈ, ਜਦੋਂ ਇਕ ਮਹੀਨੇ ਅੰਦਰ 23 ਨੌਜਵਾਨਾਂ ਦੀ ਮੌਤ ਨਸ਼ਿਆਂ ਕਾਰਨ ਹੋਈ ਸੀ। ਕੁਝ ਨੌਜਵਾਨਾਂ ਦੀ ਮੌਤ ਇੰਨੀ ਤੇਜ਼ੀ ਨਾਲ ਹੋਈ ਸੀ ਕਿ ਘੱਟ ਤੋਂ ਘੱਟ ਪੰਜ ਨੌਜਵਾਨਾਂ ਦੀਆਂ ਬਾਹਾਂ 'ਚ ਸਰਿੰਜਾਂ ਤੱਕ ਫਸੀਆਂ ਹੋਈਆਂ ਮਿਲੀਆਂ ਸਨ। ਇਨ੍ਹਾਂ ਮੌਤਾਂ ਨਾਲ ਸਬੰਧਤ ਤਕਰੀਬਨ ਅੱਧੇ ਕੇਸਾਂ ਵਿਚ ਪੁਲਿਸ ਨੇ ਕਥਿਤ ਨਸ਼ਾ ਸਪਲਾਈ ਕਰਨ ਵਾਲਿਆਂ ਖ਼ਿਲਾਫ਼ ਕੇਸ ਦਰਜ ਕੀਤੇ ਹਨ। ਵਿਸਰਾ ਜਾਂਚ 'ਚ ਇਸ ਦੀ ਪੁਸ਼ਟੀ ਹੋਣ ਤੋਂ ਬਾਅਦ ਸਰਕਾਰ ਇਹ ਦਰਜ ਕਰਦੀ ਹੈ ਕਿ ਇਹ ਮੌਤਾਂ ਨਸ਼ੇ ਦੀ ਓਵਰਡੋਜ਼ ਕਾਰਨ ਹੋਈਆਂ ਹਨ। ਅਜਿਹਾ ਖਦਸ਼ਾ ਹੈ ਕਿ ਇਹ ਮੌਤਾਂ ਹੈਰੋਇਨ ਦੀ ਓਵਰਡੋਜ਼ ਜਾਂ ਮਿਲਾਵਟੀ ਨਸ਼ੇ ਕਾਰਨ ਹੋਈਆਂ ਹਨ। ਨਸ਼ਿਆਂ ਦੀ ਓਵਰਡੋਜ਼ ਦੇ ਤਿੰਨ ਮਾਮਲੇ ਗੁਰਦਾਸਪੁਰ ਦੇ ਪਿੰਡ ਡੀਡਾ ਸੈਂਸੀਆਂ 'ਚ ਸਾਹਮਣੇ ਆਏ ਹਨ। ਮ੍ਰਿਤਕਾਂ 'ਚੋਂ ਇਕ ਦੀ ਪਛਾਣ ਪ੍ਰਿੰਸ ਮਲਹੋਤਰਾ (36) ਵਾਸੀ ਪਿੰਡ ਸਿਹੋੜਾ ਵਜੋਂ ਹੋਈ ਹੈ। ਇਨ੍ਹਾਂ ਦੇ ਸਰੀਰ 'ਤੇ ਟੀਕਿਆਂ ਦੇ ਨਿਸ਼ਾਨ ਸਨ। ਦੀਨਾਨਗਰ ਦੀ ਐਸ.ਐਚ.ਓ. ਕ੍ਰਿਸ਼ਮਾ ਨੇ ਦੱਸਿਆ ਕਿ 17 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਚਾਰ ਜਣਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਤੇ ਬਾਕੀਆਂ ਦੀ ਭਾਲ ਜਾਰੀ ਹੈ। ਅਬੋਹਰ 'ਚ ਦੋ ਵਿਅਕਤੀ ਮ੍ਰਿਤਕ ਮਿਲੇ ਹਨ। ਇਨ੍ਹਾਂ 'ਚੋਂ ਇਕ ਲਾਸ਼ ਨਈ ਆਬਾਦੀ ਜਦਕਿ ਦੂਜੀ ਲਾਸ਼ ਠਾਕੁਰ ਆਬਾਦੀ ਨੇੜਿਓਂ ਮਿਲੀ ਹੈ। ਅਜਿਹਾ ਸ਼ੱਕ ਹੈ ਕਿ ਇਨ੍ਹਾਂ ਦੋਵਾਂ ਦੀ ਮੌਤ ਨਸ਼ਿਆਂ ਕਾਰਨ ਹੋਈ ਹੈ। ਦੋਵਾਂ ਦੀਆਂ ਲਾਸ਼ਾਂ ਸਿਵਲ ਹਸਪਤਾਲ ਭੇਜ ਦਿੱਤੀਆਂ ਗਈਆਂ ਹਨ। ਐਨ.ਜੀ.ਓ. ਨਰ ਸੇਵਾ ਨਾਰਾਇਣ ਸੇਵਾ ਦੇ ਮੁਖੀ ਰਾਜੂ ਚਰਾਇਆ ਨੇ ਕਿਹਾ ਕਿ ਪੁਲਿਸ ਨੂੰ ਨਿਗਰਾਨੀ ਵਧਾਉਣੀ ਚਾਹੀਦੀ ਹੈ।



ਮਲੋਟ ਸਦਰ ਪੁਲਿਸ ਨੇ ਲੰਘੇ ਵੀਰਵਾਰ ਨੂੰ ਸ਼ੇਰਗੜ੍ਹ ਪਿੰਡ ਦੇ ਸ਼ਮਸ਼ਾਨਘਾਟ 'ਚ ਸ਼ੱਕੀ ਹਾਲਤਾਂ 'ਚ ਇਕ 23 ਸਾਲਾ ਲੜਕੇ ਦੇ ਮ੍ਰਿਤਕ ਹਾਲਤ 'ਚ ਮਿਲਣ ਮਗਰੋਂ ਦੋ ਜਣਿਆਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਮ੍ਰਿਤਕ ਜਗਮੀਤ ਸਿੰਘ ਦੇ ਚਾਚੇ ਸੇਵਕ ਸਿੰਘ ਨੇ ਦੋਸ਼ ਲਾਇਆ ਕਿ ਲੜਕੇ ਦੀ ਮੌਤ ਨਸ਼ੇ ਦੀ ਓਵਰਡੋਜ਼ ਕਾਰਨ ਹੋਈ ਹੈ। ਇਸੇ ਪਿੰਡ ਦੇ ਬੂਟਾ ਰਾਮ ਤੇ ਦਲੀਪ ਰਾਮ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਨੂੰ ਅਜੇ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

ਲੰਘੇ ਐਤਵਾਰ 9 ਜੂਨ ਨੂੰ ਗੁਰੂਹਰਸਹਾਏ ਦੇ ਪਿੰਡ ਕੋਹਾਰ ਸਿੰਘ ਵਾਲਾ ਦੇ ਵਸਨੀਕ ਗੁਰਵਿੰਦਰ ਸਿੰਘ (42) ਦੀ ਲਾਸ਼ ਪਿੰਡ ਦੇ ਕਬਰਿਸਤਾਨ 'ਚੋਂ ਮਿਲੀ ਸੀ ਤੇ ਉਸ ਦੀ ਲਾਸ਼ ਨੇੜਿਓਂ ਇਕ ਟੀਕਾ ਵੀ ਮਿਲਿਆ ਸੀ। ਉਹ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਇਸ ਤੋਂ ਇਕ ਦਿਨ ਪਹਿਲਾਂ 8 ਜੂਨ ਨੂੰ ਜਲੰਧਰ ਦੇ ਸੰਦੀਪ ਸਿੰਘ ਦੀ ਸ਼ੱਕੀ ਹਾਲਾਤ 'ਚ ਮੌਤ ਹੋ ਗਈ ਸੀ। ਪੁਲਿਸ ਨੇ ਦੱਸਿਆ ਕਿ ਸੰਦੀਪ ਜ਼ੀਰਾ ਦੇ ਇਕ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਤੋਂ ਇਲਾਜ ਕਰਵਾ ਰਿਹਾ ਸੀ। ਉਸ ਦੀ ਮੌਤ ਨਸ਼ੇ ਕਾਰਨ ਹੋਈ ਹੈ। ਫਰੀਦਕੋਟ ਦੀ ਨਾਨਕਸਰ ਬਸਤੀ 'ਚ ਇਕ ਨੌਜਵਾਨ ਦੀ ਮੌਤ ਹੋ ਗਈ। ਉਸ ਦੀ ਪਛਾਣ ਗੱਬਰ ਸਿੰਘ (24) ਵਜੋਂ ਹੋਈ ਹੈ। 4 ਤੇ 6 ਜੂਨ ਵਿਚਾਲੇ ਮੋਗਾ 'ਚ ਦੋ ਮੌਤਾਂ ਹੋਈਆਂ ਜਿਨ੍ਹਾਂ ਦੀ ਪਛਾਣ ਕੁਲਦੀਪ ਸਿੰਘ (40) ਵਾਸੀ ਪਿੰਡ ਭਲੂਰ ਤੇ ਮਨੀ ਸਿੰਘ (24) ਵਜੋਂ ਹੋਈ। ਪਾਇਲ (ਲੁਧਿਆਣਾ) ਦੇ ਆਜ਼ਮ ਮੁਹੰਮਦ ਦੀ 3 ਜੂਨ ਨੂੰ ਖੰਨਾ 'ਚ ਮੌਤ ਹੋ ਗਈ। ਪੁਲਿਸ ਨੇ ਦੋ ਕਥਿਤ ਨਸ਼ਾ ਸਪਲਾਇਰਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਅੰਮ੍ਰਿਤਸਰ ਦੇ ਸੁਲਤਾਨਵਿੰਡ ਪਿੰਡ 'ਚ ਦੋ ਨੌਜਵਾਨਾਂ ਦੀ ਲਾਸ਼ਾਂ ਮਿਲੀਆਂ ਹਨ ਜਿਨ੍ਹਾਂ ਦੀ ਮੌਤ ਨਸ਼ੇ ਦੀ ਓਵਰਡੋਜ਼ ਕਾਰਨ ਹੋਈ। ਅਟਾਰੀ 'ਚ 14 ਜੂਨ ਨੂੰ ਇੱਕ ਅਣਪਛਾਤੇ ਨੌਜਵਾਨ ਦੀ ਲਾਸ਼ ਮਿਲੀ ਸੀ।

## ਕਾਂਗਰਸ ਨੇ ਨਸ਼ਿਆਂ ਦੇ ਮੁੱਦੇ 'ਤੇ ਸਰਕਾਰ ਘੇਰੀ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਵਿਧਾਨ ਸਭਾ ਹਲਕਾ ਬਾਘਾਪੁਰਾਣਾ ਦੇ ਪਿੰਡ ਭਲੂਰ 'ਚ ਪਿਛਲੇ ਹਫ਼ਤੇ ਨਸ਼ਿਆਂ ਕਰਕੇ ਦੋ ਨੌਜਵਾਨਾਂ ਦੀ ਮੌਤ ਹੋਣ 'ਤੇ ਸੂਬਾ ਸਰਕਾਰ ਦੀ ਘੇਰਾਬੰਦੀ ਕਰਦਿਆਂ ਸੂਬੇ ਵਿਚ ਵਧ ਰਹੀ ਨਸ਼ਿਆਂ ਦੀ ਸਮੱਸਿਆ ਨੂੰ ਰੋਕਣ ਲਈ ਸਰਕਾਰ ਦੇ ਉਦਾਸੀਨ ਰਵੱਈਏ ਦੀ ਆਲੋਚਨਾ ਕੀਤੀ ਹੈ। ਕਾਂਗਰਸੀ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸਾਲ 2022 ਦੀਆਂ ਚੋਣਾਂ ਵਿਚ ਨਸ਼ਿਆਂ ਦੇ ਮੁੱਦੇ 'ਤੇ ਸੱਤਾ ਵਿਚ ਆਉਣ ਵਾਲੀ 'ਆਪ' ਨੇ ਦੋ ਸਾਲਾਂ ਵਿਚ ਨਸ਼ਿਆਂ ਨਾਲ ਨਜਿੱਠਣ ਲਈ ਕੋਈ ਰਣਨੀਤੀ ਹੀ ਤਿਆਰ ਨਹੀਂ ਕੀਤੀ। ਵਿਰੋਧੀ ਧਿਰ ਦੇ ਆਗੂ ਨੇ ਕਿਹਾ, ''ਸੂਬੇ ਦੀ 'ਆਪ' ਸਰਕਾਰ ਕੋਲ ਨਸ਼ਿਆਂ ਦੇ ਖਾਤਮੇ ਲਈ ਕੋਈ ਖਰੜਾ ਨਹੀਂ ਹੈ ਜਿਸ ਕਰਕੇ ਮੁੱਖ ਮੰਤਰੀ ਤੇ ਕੈਬਨਿਟ ਮੰਤਰੀ ਸਮੇਂ-ਸਮੇਂ 'ਤੇ ਨਵੀਂ ਸਮਾਂਹੱਦ ਲੈ ਕੇ ਆਉਂਦੇ ਹਨ।

## ਚਚੇਰੀਆਂ ਭੈਣਾਂ 'ਤੇ ਗੋਲੀ ਚਲਾਈ; ਇਕ ਦੀ ਮੌਤ



**ਜਲੰਧਰ:** ਅਮਰੀਕਾ ਦੇ ਨਿਊਜਰਸੀ ਵਿਚ ਇਕ ਪੰਜਾਬੀ ਨੌਜਵਾਨ ਨੇ ਦੋ ਚਚੇਰੀਆਂ ਭੈਣਾਂ 'ਤੇ ਗੋਲੀਆਂ ਚਲਾਈਆਂ, ਜਿਸ ਵਿਚ ਇਕ ਲੜਕੀ ਦੀ ਮੌਤ ਹੋ ਗਈ ਜਦਕਿ ਦੂਜੀ ਗੰਭੀਰ ਜ਼ਖਮੀ ਹੋ ਗਈ। ਦੋਵਾਂ ਦੀ ਪਛਾਣ ਨੂਰਮਹਿਲ ਦੇ ਗੋਰਸੀਆਂ ਪੀਰਾਂ ਪਿੰਡ ਦੀ ਜਸਵੀਰ ਕੌਰ (29) ਅਤੇ ਗਗਨ (20) ਵਜੋਂ ਹੋਈ ਹੈ। ਗੋਲੀਆਂ ਲੱਗਣ ਕਾਰਨ ਜਸਵੀਰ ਦੀ ਮੌਤ ਹੋ ਗਈ ਜਦੋਂਕਿ ਗਗਨ ਜ਼ਖ਼ਮੀ ਹੋ ਗਈ। ਉਸ ਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਮੁਲਜ਼ਮ ਦੀ ਪਛਾਣ ਨਕੋਦਰ ਦੇ ਪਿੰਡ ਹੁਸੈਨਪੁਰ ਵਾਸੀ ਗੌਰਵ ਗਿੱਲ (21) ਵਜੋਂ ਹੋਈ ਹੈ। ਸੂਚਨਾ ਮਿਲਣ ਮਗਰੋਂ ਪੁਲਿਸ ਘਟਨਾ ਸਥਾਨ 'ਤੇ ਪਹੁੰਚ ਗਈ। ਪੁਲਿਸ ਨੇ ਲਗਪਗ ਛੇ ਘੰਟਿਆਂ ਮਗਰੋਂ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਖਿਲਾਫ਼ ਕਤਲ, ਕਤਲ ਦੀ ਕੋਸ਼ਿਸ਼ ਅਤੇ ਨਾਜਾਇਜ਼ ਹਥਿਆਰ ਰੱਖਣ ਦਾ ਕੇਸ ਦਰਜ ਕੀਤਾ ਗਿਆ ਹੈ। ਅਮਰੀਕੀ ਪੁਲਿਸ ਅਨੁਸਾਰ ਮੁਲਜ਼ਮ ਗੌਰਵ ਗਿੱਲ ਅਤੇ ਗਗਨ ਇਕ-ਦੂਜੇ ਨੂੰ ਜਾਣਦੇ ਸਨ। ਦੋਵਾਂ ਨੇ ਅਮਰੀਕਾ ਜਾਣ ਤੋਂ ਪਹਿਲਾਂ ਪੰਜਾਬ ਦੇ ਇਕ ਆਇਲੈਟਸ ਸੈਂਟਰ ਤੋਂ ਇਕੱਠਿਆਂ ਪੜ੍ਹਾਈ ਕੀਤੀ ਸੀ। ਦੋਵੇਂ ਗ਼ਰੀਬ ਪਰਿਵਾਰਾਂ ਨਾਲ ਸਬੰਧਤ ਹਨ। ਪਰਿਵਾਰਾਂ ਨੇ ਉਨ੍ਹਾਂ ਨੂੰ ਗ਼ਰੀਬੀ ਦੂਰ ਕਰਨ ਲਈ ਵਿਦੇਸ਼ ਭੇਜਿਆ ਸੀ। ਪੁਲਿਸ ਮੁਤਾਬਕ ਜਸਵੀਰ ਕੌਰ ਅਤੇ ਉਸ ਦੀ ਚਚੇਰੀ ਭੈਣ ਹਮਲੇ ਵਾਲੀ ਥਾਂ ਤੋਂ ਥੋੜ੍ਹੀ ਦੂਰ ਰਹਿੰਦੀਆਂ ਸਨ। ਜਸਵੀਰ ਕੌਰ ਵਿਆਹੀ ਹੋਈ ਸੀ। ਉਸ ਦਾ ਪਤੀ ਟਰੱਕ ਚਲਾਉਂਦਾ ਹੈ। ਘਟਨਾ ਵੇਲੇ ਉਹ ਸ਼ਹਿਰ ਤੋਂ ਬਾਹਰ ਗਿਆ ਹੋਇਆ ਸੀ। ਪੁਲਿਸ ਮੁਤਾਬਕ ਗੋਲੀਬਾਰੀ ਮਗਰੋਂ ਹਮਲਾਵਰ ਮੌਕੇ ਤੋਂ ਭੱਜ ਕੇ ਇਕ ਘਰ ਵਿਚ ਵੜ੍ਹ ਗਿਆ। ਪੁਲਿਸ ਨੇ ਉਸ ਨੂੰ ਚਾਰੇ ਪਾਸਿਓਂ ਘੇਰ ਕੇ ਗ੍ਰਿਫ਼ਤਾਰ ਕਰ ਲਿਆ। ਉਸ ਕੋਲੋਂ ਕਤਲ ਸਮੇਂ ਵਰਤਿਆ ਗਿਆ ਰਿਵਾਲਵਰ ਵੀ ਬਰਾਮਦ ਕਰ ਲਿਆ ਗਿਆ ਹੈ। ਉਸ ਨੂੰ ਮਿਡਲਸੈਕਸ ਕਾਊਂਟੀ ਕੋਰਟ ਵਿਚ ਪੇਸ਼ ਕੀਤਾ ਗਿਆ। ਗੌਰਵ ਗਿੱਲ ਦੇ ਪਰਿਵਾਰਕ ਮੈਂਬਰਾਂ ਮੁਤਾਬਕ ਉਹ ਦਸ ਮਹੀਨੇ ਪਹਿਲਾਂ ਸਟੱਡੀ ਵੀਜ਼ੇ 'ਤੇ ਅਮਰੀਕਾ ਗਿਆ ਸੀ। ਉਸ ਦਾ ਪਿਤਾ ਮਸਕਟ ਵਿਚ ਰਹਿੰਦਾ ਹੈ। ਉਸ ਦਾ ਇਕ ਛੋਟਾ ਭਰਾ ਨਕੋਦਰ ਰਹਿੰਦਾ ਹੈ।

# ਡੀ.ਜੀ.ਪੀ. ਵੱਲੋਂ ਕਾਨੂੰਨ ਤੋੜਨ ਵਾਲਿਆਂ ਵਿਰੁੱਧ ਕਾਰਵਾਈ ਦੀ ਖੁੱਲ੍ਹ

**ਚੰਡੀਗੜ੍ਹ:** ਡੀ.ਜੀ.ਪੀ. ਗੌਰਵ ਯਾਦਵ ਨੇ ਸੂਬੇ ਵਿਚ ਅਮਨ ਤੇ ਕਾਨੂੰਨ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਸੂਬੇ ਦੇ ਸਾਰੇ ਐਸ.ਐਸ.ਪੀ, ਕਮਿਸ਼ਨਰ ਆਫ ਪੁਲਿਸ (ਸੀ.ਪੀ) ਤੇ ਐਸ.ਐਚ.ਓ. ਰੈਂਕ ਤੱਕ ਦੇ ਅਧਿਕਾਰੀਆਂ ਨਾਲ ਵੀਡੀਓ ਕਾਨਫਰੰਸਿੰਗ ਰਾਹੀ ਸਮੀਖਿਆ ਮੀਟਿੰਗ ਕੀਤੀ। ਉਨ੍ਹਾਂ ਸਾਰੇ ਪੁਲਿਸ ਅਧਿਕਾਰੀਆਂ ਨੂੰ ਸੂਬੇ ਵਿਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਕਾਨੂੰਨ ਤੋੜਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਖੁੱਲ੍ਹ ਦਿੱਤੀ ਹੈ। ਇਸ ਮੌਕੇ ਸੂਬੇ ਦੀਆਂ ਅੱਠ ਰੇਂਜਾਂ ਦੇ ਏ.ਡੀ.ਜੀ.ਪੀਜ਼, ਆਈ.ਜੀਜ਼, ਡੀ.ਆਈ.ਜੀਜ਼, 28 ਸੀ.ਪੀਜ਼ ਤੇ ਐਸ.ਐਸ.ਪੀਜ਼, 117 ਡੀ.ਐਸ.ਪੀਜ਼ ਅਤੇ 454 ਐਸ.ਐਚ.ਓਜ਼. ਨੇ ਮੀਟਿੰਗ ਵਿਚ ਹਿੱਸਾ ਲਿਆ।



ਸ੍ਰੀ ਯਾਦਵ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਸਾਲ 2023 ਵਿਚ 1450 ਕਿਲੋਗ੍ਰਾਮ ਹੈਰੋਇਨ ਜ਼ਬਤ ਕੀਤੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਨਸ਼ੇ ਦੀ ਸਪਲਾਈ ਚੇਨ ਨੂੰ ਤੋੜਨ ਲਈ ਵੱਡੇ ਤਸਕਰਾਂ ਦੀ ਪਛਾਣ ਕਰਕੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਡਰੱਗ ਮਨੀ ਦੇ ਨੈਟਵਰਕ ਦਾ ਪਰਦਾਫਾਸ਼ ਕਰਨ ਲਈ ਡੋਮੇਨ ਮਾਹਿਰਾਂ ਦੀਆਂ ਸੇਵਾਵਾਂ ਲੈਣ ਅਤੇ ਡਰੱਗ ਸਪਲਾਇਰਾਂ ਵੱਲੋਂ ਗੈਰਕਾਨੂੰਨੀ ਤੌਰ 'ਤੇ ਹਾਸਲ ਕੀਤੀ ਜਾਇਦਾਦ ਨੂੰ ਜ਼ਬਤ ਕਰਨ ਦੀ ਅਪੀਲ ਕੀਤੀ। ਡੀ.ਜੀ.ਪੀ. ਨੇ ਸਾਰੇ ਸੀਪੀਜ਼ ਤੇ ਐਸ.ਐਸ.ਪੀਜ਼. ਨੂੰ ਸੂਬੇ ਵਿੱਚੋਂ ਗੈਂਗਸਟਰ ਕਲਚਰ ਅਤੇ ਨਸ਼ਿਆਂ ਨੂੰ ਖ਼ਤਮ ਕਰਨ ਲਈ ਵਿਸ਼ੇਸ਼ ਯੂਨਿਟਾਂ ਨਾਲ ਤਾਲਮੇਲ ਕਰਕੇ ਕੰਮ ਕਰਨ ਦੇ ਹੁਕਮ ਵੀ ਦਿੱਤੇ। ਫੀਲਡ ਅਫਸਰਾਂ ਨੂੰ ਸੰਬੋਧਨ ਕਰਦਿਆਂ ਸਪੈਸ਼ਲ ਡੀ.ਜੀ.ਪੀ. ਐਸ.ਟੀ.ਐਫ. ਕੁਲਦੀਪ ਸਿੰਘ ਨੇ ਕਿਹਾ ਕਿ ਇੱਕ ਅਜਿਹੀ ਹੈਲਪਲਾਈਨ ਸਥਾਪਤ ਕੀਤੀ ਜਾ ਰਹੀ ਹੈ, ਜਿਸ ਨਾਲ ਆਮ ਲੋਕ ਨਸ਼ਿਆਂ ਸਬੰਧੀ ਗੁਪਤ ਜਾਣਕਾਰੀ ਸਾਂਝੀ ਕਰ ਸਕਣਗੇ। ਸਪੈਸ਼ਲ ਡੀ.ਜੀ.ਪੀ. (ਲਾਅ ਐਂਡ ਆਰਡਰ) ਅਰਪਿਤ ਸ਼ੁਕਲਾ ਨੇ ਨਾਈਟ ਡੋਮੀਨੈਂਸ ਅਪ੍ਰੇਸ਼ਨਾਂ ਨੂੰ ਅੰਜਾਮ ਦੇਣ ਅਤੇ ਵਾਰ-ਵਾਰ ਅਪਰਾਧ ਕਰਨ ਵਾਲਿਆਂ, ਖਾਸ ਤੌਰ 'ਤੇ ਜਿਨ੍ਹਾਂ ਵਿਰੁੱਧ ਤਿੰਨ ਐਫ.ਆਈ.ਆਰ. ਦਰਜ ਹਨ, ਉਨ੍ਹਾਂ 'ਤੇ ਚੌਕਸੀ ਰੱਖਣ 'ਤੇ ਜ਼ੋਰ ਦਿੱਤਾ। ਏ.ਡੀ.ਜੀ.ਪੀ. ਏ.ਜੀ.ਟੀ.ਐਫ. ਪ੍ਰਮੋਦ ਬਾਨ ਨੇ ਫੀਲਡ ਯੂਨਿਟ ਦੇ ਅਧਿਕਾਰੀਆਂ ਨੂੰ ਜ਼ਮਾਨਤ 'ਤੇ ਰਿਹਾਅ ਹੋਏ ਗੈਂਗਸਟਰਾਂ ਅਤੇ ਅਪਰਾਧੀਆਂ 'ਤੇ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ।

# ਪੈਰਿਸ ਓਲੰਪਿਕ ਵਿਚ ਹਿਸਾ ਲੈਣ ਵਾਲੇ ਪੰਜਾਬੀ ਖਿਡਾਰੀ ਨੂੰ ਮਿਲਣਗੇ 15 ਲੱਖ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਅਗਲੇ ਮਹੀਨੇ ਪੈਰਿਸ ਵਿਚ ਹੋਣ ਵਾਲੀਆਂ ਓਲੰਪਿਕ ਖੇਡਾਂ ਵਿਚ ਹਿੱਸਾ ਲੈਣ ਵਾਲੇ ਪੰਜਾਬੀ ਖਿਡਾਰੀ ਨੂੰ ਨਵੀਂ ਖੇਡ ਨੀਤੀ ਅਨੁਸਾਰ 15-15 ਲੱਖ ਰੁਪਏ ਦੇਣ ਦਾ ਫੈਸਲਾ ਕੀਤਾ ਹੈ ਜਦੋਂ ਕਿ ਓਲੰਪਿਕਸ ਵਿਚ ਸੋਨੇ, ਚਾਂਦੀ ਤੇ ਕਾਂਸੀ ਦਾ ਤਗਮਾ ਜੇਤੂ ਪੰਜਾਬੀ ਖਿਡਾਰੀਆਂ ਨੂੰ ਕ੍ਰਮਵਾਰ 3 ਕਰੋੜ, 2 ਕਰੋੜ ਤੇ ਇਕ ਕਰੋੜ ਰੁਪਏ ਮਿਲਣਗੇ।



ਇਹ ਗੱਲ ਸੂਬੇ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਆਖੀ ਹੈ। ਹੇਅਰ ਨੇ ਪੰਜਾਬ ਸਿਵਲ ਸਕੱਤਰੇਤ ਵਿਚ ਖੇਡ ਵਿਭਾਗਾਂ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਕਰਦਿਆਂ ਓਲੰਪਿਕਸ ਜਾਣ ਵਾਲੇ ਪੰਜਾਬੀ ਖਿਡਾਰੀਆਂ ਨੂੰ ਤਿਆਰੀ ਲਈ ਜਲਦ ਰਾਸ਼ੀ ਜਾਰੀ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਹੁਣ ਤੱਕ ਪੰਜਾਬ ਦੇ ਛੇ ਨਿਸ਼ਾਨੇਬਾਜ਼ਾਂ ਦੀ ਓਲੰਪਿਕਸ ਲਈ ਚੋਣ ਹੋ ਚੁੱਕੀ ਹੈ ਜਦੋਂ ਕਿ ਹਾਕੀ, ਨਿਸ਼ਾਨੇਬਾਜ਼ੀ ਤੇ ਅਥਲੈਟਿਕਸ ਵਿਚ ਹੋਰ ਵੀ ਵੱਡੀ ਗਿਣਤੀ ਵਿਚ ਪੰਜਾਬੀ ਖਿਡਾਰੀਆਂ ਦੀ ਚੋਣ ਹੋਣੀ ਬਾਕੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਏਸ਼ੀਅਨ ਗੇਮਜ਼ ਵਿਚ ਪੰਜਾਬੀ ਖਿਡਾਰੀਆਂ ਵੱਲੋਂ ਤਗਮੇ ਜਿੱਤਣ ਅਤੇ ਹਿੱਸਾ ਲੈਣ ਦੇ ਬਣਾਏ ਰਿਕਾਰਡ ਵਾਂਗ ਇਸ ਵਾਰ ਓਲੰਪਿਕ ਖੇਡਾਂ ਵਿਚ ਹਿੱਸਾ ਲੈਣ ਜਾਣ ਵਾਲੇ ਪੰਜਾਬੀ ਖਿਡਾਰੀਆਂ ਦਾ ਵੀ ਰਿਕਾਰਡ ਬਣੇਗਾ।

ਖੇਡ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਖੇਡ ਨਰਸਰੀਆਂ ਦੀ ਸਥਾਪਨਾ ਦਾ ਕੰਮ ਚੱਲ ਰਿਹਾ ਹੈ, ਜੋ ਚੋਣ ਜ਼ਾਬਤਾ ਲੱਗਣ ਕਰਕੇ ਆਰਜ਼ੀ ਤੌਰ 'ਤੇ ਰੁਕਿਆ ਹੋਇਆ ਹੈ। ਇਸੇ ਤਰ੍ਹਾਂ ਸੂਬੇ ਦੇ ਪਿੰਡਾਂ-ਸ਼ਹਿਰਾਂ ਵਿਚ ਖੇਡ ਸੱਭਿਆਚਾਰ ਪੈਦਾ ਕਰਨ ਲਈ ਖੇਡ ਢਾਂਚੇ ਦੇ ਨਿਰਮਾਣ ਦਾ ਕੰਮ ਵੀ ਪ੍ਰਗਤੀ ਅਧੀਨ ਹੈ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਸ ਕੰਮ ਵਿਚ ਹੋਰ ਤੇਜ਼ੀ ਲਿਆਂਦੀ ਜਾਵੇ।

# ਵਾਤਾਵਰਨ ਦੀ ਰਾਖੀ ਲਈ ਪੰਜਾਬ ਸਰਕਾਰ ਗੰਭੀਰ: ਕਟਾਰੂਚੱਕ

**ਮੁਹਾਲੀ:** 'ਪੰਜਾਬ ਦੀ 'ਆਪ' ਸਰਕਾਰ ਆਉਣ ਵਾਲੀਆਂ ਪੀੜ੍ਹੀਆਂ ਦੀ ਭਲਾਈ ਲਈ ਵਾਤਾਵਰਨ ਦੀ ਰੱਖਿਆ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਮੰਤਵ ਲਈ ਜ਼ਮੀਨੀ ਪੱਧਰ 'ਤੇ ਠੋਸ ਕਦਮ ਚੁੱਕੇ ਜਾਣੇ ਚਾਹੀਦੇ ਹਨ।' ਇਹ ਪ੍ਰਗਟਾਵਾ ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਇੱਥੇ ਵਣ ਭਵਨ ਵਿਖੇ ਮੀਟਿੰਗ ਦੌਰਾਨ ਵਿਭਾਗ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਮੌਕੇ ਕੀਤਾ।



ਸਵੱਛ ਅਤੇ ਹਰਿਆ-ਭਰਿਆ ਪੰਜਾਬ ਯਕੀਨੀ ਬਣਾਉਣ ਲਈ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੰਤਰੀ ਨੇ ਕਿਹਾ ਕਿ 'ਵਣ ਮਿੱਤਰ' ਸਕੀਮ ਨੂੰ ਹੋਰ ਹੁਲਾਰਾ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਇਹ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਦੇ ਨਾਲ-ਨਾਲ ਬੂਟਿਆਂ ਦੀ ਸੁਰੱਖਿਆ ਅਤੇ ਸੰਭਾਲ ਯਕੀਨੀ ਬਣਾਉਂਦੀ ਹੈ। ਵਿਦਿਅਕ ਸੰਸਥਾਵਾਂ, ਪੇਂਡੂ ਡਿਸਪੈਂਸਰੀਆਂ, ਮੁਹੱਲਾ ਕਲੀਨਿਕਾਂ ਵਿੱਚ ਬੂਟੇ ਲਗਾਏ ਜਾਣੇ ਚਾਹੀਦੇ ਹਨ। ਫਗਵਾੜਾ-ਚੰਡੀਗੜ੍ਹ ਸੜਕ ਦੀ ਸੁੰਦਰ ਦਿੱਖ 'ਤੇ ਤਸੱਲੀ ਪ੍ਰਗਟ ਕਰਦਿਆਂ ਜੰਗਲਾਤ ਮੰਤਰੀ ਨੇ ਲੁਧਿਆਣਾ-ਚੰਡੀਗੜ੍ਹ ਸੜਕ 'ਤੇ ਵੱਧ ਤੋਂ ਵੱਧ ਬੂਟੇ ਲਗਾਉਣ 'ਤੇ ਜ਼ੋਰ ਦਿੰਦਿਆਂ ਅਧਿਕਾਰੀਆਂ ਨੂੰ ਵੱਖ-ਵੱਖ ਪ੍ਰੋਜੈਕਟਾਂ ਸਬੰਧੀ ਐਨ.ਓ.ਸੀ. ਪ੍ਰਦਾਨ ਕਰਨ ਦੀ ਵਿਧੀ ਵਿਚ ਤੇਜ਼ੀ ਲਿਆਉਣ ਦੇ ਹੁਕਮ ਦਿੱਤੇ।

ਇਸ ਦੇ ਨਾਲ ਹੀ ਉਨ੍ਹਾਂ 'ਨਾਨਕ ਬਗੀਚੀ' ਅਤੇ 'ਪਵਿੱਤਰ ਵਣ' ਜਿਹੀਆਂ ਪਹਿਲਕਦਮੀਆਂ ਨੂੰ ਹੋਰ ਹੁਲਾਰਾ ਦੇਣ ਦੀ ਗੱਲ ਆਖੀ। ਇਸ ਮੌਕੇ ਮੰਤਰੀ ਨੂੰ ਦੱਸਿਆ ਕਿ ਪੇਂਡੂ ਲਿੰਕ ਸੜਕਾਂ ਉਤੇ ਬੂਟੇ ਲਗਾਉਣ ਸਬੰਧੀ ਵਿਚਾਰ ਕੀਤਾ ਜਾ ਰਿਹਾ ਹੈ। ਇਸ ਦੌਰਾਨ ਮੰਤਰੀ ਦੇ ਧਿਆਨ ਵਿਚ ਲਿਆਂਦਾ ਕਿ ਸੂਬੇ ਦੀਆਂ ਸਾਰੀਆਂ ਨਰਸਰੀਆਂ ਵਿਚ ਪਖਾਨੇ ਮੁਹੱਈਆ ਕਰਵਾਉਣ ਦਾ ਕੰਮ ਇਸੇ ਸਾਲ ਮੁਕੰਮਲ ਕਰ ਲਿਆ ਜਾਵੇਗਾ।

# ਪੰਜਾਬੀ ਸਾਹਿਤ ਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨਾ ਮੇਰਾ ਮੁੱਖ ਮਕਸਦ: ਸੁੱਖੀ ਬਾਠ

## ਬਾਲ ਕਵਿਤਾਵਾਂ ਦੀ ਪੁਸਤਕ 'ਨਵੀਆਂ ਕਲਮਾਂ ਨਵੀਂ ਉਡਾਣ' ਲੋਕ ਅਰਪਣ

**ਗੁਰਦਾਸਪੁਰ:** ਲੰਘੀ 13 ਜੂਨ ਨੂੰ 'ਨਵੀਆਂ ਕਲਮਾਂ ਨਵੀਂ ਉਡਾਣ' ਪੁਸਤਕ ਭਾਗ - 8 ਜ਼ਿਲ੍ਹਾ ਗੁਰਦਾਸਪੁਰ ਦਾ ਲੋਕ ਅਰਪਣ ਸਮਾਗਮ ਐਸ.ਐਲ.ਬਾਵਾ ਡੀ.ਏ.ਵੀ. ਕਾਲਜ ਬਟਾਲਾ ਵਿਖੇ ਕਰਵਾਇਆ ਗਿਆ। ਇਸ ਦੌਰਾਨ ਪੰਜਾਬ ਭਵਨ ਸਰੀ ਕੈਨੇਡਾ ਦੇ ਸੰਸਥਾਪਕ ਸੁੱਖੀ ਬਾਠ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਉਨ੍ਹਾਂ ਨੇ ਬੱਚਿਆਂ ਅੰਦਰ ਛੁਪੇ





ਸਾਹਿਤਕ ਹੁਨਰ ਨੂੰ ਵਿਕਸਤ ਕਰਨ ਲਈ ਨਵੀਆਂ ਕਲਮਾਂ ਨਵੀਂ ਉਡਾਣ ਪ੍ਰੋਜੈਕਟ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੇ ਬੱਚਿਆਂ ਦੀਆਂ ਵੱਖ ਵੱਖ ਵੰਨਗੀਆਂ ਦੀ ਕਿਤਾਬ ਜੋ ਡਾ. ਸਤਿੰਦਰ ਕੌਰ ਕਾਹਲੋਂ ਸਟੇਟ ਅਵਾਰਡੀ ਲੈਕਚਰਾਰ ਵਲੋਂ ਸੰਪਾਦਿਤ ਕੀਤੀ ਗਈ, ਨੂੰ ਲੋਕ ਅਰਪਣ ਕੀਤਾ ਗਿਆ।

ਇਸ ਦੌਰਾਨ ਪ੍ਰੋਜੈਕਟ ਇੰਚਾਰਜ ਉਂਕਾਰ ਸਿੰਘ ਤੇਜਾ, ਮੁੱਖ ਸੰਚਾਲਿਕਾ ਪੰਜਾਬ ਭਵਨ ਜਲੰਧਰ ਪ੍ਰੀਤ ਹੀਰ ਤੇ ਮੁੱਖ ਸਲਾਹਕਾਰ ਗੁਰਵਿੰਦਰ ਸਿੰਘ ਸਿੱਧੂ ਤੇ ਜਸਵਿੰਦਰ ਸਿੰਘ ਬੀ.ਪੀ.ਈ.ਓ. ਬਟਾਲਾ 1, ਪ੍ਰਿੰਸੀਪਲ ਪਰਮਜੀਤ ਕੌਰ ਨੋਡਲ ਅਫਸਰ, ਪ੍ਰਿੰਸੀਪਲ ਮਨਜੀਤ ਸਿੰਘ ਸੰਧੂ ਜ਼ਿਲ੍ਹਾ ਸਮਾਰਟ ਸਕੂਲ ਮੈਂਟਰ, ਪ੍ਰਿੰ. ਜਸਬੀਰ ਕੌਰ, ਪ੍ਰਿੰ. ਮੀਨੂੰ ਸ਼ਰਮਾ, ਪ੍ਰਿੰ. ਸ਼ਰਨਜੀਤ ਕੌਰ, ਪ੍ਰਿੰ. ਤੇਜਿੰਦਰ ਕੌਰ, ਗੁਰਵੰਤ ਸਿੰਘ ਮੁਖੀ ਪੰਜਾਬੀ ਵਿਭਾਗ, ਮੁਸ਼ਤਾਕ ਮਸੀਹ ਰਿਟਾ. ਪ੍ਰਿੰਸੀਪਲ, ਡਾ. ਨਰੇਸ਼ ਕੁਮਾਰ ਧਰਮਸ਼ਾਲਾ ਯੂਨੀਵਰਸਿਟੀ, ਪੰਜਾਬ ਜਰਨਲਿਸਟ ਐਸੋਸੀਏਸ਼ਨ ਦੇ ਪ੍ਰਧਾਨ ਜੋਗਿੰਦਰ ਅੰਗੂਰਾਲਾ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ।

ਸਮਾਗਮ ਦੇ ਸ਼ੁਰੂ ਵਿਚ ਡਾ. ਸਤਿੰਦਰ ਕੌਰ ਕਾਹਲੋਂ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਕਿਤਾਬ ਵਿਚ ਜ਼ਿਲ੍ਹੇ ਦੇ ਵੱਖ ਵੱਖ ਸਕੂਲਾਂ ਦੇ 87 ਵਿਦਿਆਰਥੀਆਂ ਦੀਆਂ ਕਵਿਤਾਵਾਂ ਹਨ। ਇਹ ਨਿਵੇਕਲਾ ਤੇ ਵਿਲੱਖਣ ਕਾਰਜ ਪਹਿਲੀ ਵਾਰ ਹੋਇਆ ਹੈ। ਉਨ੍ਹਾਂ ਨੇ ਸੁੱਖੀ ਬਾਠ ਦੀ ਇਸ ਸੋਚ ਨੂੰ ਸਿਜਦਾ ਕੀਤਾ। ਸੁੱਖੀ ਬਾਠ ਨੇ ਕਿਹਾ ਕਿ ਪੰਜਾਬੀ ਸਾਹਿਤ ਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨਾ ਉਨ੍ਹਾਂ ਦਾ ਮੁੱਖ ਮਕਸਦ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਪੀੜ੍ਹੀ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਲਈ ਸਮੇਂ-ਸਮੇਂ 'ਤੇ ਅਜਿਹੇ ਸਾਹਿਤਕ ਪ੍ਰੋਗਰਾਮ ਕੀਤੇ ਜਾਣਗੇ। ਉਨ੍ਹਾਂ ਗੁਰਦਾਸਪੁਰ ਟੀਮ ਵੱਲੋਂ ਕੀਤੇ ਜਾ ਰਹੇ ਸਾਹਿਤਕ ਪ੍ਰੋਗਰਾਮਾਂ ਦੀ ਸ਼ਲਾਘਾ ਕੀਤੀ। ਪ੍ਰੋਜੈਕਟ ਇੰਚਾਰਜ ਉਂਕਾਰ ਸਿੰਘ ਤੇਜਾ ਨੇ ਦੱਸਿਆ ਕਿ ਇਹ ਪ੍ਰੋਜੈਕਟ ਕੁੱਝ ਮਹੀਨੇ ਪਹਿਲਾਂ ਪਟਿਆਲਾ ਤੋਂ ਸ਼ੁਰੂ ਹੋਇਆ ਸੀ ਤੇ ਹੁਣ ਅੰਤਰਰਾਸ਼ਟਰੀ ਪੱਧਰ ਦਾ ਬਣ ਚੁੱਕਾ ਹੈ। ਪੰਜਾਬ ਤੋਂ ਇਲਾਵਾ ਹੋਰ ਰਾਜਾਂ ਵਿਦੇਸ਼ਾਂ ਅਤੇ ਲਹਿੰਦੇ ਪੰਜਾਬ ਵਿਚ ਵੀ ਸਫ਼ਲਤਾਪੂਰਵਕ ਚੱਲ ਰਿਹਾ ਹੈ। ਉਨ੍ਹਾਂ 16 ਤੇ 17 ਨਵੰਬਰ ਨੂੰ ਹੋਣ ਵਾਲੀ ਦੋ ਰੋਜ਼ਾ ਅੰਤਰਰਾਸ਼ਟਰੀ ਬਾਲ ਕਾਨਫਰੰਸ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।

ਸੁੱਖੀ ਬਾਠ ਨੇ ਆਪਣੇ ਮਨ ਦੇ ਭਾਵ ਸਾਂਝੇ ਕਰਦਿਆਂ ਸਮੁੱਚੀ ਗੁਰਦਾਸਪੁਰ ਦੀ ਟੀਮ ਨੂੰ ਮੁਬਾਰਕਬਾਦ ਦਿੱਤੀ ਤੇ ਬੱਚਿਆਂ, ਗਾਈਡ ਅਧਿਆਪਕਾਂ ਤੇ ਉਨ੍ਹਾਂ ਦੇ ਮਾਤਾ ਪਿਤਾ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਕਾਰਜ ਵਿਚ ਸਹਿਯੋਗ ਦਿੱਤਾ। ਉਨ੍ਹਾਂ ਕਿਹਾ, 'ਮੈਂ ਹਰ ਲੋੜਵੰਦ ਨਾਲ ਹਮੇਸ਼ਾ ਖੜ੍ਹਾ ਹਾਂ। ਮੈਂ ਚਾਹੁੰਦਾ ਹਾਂ ਕਿ ਸਾਡੇ ਬੱਚੇ ਵਧੀਆ ਸਮਾਜ ਸਿਰਜਕ ਬਣਨ।'

ਭਰਵੇਂ ਇੱਕਠ ਵਿਚ, ਤਾੜੀਆਂ ਦੀ ਗੂੰਜ ਵਿਚ ਕਿਤਾਬ ਦਾ ਲੋਕ ਅਰਪਣ ਤੇ ਪੋਸਟਰ ਅਰਪਣ ਕੀਤਾ ਗਿਆ। ਕਿਤਾਬ ਵਿਚ ਸ਼ਾਮਿਲ ਸਾਰੇ ਵਿਦਿਆਰਥੀਆ ਨੂੰ ਮੈਡਲ, ਪ੍ਰਸ਼ੰਸਾ ਪੱਤਰ, ਪੋਸਟਰ ਤੇ ਉਨ੍ਹਾਂ ਦੇ ਗਾਈਡ ਅਧਿਆਪਕਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਗੁਰਦਾਸਪੁਰ ਟੀਮ ਦੇ ਮੈਂਬਰਾਂ ਸਤਿੰਦਰ ਕੌਰ, ਗਗਨਦੀਪ ਸਿੰਘ, ਰਣਜੀਤ ਕੌਰ ਬਾਜਵਾ, ਨਵਜੋਤ ਬਾਜਵਾ ਤੇ ਕਮਲਜੀਤ ਕੌਰ ਨੂੰ ਪੰਜਾਬ ਭਵਨ ਸਰੀ ਵਲੋਂ ਵਿਸ਼ੇਸ਼ ਸਨਮਾਨ ਦਿੱਤੇ ਗਏ।

ਗੁਰਦਾਸਪੁਰ ਟੀਮ ਵੱਲੋਂ ਮੁੱਖ ਮਹਿਮਾਨ ਤੇ ਆਈਆਂ ਸ਼ਖਸੀਅਤਾਂ ਨੂੰ ਸਨਮਾਨ ਚਿੰਨ੍ਹ ਨਾਲ ਸਨਮਾਨਿਆ ਗਿਆ। ਗਗਨਦੀਪ ਸਿੰਘ ਪ੍ਰਧਾਨ ਲਾਇਨਜ਼ ਕਲੱਬ ਬਟਾਲਾ ਮੁਸਕਾਨ ਤੇ ਟੀਮ ਮੈਂਬਰ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਮੰਚ ਸੰਚਾਲਨ ਕਮਲਜੀਤ ਕੌਰ, ਨਵਜੋਤ ਬਾਜਵਾ ਤੇ ਰਣਜੀਤ ਕੌਰ ਬਾਜਵਾ ਨੇ ਕੀਤਾ। ਸਮਾਗਮ ਵਿਚ ਸ਼ਾਮਿਲ ਬੱਚਿਆਂ ਦੀ ਕਵਿਤਾਵਾਂ ਦੀ ਰਿਕਾਰਡਿੰਗ ਹੋਈ ਜੋ ਵੱਖ ਵੱਖ ਟੀ ਵੀ ਚੈਨਲਾਂ 'ਤੇ ਪ੍ਰਸਾਰਿਤ ਕੀਤੀ ਗਈ। ਸਮਾਗਮ ਵਿਚ ਉੱਘੇ ਲੇਖਕ ਤੇ ਅਧਿਆਪਕ ਪਰਮਜੀਤ ਸਿੰਘ ਨਿੱਕੇ ਘੁੰਮਣ, ਸੁਖਵਿੰਦਰ ਕੌਰ ਬਾਜਵਾ ਸਕੂਲ ਮੁਖੀ, ਲੈਕਚਰਾਰ ਰਜਿੰਦਰਬੀਰ ਸਿੰਘ, ਸਤਿੰਦਰਜੀਤ ਕੌਰ ਸਟੇਟ ਅਵਾਰਡੀ, ਲੋਕ ਸੱਭਿਆਚਾਰ ਪਿੜ ਗੁਰਦਾਸਪੁਰ ਦੇ ਪ੍ਰਧਾਨ ਜੈਕਬ ਤੇਜਾ, ਸਹਾਇਕ ਬੀ ਐਨ ਓ ਨਰਿੰਦਰ ਸਿੰਘ ਪੱਡਾ, ਹਰਸ਼ਰਨ ਕੌਰ, ਗੁਰਜਿੰਦਰ ਕੌਰ, ਰਾਜਬੀਰ ਕੌਰ, ਨੀਟਾ ਭਾਟੀਆ, ਰਮਨਦੀਪ ਕੌਰ, ਰਾਜਵਿੰਦਰ ਕੌਰ, ਜਸਵਿੰਦਰ ਕੌਰ, ਲੈਕਚਰਾਰ ਪਵਨ ਕੁਮਾਰ, ਪੂਨਮਜੋਤ ਕੌਰ, ਸੁਨੀਲ ਕੁਮਾਰ ਅਤੇ ਵੱਡੀ ਗਿਣਤੀ ਵਿਦਿਆਰਥੀ ਤੇ ਉਨ੍ਹਾਂ ਦੇ ਮਾਤਾ ਪਿਤਾ ਸ਼ਾਮਲ ਹੋਏ।

### ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ

**ਜਲੰਧਰ:** 14 ਜੂਨ ਨੂੰ ਹਰਦੋ ਫਰੋਲਾ (ਜਲੰਧਰ) ਵਿਖੇ ਪੰਜਾਬ ਭਵਨ ਦੇ ਸੰਸਥਾਪਕ ਅਤੇ ਉੱਘੇ ਸਮਾਜ ਸੇਵੀ ਸੁਖੀ ਬਾਠ ਵੱਲੋਂ ਆਪਣੇ ਪਿਤਾ ਸਵਰਗੀ ਸ. ਅਰਜਨ ਸਿੰਘ ਬਾਠ ਦੀ ਯਾਦ ਵਿਚ ਅੱਖਾਂ ਦਾ ਮੁਫ਼ਤ ਕੈਂਪ ਲਗਾਇਆ ਗਿਆ ਜਿਸ ਵਿਚ ਵੱਖ ਵੱਖ ਪਿੰਡਾਂ, ਸ਼ਹਿਰਾਂ ਤੋਂ ਲੋਕ ਅੱਖਾਂ ਦਾ ਚੈਕਅੱਪ ਕਰਵਾਉਣ ਲਈ ਪਹੁੰਚੇ।

ਜਿੱਥੇ ਡਾ. ਰਮੇਸ਼ ਸੁਪਰ ਸਪੈਸ਼ਲਟੀ ਆਈ ਐਂਡ ਲੇਜ਼ਰ ਸੈਂਟਰ ਵੱਲੋਂ ਬਹੁਤ ਹੀ ਵਧੀਆ ਤਰੀਕੇ ਨਾਲ ਲੋੜਵੰਦਾਂ ਦੀਆਂ ਅੱਖਾਂ ਦੇ ਟੈਸਟ ਕੀਤੇ ਗਏ ਅਤੇ ਲੋੜਵੰਦਾਂ ਦੀਆਂ ਅੱਖਾਂ ਦੇ ਅਪਰੇਸ਼ਨ ਕਰ ਕੇ ਆਧੁਨਿਕ ਟੈਕਨਾਲੋਜੀ ਦੇ ਲੈਂਨਜ਼ ਪਵਾਏ ਗਏ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਉਨ੍ਹਾਂ ਦੇ ਆਉਣ-ਜਾਣ ਟਰਾਂਸਪੋਰਟੇਸ਼ਨ ਦੀ ਸਹੂਲਤ ਮੁਹੱਈਆ ਕਰਵਾਈ ਗਈ ਤਾਂ ਜੋ ਉਨ੍ਹਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਪੁਨਰਜੋਤ ਦੀ ਪੂਰੀ ਟੀਮ ਨੇ ਲੋੜਵੰਦਾਂ ਦੀ ਮਦਦ ਕੀਤੀ ਅਤੇ ਚੈੱਕਅੱਪ ਵਿਚ ਵਿਸ਼ੇਸ਼ ਸਹਿਯੋਗ ਦਿੱਤਾ। ਇਸ ਕੈਂਪ ਵਿਚ ਸੁੱਖੀ ਬਾਠ ਆਪਣੇ ਪਰਿਵਾਰ ਸਮੇਤ ਪਹੁੰਚੇ ਹੋਏ ਸਨ।











# ਭਾਰਤੀ ਜਨਤਾ ਪਾਰਟੀ ਨੇ ਪੰਜਾਬ ਦੇ ਦਲਿਤ ਵੋਟ ਬੈਂਕ 'ਤੇ ਰੱਖੀ ਟੇਕ

## ਵਿਧਾਨ ਸਭਾ ਚੋਣਾਂ ਲਈ ਹੁਣ ਤੋਂ ਹੀ ਤਿਆਰੀ ਵਿੱਢੀ

**ਚੰਡੀਗੜ੍ਹ:** ਭਾਜਪਾ ਨੇ ਪੰਜਾਬ ਵਿਚ ਲੋਕ ਸਭਾ ਚੋਣਾਂ ਦੌਰਾਨ ਕਰਾਰੀ ਹਾਰ ਮਗਰੋਂ 2027 ਦੀਆਂ ਅਗਾਮੀ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਖਿੱਚ ਲਈਆਂ ਹਨ। ਲੋਕ ਸਭਾ ਚੋਣਾਂ ਵਿਚ ਭਾਜਪਾ ਦਾ ਵੋਟ ਬੈਂਕ 6 ਫ਼ੀਸਦ ਤੋਂ ਵੱਧ ਕੇ 19 ਫ਼ੀਸਦ 'ਤੇ ਪਹੁੰਚ ਗਿਆ ਹੈ, ਪਰ ਉਸ ਦੇ ਹੱਥ ਕੁਝ ਨਾ ਲੱਗਿਆ। ਲੋਕ ਸਭਾ ਚੋਣਾਂ ਵਿਚ ਪੰਜਾਬ ਦੀਆਂ ਸਾਰੀਆਂ 13 ਸੀਟਾਂ 'ਤੇ ਭਾਜਪਾ ਦੀ ਹਾਰ ਤੋਂ ਬਾਅਦ ਪੰਜਾਬ ਭਾਜਪਾ ਵੱਲੋਂ ਚੋਣਾਂ 'ਚ ਹੋਈ ਹਾਰ ਦੇ ਕਾਰਨਾਂ ਦੀ ਪੜਚੋਲ ਕੀਤੀ ਗਈ। ਇਸ ਸਬੰਧੀ ਮੀਟਿੰਗ ਲਈ ਸੂਬੇ ਭਰ ਤੋਂ ਵੱਡੀ ਗਿਣਤੀ 'ਚ ਭਾਜਪਾ ਆਗੂ ਚੰਡੀਗੜ੍ਹ ਦੇ ਸੈਕਟਰ 37 ਸਥਿਤ ਪੰਜਾਬ ਭਾਜਪਾ ਦੇ ਦਫ਼ਤਰ ਪਹੁੰਚੇ।

ਇਸ ਦੌਰਾਨ ਉਨ੍ਹਾਂ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਵਿੱਢਣ 'ਤੇ ਜ਼ੋਰ ਦਿੱਤਾ। ਮੀਟਿੰਗ ਤੋਂ ਬਾਅਦ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ



ਸੂਬੇ ਵਿਚ ਭਾਜਪਾ ਦੇ ਵਧ ਰਹੇ ਵੋਟ ਬੈਂਕ ਤੋਂ ਸਪੱਸ਼ਟ ਹੈ ਕਿ ਪਾਰਟੀ ਨੇ ਲੋਕ ਸਭਾ ਚੋਣਾਂ ਵਿਚ ਬਿਹਤਰ ਪ੍ਰਦਰਸ਼ਨ ਕੀਤਾ ਹੈ, ਪਰ ਇਹ ਕਾਫ਼ੀ ਨਹੀਂ ਹੈ ਤੇ ਇਸ ਨੂੰ ਬਰਕਰਾਰ ਰੱਖ ਕੇ ਬਿਹਤਰ ਕਰਨ ਦੀ ਲੋੜ ਹੈ। ਇਸ ਮੌਕੇ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਵੀ ਹਾਜ਼ਰ ਸਨ ਜਿਨ੍ਹਾਂ ਦਾ ਜਾਖੜ ਵੱਲੋਂ ਸਨਮਾਨ ਕੀਤਾ ਗਿਆ।

ਸ੍ਰੀ ਜਾਖੜ ਨੇ ਪਾਰਟੀ ਵਰਕਰਾਂ ਨੂੰ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਲੋਕਾਂ ਦੀ ਸੇਵਾ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਪਾਰਟੀ ਵਰਕਰਾਂ ਦੀ ਮਿਹਨਤ ਅਤੇ ਲੋਕਾਂ ਦੇ ਸਹਿਯੋਗ ਨਾਲ ਭਾਜਪਾ ਸਾਲ 2027 'ਚ ਪੰਜਾਬ ਵਿਚ ਸਰਕਾਰ ਬਣਾ ਕੇ ਰਹੇਗੀ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਜਿਨ੍ਹਾਂ ਹਲਕਿਆਂ ਵਿਚ ਭਾਜਪਾ ਨੇ ਚੰਗਾ ਪ੍ਰਦਰਸ਼ਨ ਕੀਤਾ ਹੈ, ਉਨ੍ਹਾਂ 'ਚ ਮੰਡਲਾਂ ਤੇ ਬੂਥ ਪ੍ਰਧਾਨਾਂ ਦਾ ਸਨਮਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਵੇਲੇ ਵਿਧਾਨ ਸਭਾ ਵਿੱਚ ਭਾਜਪਾ ਦੇ ਭਾਵੇਂ ਦੋ ਵਿਧਾਇਕ ਹਨ, ਪਰ 'ਆਪ' ਅਤੇ ਕਾਂਗਰਸ ਦੇ 'ਗੱਠਜੋੜ' ਨੂੰ ਬੇਨਕਾਬ ਕਰਨ ਲਈ ਭਾਜਪਾ ਵਿਰੋਧੀ ਧਿਰ ਦੀ ਭੂਮਿਕਾ ਨਿਭਾਏਗੀ। ਉਨ੍ਹਾਂ ਕਿਹਾ ਕਿ 'ਆਪ' ਅਤੇ ਕਾਂਗਰਸ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਖ਼ਿਲਾਫ਼ ਪ੍ਰਚਾਰ ਕੀਤਾ ਸੀ, ਪਰ ਇਨ੍ਹਾਂ ਚੁਣੌਤੀਆਂ ਦੇ ਬਾਵਜੂਦ ਭਾਜਪਾ ਦੀ ਵੋਟ ਫ਼ੀਸਦ ਵਿਚ ਵਾਧਾ ਹੋਇਆ ਹੈ।

## ਜਲੰਧਰ ਜ਼ਿਮਨੀ ਚੋਣ: ਦਲ-ਬਦਲੂ ਮੁੜ ਹੋਣਗੇ ਆਹਮੋ-ਸਾਹਮਣੇ

**ਜਲੰਧਰ:** ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਵਿਚ ਚੋਣ ਸਰਗਮੀਆਂ ਤੇਜ਼ ਹੋ ਗਈਆਂ ਹਨ। ਆਮ ਆਦਮੀ ਪਾਰਟੀ ਵੱਲੋਂ ਮੋਹਿੰਦਰ ਭਗਤ ਨੂੰ ਆਪਣਾ ਉਮੀਦਵਾਰ ਐਲਾਨਣ ਤੋਂ ਬਾਅਦ ਭਾਜਪਾ ਨੇ ਵੀ ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ ਨੂੰ ਆਪਣਾ ਉਮੀਦਵਾਰ ਬਣਾ ਐਲਾਨ ਦਿੱਤਾ ਹੈ। ਦਿਲਚਸਪ ਗੱਲ ਹੈ ਕਿ ਭਾਜਪਾ ਵਿਚੋਂ ਆਏ ਮੋਹਿੰਦਰ ਭਗਤ ਨੂੰ ਆਪ ਨੇ, ਜਦ ਕਿ ਭਾਜਪਾ ਨੇ ਆਪ ਛੱਡ ਕੇ ਭਾਜਪਾ ਵਿਚ ਗਏ ਸ਼ੀਤਲ ਅੰਗੁਰਾਲ ਨੂੰ ਆਪਣਾ ਉਮੀਦਵਾਰ ਐਲਾਨਿਆ। ਸਾਲ 2022 ਦੀਆਂ ਚੋਣਾਂ ਦੌਰਾਨ ਵੀ ਮੋਹਿੰਦਰ ਭਗਤ ਤੇ ਸ਼ੀਤਲ ਅੰਗੁਰਾਲ ਇਕ ਦੂਜੇ ਦੇ ਵਿਰੁੱਧ ਚੋਣਾਂ ਲੜੀਆਂ ਸਨ, ਉਦੋਂ ਮਹਿੰਦਰ ਭਗਤ ਭਾਜਪਾ ਦਾ ਉਮੀਦਵਾਰ ਸੀ ਤੇ ਸ਼ੀਤਲ ਅੰਗੁਰਾਲ ਆਪ ਦਾ ਉਮੀਦਵਾਰ ਸੀ।

## ਸੁਨੀਲ ਜਾਖੜ ਨੇ ਮੋਦੀ ਨੂੰ ਚੋਣਾਂ ਵੇਲੇ ਕੀਤਾ ਵਾਅਦਾ ਚੇਤੇ ਕਰਵਾਇਆ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਦੀ ਵਧਾਈ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਪੰਜਾਬ ਦੇ ਆਦਮਪੁਰ ਹਵਾਈ ਅੱਡੇ ਦਾ ਨਾਂ ਗੁਰੂ ਰਵਿਦਾਸ ਦੇ ਨਾਂ 'ਤੇ ਰੱਖਣ ਦੀ ਮੰਗ ਕੀਤੀ।

ਉਨ੍ਹਾਂ ਦਿੱਲੀ ਦੇ ਤੁਗਲਕਾਬਾਦ ਵਿਖੇ ਸਥਿਤ ਗੁਰੂ ਰਵਿਦਾਸ ਮੰਦਰ ਦੇ ਨਵੀਨੀਕਰਨ ਤੇ ਉਸ ਦੇ ਆਲੇ-ਦੁਆਲੇ ਦੇ ਖੇਤਰ ਦਾ ਸੁੰਦਰੀਕਰਨ ਕਰਨ ਦੀ ਵੀ ਅਪੀਲ ਕੀਤੀ। ਸ੍ਰੀ ਜਾਖੜ ਨੇ ਪ੍ਰਧਾਨ ਮੰਤਰੀ ਦੇ ਨਾਮ ਭੇਜੇ ਪੱਤਰ ਵਿਚ ਲਿਖਿਆ ਕਿ ਪੰਜਾਬ ਦੀ ਪੁਰਾਣੀ ਮੰਗ ਹੈ ਕਿ ਆਦਮਪੁਰ ਹਵਾਈ ਅੱਡੇ ਦਾ ਨਾਮ ਗੁਰੂ ਰਵਿਦਾਸ ਦੇ ਨਾਂ ਉੱਤੇ ਰੱਖਿਆ ਜਾਵੇ। ਸੂਬਾ ਪ੍ਰਧਾਨ ਨੇ ਕਿਹਾ ਕਿ ਜੇ ਅਜਿਹਾ ਕੀਤਾ ਜਾਂਦਾ ਹੈ ਤਾਂ ਇਸ ਨਾਲ ਪੰਜਾਬ ਦੇ ਲੋਕਾਂ ਦੀ ਲੰਬੇ ਸਮੇਂ ਤੋਂ ਲਟਕਦੀ ਮੰਗ ਪੂਰੀ ਹੋ ਜਾਵੇਗੀ। ਜ਼ਿਕਰਯੋਗ ਹੈ ਕਿ ਲੋਕ ਸਭਾ ਚੋਣਾਂ



ਦੌਰਾਨ 30 ਮਈ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੁਸ਼ਿਆਰਪੁਰ ਰੈਲੀ 'ਚ ਆਦਮਪੁਰ ਹਵਾਈ ਅੱਡੇ ਦਾ ਨਾਮ ਗੁਰੂ ਰਵਿਦਾਸ ਦੇ ਨਾਮ ਉੱਤੇ ਰੱਖਣ ਦੀ ਇੱਛਾ ਪ੍ਰਗਟਾਈ ਸੀ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਆਦਮਪੁਰ ਹਵਾਈ ਅੱਡੇ ਦਾ ਨਾਮ ਗੁਰੂ ਰਵਿਦਾਸ ਦੇ ਨਾਮ 'ਤੇ ਰੱਖਣ ਦਾ ਵਾਅਦਾ ਵੀ ਕੀਤਾ ਸੀ।

## ਡੇਰਾ ਮੁਖੀ 21 ਦਿਨ ਦੀ ਫਰਲੋ ਲਈ ਹਾਈ ਕੋਰਟ ਪੁੱਜਿਆ

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਅਤੇ ਜਬਰ ਜਨਾਹ ਦੇ ਦੋਸ਼ੀ ਗੁਰਮੀਤ ਰਾਮ ਰਹੀਮ ਸਿੰਘ ਨੇ 21 ਦਿਨ ਦੀ ਫਰਲੋ ਲਈ ਨਿਰਦੇਸ਼ ਦੇਣ ਵਾਸਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਰੁਖ਼ ਕੀਤਾ ਹੈ। ਫਰਵਰੀ 'ਚ ਹਾਈ ਕੋਰਟ ਨੇ ਹਰਿਆਣਾ ਸਰਕਾਰ ਨੂੰ ਕਿਹਾ ਸੀ ਕਿ ਉਹ ਡੇਰਾ ਮੁਖੀ ਨੂੰ ਅਦਾਲਤ ਦੀ ਇਜਾਜ਼ਤ ਤੋਂ ਬਿਨਾ ਅੱਗੇ ਫਰਲੋ ਨਾ ਦੇਵੇ।



ਹਾਈ ਕੋਰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਾਖ਼ਲ ਪਟੀਸ਼ਨ 'ਤੇ ਸੁਣਵਾਈ ਦੌਰਾਨ ਇਹ ਨਿਰਦੇਸ਼ ਦਿੱਤੇ ਸਨ। ਸ਼੍ਰੋਮਣੀ ਕਮੇਟੀ ਨੇ ਡੇਰਾ ਮੁਖੀ ਦੀ ਆਰਜ਼ੀ ਰਿਹਾਈ ਨੂੰ ਚੁਣੌਤੀ ਦਿੱਤੀ ਸੀ। ਫਰਲੋ ਲਈ ਹਾਈ ਕੋਰਟ ਦਾ ਰੁਖ਼ ਕਰਦਿਆਂ ਡੇਰਾ ਮੁਖੀ ਨੇ ਕਿਹਾ ਕਿ ਉਸ ਨੇ ਪਹਿਲਾਂ ਹੀ ਸਬੰਧਤ ਅਧਿਕਾਰੀਆਂ ਕੋਲ ਪਹੁੰਚ ਕੀਤੀ ਹੋਈ ਹੈ ਪਰ 29 ਫਰਵਰੀ ਨੂੰ ਜਾਰੀ ਹੁਕਮਾਂ ਕਾਰਨ ਉਸ ਦੀ ਅਰਜ਼ੀ 'ਤੇ ਵਿਚਾਰ ਨਹੀਂ ਹੋ ਰਿਹਾ ਹੈ। ਉਸ ਨੇ ਕਿਹਾ ਕਿ ਹਰਿਆਣਾ ਵਧੀਆ ਆਚਰਣ ਕੈਦੀ (ਆਰਜ਼ੀ ਰਿਹਾਈ) ਐਕਟ, 2022 ਮੁਤਾਬਕ ਉਸ ਦੀ ਫਰਲੋ ਦੀ ਅਰਜ਼ੀ 'ਤੇ ਵਿਚਾਰ ਕੀਤਾ ਜਾਵੇ। ਆਪਣੀਆਂ ਦੋ ਸ਼ਰਧਾਲੂਆਂ ਨਾਲ ਜਬਰ ਜਨਾਹ ਕਰਨ ਦੇ ਦੋਸ਼ ਹੇਠ ਡੇਰਾ ਮੁਖੀ 20 ਸਾਲ ਦੀ ਜੇਲ੍ਹ ਕੱਟ ਰਿਹਾ ਹੈ ਅਤੇ ਇਸ ਸਮੇਂ ਉਹ ਰੋਹਤਕ ਦੀ ਸੁਨਾਰੀਆ ਜੇਲ੍ਹ 'ਚ ਬੰਦ ਹੈ। ਉਸ ਨੂੰ 19 ਜਨਵਰੀ ਨੂੰ 50 ਦਿਨ ਦੀ ਪੈਰੋਲ 'ਤੇ ਛੱਡਿਆ ਗਿਆ ਸੀ।

ਆਪਣੀ ਅਰਜ਼ੀ 'ਚ ਗੁਰਮੀਤ ਰਾਮ ਰਹੀਮ ਸਿੰਘ ਨੇ ਡੇਰੇ ਵੱਲੋਂ ਚਲਾਈਆਂ ਜਾ ਰਹੀਆਂ ਕਈ ਭਲਾਈ ਯੋਜਨਾਵਾਂ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਉਸ ਲਈ ਹੱਲਾਸ਼ੇਰੀ ਦੇਣ ਵਾਸਤੇ ਮੁਹਿੰਮ ਚਲਾਏ ਜਾਣ ਦੀ ਲੋੜ ਹੈ ਜਿਸ ਲਈ ਉਹ ਫਰਲੋ ਚਾਹੁੰਦਾ ਹੈ।

ਸ਼੍ਰੋਮਣੀ ਕਮੇਟੀ ਦੇ ਵਕੀਲ ਪੀਐੱਸ ਹੁੰਦਲ ਨੇ ਕਿਹਾ ਕਿ ਹਾਈਕੋਰਟ ਦੇ ਵੈਕੇਸ਼ਨ ਬੈਂਚ ਨੇ ਮਾਮਲੇ ਨੂੰ ਮੁਲਤਵੀ ਕਰ ਦਿੱਤਾ। ਉਨ੍ਹਾਂ ਕਿਹਾ ਕਿ ਕੇਸ 'ਤੇ 2 ਜੁਲਾਈ ਨੂੰ ਸੁਣਵਾਈ ਹੋਵੇਗੀ।

## ਪੰਜਾਬ ਦੇ 30 ਸਟੇਸ਼ਨਾਂ ਦਾ ਹੋਵੇਗਾ ਆਧੁਨਿਕੀਕਰਨ

**ਚੰਡੀਗੜ੍ਹ:** ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਨੇ ਪੰਜਾਬ ਨੂੰ ਰੇਲਵੇ ਵਿਚ ਵੱਡਾ ਹਿੱਸਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਲੁਧਿਆਣਾ-ਮੁੱਲਾਂਪੁਰ, ਲੁਧਿਆਣਾ-ਕਿਲਾ ਰਾਏਪੁਰ ਅਤੇ ਨੰਗਲ ਡੈਮ ਤਲਵਾੜਾ-ਮੁਕੇਰੀਆਂ ਲਈ ਚਾਲੂ ਵਿੱਤੀ ਸਾਲ ਦੌਰਾਨ ਕੁੱਲ 2400 ਕਰੋੜ ਰੁਪਏ ਦੀ ਲਾਗਤ ਨਾਲ 55 ਕਿਲੋਮੀਟਰ ਨਵੀਂ ਲਾਈਨ ਵਿਛਾਉਣ ਦਾ ਟੀਚਾ ਹੈ।

ਉਨ੍ਹਾਂ ਦੱਸਿਆ ਕਿ ਲੁਧਿਆਣਾ ਸਣੇ ਪੰਜਾਬ ਦੇ 30 ਸਟੇਸ਼ਨਾਂ ਦਾ 'ਅੰਮ੍ਰਿਤ ਭਾਰਤ ਸਟੇਸ਼ਨ ਸਕੀਮ' ਤਹਿਤ ਆਧੁਨਿਕੀਕਰਨ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਵਿਚੋਂ ਸਿਰਫ਼ ਪੰਜ ਸਟੇਸ਼ਨ-ਅੰਮ੍ਰਿਤਸਰ, ਬਿਆਸ, ਬਠਿੰਡਾ, ਜਲੰਧਰ ਸ਼ਹਿਰ ਅਤੇ ਪਠਾਨਕੋਟ ਕੈਂਟ ਮਾਸਟਰ ਪਲਾਨਿੰਗ ਪੜਾਅ ਵਿਚ ਹਨ, ਬਾਕੀ 25 ਸਟੇਸ਼ਨਾਂ 'ਤੇ 1103.27 ਕਰੋੜ ਦੀ ਲਾਗਤ ਨਾਲ ਕੰਮ ਚੱਲ ਰਿਹਾ ਹੈ ਜੋ ਮਿੱਥੇ ਸਮੇਂ ਵਿਚ ਪੂਰੇ ਕੀਤੇ ਜਾਣਗੇ।

## ਹਿਮਾਚਲ ਪ੍ਰਦੇਸ਼ ਵਿਚ ਪਰਵਾਸੀ ਪੰਜਾਬੀ ਪਰਿਵਾਰ ਦੀ ਕੁੱਟਮਾਰ

**ਅੰਮ੍ਰਿਤਸਰ:** ਹਿਮਾਚਲ ਪ੍ਰਦੇਸ਼ ਦੇ ਡਲਹੌਜ਼ੀ ਨੇੜੇ ਖਜਿਆਰ ਵਿਚ ਕੁਝ ਲੋਕਾਂ ਨੇ ਸਪੇਨ ਵਾਸੀ ਪਰਵਾਸੀ ਪੰਜਾਬੀ ਪਰਿਵਾਰ ਦੀ ਕੁੱਟਮਾਰ ਕਰ ਕੇ ਉਨ੍ਹਾਂ ਨੂੰ ਜ਼ਖ਼ਮੀ ਕਰ ਦਿੱਤਾ। ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਜ਼ਖ਼ਮੀ ਪਰਿਵਾਰ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਦਾ ਹਾਲ-ਚਾਲ ਪੁੱਛਿਆ।

ਉਨ੍ਹਾਂ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੀਆਂ ਸਰਕਾਰਾਂ ਨੂੰ ਇਸ ਮਾਮਲੇ ਵਿਚ ਤੁਰਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਪਰਵਾਸੀ ਕੰਵਲਜੀਤ ਸਿੰਘ ਨੇ ਦੱਸਿਆ ਕਿ ਉਹ ਆਪਣੀ ਸਪੇਨ ਵਾਸੀ ਪਤਨੀ ਅਤੇ ਭਰਾ ਨਾਲ ਡਲਹੌਜ਼ੀ ਗਏ ਸਨ। ਉਹ ਅਤੇ ਉਸ ਦਾ ਪਰਿਵਾਰ ਪਿਛਲੇ 25 ਸਾਲਾਂ ਤੋਂ ਪੱਕੇ ਤੌਰ 'ਤੇ ਸਪੇਨ ਵਿਚ ਰਹਿ ਰਿਹਾ ਹੈ। ਇੱਥੇ ਅੰਮ੍ਰਿਤਸਰ ਵਿਚ ਤਹਿਸੀਲ ਬਾਬਾ ਬਕਾਲਾ 'ਚ ਉਨ੍ਹਾਂ ਦਾ ਜੱਦੀ ਘਰ ਹੈ। ਉਹ ਪੰਜਾਬ ਵਿਚ ਕਾਰੋਬਾਰ ਸ਼ੁਰੂ ਕਰਨ ਵਾਸਤੇ ਆਇਆ ਸੀ। ਕੰਵਲਜੀਤ ਸਿੰਘ ਅਤੇ ਉਸ ਦੇ ਭਰਾ ਨੇ ਮੀਡੀਆ ਨੂੰ ਦੱਸਿਆ ਕਿ ਉਹ ਤਿੰਨੋਂ ਕੁਝ ਦਿਨ ਪਹਿਲਾਂ ਡਲਹੌਜ਼ੀ ਗਏ ਸਨ ਤੇ ਉੱਥੋਂ ਉਹ ਖਜਿਆਰ ਚਲੇ ਗਏ। ਖਜਿਆਰ ਵਿਚ ਪਾਰਕਿੰਗ 'ਚ ਕਾਰ ਖੜ੍ਹੀ ਕਰਨ ਦੇ ਮਾਮਲੇ ਨੂੰ ਲੈ ਕੇ ਉਨ੍ਹਾਂ ਦੀ ਉੱਥੋਂ ਦੇ ਪ੍ਰਧਾਨ ਨਾਲ ਝਗੜਾ ਹੋ ਗਿਆ। ਉਸ ਨੇ ਦਾਅਵਾ ਕੀਤਾ ਕਿ ਉਥੇ ਵੱਡੀ ਗਿਣਤੀ ਲੋਕ ਇਕੱਠੇ ਹੋ ਗਏ ਤੇ ਤੇਜ਼ਧਾਰ ਹਥਿਆਰਾਂ ਨਾਲ ਉਸ 'ਤੇ ਹਮਲਾ ਕਰ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਇਸ ਮਾਮਲੇ ਵਿਚ ਹਿਮਾਚਲ ਪੁਲਿਸ ਨੇ ਵੀ ਉਨ੍ਹਾਂ ਦੀ ਮਦਦ ਨਹੀਂ ਕੀਤੀ ਸਗੋਂ ਉਸ ਦੀ ਪਤਨੀ ਵੱਲੋਂ ਬਣਾਈ ਗਈ ਵੀਡੀਓ ਵੀ ਡਿਲੀਟ ਕਰ ਦਿੱਤੀ। ਇਸ ਦੌਰਾਨ ਜ਼ਖ਼ਮੀ ਦੇ ਭਰਾ ਨੇ ਆਖਿਆ ਕਿ ਇਹ ਸਾਰੀ ਘਟਨਾ ਸੰਸਦ ਮੈਂਬਰ ਤੇ ਅਦਾਕਾਰਾ ਕੰਗਨਾ ਰਣੌਤ ਨੂੰ ਇਕ ਪੰਜਾਬੀ ਕੁੜੀ ਵੱਲੋਂ ਥੱਪੜ ਮਾਰਨ ਦੇ ਸਿੱਟੇ ਵਜੋਂ ਵਾਪਰੀ ਹੈ।

## ਅਕਾਲੀ ਆਗੂਆਂ ਨੇ ਢੀਂਡਸਾ ਖਿਲਾਫ ਖੋਲ੍ਹਿਆ ਮੋਰਚਾ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ ਵਿਚ ਹੋਈ ਮੁਕੰਮਲ ਏਕਤਾ ਲੋਕ ਸਭਾ ਚੋਣਾਂ ਤੋਂ ਬਾਅਦ ਮੁੜ ਟੁੱਟਣ ਦੇ ਆਸਾਰ ਨਜ਼ਰ ਆ ਰਹੇ ਹਨ। ਅਕਾਲੀ ਆਗੂਆਂ ਵੱਲੋਂ ਢੀਂਡਸਾ ਪਰਿਵਾਰ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ ਅਤੇ ਪਾਰਟੀ ਪ੍ਰਧਾਨ ਤੋਂ ਮੰਗ ਕੀਤੀ ਹੈ ਕਿ ਵੱਡੇ ਰੁਤਬੇ ਲੈ ਕੇ ਪਾਰਟੀ ਦਾ ਵਿਰੋਧ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਫ਼ੈਸਲਾ ਲਿਆ ਜਾਵੇ।

ਇਥੇ ਗੁਰਦੁਆਰਾ ਨਾਨਕਿਆਣਾ ਸਾਹਿਬ ਵਿਚ ਬੁਲਾਈ ਪ੍ਰੈੱਸ ਕਾਨਫਰੰਸ ਦੌਰਾਨ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਅਤੇ ਸੰਗਰੂਰ ਲੋਕ ਸਭਾ ਚੋਣ ਹਾਰੇ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਅਕਾਲੀ ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ, ਕੋਰ ਕਮੇਟੀ ਮੈਂਬਰ ਪਰਮਿੰਦਰ ਸਿੰਘ ਢੀਂਡਸਾ ਅਤੇ ਬਾਬੂ ਪ੍ਰਕਾਸ਼ ਚੰਦ ਗਰਗ ਵੱਲੋਂ ਲੋਕ ਸਭਾ ਚੋਣਾਂ ਵਿਚ ਪਾਰਟੀ ਉਮੀਦਵਾਰ ਦਾ



ਵਿਰੋਧ ਕੀਤਾ ਗਿਆ। ਉਨ੍ਹਾਂ ਕਿਹਾ ਕਿ ਉਹ ਕੋਰ ਕਮੇਟੀ ਦੀ ਮੀਟਿੰਗ 'ਚ ਮੰਗ ਕਰਨਗੇ ਕਿ ਪਾਰਟੀ ਦਾ ਵਿਰੋਧ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਫ਼ੈਸਲਾ ਲਿਆ ਜਾਵੇ।

## ਅਮਰੀਕਾ ਨੇ ਭਾਰਤੀ ਵਿਦਿਆਰਥੀਆਂ ਨੂੰ ਰਿਕਾਰਡ ਵੀਜ਼ੇ ਜਾਰੀ ਕੀਤੇ

**ਨਵੀਂ ਦਿਲੀ:** ਪਿਛਲੇ ਸਾਲ ਰਿਕਾਰਡ 1,40,000 ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਕਰਨ ਮਗਰੋਂ ਭਾਰਤ ਸਥਿਤ ਅਮਰੀਕੀ ਕੌਂਸਲੇਟ ਇਸ ਸਾਲ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ 'ਚ ਸੰਭਾਵੀ ਵਾਧੇ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਦੂਤਾਵਾਸ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਸ ਸਾਲ ਵੀਜ਼ਿਆਂ ਦੀ ਅਨੁਮਾਨਤ ਕੁੱਲ ਗਿਣਤੀ ਪਿਛਲੇ ਸਾਲ ਦੇ ਬਰਾਬਰ ਜਾਂ ਉਸ ਤੋਂ ਵੱਧ ਹੋਵੇਗੀ।

ਭਾਰਤ 'ਚ ਅਮਰੀਕੀ ਮਿਸ਼ਨ ਨੇ ਦੇਸ਼ ਭਰ 'ਚ ਆਪਣਾ 8ਵਾਂ ਸਾਲਾਨਾ ਵਿਦਿਆਰਥੀ ਵੀਜ਼ਾ ਦਿਵਸ ਮਨਾਇਆ। ਇਸ ਤਹਿਤ ਨਵੀਂ ਦਿੱਲੀ, ਚੇਨਈ, ਹੈਦਰਾਬਾਦ, ਕੋਲਕਾਤਾ ਤੇ ਮੁੰਬਈ ਵਿਚਲੇ ਕੌਂਸਲੇਟ ਦੂਤਾਵਾਸ ਅਧਿਕਾਰੀਆਂ ਨੇ ਵਿਦਿਆਰਥੀ ਵੀਜ਼ੇ ਦੇ ਅਰਜ਼ੀਕਾਰਾਂ ਨਾਲ ਇੰਟਰਵਿਊਜ਼ ਕੀਤੀਆਂ। ਦਿੱਲੀ ਸਥਿਤ ਅਮਰੀਕੀ ਦੂਤਾਵਾਸ 'ਚ ਸਵੇਰ ਤੋਂ ਹੀ ਵਿਦਿਆਰਥੀਆਂ ਦੀਆਂ ਲੰਮੀਆਂ ਕਤਾਰਾਂ ਦੇਖੀਆਂ ਗਈਆਂ। ਅਮਰੀਕੀ ਯੂਨੀਵਰਸਿਟੀਆਂ 'ਚ ਵੱਡੀ ਗਿਣਤੀ




'ਚ ਭਾਰਤੀ ਵਿਦਿਆਰਥੀ ਪੜ੍ਹਦੇ ਹਨ ਅਤੇ ਪਿਛਲੇ ਸਾਲ ਭਾਰਤ 'ਚ ਅਮਰੀਕੀ ਕੌਂਸਲੇਟ ਨੇ 1,40,000 ਤੋਂ ਵੱਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ ਜੋ ਕਿਸੇ ਵੀ ਹੋਰ ਮੁਲਕ ਮੁਕਾਬਲੇ ਵੱਧ ਸਨ।

ਅਮਰੀਕੀ ਦੂਤਾਵਾਸ ਦੇ ਕਾਰਜਕਾਰੀ ਕੌਂਸੁਲ ਜਨਰਲ ਸਯਦ ਮੁਜਤਬਾ ਅੰਦਰਾਬੀ ਨੇ ਦੱਸਿਆ ਕਿ ਵਿਦਿਆਰਥੀ ਵੀਜ਼ੇ ਉਨ੍ਹਾਂ ਦੀਆਂ ਤਰਜੀਹਾਂ 'ਚੋਂ ਇਕ ਹੈ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਵਿੱਦਿਅਕ ਆਦਾਨ-ਪ੍ਰਦਾਨ ਇਸ ਪ੍ਰਸ਼ਾਸਨ ਤੇ ਉਨ੍ਹਾਂ ਦੇ ਮਿਸ਼ਨ ਦੀ ਸਭ ਤੋਂ ਵੱਡੀਆਂ ਤਰਜੀਹਾਂ 'ਚੋਂ ਇਕ ਹੈ।

# ਈ.ਵੀ.ਐਮ. ਬਾਰੇ ਮਸਕ ਦੇ ਬਿਆਨ ਨਾਲ ਭਾਰਤ 'ਚ ਸਿਆਸੀ ਤੂਫ਼ਾਨ

**ਨਵੀਂ ਦਿੱਲੀ:** ਹੈਕਿੰਗ ਦੇ ਜੋਖਮ ਦੇ ਹਵਾਲੇ ਨਾਲ ਇਲੈਕਟਰੋਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮ) ਨੂੰ ਖ਼ਤਮ ਕਰਨ ਦੇ 'ਸਪੇਸਐਕਸ' ਅਤੇ ਟੈਸਲਾ ਦੇ ਸੀ.ਈ.ਓ. ਐਲਨ ਮਸਕ ਦੇ ਸੱਦੇ ਮਗਰੋਂ ਭਾਰਤ ਵਿਚ ਸਿਆਸੀ ਤੂਫ਼ਾਨ ਖੜ੍ਹਾ ਹੋ ਗਿਆ ਹੈ। ਲੰਮੇ ਸਮੇਂ ਤੋਂ ਈ.ਵੀ.ਐਮ. ਦੀ ਭਰੋਸੇਯੋਗਤਾ 'ਤੇ ਸਵਾਲ ਉਠਾ ਰਹੀਆਂ ਵਿਰੋਧੀ ਧਿਰਾਂ ਨੇ ਮਸਕ ਦੀ ਇਸ ਟਿੱਪਣੀ ਦਾ ਸਮਰਥਨ ਕੀਤਾ ਹੈ। ਵਿਰੋਧੀ ਧਿਰਾਂ ਪਿਛਲੇ ਕੁਝ ਸਮੇਂ ਤੋਂ ਈ.ਵੀ.ਐਮ. ਨੂੰ ਲੈ ਕੇ ਫ਼ਿਕਰ ਜ਼ਾਹਰ ਕਰ ਰਹੀਆਂ ਹਨ। ਉਨ੍ਹਾਂ ਨੇ ਲੋਕ ਸਭਾ ਚੋਣਾਂ ਦੌਰਾਨ ਵੀ.ਵੀ.ਪੈਟ ਪਰਚੀਆਂ ਦੇ 100 ਫੀਸਦੀ ਮਿਲਾਨ ਦੀ ਮੰਗ ਕੀਤੀ ਸੀ, ਜਿਸ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਮਸਕ ਦਾ ਇਹ ਪ੍ਰਤੀਕਰਮ ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਵਿਚ ਆਜ਼ਾਦ ਉਮੀਦਵਾਰ ਰਾਬਰਟ ਐੱਫ. ਕੈਨੇਡੀ ਜੂਨੀਅਰ



ਵੱਲੋਂ ਪ੍ਰਗਟਾਈਆਂ ਗਈਆਂ ਚਿੰਤਾਵਾਂ ਮਗਰੋਂ ਆਇਆ ਹੈ। ਉਨ੍ਹਾਂ ਨੇ ਪਿਊਰਟੋ ਰੀਕੋ ਦੀਆਂ ਮੁੱਢਲੀਆਂ ਚੋਣਾਂ ਵਿਚ ਵਰਤੀਆਂ ਗਈਆਂ ਈ.ਵੀ.ਐਮ. ਨਾਲ ਸਬੰਧਤ ਬੇਨੇਮੀਆਂ ਦਾ ਜ਼ਿਕਰ ਕੀਤਾ ਸੀ। ਮਸਕ ਨੇ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' ਉਤੇ ਇਕ ਪੋਸਟ ਵਿਚ ਕਿਹਾ, "ਸਾਨੂੰ ਇਲੈਕਟਰੋਨਿਕ ਵੋਟਿੰਗ ਮਸ਼ੀਨਾਂ ਹਟਾ ਦੇਣੀਆਂ ਚਾਹੀਦੀਆਂ ਹਨ। ਇਨਸਾਨਾਂ ਜਾਂ ਮਸਨੂਈ ਬੌਧਿਕਤਾ (ਏ.ਆਈ) ਵੱਲੋਂ ਹੈਕ ਕਰਨ ਦਾ ਜੋਖਮ ਹਾਲਾਂਕਿ, ਘੱਟ ਹੈ, ਪਰ ਫਿਰ ਵੀ ਬਹੁਤ ਜ਼ਿਆਦਾ ਹੈ।"

ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਭਾਰਤ ਵਿਚ ਇਲੈਕਟਰੌਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮ.) 'ਬਲੈਕ ਬਾਕਸ' ਹਨ, ਜਿਨ੍ਹਾਂ ਦੀ ਜਾਂਚ ਕਰਨ ਦੀ ਕਿਸੇ ਨੂੰ ਵੀ ਆਗਿਆ ਨਹੀਂ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਭਾਰਤ ਵਿਚ ਚੋਣ ਪ੍ਰਕਿਰਿਆ ਨੂੰ ਲੈ ਕੇ 'ਗੰਭੀਰ ਚਿੰਤਾਵਾਂ' ਜਤਾਈਆਂ ਜਾ ਰਹੀਆਂ ਹਨ। ਰਾਹੁਲ ਗਾਂਧੀ ਦੀ ਇਹ ਪ੍ਰਤੀਕਿਰਿਆ ਤਕਨੀਕੀ ਦਿੱਗਜ ਐਲਨ ਮਸਕ ਦੀ ਉਸ ਟਿੱਪਣੀ 'ਤੇ ਆਈ ਹੈ ਜਿਸ ਵਿਚ ਉਨ੍ਹਾਂ ਨੇ ਈ.ਵੀ.ਐਮ. ਦੀ 'ਦੁਰਵਰਤੋਂ' 'ਤੇ ਸਵਾਲ ਉਠਾਇਆ ਸੀ।

ਰਾਹੁਲ ਨੇ 'ਐਕਸ' ਉਤੇ ਪੋਸਟ ਵਿਚ ਕਿਹਾ, "ਜਦੋਂ ਅਦਾਰਿਆਂ ਦੀ ਜਵਾਬਦੇਹੀ ਹੀ ਨਹੀਂ ਹੁੰਦੀ ਤਾਂ ਜਮਹੂਰੀਅਤ ਸਿਰਫ਼ ਇਕ ਦਿਖਾਵਾ ਬਣ ਕੇ ਰਹਿ ਜਾਂਦੀ ਹੈ ਅਤੇ ਹੇਰਾਫੇਰੀ ਦਾ ਖ਼ਦਸ਼ਾ ਵਧ ਜਾਂਦਾ ਹੈ।"

ਇਸ ਪੋਸਟ ਨਾਲ ਰਾਹੁਲ ਨੇ ਮੀਡੀਆ ਰਿਪੋਰਟ ਵੀ ਸਾਂਝੀ ਕੀਤੀ ਹੈ ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਮੁੰਬਈ ਦੇ ਉੱਤਰ-ਪੱਛਮ ਤੋਂ 48 ਵੋਟਾਂ ਨਾਲ ਜੇਤੂ ਰਹੇ ਸ਼ਿਵ ਸੈਨਾ ਦੇ ਇਕ ਉਮੀਦਵਾਰ ਦੇ ਰਿਸ਼ਤੇਦਾਰ ਕੋਲ ਇਕ ਫੋਨ ਅਜਿਹਾ ਹੈ ਜਿਸ ਨਾਲ ਈ.ਵੀ.ਐਮ. ਨੂੰ ਖੋਲ੍ਹਿਆ ਜਾ ਸਕਦਾ ਸੀ।

### ਮਸਕ ਦੇ ਵਿਚਾਰ ਅਮਰੀਕਾ ਲਈ: ਭਾਜਪਾ

**ਨਵੀਂ ਦਿੱਲੀ:** ਭਾਜਪਾ ਨੇ ਕਿਹਾ ਕਿ ਅਰਬਪਤੀ ਉੱਦਮੀ ਐਲਨ ਮਸਕ ਵੱਲੋਂ ਇਲੈਕਟਰੌਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮਜ਼) ਖ਼ਤਮ ਕੀਤੇ ਜਾਣ ਸਬੰਧੀ ਵਿਚਾਰ/ਸੱਦਾ ਅਮਰੀਕਾ ਵਿਚ ਤਾਂ ਅਮਲ ਵਿਚ ਆ ਸਕਦਾ ਹੈ, ਪਰ ਭਾਰਤ ਵਿਚ ਨਹੀਂ। ਪਾਰਟੀ ਨੇ ਦੋਸ਼ ਲਾਇਆ ਕਿ ਮਸਕ ਅਜਿਹੀ ਮੰਗ ਕਰਕੇ 'ਵਿਸ਼ਾਲ ਵਿਆਪਕ ਰਾਇ' ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਭਾਜਪਾ ਆਗੂ ਰਾਜੀਵ ਚੰਦਰਸ਼ੇਖਰ ਨੇ ਟੈਸਲਾ ਦੇ ਸੀ.ਈ.ਓ .ਵੱਲੋਂ ਈ.ਵੀ.ਐੱਮਜ਼. ਦੀ ਕੀਤੀ ਨੁਕਤਾਚੀਨੀ ਦਾ ਜਵਾਬ ਦਿੰਦਿਆਂ ਕਿਹਾ, "ਇਹ ਇਕ ਬਹੁਤ ਵੱਡਾ ਸਾਧਾਰਨ ਬਿਆਨ ਹੈ ਜਿਸ ਦਾ ਮਤਲਬ ਹੈ ਕਿ ਕੋਈ ਵੀ ਸੁਰੱਖਿਅਤ ਡਿਜੀਟਲ ਹਾਰਡਵੇਅਰ ਨਹੀਂ ਬਣਾ ਸਕਦਾ। ਇਹ ਗ਼ਲਤ ਹੈ।"

### ਰਾਮਫੋਸਾ ਮੁੜ ਚੁਣੇ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ

**ਜੌਹੈਨੈੱਸਬਰਗ:** ਦੱਖਣੀ ਅਫਰੀਕਾ ਵਿਚ ਦੋ ਹਫਤੇ ਪਹਿਲਾਂ ਹੋਈਆਂ ਆਮ ਚੋਣਾਂ ਵਿਚ ਅਫਰੀਕਨ ਨੈਸ਼ਨਲ ਕਾਂਗਰਸ (ਏ.ਐਨ.ਸੀ.) ਨੂੰ ਮਹਿਜ਼ 40 ਫ਼ੀਸਦੀ ਵੋਟਾਂ ਮਿਲਣ ਦੇ ਬਾਵਜੂਦ ਦੇਸ਼ ਦੀ ਸੰਸਦ ਨੇ ਸਿਰਿਲ ਰਾਮਫੋਸਾ ਨੂੰ ਪੰਜ ਸਾਲ ਦੇ ਹੋਰ ਕਾਰਜਕਾਲ ਲਈ ਰਾਸ਼ਟਰਪਤੀ ਚੁਣ ਲਿਆ ਹੈ। ਰਾਮਫੋਸਾ ਦਾ ਮੁਕਾਬਲਾ ਇਕਨੌਮਿਕ ਫਰੀਡਮ ਫਾਈਟਰਜ਼ਦੀ ਨੇਤਾ ਜੂਲੀਅਸ ਮਾਲੇਮਾ ਨਾਲ ਸੀ। ਇਸ ਤੋਂ ਪਹਿਲਾਂ ਏ.ਐਨ.ਸੀ. ਦੀ ਥੋਕੋ ਡਿਡਿਜ਼ਾ ਨੂੰ ਸਪੀਕਰ ਅਤੇ ਡੈਮੋਕਰੈਟਿਕ ਅਲਾਇੰਸ (ਡੀ.ਏ) ਦੀ ਐਨੈਲੀ ਲੋਟਰੀਐਟ ਨੂੰ ਡਿਪਟੀ-ਸਪੀਕਰ ਚੁਣਿਆ ਗਿਆ। ਚੋਣ ਦੌਰਾਨ ਰਾਮਫੋਸਾ ਨੂੰ 283 ਵੋਟਾਂ ਪਈਆਂ ਜਦਕਿ ਮਾਲੇਮਾ ਨੂੰ ਸਿਰਫ਼ 44 ਵੋਟਾਂ ਮਿਲੀਆਂ।

# ਜਾਪਾਨ ਵੱਲੋਂ ਭਾਰਤੀ ਕੰਪਨੀਆਂ 'ਤੇ ਪਾਬੰਦੀ ਲਾਉਣ ਦੀ ਤਿਆਰੀ

**ਨਵੀਂ ਦਿੱਲੀ:** ਵਪਾਰ ਅਤੇ ਸੁਰੱਖਿਆ ਖੇਤਰ ਵਿਚ ਭਾਰਤ ਦਾ ਕਰੀਬੀ ਸਹਿਯੋਗੀ ਜਾਪਾਨ ਹੁਣ ਰੂਸ ਵਿਰੋਧੀ ਪਾਬੰਦੀਆਂ ਨੂੰ ਦਰਕਿਨਾਰ ਕਰਨ ਤੋਂ ਨਾਰਾਜ਼ ਦੱਸਿਆ ਜਾ ਰਿਹਾ ਹੈ। ਜਾਪਾਨ ਨੇ ਪਾਬੰਦੀਆਂ ਦੇ ਬਾਵਜੂਦ ਰੂਸ ਨਾਲ ਵਪਾਰ ਕਰ ਰਹੀਆਂ ਭਾਰਤੀ ਕੰਪਨੀਆਂ 'ਤੇ ਰੋਕ ਲਾਉਣ ਦੀ ਤਿਆਰੀ ਕਰ ਲਈ ਹੈ। ਇਸ ਤੋਂ ਇਲਾਵਾ ਜਾਪਾਨ ਵੱਲੋਂ ਚੀਨ, ਯੂ.ਏ.ਈ. ਅਤੇ ਉਜ਼ਬੇਕਿਸਤਾਨ ਦੀਆਂ ਵਪਾਰਕ ਕੰਪਨੀਆਂ 'ਤੇ ਵੀ ਪਾਬੰਦੀ ਲਗਾਈ ਜਾ ਰਹੀ ਹੈ, ਜੋ ਰੂਸ ਨਾਲ ਵਪਾਰ ਕਰ ਰਹੀਆਂ ਹਨ। ਭਾਰਤ ਦੇ ਨਾਲ ਚਾਰ ਦੇਸ਼ਾਂ ਦੇ ਕੁਆਡ ਗੱਠਜੋੜ ਦੇ ਮੈਂਬਰ ਜਾਪਾਨ ਨੇ ਯੂਕਰੇਨ 'ਤੇ ਅਮਰੀਕੀ ਰੁਖ਼ ਦੇ ਨੇੜੇ ਪਹੁੰਚਣ ਦਾ ਰਾਹ ਚੁਣਿਆ ਹੈ, ਜਿਸ ਵਿਚ ਰੂਸ ਨਾਲ ਵਪਾਰ ਕਰਨ ਵਾਲੇ ਚਾਰ ਦੇਸ਼ਾਂ ਦੀਆਂ ਕੰਪਨੀਆਂ ਨੂੰ ਜੁਰਮਾਨਾ ਲਾਇਆ ਗਿਆ ਹੈ। ਜੀ-7 ਸਿਖਰ ਸੰਮੇਲਨ ਵਿਚ ਜਾਪਾਨ ਨੇ ਪਾਬੰਦੀਆਂ ਦੀ ਯੋਜਨਾ ਨੂੰ ਸਾਂਝਾ ਕੀਤਾ ਹੈ। ਮੀਡੀਆ ਰਿਪੋਰਟ ਅਨੁਸਾਰ ਜਾਪਾਨੀ ਸਰਕਾਰ ਦੇ ਮੁੱਖ ਸਕੱਤਰ ਯੋਸ਼ਿਮਾਸਾ ਹਯਾਸ਼ੀ ਨੇ ਕਿਹਾ, "ਅਸੀਂ ਚੀਨ, ਭਾਰਤ, ਯੂ.ਏ.ਈ. ਅਤੇ ਉਜ਼ਬੇਕਿਸਤਾਨ ਦੀਆਂ ਕੰਪਨੀਆਂ ਖ਼ਿਲਾਫ਼ ਕਦਮ ਚੁੱਕਣ 'ਤੇ ਵਿਚਾਰ ਕਰ ਰਹੇ ਹਾਂ।" ਜਾਪਾਨ ਸਰਕਾਰ ਵੱਲੋਂ



ਤਿਆਰ ਕੀਤੀ ਜਾ ਰਹੀ ਸੂਚੀ ਵਿਚ ਕਜ਼ਾਖਸਤਾਨ ਦੀਆਂ ਕੰਪਨੀਆਂ ਨੂੰ ਵੀ ਜੋੜਿਆ ਜਾ ਸਕਦਾ ਹੈ। ਭਾਰਤ ਵਾਂਗ ਜਾਪਾਨ ਨੇ ਵੀ ਕਜ਼ਾਖਸਤਾਨ ਵਿਚ ਭਾਰੀ ਨਿਵੇਸ਼ ਕੀਤਾ ਹੈ, ਖਾਸ ਕਰਕੇ ਯੂਰੇਨੀਅਮ ਖਣਨ ਵਿਚ। ਦਿਲਚਸਪ ਗੱਲ ਇਹ ਹੈ ਕਿ ਚਾਰ ਦੇਸ਼ਾਂ ਦੀਆਂ ਕੰਪਨੀਆਂ 'ਤੇ ਰੋਕ ਲਗਾਉਣ ਦੇ ਫ਼ੈਸਲੇ ਬਾਰੇ ਜਾਪਾਨ ਨੇ ਇਟਲੀ ਵਿਚ ਆਪਣੇ ਸਿਖਰ ਸੰਮੇਲਨ 'ਚ ਹੋਰ ਜੀ7 ਮੈਂਬਰਾਂ ਨੂੰ ਸੂਚਿਤ ਕੀਤਾ ਸੀ, ਜਿੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਜਾਪਾਨੀ ਹਮਰੁਤਬਾ ਫੁਮਿਓ ਕਿਸ਼ਿਦਾ ਨਾਲ ਮੁਲਾਕਾਤ ਕੀਤੀ ਸੀ।

# ਭਾਰਤ ਨੇ ਯੂਕਰੇਨ ਸ਼ਾਂਤੀ ਸਮਝੌਤੇ ਨਾਲ ਸਬੰਧਿਤ ਬਿਆਨ ਤੋਂ ਪਾਸਾ ਵੱਟਿਆ

**ਓਬਬੁਰਗੇਨ:** ਭਾਰਤ ਨੇ ਸਵਿਟਜ਼ਰਲੈਂਡ ਦੀ ਮੇਜ਼ਬਾਨੀ ਵਾਲੇ ਸਿਖਰ ਸੰਮੇਲਨ ਦੌਰਾਨ ਯੂਕਰੇਨ ਸ਼ਾਂਤੀ ਸਮਝੌਤੇ ਨਾਲ ਸਬੰਧਤ ਕਿਸੇ ਵੀ ਬਿਆਨ ਤੋਂ ਪਾਸਾ ਵੱਟਿਆ ਹੈ। ਭਾਰਤ ਨੇ ਸ਼ਾਂਤੀ ਸਮਝੌਤੇ ਤੋਂ ਉੱਭਰਨ ਵਾਲੇ ਕਿਸੇ ਵੀ ਸੰਵਾਦ ਨਾਲ ਖੁਦ ਨੂੰ ਜੋੜਨ ਤੋਂ ਗੁਰੇਜ਼ ਕਰਦਿਆਂ ਕਿਹਾ ਕਿ ਉਹ ਯੂਕਰੇਨ ਵਿਵਾਦ ਦੇ ਸ਼ਾਂਤੀਪੂਰਨ ਹੱਲ ਲਈ ਸਾਰੇ ਭਾਈਵਾਲਾਂ ਨਾਲ ਰਾਬਤੇ ਵਿਚ ਰਹੇਗਾ।

ਦੋ ਰੋਜ਼ਾ ਸਿਖਰ ਸੰਮਲੇਨ ਦੀ ਸਮਾਪਤੀ ਮੌਕੇ 80 ਦੇਸ਼ਾਂ ਨੇ ਸਾਂਝੇ ਤੌਰ 'ਤੇ ਸੱਦਾ ਦਿੱਤਾ ਕਿ ਰੂਸ ਨਾਲ ਯੁੱਧ ਸਮਾਪਤ ਕਰਨ ਲਈ ਕਿਸੇ ਵੀ ਸ਼ਾਂਤੀ ਸਮਝੌਤੇ ਦਾ ਆਧਾਰ ਯੂਕਰੇਨ ਦੀ 'ਖੇਤਰੀ ਅਖੰਡਤਾ' ਹੋਵੇ। ਸਵਿਟਜ਼ਰਲੈਂਡ ਵਿਚ ਹੋਏ ਕੌਮਾਂਤਰੀ ਸਿਖਰ ਸੰਮੇਲਨ 'ਚ ਹਾਲਾਂਕਿ ਕੁਝ ਪ੍ਰਮੁੱਖ ਵਿਕਾਸਸ਼ੀਲ ਦੇਸ਼ ਸ਼ਾਮਲ ਨਹੀਂ ਹੋਏ। ਇਹ ਦੋ ਰੋਜ਼ਾ ਸਿਖਰ ਸੰਮੇਲਨ ਸਵਿਟਜ਼ਰਲੈਂਡ ਦੇ ਬਰਗੇਨਸਟਾਕ ਰਿਜ਼ੌਰਟ ਵਿਚ ਕਰਵਾਇਆ



ਗਿਆ। ਰੂਸ ਨੂੰ ਸੰਮਲੇਨ ਲਈ ਸੱਦਾ ਨਹੀਂ ਦਿੱਤਾ ਗਿਆ ਸੀ। ਸੰਮੇਲਨ ਵਿਚ ਮੌਜੂਦ ਕਈ ਦੇਸ਼ਾਂ ਦੇ ਨੁਮਾਇੰਦਿਆਂ ਨੇ ਉਮੀਦ ਜਤਾਈ ਕਿ ਰੂਸ ਸ਼ਾਂਤੀ ਦੀ ਰੂਪ-ਰੇਖਾ 'ਤੇ ਚਰਚਾ ਵਿਚ ਸ਼ਾਮਲ ਹੋ ਸਕਦਾ ਹੈ। ਜ਼ਿਆਦਾਤਰ ਪੱਛਮੀ ਅਤੇ ਕੁਝ ਪ੍ਰਮੁੱਖ ਵਿਕਾਸਸ਼ੀਲ ਦੇਸ਼ਾਂ ਸਣੇ ਕਰੀਬ 100 ਵਫ਼ਦ ਅਤੇ ਮਾਹਿਰ ਇਸ ਸ਼ਾਂਤੀ ਸੰਮੇਲਨ ਵਿਚ ਸ਼ਾਮਲ ਹੋਏ। ਸਿਖਰ ਸੰਮੇਲਨ ਵਿਚ ਹਿੱਸਾ ਲੈਣ ਵਾਲੇ ਭਾਰਤ, ਸਾਊਦੀ ਅਰਬ, ਦੱਖਣੀ ਅਫ਼ਰੀਕਾ ਅਤੇ ਸੰਯੁਕਤ ਅਰਬ ਅਮੀਰਾਤ, ਜਿਨ੍ਹਾਂ ਦੀ ਨੁਮਾਇੰਦਗੀ ਵਿਦੇਸ਼ ਮੰਤਰੀਆਂ ਜਾਂ ਹੇਠਲੇ ਪੱਧਰ ਦੇ ਰਾਜਦੂਤਾਂ ਵੱਲੋਂ ਕੀਤੀ ਗਈ ਸੀ, ਨੇ ਪ੍ਰਮਾਣੂ ਸੁਰੱਖਿਆ, ਭੋਜਨ ਸੁਰੱਖਿਆ ਅਤੇ ਕੈਦੀਆਂ ਦੀ ਅਦਲਾ-ਬਦਲੀ ਨਾਲ ਸਬੰਧਤ ਮਸਲਿਆਂ ਬਾਰੇ ਅੰਤਿਮ ਦਸਤਾਵੇਜ਼ ਉਤੇ ਦਸਤਖ਼ਤ ਨਹੀਂ ਕੀਤੇ। ਇਸੇ ਤਰ੍ਹਾਂ ਇਕ 'ਨਿਰੀਖਕ' ਦੇਸ਼ ਵਜੋਂ ਬ੍ਰਾਜ਼ੀਲ ਨੇ ਦਸਤਖ਼ਤ ਨਹੀਂ ਕੀਤੇ, ਜਦਕਿ ਰੂਸ ਅਤੇ ਯੂਰਕੇਨ ਦਰਮਿਆਨ ਵਿਚੋਲਗੀ ਦੀ ਮੰਗ ਕਰਨ ਵਾਲੇ ਤੁਰਕੀ ਨੇ ਦਸਤਾਵੇਜ਼ 'ਤੇ ਦਸਤਖ਼ਤ ਕਰ ਦਿੱਤੇ।

### ਰੂਸੀ ਬਲਾਂ ਵਲੋਂ ਹਿਰਾਸਤ ਕੇਂਦਰ 'ਤੇ ਧਾਵਾ

**ਮਾਸਕੋ:** ਰੂਸੀ ਸੁਰੱਖਿਆ ਬਲਾਂ ਨੇ ਦੱਖਣੀ ਇਲਾਕੇ ਵਿਚ ਸਥਿਤ ਇਕ ਹਿਰਾਸਤ ਕੇਂਦਰ ਉਤੇ ਧਾਵਾ ਬੋਲਿਆ, ਜਿਸ ਵਿਚ ਦੋ ਕਰਮਚਾਰੀਆਂ ਨੂੰ ਬੰਦੀ ਬਣਾਉਣ ਵਾਲੇ ਕੈਦੀ ਮਾਰੇ ਗਏ। ਰੂਸ ਦੀ ਸਰਕਾਰੀ ਨਿਊਜ਼ ਚੈਨਲ ਆਰਟੀ ਨੇ ਇਹ ਜਾਣਕਾਰੀ ਦਿੱਤੀ ਹੈ। ਖ਼ਬਰ ਏਜੰਸੀ ਨੇ ਰੂਸ ਦੀ ਸੰਘੀ ਸਜ਼ਾ ਸੇਵਾ ਦੇ ਹਵਾਲੇ ਨਾਲ ਦੱਸਿਆ ਕਿ ਰੋਸਤੋਵ-ਆਨ-ਡਾਨ ਵਿਚ ਹਿਰਾਸਤ ਕੇਂਦਰ 'ਚ ਬੰਦੀਆਂ ਨੂੰ ਕੋਈ ਨੁਕਸਾਨ ਨਹੀਂ ਪੁੱਜਿਆ ਹੈ। ਇਕ ਹੋਰ ਸਥਾਨਕ ਖ਼ਬਰ ਸੰਸਥਾ ਨੇ ਕਿਹਾ ਕਿ ਕੁਝ ਕੈਦੀ ਮਾਰੇ ਗਏ ਹਨ। ਸੁਰੱਖਿਆ ਬਲਾਂ ਨਾਲ ਜੁੜੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ ਰੋਸਤੋਵ ਖੇਤਰ ਦੇ ਹਿਰਾਸਤ ਕੇਂਦਰ ਨੰਬਰ 1 ਦੇ ਕੇਂਦਰੀ ਵਿਹੜੇ ਵਿਚ ਬੰਦੀ ਬਣਾਉਣ ਵਾਲੇ ਛੇ ਜਣੇ ਸਨ ਅਤੇ ਉਨ੍ਹਾਂ ਕੋਲ ਚਾਕੂ ਅਤੇ ਹੋਰ ਹਥਿਆਰ ਸੀ। ਇਨ੍ਹਾਂ ਕੈਦੀਆਂ 'ਤੇ ਇਸਲਾਮਿਕ ਸਟੇਟ ਸਮੂਹ ਨਾਲ ਜੁੜੇ ਹੋਣ ਦੇ ਦੋਸ਼ ਵੀ ਹਨ।

# ਪਾਕਿਸਤਾਨ ਦੀ ਵਿਦੇਸ਼ੀ ਸਹਾਇਤਾ 'ਤੇ ਨਿਰਭਰਤਾ ਖ਼ਤਮ ਕਰਾਂਗੇ: ਸ਼ਾਹਬਾਜ਼

**ਇਸਲਾਮਾਬਾਦ:** ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਅਹਿਦ ਲਿਆ ਹੈ ਕਿ ਪਾਕਿਸਤਾਨ ਦੀ ਵਿਦੇਸ਼ੀ ਸਹਾਇਤਾ 'ਤੇ ਨਿਰਭਰਤਾ ਛੇਤੀ ਖ਼ਤਮ ਕੀਤੀ ਜਾਵੇਗੀ। ਆਰਥਿਕ ਸੁਧਾਰਾਂ ਦੇ ਖਾਕੇ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰੀ ਖ਼ਰਚੇ ਘਟਾ ਕੇ ਅਤੇ ਆਰਥਿਕਤਾ ਨੂੰ ਨਵੇਂ ਸਿਰੇ ਤੋਂ ਹੁਲਾਰਾ ਦੇ ਕੇ ਪਾਕਿਸਤਾਨ ਨੂੰ ਗੁਆਂਢੀ ਮੁਲਕਾਂ ਤੋਂ ਅਗਾਂਹ ਲਿਆਂਦਾ ਜਾਵੇਗਾ।

ਉਨ੍ਹਾਂ ਕਿਹਾ ਕਿ ਹਰੇਕ ਅਤਿਵਾਦੀ, ਤਸਕਰ, ਬਿਜਲੀ ਅਤੇ ਟੈਕਸ ਚੋਰ ਅਰਥਚਾਰੇ ਦਾ ਦੁਸ਼ਮਣ ਹੈ। ਕੌਮ ਦੇ ਨਾਮ ਆਪਣੇ ਸੰਬੋਧਨ 'ਚ ਸ਼ਰੀਫ਼ ਨੇ ਆਸ ਜਤਾਈ ਕਿ ਕੌਮਾਂਤਰੀ ਮੁਦਰਾ ਫੰਡ (ਆਈ.ਐਮ.ਐਫ.) ਕੋਲ ਰਾਹਤ ਪੈਕੇਜ ਸਬੰਧੀ ਸਮਝੌਤਾ ਪਾਕਿਸਤਾਨ ਦੇ ਇਤਿਹਾਸ ਦਾ ਆਖਰੀ ਹੋਵੇਗਾ। ਪਾਕਿਸਤਾਨ ਸਰਕਾਰ ਆਈ.ਐਮ.ਐਫ. ਤੋਂ 6 ਤੋਂ 8 ਅਰਬ ਡਾਲਰ ਦਾ ਕਰਜ਼ਾ ਲੈਣ ਲਈ ਗੱਲਬਾਤ ਕਰ ਰਹੀ ਹੈ। ਸ਼ਰੀਫ਼ ਨੇ ਕਿਹਾ ਕਿ ਹਰੇਕ ਪੈਸਾ ਦੇਸ਼ ਅਤੇ ਉਸ ਦੇ ਲੋਕਾਂ ਦੀ ਤਰੱਕੀ ਲਈ ਖ਼ਰਚਿਆ ਜਾਵੇਗਾ। ਉਨ੍ਹਾਂ ਪੰਜ ਸਾਲਾਂ 'ਚ ਖ਼ਰਚੇ ਘਟਾਉਣ ਤੇ ਨੌਜਵਾਨਾਂ ਨੂੰ ਸਿੱਖਿਆ ਦੇਣ ਅਤੇ ਹੁਨਰਮੰਦ ਬਣਾਉਣ ਦੀ ਵਚਨਬੱਧਤਾ ਦੁਹਰਾਈ। ਆਪਣੀ ਸਰਕਾਰ ਦੇ 100 ਦਿਨ ਮੁਕੰਮਲ ਹੋਣ 'ਤੇ ਸ਼ਰੀਫ਼ ਦੇਸ਼ਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ।

# ਜੀ-7 ਮੁਲਕਾਂ ਵੱਲੋਂ ਭਾਰਤ-ਪੱਛਮੀ ਏਸ਼ੀਆ-ਯੂਰਪ ਆਰਥਿਕ ਲਾਂਘੇ ਪ੍ਰਤੀ ਵਚਨਬੱਧਤਾ ਜ਼ਾਹਿਰ

**ਬਾਰੀ:** ਜੀ-7 ਸਿਖਰ ਸੰਮੇਲਨ ਦੇ ਅਖੀਰ ਵਿਚ ਜਾਰੀ ਬਿਆਨ 'ਚ ਸੱਤ ਸਨਅਤੀ ਮੁਲਕਾਂ ਦੇ ਗਰੁੱਪ ਨੇ ਭਾਰਤ-ਪੱਛਮੀ ਏਸ਼ੀਆ-ਯੂਰਪ ਆਰਥਿਕ ਲਾਂਘੇ (ਆਈ.ਐਮ.ਈ.ਸੀ.) ਜਿਹੇ ਮਜ਼ਬੂਤ ਬੁਨਿਆਦੀ ਢਾਂਚੇ ਦੇ ਪ੍ਰਸਤਾਵਾਂ ਨੂੰ ਹੱਲਾਸ਼ੇਰੀ ਦੇਣ ਲਈ ਵਚਨਬੱਧਤਾ ਜਤਾਈ। ਇਹ ਬਿਆਨ ਆਲੀਸ਼ਾਨ ਰਿਜ਼ੌਰਟ ਬੋਰਗੋ ਐਗਨਾਜ਼ੀਆ 'ਚ ਆਗੂਆਂ ਦੀ ਰਸਮੀ 'ਪਰਿਵਾਰਕ ਤਸਵੀਰ' ਖਿਚਵਾਉਣ ਮਗਰੋਂ ਜਾਰੀ ਕੀਤਾ ਗਿਆ।

ਇਸ ਦੇ ਨਾਲ ਹੀ ਜੀ-7 ਨੇ ਕਾਨੂੰਨ ਦੇ ਸ਼ਾਸਨ ਦੇ ਆਧਾਰ 'ਤੇ 'ਆਜ਼ਾਦ ਅਤੇ ਮੁਕਤ ਹਿੰਦ-ਪ੍ਰਸ਼ਾਂਤ' ਖ਼ਿੱਤੇ ਪ੍ਰਤੀ ਵਚਨਬੱਧਤਾ ਵੀ ਦੁਹਰਾਈ। ਬਿਆਨ 'ਚ ਕਿਹਾ ਗਿਆ, "ਅਸੀਂ ਆਲਮੀ ਬੁਨਿਆਦੀ ਢਾਂਚੇ ਅਤੇ ਨਿਵੇਸ਼ ਲਈ ਭਾਈਵਾਲੀ ਦੇ ਮਜ਼ਬੂਤ ਮਤਿਆਂ, ਅਹਿਮ ਪ੍ਰੋਜੈਕਟਾਂ ਅਤੇ ਹੋਰ ਮੁਹਿੰਮਾਂ ਨੂੰ ਹੱਲਾਸ਼ੇਰੀ ਦੇਵਾਂਗੇ, ਜਿਵੇਂ ਕਿ ਲੋਬਿਟੋ ਲਾਂਘਾ, ਲੁਜ਼ੋਨ ਲਾਂਘਾ, ਮਿਡਲ ਲਾਂਘਾ ਅਤੇ ਭਾਰਤ-ਪੱਛਮੀ ਏਸ਼ੀਆ-ਯੂਰਪ ਆਰਥਿਕ ਲਾਂਘੇ ਲਈ ਆਪਸੀ ਤਾਲਮੇਲ ਅਤੇ ਵਿੱਤੀ ਪ੍ਰੋਗਰਾਮ ਨੂੰ ਮਜ਼ਬੂਤ ਕਰਨਾ ਹੈ। ਇਸੇ ਤਰ੍ਹਾਂ ਈਯੂ ਗਲੋਬਲ ਗੇਟਵੇਅ, ਗਰੇਟ ਗਰੀਨ ਵਾਲ ਪਹਿਲ ਅਤੇ ਅਫ਼ਰੀਕਾ ਲਈ ਇਟਲੀ ਵੱਲੋਂ ਸ਼ੁਰੂ ਕੀਤੀ ਗਈ



ਮੈਟੇਈ ਯੋਜਨਾ ਨੂੰ ਤਿਆਰ ਕਰਨਾ ਹੈ।" ਭਾਰਤ-ਪੱਛਮੀ ਏਸ਼ੀਆ-ਯੂਰਪ ਆਰਥਿਕ ਲਾਂਘਾ ਪ੍ਰੋਜੈਕਟ (ਆਈ.ਐਮ.ਈ.ਸੀ.) ਤਹਿਤ ਸਾਊਦੀ ਅਰਬ, ਭਾਰਤ, ਅਮਰੀਕਾ ਅਤੇ ਯੂਰਪ ਵਿਚਕਾਰ ਇਕ ਵਿਸ਼ਾਲ ਸੜਕ, ਰੇਲ ਮਾਰਗ ਅਤੇ ਸਮੁੰਦਰੀ ਜਹਾਜ਼ਾਂ ਦੇ ਨੈੱਟਵਰਕ ਦਾ ਖਾਕਾ ਤਿਆਰ ਕੀਤਾ ਗਿਆ ਹੈ ਤਾਂ ਜੋ ਏਸ਼ੀਆ, ਪੱਛਮੀ ਏਸ਼ੀਆ ਅਤੇ ਪੱਛਮ ਵਿਚਕਾਰ ਸਾਂਝ ਕਾਇਮ ਕੀਤੀ ਜਾ ਸਕੇ। ਆਈ.ਐਮ.ਈ.ਸੀ. ਨੂੰ ਸਮਾਨ ਵਿਚਾਰਧਾਰਾ ਵਾਲੇ ਮੁਲਕਾਂ ਵੱਲੋਂ ਚੀਨ ਦੀ ਪੱਟੀ ਅਤੇ ਸੜਕ ਮੁਹਿੰਮ (ਬੀ.ਆਰ.ਆਈ.) ਦੇ ਟਾਕਰੇ ਵਜੋਂ ਦੇਖਿਆ ਜਾ ਰਿਹਾ ਹੈ। ਪਿਛਲੇ ਸਾਲ ਦਿੱਲੀ 'ਚ ਜੀ-20 ਸਿਖਰ ਸੰਮੇਲਨ ਦੌਰਾਨ ਆਈ.ਐਮ.ਈ.ਸੀ. ਨੂੰ ਅੰਤਿਮ ਰੂਪ ਦਿੱਤਾ ਗਿਆ ਸੀ।

ਜੀ-7 ਦੇ ਵਿਸ਼ੇਸ਼ ਇਜਲਾਸ ਮਗਰੋਂ ਜਾਰੀ ਬਿਆਨ 'ਚ ਕਿਹਾ ਗਿਆ, "ਸਾਂਝੀ ਜ਼ਿੰਮੇਵਾਰੀ ਦੀ ਭਾਵਨਾ ਨਾਲ ਅਸੀਂ ਅਲਜੀਰੀਆ, ਅਰਜਨਟੀਨਾ, ਬ੍ਰਾਜ਼ੀਲ, ਭਾਰਤ, ਜਾਰਡਨ, ਕੀਨੀਆ, ਮੌਰੀਟਾਨੀਆ, ਟਿਊਨੀਸ਼ੀਆ, ਤੁਰਕੀ ਅਤੇ ਸੰਯੁਕਤ ਅਰਬ ਅਮੀਰਾਤ ਦੇ ਆਗੂਆਂ ਦੀ ਸ਼ਮੂਲੀਅਤ ਦਾ ਗਰਮਜੋਸ਼ੀ ਨਾਲ ਸਵਾਗਤ ਕਰਦੇ ਹਾਂ।" ਕਿਹਾ ਗਿਆ ਕਿ ਵਧੇਰੇ ਪਾਰਦਰਸ਼ਿਤਾ ਲਈ ਏਆਈ ਸ਼ਾਸਨ ਪ੍ਰਣਾਲੀ ਨਾਲ ਜੁੜੇ ਦ੍ਰਿਸ਼ਟੀਕੋਣ ਦਰਮਿਆਨ ਤਾਲਮੇਲ ਵਧਾਉਣ ਦੀਆਂ ਕੋਸ਼ਿਸ਼ਾਂ ਨੂੰ ਹੋਰ ਅੱਗੇ ਵਧਾਇਆ ਜਾਵੇਗਾ।

# ਆਰਮੀਨੀਆ ਦੀ ਜੇਲ੍ਹ 'ਚ ਫਸੇ ਪੰਜਾਬੀ ਨੌਜਵਾਨਾਂ ਵੱਲੋਂ ਮਦਦ ਦੀ ਅਪੀਲ

**ਜਲੰਧਰ:** ਸੋਸ਼ਲ ਮੀਡੀਆ 'ਤੇ ਘੁੰਮ ਰਹੀ ਇਕ ਵੀਡੀਓ ਮੁਤਾਬਕ ਪੰਜਾਬ ਦੇ ਇਕ ਦਰਜਨ ਤੋਂ ਵੱਧ ਨੌਜਵਾਨ ਯੂਰਪ ਜਾਣ ਦੇ ਸੁਨਹਿਰੀ ਸੁਪਨੇ ਦੇਖਦਿਆਂ ਧੋਖੇਬਾਜ਼ ਟਰੈਵਲ ਏਜੰਟਾਂ ਦਾ ਸ਼ਿਕਾਰ ਹੋ ਗਏ ਤੇ ਉਹ ਆਰਮੀਨੀਆ ਦੀ 'ਅਮਰਾਵੀਰ ਜੇਲ੍ਹ' ਵਿਚ ਫਸ ਗਏ। ਸੋਸ਼ਲ ਪਲੇਟਫਰਮਾਂ 'ਤੇ ਵਾਇਰਲ ਹੋ ਰਹੀ ਇਸ ਵੀਡੀਓ ਵਿਚ ਚਾਰ ਪੰਜ ਨੌਜਵਾਨ ਆਪਣੇ ਦੁੱਖੜੇ ਸੁਣਾ ਰਹੇ ਹਨ।

ਉਹ ਭਾਰਤ ਸਰਕਾਰ ਨੂੰ ਬਚਾਉਣ ਦੀਆਂ ਅਪੀਲਾਂ ਕਰ ਰਹੇ ਹਨ। ਉਨ੍ਹਾਂ ਨੌਜਵਾਨਾਂ ਨੇ ਦੱਸਿਆ ਕਿ ਟਰੈਵਲ ਏਜੰਟ ਨੇ ਉਨ੍ਹਾਂ ਨੂੰ ਯੂਰਪ ਦੀਆਂ ਹਰੀਆਂ-ਭਰੀਆ ਚਰਾਂਦਾ ਦਿਖਾਉਣ ਦਾ ਵਾਅਦਾ ਕਰਕੇ ਇਨ੍ਹਾਂ ਚਰਾਂਦਾ ਦੇ ਨੇੜੇ ਹੀ ਵੱਗਦੀ ਸਾਫ ਪਾਣੀ ਦੀ ਨਦੀ ਨੇੜੇ ਝੌਂਪੜੀਨੁਮਾ ਘਰ ਵਿਚ ਰੱਖਣ ਦਾ ਵਾਅਦਾ ਕੀਤਾ ਸੀ। ਇਹ ਨੌਜਵਾਨ ਜੇਲ੍ਹ ਵਿਚਲੇ ਲੋਹੇ ਦੇ ਬੈਂਚ ਦਿਖਾਉਂਦੇ ਹਨ ਜਿਨ੍ਹਾਂ ਉਪਰ ਉਨ੍ਹਾਂ ਨੂੰ ਸੌਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਸ ਵੀਡੀਓ ਵਿਚ ਇਕ ਹੋਰ ਨੌਜਵਾਨ ਨੇ ਦੱਸਿਆ ਕਿ ਧੋਖੇਬਾਜ਼ ਟਰੈਵਲ ਏਜੰਟਾਂ ਨੇ ਉਨ੍ਹਾਂ ਨਾਲ ਯੂਰਪ ਵਿਚ ਵਧੀਆ ਕੰਮ ਦੁਆਉਣ ਦਾ ਝੂਠਾ ਵਾਅਦਾ ਵੀ ਕੀਤਾ ਸੀ। ਨੌਜਵਾਨਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਜੇਲ੍ਹ ਵਿਚ ਰੱਖਿਆ ਗਿਆ ਹੈ ਅਤੇ ਤਿੰਨ ਤੋਂ ਛੇ ਸਾਲ ਦੀ ਸਜ਼ਾ ਦੀ ਵੀ ਧਮਕੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕੋਲੋਂ ਅਜਿਹੀ ਭਾਸ਼ਾ ਵਾਲੇ ਦਸਤਾਵੇਜ਼ਾਂ 'ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਜਿਹੜੀ ਭਾਸ਼ਾ ਉਹ ਜਾਣਦੇ ਤੱਕ ਨਹੀਂ ਹਨ।



ਇਨ੍ਹਾਂ ਮੁੰਡਿਆ ਨੇ ਦੱਸਿਆ ਕਿ ਅਜਿਹੇ ਜਾਨਵਰਾਂ ਦਾ ਮਾਸ ਖਾਣੇ ਵਿਚ ਦਿੱਤਾ ਜਾਂਦਾ ਹੈ ਜਿਹੜੇ ਜਾਨਵਰਾਂ ਦਾ ਮਾਸ ਉਤਰੀ ਭਾਰਤ ਵਿਚ ਆਮ ਨਹੀਂ ਖਾਧਾ ਜਾਂਦਾ। ਹਾਲਾਂਕਿ, ਵਾਇਰਲ ਹੋਈ ਸੰਖੇਪ ਜਿਹੀ ਵੀਡੀਓ ਕਲਿੱਪ ਵਿਚ ਉਹ ਭਾਰਤ ਵਿਚ ਨੌਜਵਾਨ ਕਿਹੜੇ ਖਿਤੇ ਵਿਚ ਰਹਿੰਦੇ ਹਨ, ਉਸ ਦਾ ਖੁਲਾਸਾ ਨਹੀਂ ਕਰਦੇ। ਜਦੋਂ ਇਹ ਵੀਡੀਓ ਫੁਟੇਜ ਸੰਸਦ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਧਿਆਨ ਵਿਚ ਆਈ ਤਾਂ ਉਨ੍ਹਾਂ ਨੇ ਤੁਰਤ ਵਿਦੇਸ਼ ਮੰਤਰਾਲੇ ਅਤੇ ਅਰਮੀਨੀਅ ਦੇ ਭਾਰਤੀ ਦੂਤਾਵਾਸ ਨੂੰ ਪੱਤਰ ਈਮੇਲ ਕੀਤਾ ਹੈ ਤੇ ਜੇਲ੍ਹ ਵਿਚ ਫਸੇ ਇਨ੍ਹਾਂ ਨੌਜਵਾਨਾਂ ਦੀ ਜਲਦੀ ਪਛਾਣ ਕਰਕੇ ਉਨ੍ਹਾਂ ਨੂੰ ਸਹਾਇਤਾ ਦੇਣ ਦੀ ਅਪੀਲ ਕੀਤੀ। ਸੰਤ ਸੀਚੇਵਾਲ ਨੇ ਆਪਣੇ ਫੇਸਬੁਕ ਅਕਾਊਂਟ 'ਤੇ ਕਲਿੱਪ ਸਾਂਝੀ ਕੀਤੀ, ਲੋਕਾਂ ਨੂੰ ਇਨ੍ਹਾਂ ਨੌਜਵਾਨਾਂ ਦੇ ਪਰਿਵਾਰਾਂ ਦਾ ਪਤਾ ਲਗਾਉਣ ਵਿਚ ਮਦਦ ਕਰਨ ਦੀ ਅਪੀਲ ਕੀਤੀ। ਸੰਤ ਸੀਚੇਵਾਲ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਖਤ ਕਦਮ ਚੁੱਕਣ ਦੀ ਲੋੜ ਹੈ।

## ਆਸਟਰੇਲੀਆ ਦੀ ਥਾਂ ਮਲੇਸ਼ੀਆ ਭੇਜਣ ਦੇ ਮਾਮਲੇ 'ਚ ਕੇਸ ਦਰਜ

**ਫ਼ਰੀਦਕੋਟ:** ਜ਼ਿਲ੍ਹਾ ਫ਼ਰੀਦਕੋਟ ਪੁਲਿਸ ਨੇ ਇਕ ਨੌਜਵਾਨ ਨੂੰ ਆਸਟਰੇਲੀਆ ਦੀ ਥਾਂ ਮਲੇਸ਼ੀਆ ਭੇਜ ਕੇ 36 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਹੇਠ ਮੋਗਾ ਦੇ ਦੋ ਟਰੈਵਲਰ ਏਜੰਟਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੁਲਿਸ ਨੇ ਇਹ ਕਾਰਵਾਈ ਪਿੰਡ ਪੱਖੀ ਖੁਰਦ ਦੇ ਨੌਜਵਾਨ ਕਮਲਜੀਤ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ ਕੀਤੀ ਹੈ।

ਸ਼ਿਕਾਇਤਕਰਤਾ ਕਮਲਜੀਤ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਆਸਟਰੇਲੀਆ ਜਾਣ ਲਈ ਮੋਗਾ ਦੇ ਟਰੈਵਲਰ ਏਜੰਟ ਸੰਜੈ ਕੁਮਾਰ ਤੇ ਹਰਪ੍ਰੀਤ ਸਿੰਘ ਨਾਲ ਗੱਲ ਕੀਤੀ ਸੀ, ਜਿਨ੍ਹਾਂ ਭਰੋਸਾ ਦਿਵਾਇਆ ਸੀ ਕਿ ਪਹਿਲਾਂ ਉਹ ਉਸ ਨੂੰ ਮਲੇਸ਼ੀਆ ਭੇਜਣਗੇ ਅਤੇ ਉਥੋਂ ਆਸਟਰੇਲੀਆ ਭੇਜ ਦੇਣਗੇ। ਉਸ ਨੇ ਦੋਸ਼ ਲਾਇਆ ਕਿ ਦੋ ਸਾਲ ਬੀਤਣ ਮਗਰੋਂ ਵੀ ਉਸ ਨੂੰ ਆਸਟਰੇਲੀਆ ਨਹੀਂ ਭੇਜਿਆ ਗਿਆ ਜਿਸ ਕਰਕੇ ਉਸ ਨੂੰ ਪੰਜਾਬ ਮੁੜਨਾ ਪਿਆ। ਦੂਜੇ ਪਾਸੇ, ਟਰੈਵਲ ਏਜੰਟਾਂ ਨੇ ਦੋਸ਼ ਨਕਾਰਦਿਆਂ ਕਿਹਾ ਕਿ ਸ਼ਿਕਾਇਤਕਰਤਾ ਮਰਜ਼ੀ ਨਾਲ ਮਲੇਸ਼ੀਆ ਤੋਂ ਵਾਪਸ ਆ ਕੇ ਉਨ੍ਹਾਂ ਉਤੇ ਝੂਠੇ ਦੋਸ਼ ਲਾ ਰਿਹਾ ਹੈ।

## ਬਾਸਮਤੀ ਹੇਠ ਰਕਬਾ ਵਧਾਉਣ ਦਾ ਟੀਚਾ ਮਿੱਥਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚ ਬਾਸਮਤੀ ਹੇਠ 10 ਲੱਖ ਹੈਕਟੇਅਰ ਰਕਬਾ ਕਰਨ ਦਾ ਟੀਚਾ ਮਿੱਥਿਆ ਹੈ। ਇਸ ਨਾਲ ਕਿਸਾਨਾਂ ਨੂੰ ਪਾਣੀ ਦੀ ਵੱਧ ਖ਼ਪਤ ਵਾਲੇ ਝੋਨੇ ਤੋਂ ਛੁਟਕਾਰਾ ਦਿਵਾਇਆ ਜਾ ਸਕੇਗਾ। ਇਸ ਗੱਲ ਦਾ ਪ੍ਰਗਟਾਵਾ ਪੰਜਾਬ ਦੇ ਖੇਤੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕੀਤਾ।

ਸ੍ਰੀ ਖੁੱਡੀਆਂ ਨੇ ਆਪਣੇ ਦਫ਼ਤਰ ਵਿਖੇ ਵਿਭਾਗ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਸਾਲ 2024-25 ਦੌਰਾਨ ਬਾਸਮਤੀ ਅਧੀਨ ਤਕਰੀਬਨ 10 ਲੱਖ ਹੈਕਟੇਅਰ ਰਕਬਾ ਲਿਆਂਦਾ ਜਾਵੇ, ਜੋ ਕਿ ਪਿਛਲੇ ਸਾਲ 5.96 ਲੱਖ ਹੈਕਟੇਅਰ ਸੀ। ਇਸ ਦੇ ਨਾਲ ਹੀ ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਝੋਨੇ ਦੀ ਸਿੱਧੀ ਬਿਜਾਈ ਹੇਠ ਰਕਬਾ ਵਧਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਸੂਬਾ ਸਰਕਾਰ ਵੱਲੋਂ 1500 ਰੁਪਏ ਪ੍ਰਤੀ ਏਕੜ ਵਿੱਤੀ ਸਹਾਇਤਾ ਦਿੱਤੀ ਜਾਵੇਗੀ।



ਖੇਤੀ ਮੰਤਰੀ ਨੇ ਜੈਵਿਕ ਖਾਦਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਗੁਰਦਾਸਪੁਰ, ਬਠਿੰਡਾ ਅਤੇ ਮੁਹਾਲੀ ਵਿਖੇ ਸਥਾਪਤ ਕੀਤੀਆਂ ਜਾ ਰਹੀਆਂ ਬਾਇਓਫਰਟੀਲਾਈਜ਼ਰ ਟੈਸਟਿੰਗ ਲੈਬਾਂ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ। ਇਸ ਮੌਕੇ ਵਿਸ਼ੇਸ਼ ਮੁੱਖ ਸਕੱਤਰ (ਵਿਕਾਸ) ਕੇ.ਏ.ਪੀ. ਸਿਨਹਾ ਨੇ ਕੈਬਨਿਟ ਮੰਤਰੀ ਨੂੰ ਕਿਹਾ ਕਿ ਗੁਰਦਾਸਪੁਰ ਲੈਬ ਲਈ ਪਹਿਲਾਂ ਹੀ 80 ਲੱਖ ਰੁਪਏ ਰੱਖੇ ਜਾ ਚੁੱਕੇ ਹਨ ਅਤੇ ਜਲਦ ਹੀ ਇਸ ਲੈਬ ਲਈ ਉਪਕਰਣਾਂ ਦੀ ਖਰੀਦ ਕੀਤੀ ਜਾਵੇਗੀ।

## ਨਹਿਰ 'ਚ ਨਹਾਉਣ ਗਏ ਤਿੰਨ ਬੱਚੇ ਡੁੱਬੇ

**ਅਜਨਾਲਾ:** ਹਲਕਾ ਰਾਜਾਸਾਂਸੀ ਅਧੀਨ ਆਉਂਦੇ ਪਿੰਡ ਤੋਲਾ ਨੰਗਲ 'ਚ ਨਹਿਰ ਵਿਚ ਨਹਾਉਣ ਗਏ ਤਿੰਨ ਬੱਚੇ ਡੁੱਬ ਗਏ। ਇਨ੍ਹਾਂ 'ਚੋਂ ਦੋ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ ਜਦਕਿ ਤੀਜੇ ਬੱਚੇ ਦੀ ਭਾਲ ਕੀਤੀ ਜਾ ਰਹੀ ਹੈ। ਸਾਰੇ ਬੱਚਿਆਂ ਦੀ ਉਮਰ 13-14 ਸਾਲ ਦੱਸੀ ਜਾ ਰਹੀ ਹੈ।

ਇਸ ਸਬੰਧੀ ਜਸਕਰਨ ਸਿੰਘ, ਕ੍ਰਿਸ਼, ਲਵਪ੍ਰੀਤ ਸਿੰਘ ਵਾਸੀ ਪਿੰਡ ਤੋਲਾ ਨੰਗਲ ਦੇ ਮਾਪਿਆਂ ਨੇ ਦੱਸਿਆ ਕਿ ਉਨ੍ਹਾਂ ਦੇ ਬੱਚੇ ਨੇੜਲੇ ਪਿੰਡ ਸ਼ਬਾਜਪੁਰਾ 'ਚ ਬਾਬਾ ਭਾਗ ਦੇ ਗੁਰਦੁਆਰਾ ਸਾਹਿਬ ਵਿਖੇ ਮੇਲਾ ਵੇਖਣ ਗਏ ਸਨ। ਮੇਲਾ ਦੇਖਣ ਤੋਂ ਬਾਅਦ ਚਾਰ ਦੋਸਤ ਲਾਹੌਰ ਬ੍ਰਾਂਚ ਨਹਿਰ ਵਿਚ ਨਹਾਉਣ ਲੱਗ ਪਏ। ਇਸੇ ਦੌਰਾਨ ਉਹ ਚਾਰੇ ਇਕ-ਦੂਜੇ ਨੂੰ ਪਾਣੀ ਦੇ ਵਹਾਅ 'ਚੋਂ ਬਚਾਉਂਦੇ ਹੋਏ ਰੁੜ੍ਹ ਗਏ। ਸਥਾਨਕ ਲੋਕਾਂ ਨੇ ਇਕ ਬੱਚੇ ਨੂੰ ਬਚਾਅ ਲਿਆ ਜਦਕਿ ਬਾਕੀ ਤਿੰਨ ਨਹਿਰ 'ਚ ਡੁੱਬ ਗਏ। ਇਨ੍ਹਾਂ 'ਚੋਂ ਦੋ ਬੱਚਿਆਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ ਅਤੇ ਇਕ ਬੱਚੇ ਦੀ ਭਾਲ ਜਾਰੀ ਹੈ।

## ਵਿਆਹ ਬੰਧਨ 'ਚ ਬੱਝੇ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ

**ਜ਼ੀਰਕਪੁਰ:** ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਵਿਆਹ ਦੇ ਬੰਧਨ ਵਿਚ ਬੱਝ ਗਏ। ਜ਼ੀਰਕਪੁਰ ਦੇ ਇਤਿਹਾਸਕ ਗੁਰਦੁਆਰਾ ਨਾਭਾ ਸਾਹਿਬ ਵਿਖੇ ਉਨ੍ਹਾਂ ਨੇ ਬਲਟਾਣਾ ਵਸਨੀਕ ਐਡਵੋਕੇਟ ਸ਼ਾਹਬਾਜ਼ ਸੋਹੀ ਨਾਲ ਲਾਵਾਂ ਲੈ ਕੇ ਆਪਣੀ ਵਿਆਹੁਤਾ ਜ਼ਿੰਦਗੀ ਦੀ ਸ਼ੁਰੂਆਤ ਕੀਤੀ।

ਵਿਆਹ ਬਹੁਤ ਸਾਦੇ ਢੰਗ ਨਾਲ ਕੀਤਾ ਗਿਆ ਜਿੱਥੇ ਦੋਵਾਂ ਦੇ ਪਰਿਵਾਰਕ ਮੈਂਬਰ, ਰਿਸ਼ਤੇਦਾਰ ਅਤੇ ਖ਼ਾਸ ਦੋਸਤ ਹੀ ਸ਼ਾਮਲ ਹੋਏ। ਵਿਆਹ ਤੋਂ ਬਾਅਦ ਦੋਵਾਂ ਨੇ ਸਾਰੇ ਮਹਿਮਾਨਾਂ ਨਾਲ ਲੰਗਰ ਛਕਿਆ। ਵਿਆਹ ਤੋਂ ਬਾਅਦ ਨਿੱਜੀ ਪੈਲੇਸ ਵਿਚ ਪਾਰਟੀ ਰੱਖੀ ਗਈ, ਜਿੱਥੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਪਤਨੀ ਡਾ. ਗੁਰਪ੍ਰੀਤ ਕੌਰ ਅਤੇ ਭੈਣ ਨਾਲ ਪਹੁੰਚ ਕੇ ਨਵੇਂ ਜੋੜੇ ਨੂੰ ਆਸ਼ੀਰਵਾਦ ਦਿੱਤਾ। ਨਮੋਲ ਗਗਨ ਮਾਨ ਮਾਨਸਾ ਦੀ ਜੰਮਪਲ ਹੈ ਜਿਸ ਨੇ ਆਪਣਾ ਕਰੀਅਰ ਮਾਡਲਿੰਗ ਤੋਂ ਸ਼ੁਰੂ ਕੀਤਾ। ਉਨ੍ਹਾਂ ਸਾਲ 2004 ਤੋਂ 2013 ਤੱਕ ਮਾਡਲਿੰਗ ਕੀਤੀ।

ਇਸ ਮਗਰੋਂ 2014 ਤੋਂ ਪੰਜਾਬੀ ਗਾਇਕੀ ਦਾ ਸਫ਼ਰ ਸ਼ੁਰੂ ਕੀਤਾ। ਸਾਲ 2020 ਵਿਚ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਈ। ਸਾਲ 2022 ਵਿਚ ਉਹ ਖਰੜ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਚੁਣੀ ਗਈ। ਪਾਰਟੀ ਵੱਲੋਂ ਉਨ੍ਹਾਂ ਨੂੰ ਸੈਰ-ਸਪਾਟਾ ਸਣੇ ਚਾਰ ਮਹਿਕਮਿਆਂ ਦਾ ਮੰਤਰੀ ਬਣਾਇਆ ਗਿਆ।



ਉਧਰ ਅਨਮੋਲ ਗਗਨ ਮਾਨ ਦੇ ਪਤੀ ਸ਼ਾਹਬਾਜ਼ ਸੋਹੀ ਜ਼ੀਰਕਪੁਰ ਦੇ ਬਲਟਾਣਾ ਖੇਤਰ ਦੇ ਮਰਹੂਮ ਕਾਂਗਰਸੀ ਆਗੂ ਰਵਿੰਦਰ ਸਿੰਘ ਕੁਕੂ ਸੋਹੀ ਦੇ ਛੋਟੇ ਪੁੱਤਰ ਹਨ। ਸੋਹੀ ਪਰਿਵਾਰ ਇਸ ਖੇਤਰ ਦੇ ਵੱਡੇ ਜ਼ਿਮੀਂਦਾਰ ਹਨ। ਸ਼ਾਹਬਾਜ਼ ਸੋਹੀ ਦੀ ਮਾਤਾ ਸ਼ੀਲਮ ਸੋਹੀ ਕਾਂਗਰਸ ਵੱਲੋਂ ਸਾਲ 2002 'ਚ ਵਿਧਾਨ ਸਭਾ ਦੀ ਚੋਣ ਲੜ ਚੁੱਕੇ ਹਨ, ਜੋ ਉਹ ਹਾਰ ਗਏ ਸੀ। ਸ਼ੀਲਮ ਸੋਹੀ ਲੰਮੇ ਸਮੇਂ ਤੋਂ ਅਕਾਲੀ ਦਲ ਵਿਚ ਸੀ ਤੇ ਉਨ੍ਹਾਂ ਇਕ ਮਹੀਨੇ ਪਹਿਲਾਂ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਸੀ। ਸ਼ਾਹਬਾਜ਼ ਸੋਹੀ ਦਾ ਦਾਦਾ ਮਰਹੂਮ ਬਲਬੀਰ ਸਿੰਘ ਬਲਟਾਣਾ ਆਜ਼ਾਦ ਤੌਰ 'ਤੇ ਜਿੱਤ ਕੇ ਵਿਧਾਇਕ ਰਹਿ ਚੁੱਕੇ ਹਨ।

## ਸ਼ੰਭੂ ਬਾਰਡਰ 'ਤੇ ਛੋਟੇ ਵਾਹਨਾਂ ਲਈ ਰਸਤਾ ਖੋਲ੍ਹਣ ਦੀ ਮੰਗ

**ਸ਼ੰਭੂ ਬਾਰਡਰ:** ਪਟਿਆਲਾ ਜ਼ਿਲ੍ਹੇ ਦੇ ਸ਼ੰਭੂ ਬਾਰਡਰ 'ਤੇ ਹਰਿਆਣਾ ਸਰਕਾਰ ਵੱਲੋਂ ਲਾਏ ਬੈਰੀਕੇਡਾਂ ਅਤੇ ਰੋਕਾਂ ਕਾਰਨ ਕਿਸਾਨਾਂ ਵੱਲੋਂ ਸਵਾ ਚਾਰ ਮਹੀਨਿਆਂ ਤੋਂ ਇੱਥੇ ਪੱਕਾ ਮੋਰਚਾ ਲਾਇਆ ਗਿਆ ਹੈ। ਇਸ ਕਾਰਨ ਇੱਥੋਂ ਲੰਘਣ ਵਾਲੇ ਰਾਹਗੀਰ ਪ੍ਰੇਸ਼ਾਨ ਹਨ ਤੇ ਉਨ੍ਹਾਂ ਨੂੰ ਰੋਜ਼ਾਨਾ ਬਦਲਵੇਂ ਰਸਤਿਆਂ ਰਾਹੀਂ ਕਾਫ਼ੀ ਗੇੜ ਪਾ ਕੇ ਜਾਣਾ ਪੈਂਦਾ ਹੈ।

ਖ਼ਾਸ ਕਰਕੇ ਸ਼ੰਭੂ ਬਾਰਡਰ ਦੇ ਨੇੜਲੇ ਕਈ ਪਿੰਡਾਂ ਦੇ ਲੋਕ ਕਾਫ਼ੀ ਮੁਸ਼ਕਲਾਂ ਨਾਲ ਜੂਝ ਰਹੇ ਹਨ ਕਿਉਂਕਿ ਉਨ੍ਹਾਂ ਦਾ ਨਿੱਤ ਦਿਨ ਅੰਬਾਲਾ ਤੇ ਹੋਰ ਸ਼ਹਿਰਾਂ 'ਚ ਆਉਣ-ਜਾਣ ਰਹਿੰਦਾ ਹੈ। ਇਸ ਕਾਰਨ ਉਨ੍ਹਾਂ ਮੋਰਚੇ ਦੀ ਅਗਵਾਈ ਕਰ ਰਹੀ ਟੀਮ ਦੇ ਮੈਂਬਰ ਕਿਸਾਨ ਆਗੂਆਂ ਨਾਲ ਮੁਲਾਕਾਤ ਕੀਤੀ ਤੇ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੂੰ ਮੰਗ ਪੱਤਰ ਵੀ ਦਿੱਤਾ।

ਕਿਸਾਨਾਂ ਨੂੰ ਅਪੀਲ ਕਰਦਿਆਂ ਰਾਜਗੜ੍ਹ ਦੇ ਨੰਬਰਦਾਰ ਗੁਰਮੀਤ ਸਿੰਘ, ਤੇਪਲਾ ਵਾਸੀ ਸੋਨੂੰ ਰਾਣਾ ਅਤੇ ਮਿੰਟੂ ਸਣੇ ਕਈ ਹੋਰ ਵਿਅਕਤੀਆਂ ਨੇ ਕਿਹਾ ਕਿ ਸ਼ੰਭੂ ਨੇੜੇ ਪੈਂਦੇ ਕਈ ਪਿੰਡਾਂ ਦੇ ਲੋਕ ਕਾਫ਼ੀ ਪ੍ਰੇਸ਼ਾਨ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਜਿੱਥੇ ਆਪਣੇ ਬੱਚਿਆਂ ਦੀ ਪੜ੍ਹਾਈ ਦੀ ਚਿੰਤਾ ਹੈ, ਉੱਥੇ ਹੀ ਬਿਮਾਰ ਹੋਣ 'ਤੇ ਮਰੀਜ਼ਾਂ ਨੂੰ ਹਸਪਤਾਲ ਲਿਜਾਣ ਦੀ ਵੀ ਚਿੰਤਾ ਰਹਿੰਦੀ ਹੈ।

ਉਨ੍ਹਾਂ ਦਾ ਕਹਿਣਾ ਸੀ ਕਿ ਅੱਗੇ ਬਰਸਾਤ ਦਾ ਮੌਸਮ ਆ ਰਿਹਾ ਹੈ ਤੇ ਇਹ ਹੜ੍ਹ ਪ੍ਰਭਾਵਿਤ ਇਲਾਕਾ ਹੋਣ ਕਾਰਨ ਬਾਰਿਸ਼ਾਂ ਦੌਰਾਨ ਬਹੁਤੇ ਰਸਤੇ ਬੰਦ ਹੋ ਜਾਂਦੇ ਹਨ। ਉਨ੍ਹਾਂ ਕਿਸਾਨ ਆਗੂਆਂ ਨੂੰ ਇੱਥੋਂ ਦੋਪਹੀਆ ਵਾਹਨਾਂ ਨੂੰ ਲੰਘਾਉਣ ਦੀ ਅਪੀਲ ਕੀਤੀ। ਉੱਧਰ, ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਇਹ ਰਸਤਾ ਉਨ੍ਹਾਂ ਨੇ ਨਹੀਂ ਬਲਕਿ ਸਰਕਾਰ ਨੇ ਰੋਕਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਫੇਰ ਵੀ ਉਹ ਇਸ ਮੋਰਚੇ ਦੀ ਅਗਵਾਈ ਕਰ ਰਹੀਆਂ ਦੋਵੇਂ ਫੋਰਮਾਂ, ਐਸ.ਕੇ.ਐਮ. ਗੈਰ-ਸਿਆਸੀ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂਆਂ ਨਾਲ ਇਹ ਮਾਮਲਾ ਵਿਚਾਰਨਗੇ।

## ਕਿਸਾਨ ਜਥੇਬੰਦੀਆਂ ਨੇ ਲਾਡੋਵਾਲ ਪਲਾਜ਼ਾ ਮੁਫਤ ਕਰਵਾਇਆ

**ਲੁਧਿਆਣਾ:** ਲੁਧਿਆਣਾ-ਜਲੰਧਰ ਮੁੱਖ ਸੜਕ ਉਤੇ ਫਿਲੌਰ ਨੇੜੇ ਪੰਜਾਬ ਦੇ ਸਭ ਤੋਂ ਮਹਿੰਗੇ ਲਾਡੋਵਾਲ ਟੌਲ ਪਲਾਜ਼ਾ ਨੂੰ ਕਿਸਾਨ ਜਥੇਬੰਦੀਆਂ ਨੇ ਮੁਫ਼ਤ ਕਰ ਦਿੱਤਾ। ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ, ਭਾਰਤੀ ਕਿਸਾਨ ਯੂਨੀਅਨ ਦੋਆਬਾ ਅਤੇ ਟੈਕਸੀ ਯੂਨੀਅਨ ਪੰਜਾਬ ਸਣੇ ਹੋਰਨਾਂ ਜਥੇਬੰਦੀਆਂ ਦੇ ਵਰਕਰ ਟੌਲ ਪਲਾਜ਼ਾ 'ਤੇ ਪੁੱਜੇ। ਉਨ੍ਹਾਂ ਟੌਲ ਬੂਥਾਂ ਵਿਚ ਬੈਠੇ ਮੁਲਾਜ਼ਮਾਂ ਨੂੰ ਬਾਹਰ ਕੱਢ ਦਿੱਤਾ ਅਤੇ ਬੂਥਾਂ 'ਤੇ ਕਬਜ਼ਾ ਕਰ ਕੇ ਅਣਮਿੱਥੇ ਸਮੇਂ ਲਈ ਧਰਨਾ ਦੇ ਕੇ ਵਾਹਨ ਚਾਲਕਾਂ ਲਈ ਬੈਰੀਅਰ ਚੁੱਕ ਦਿੱਤੇ। ਇਸ ਕਾਰਨ ਹੁਣ ਰਾਹਗੀਰ ਆਪਣੇ ਵਾਹਨ ਬਿਨਾਂ ਪਰਚੀ ਕਟਾਏ ਲੰਘਾ ਰਹੇ ਹਨ।

ਇਸ ਮੌਕੇ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਦਿਲਬਾਗ ਸਿੰਘ ਗਿੱਲ ਨੇ ਦੱਸਿਆ ਕਿ ਲਾਡੋਵਾਲ ਟੌਲ ਪਲਾਜ਼ਾ ਸੂਬੇ ਦੇ ਸਾਰੇ ਟੌਲ ਪਲਾਜ਼ਿਆਂ ਨਾਲੋਂ ਸਭ ਤੋਂ ਮਹਿੰਗਾ ਟੌਲ ਪਲਾਜ਼ਾ ਹੈ, ਜੋ ਸਰਕਾਰ ਦੀ ਕਥਿਤ ਮਿਲੀਭੁਗਤ ਨਾਲ ਚਲਾਇਆ ਜਾ ਰਿਹਾ ਹੈ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ



ਮਾਲਵਾ ਜ਼ੋਨ ਪ੍ਰਧਾਨ ਇੰਦਰਵੀਰ ਸਿੰਘ ਕਾਦੀਆਂ, ਪ੍ਰਧਾਨ ਮਨਜੀਤ ਸਿੰਘ ਘੁਮਾਣਾ ਅਤੇ ਹੋਰ ਕਮੇਟੀ ਮੈਂਬਰ ਮਨਜੀਤ ਸਿੰਘ ਅਰੋੜਾ ਨੇ ਕਿਹਾ ਕਿ ਇੱਥੇ ਲੋਕਲ ਗੱਡੀਆਂ ਦੇ ਪਾਸ 150 ਰੁਪਏ ਵਿਚ ਬਣਦੇ ਸਨ, ਜੋ ਨਵੀਆਂ ਦਰਾਂ ਮੁਤਾਬਕ 340 ਰੁਪਏ ਕਰ ਦਿੱਤੇ ਗਏ ਹਨ। ਚਾਰਪਹੀਆ ਵਾਹਨਾਂ ਅਤੇ ਵੱਡੀਆਂ ਗੱਡੀਆਂ ਲਈ ਵੀ ਸਾਲ ਵਿਚ ਤੀਜੀ ਵਾਰ ਟੌਲ ਦਰਾਂ ਵਿਚ ਵਾਧਾ ਕੀਤਾ ਗਿਆ ਹੈ। ਆਗੂਆਂ ਨੇ ਕਿਹਾ ਕਿ ਇਸ ਲੁੱਟ ਖ਼ਿਲਾਫ਼ ਕਿਸੇ ਵੀ ਸਿਆਸੀ ਪਾਰਟੀ ਨੇ ਕੋਈ ਆਵਾਜ਼ ਨਹੀਂ ਚੁੱਕੀ। ਆਗੂਆਂ ਨੇ ਐਲਾਨ ਕੀਤਾ ਕਿ ਜਦ ਤੱਕ ਨੈਸ਼ਨਲ ਹਾਈਵੇਅ ਅਥਾਰਿਟੀ ਆਫ਼ ਇੰਡੀਆ ਵੱਲੋਂ ਟੌਲ ਦਰਾਂ ਵਿਚ ਕੀਤਾ ਵਾਧਾ ਵਾਪਸ ਨਹੀਂ ਲਿਆ ਜਾਂਦਾ, ਉਦੋਂ ਤੱਕ ਧਰਨਾ ਜਾਰੀ ਰਹੇਗਾ।

ਪੰਜਾਬ ਟਾਈਮਜ਼

ਸ਼ਨਿਚਰਵਾਰ, 22 ਜੂਨ, 2024

# ਨਵੀਂ ਸਿਆਸਤ ਨਵੇਂ ਪੈਂਤੜੇ

ਚਾਰ ਜੂਨ ਨੂੰ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਕੁਝ ਲੋਕ ਜਿਹੜੀ ਰਾਹਤ ਮਹਿਸੂਸ ਕਰ ਰਹੇ ਸੀ, ਉਹ ਦੋ ਹਫਤਿਆਂ ਦੇ ਅੰਦਰ-ਅੰਦਰ ਕਾਫੂਰ ਹੋਣੀ ਸ਼ੁਰੂ ਹੋ ਗਈ ਹੈ। ਇਨ੍ਹਾਂ ਚੋਣ ਨਤੀਜਿਆਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਇਕੱਲਿਆਂ ਬਹੁਮਤ ਨਹੀਂ ਸੀ ਮਿਲੀ। 2014 ਅਤੇ 2019 ਵਾਲੀਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਕ੍ਰਮਵਾਰ 282 ਅਤੇ 303 ਸੀਟਾਂ ਉਤੇ ਜਿੱਤ ਪ੍ਰਾਪਤ ਹੋਈ ਸੀ ਅਤੇ ਇਨ੍ਹਾਂ ਜਿੱਤਾਂ ਤੋਂ ਬਾਅਦ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੰਮ ਦੀਆਂ ਚਲਾਈਆਂ ਸਨ। ਦਰਅਸਲ, 2014 ਵਿਚ ਹੀ ਸੱਤਾ ਉਤੇ ਕਾਬਜ਼ ਹੋਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੇ ਆਪਣੀ ਸਿਆਸੀ ਸਰਪ੍ਰਸਤ ਜਥੇਬੰਦੀ- ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦਾ ਹਿੰਦੂ ਰਾਸ਼ਟਰ ਵਾਲਾ ਏਜੰਡਾ ਲਾਗੂ ਕਰਨਾ ਆਰੰਭ ਕਰ ਦਿੱਤਾ ਸੀ। ਇਸ ਏਜੰਡੇ ਤਹਿਤ ਘੱਟ ਗਿਣਤੀਆਂ ਖਾਸ ਕਰ ਕੇ ਮੁਸਲਮਾਨਾਂ ਖ਼ਿਲਾਫ ਮਿਥ ਕੇ ਮੁਹਿੰਮਾਂ ਚਲਾਈਆਂ ਗਈਆਂ ਅਤੇ ਉਨ੍ਹਾਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਗਿਆ। 2019 ਵਾਲੀ ਜਿੱਤ ਤੋਂ ਬਾਅਦ ਇਨ੍ਹਾਂ ਮੁਹਿੰਮਾਂ ਵਿਚ ਹੋਰ ਤੇਜ਼ੀ ਤਾਂ ਲਿਆਂਦੀ ਹੀ ਗਈ, ਮੁਲਕ ਦੀਆਂ ਸਾਰੀਆਂ ਖੁਦਮੁਖਤਾਰ ਸੰਸਥਾਵਾਂ ਨੂੰ ਇਕ-ਇਕ ਕਰ ਕੇ ਅਧੀਨ ਕਰ ਲਿਆ ਗਿਆ। ਫਿਰ ਇਨ੍ਹਾਂ ਸੰਸਥਾਵਾਂ ਰਾਹੀਂ ਵਿਰੋਧੀ ਧਿਰ ਨੂੰ ਦਬਾਉਣ ਲਈ ਵਰਤਿਆ ਜਾਣ ਲੱਗਾ। ਪਾਰਟੀ, ਸਰਕਾਰ ਅਤੇ ਨਰਿੰਦਰ ਮੋਦੀ ਨੇ ਹਰ ਮਸਲੇ 'ਤੇ ਆਪਣੀ ਮਰਜ਼ੀ ਪੁਗਾਈ। ਇਸੇ ਕਰ ਕੇ ਕੁਝ ਸਿਆਸੀ ਮਾਹਿਰ ਤਾਂ ਇਹ ਵੀ ਕਹਿਣ ਲੱਗ ਪਏ ਸਨ ਕਿ ਹੁਣ ਤਾਂ ਹਿੰਦੂ ਰਾਸ਼ਟਰ ਦਾ ਐਲਾਨ ਹੋਣਾ ਬਾਕੀ ਹੈ, ਬਾਕੀ ਸਾਰਾ ਕਾਰਜ ਤਾਂ ਭਾਰਤੀ ਜਨਤਾ ਪਾਰਟੀ ਅਤੇ ਰਾਸ਼ਟਰੀ ਸਵੈਮਸੇਵਕ ਸੰਘ ਨੇ ਤਕਰੀਬਨ ਨਿਬੇੜ ਲਿਆ ਹੈ। ਜਿਸ ਢੰਗ ਨਾਲ ਅਯੁੱਧਿਆ ਵਿਚ ਰਾਮ ਮੰਦਰ ਦਾ ਉਦਘਾਟਨ ਕੀਤਾ ਗਿਆ, ਉਸ ਤੋਂ ਸਾਫ ਜ਼ਾਹਿਰ ਹੋ ਰਿਹਾ ਸੀ ਕਿ ਭਾਰਤੀ ਜਨਤਾ ਪਾਰਟੀ ਕਿਸ ਮਾਰਗ 'ਤੇ ਚੱਲ ਰਹੀ ਹੈ।

ਉਂਜ, ਭਾਰਤੀ ਜਨਤਾ ਪਾਰਟੀ, ਰਾਸ਼ਟਰੀ ਸਵੈਮਸੇਵਕ ਸੰਘ ਅਤੇ ਨਰਿੰਦਰ ਮੋਦੀ ਵੱਲੋਂ ਕੀਤੀ ਮਨ-ਮਰਜ਼ੀ ਦੇ ਬਾਵਜੂਦ 2024 ਦੀਆਂ ਆਮ ਚੋਣਾਂ ਤੱਕ ਪੁੱਜਦਿਆਂ-ਪੁੱਜਦਿਆਂ ਇਹ ਕਨਸੋਆਂ ਮਿਲਣ ਲੱਗ ਪਈਆਂ ਕਿ ਇਨ੍ਹਾਂ ਦੀ ਧਰੁਵੀਕਰਨ ਦੀ ਸਿਆਸਤ ਇਸ ਵਾਰ ਆਮ ਲੋਕਾਂ ਨੂੰ ਪ੍ਰਭਾਵਿਤ ਨਹੀਂ ਕਰ ਰਹੀ। ਅਸਲ ਵਿਚ, ਅੰਤਾਂ ਦੀ ਮਹਿੰਗਾਈ ਅਤੇ ਬੇਰੁਜ਼ਗਾਰੀ, ਦੋ ਅਜਿਹੇ ਮੁੱਦੇ ਵਾਰ-ਵਾਰ ਉਭਰ ਕੇ ਸਾਹਮਣੇ ਆਏ ਜਿਸ ਨੇ ਧਰੁਵੀਕਰਨ ਦੀ ਸਿਆਸਤ ਨੂੰ ਪਿਛਾਂਹ ਧੱਕ ਦਿੱਤਾ। ਲੋਕ ਸਭਾ ਚੋਣਾਂ ਦੇ ਕੁੱਲ ਸੱਤਾਂ ਪੜਾਵਾਂ ਵਿਚੋਂ ਪਹਿਲੇ ਹੀ ਪੜਾਅ ਦੌਰਾਨ ਹੋਈ ਘੱਟ ਪੋਲਿੰਗ ਨੇ ਸੱਤਾਧਾਰੀਆਂ ਦੀ ਰਾਤ ਦੀ ਨੀਂਦ ਅਤੇ ਦਿਨ ਦਾ ਚੈਨ ਗੁਆ ਦਿੱਤੇ। ਦੂਜੇ ਪੜਾਅ ਤੋਂ ਬਾਅਦ ਆਈਆਂ ਖਬਰਾਂ ਨੇ ਰਹਿੰਦੀ ਕਸਰ ਕੱਢ ਦਿੱਤੀ। ਉਦੋਂ ਤੱਕ ਸਪਸ਼ਟ ਹੋ ਗਿਆ ਕਿ ਪਾਰਟੀ ਨੇ ਜਿਹੜਾ 'ਚਾਰ ਸੌ ਪਾਰ' ਵਾਲਾ ਟੀਚਾ ਰੱਖਿਆ ਸੀ, ਉਸ ਤੱਕ ਪੁੱਜਣਾ ਮੁਸ਼ਕਿਲ ਹੀ ਨਹੀਂ, ਅਸੰਭਵ ਜਾਪਣ ਲੱਗ ਪਿਆ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਧਰੁਵੀਕਰਨ ਲਈ ਫਿਰ ਯਤਨ ਕੀਤੇ। ਇਹ ਯਤਨ ਇੰਨੇ ਕੋਝੇ ਢੰਗ ਨਾਲ ਕੀਤੇ ਗਏ ਕਿ ਲੋਕਾਂ ਨੇ ਕਹਿਣਾ ਆਰੰਭ ਕਰ ਦਿੱਤਾ ਕਿ ਮੋਦੀ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਮਰਯਾਦਾ ਵੀ ਦਾਅ 'ਤੇ ਲਾ ਦਿੱਤੀ ਹੈ। ਅਸਲ ਵਿਚ, ਸੱਤਾ ਧਿਰ ਵੱਲੋਂ ਲਿਆਂਦਾ ਕੋਈ ਵੀ ਮੁੱਦਾ ਲੋਕਾਂ ਨੂੰ ਪ੍ਰਭਾਵਿਤ ਨਹੀਂ ਕਰ ਸਕਿਆ। ਇਸ ਦੇ ਉਲਟ, ਵਿਰੋਧੀ ਧਿਰ ਇਨ੍ਹਾਂ ਚੋਣਾਂ ਦੌਰਾਨ ਆਪਣਾ ਏਜੰਡਾ ਬੰਨ੍ਹਣ ਵਿਚ ਕਾਮਯਾਬ ਹੋ ਗਈ। ਇਹ ਪਹਿਲੀ ਵਾਰ ਸੀ ਕਿ ਵਿਰੋਧੀ ਧਿਰ ਵੱਲੋਂ ਉਠਾਏ ਮੁੱਦਿਆਂ ਬਾਰੇ ਜਵਾਬ ਸੱਤਾ ਧਿਰ ਨੂੰ ਦੇਣੇ ਪੈ ਰਹੇ ਸਨ। ਕੁਝ ਵਿਸ਼ਲੇਸ਼ਕਾਂ ਨੇ ਤਾਂ ਇਹ ਵੀ ਕਿਹਾ ਕਿ ਜੇਕਰ ਵਿਰੋਧੀ ਧਿਰ ਇਕਜੁਟ ਰਹਿੰਦੀ ਤਾਂ ਭਾਰਤੀ ਜਨਤਾ ਪਾਰਟੀ ਨੂੰ ਚਾਰੇ ਖਾਨੇ ਚਿੱਤ ਕੀਤਾ ਜਾ ਸਕਦਾ ਸੀ। ਫਿਰ ਵੀ ਵਿਰੋਧੀ ਧਿਰ ਦੀਆਂ ਸੰਜੀਦਾ ਕੋਸ਼ਿਸ਼ਾਂ ਨੇ ਭਾਰਤੀ ਜਨਤਾ ਪਾਰਟੀ ਨੂੰ ਬਹੁਮਤ ਤੋਂ ਪਹਿਲਾਂ ਹੀ ਡੱਕ ਲਿਆ।

ਇਹੀ ਉਹ ਮਰਹੱਲਾ ਸੀ ਜਦੋਂ ਲੋਕਾਂ ਨੂੰ ਲੱਗਣ ਲੱਗ ਪਿਆ ਕਿ ਐਤਕੀਂ ਵਿਰੋਧੀ ਧਿਰ ਬਹੁਤ ਮਜ਼ਬੂਤ ਹੋ ਗਈ ਹੈ, ਭਾਰਤੀ ਜਨਤਾ ਪਾਰਟੀ ਨੂੰ ਇਕੱਲਿਆਂ ਬਹੁਮਤ ਵੀ ਨਹੀਂ ਮਿਲਿਆ, ਇਸ ਲਈ ਮੋਦੀ ਅਤੇ ਪਾਰਟੀ ਹੁਣ ਆਪਣੀ ਮਨ-ਮਰਜ਼ੀ ਨਹੀਂ ਕਰ ਸਕਣਗੇ; ਹੁਣ ਮੋਦੀ ਨੂੰ ਆਪਣੇ ਭਾਈਵਾਲਾਂ ਨੂੰ ਨਾਲ ਲੈ ਕੇ ਚੱਲਣਾ ਪਵੇਗਾ। ਪਹਿਲਾਂ-ਪਹਿਲ ਤਾਂ ਇਹ ਖਬਰਾਂ ਵੀ ਆਈਆਂ ਕਿ ਮੁੱਖ ਵਿਰੋਧੀ ਧਿਰ ਕਾਂਗਰਸ, ਮੋਦੀ ਦੇ ਭਾਈਵਾਲ ਬਣੇ ਨਿਤੀਸ਼ ਕੁਮਾਰ ਅਤੇ ਐੱਨ. ਚੰਦਰਬਾਬੂ ਨਾਇਡੂ ਨਾਲ ਰਾਬਤਾ ਬਣਾ ਰਹੇ ਹਨ। ਅਜੇ ਵੀ ਕੁਝ ਲੋਕਾਂ ਨੂੰ ਲੱਗ ਰਿਹਾ ਹੈ ਕਿ ਮੋਦੀ ਦੀ ਤੀਜੀ ਪਾਰੀ ਆਪਣਾ ਪੰਜ ਸਾਲ ਦਾ ਕਾਰਜ ਕਾਲ ਪੂਰਾ ਨਹੀਂ ਕਰ ਸਕੇਗੀ ਪਰ ਭਾਰਤੀ ਸਿਆਸਤ ਅੰਦਰ ਲੋਭ ਅਤੇ ਸੱਤਾ ਦਾ ਲਾਲਚ ਇੰਨਾ ਸਿਰ ਚੜ੍ਹ ਕੇ ਬੋਲਦਾ ਹੈ ਕਿ ਨਿਤੀਸ਼ ਅਤੇ ਨਾਇਡੂ ਵਰਗੇ ਲੀਡਰਾਂ ਤੋਂ ਕੋਈ ਵੀ ਆਸ ਰੱਖੀ ਨਹੀਂ ਜਾ ਸਕਦੀ। ਇਸ ਦੇ ਬਾਵਜੂਦ ਲਗਦਾ ਸੀ ਕਿ ਮੋਦੀ ਦੇ ਰੱਥ ਨੂੰ ਨਕੇਲ ਪੈ ਗਈ ਹੈ ਪਰ ਪਿਛਲੇ ਇਕ ਹਫਤੇ ਦੌਰਾਨ ਜਿਸ ਤਰ੍ਹਾਂ ਦੀਆਂ ਕਾਰਵਾਈਆਂ ਸਾਹਮਣੇ ਆਈਆਂ ਹਨ, ਉਸ ਤੋਂ ਜਾਪਦਾ ਨਹੀਂ ਕਿ ਮੋਦੀ ਨੂੰ ਆਪਣੀ ਬਹੁਮਤ ਨਾ ਹੋਣ ਦਾ ਕੋਈ ਫਰਕ ਪਿਆ ਹੈ ਸਗੋਂ ਮੋਦੀ ਆਪਣੀਆਂ ਉਹੀ ਨੀਤੀਆਂ ਅਗਾਂਹ ਵਧਾ ਰਿਹਾ ਹੈ। ਉਘੀ ਲੇਖਕਾ ਅਰੁੰਧਤੀ ਰਾਏ ਨੂੰ ਯੂ.ਏ.ਪੀ.ਏ. ਤਹਿਤ ਫਾਹੁਣ ਦੀ ਤਿਆਰੀ ਕਰ ਲਈ ਗਈ ਹੈ। ਇਹ ਸਰਕਾਰ ਹਰ ਉਹ ਜ਼ਬਾਨ ਬੰਦ ਕਰਨਾ ਚਾਹੁੰਦੀ ਹੈ ਜੋ ਇਸ ਦੀ ਆਲੋਚਨਾ ਕਰਦੀ ਹੈ। ਅਰੁੰਧਤੀ ਰਾਏ ਅਤੇ ਹੋਰ ਸਰਕਰਦਾ ਬੁੱਧੀਜੀਵੀ ਮੋਦੀ ਸਰਕਾਰ ਦੀਆਂ ਜ਼ਿਆਦਤੀਆਂ ਖ਼ਿਲਾਫ ਲਗਾਤਾਰ ਆਵਾਜ਼ ਉਠਾਉਂਦੇ ਰਹੇ ਹਨ। ਇਸ ਲਈ ਹੁਣ ਸਮੁੱਚੇ ਸੰਜੀਦਾ ਲੋਕਾਂ ਨੂੰ ਸਰਕਾਰ ਖ਼ਿਲਾਫ ਨਵੇਂ ਪੈਂਤੜੇ ਮੱਲਣੇ ਚਾਹੀਦੇ ਹਨ ਤਾਂ ਕਿ ਮੋਦੀ ਹਕੂਮਤ ਨੂੰ ਸੱਚਮੁੱਚ ਨਕੇਲ ਪਾਈ ਜਾ ਸਕੇ। ਅਜਿਹੇ ਤਾਂ ਹੀ ਸੰਭਵ ਹੈ ਜੇ ਸਾਰੀਆਂ ਸੰਜੀਦਾ ਧਿਰਾਂ ਇਕਜੁਟ ਹੋ ਕੇ ਇਕ ਮੰਚ ਉਤੇ ਆਉਂਦੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### 'ਵਾਈ-ਫਾਈ' ਦੀ ਫਾਹੀ

ਬੰਦਾ ਹੋਇਆ ਗੁਲਾਮ 'ਮਸ਼ੀਨਰੀ' ਦਾ ਤਾਹੀਉਂ ਬੀ.ਪੀ ਤੇ ਸ਼ੂਗਰ ਨੇ ਗ੍ਰੱਸਿਆ ਏ।
ਸੁੱਖ ਦਿੱਤੇ ਵਿਗਿਆਨ ਨੇ ਬਹੁਤ ਲੇਕਿਨ ਸਬਰ ਸਹਿਜ ਪਰ ਘਰਾਂ 'ਚੋਂ ਨੱਸਿਆ ਏ।
ਹਰ ਕੋਈ ਆਪਣੇ ਫੋਨ 'ਤੇ ਮਸਤ ਹੁੰਦਾ 'ਨਿਜ ਪ੍ਰਸਤੀ' ਦੇ ਨਾਗ ਨੇ ਡੱਸਿਆ ਏ।
ਖਿੱਚੇ ਹੋਏ 'ਤਣਾਅ' ਵਿਚ ਦਿਸਣ ਸਾਰੇ ਤਬਲਾ ਜਿਉਂ ਵਜਾਉਣ ਲਈ ਕੱਸਿਆ ਏ।
ਟੀ.ਵੀ-ਨੈੱਟ ਨੇ ਗਲੀਆਂ ਵਿਚ ਸੁੰਨ ਪਾਈ ਜੀਆ-ਜੰਤ ਸਭ ਅੰਦਰੀਂ ਵੱਸਿਆ ਏ।
ਸੁਣਦਾ ਨਹੀਂ ਹੁਣ 'ਵਾਇਫ' ਦੀ ਗੱਲ ਮਾਹੀ 'ਵਾਈ-ਫਾਈ' ਦੀ ਫਾਹੀ ਵਿਚ ਫਸਿਆ ਏ!

# ਕੁਵੈਤ 'ਚ ਭਾਰਤੀ ਕਾਮਿਆਂ ਦੀ ਮੌਤ ਅਤੇ ਪਰਵਾਸ ਦੇ ਮਸਲੇ

**ਕੁਵੈਤ ਅਗਨੀ ਕਾਂਡ ਬਿਆਨ ਕਰਦਾ ਹੈ ਕਿ ਕੁਵੈਤ ਸਮੇਤ ਸਾਰੇ ਖਾੜੀ ਮੁਲਕਾਂ ਵਿਚ ਵਿਦੇਸ਼ੀ ਕਾਮਿਆਂ ਕਾਮੇ ਬਹੁਤ ਮਾੜੀਆਂ ਜਿਊਣ ਹਾਲਤਾਂ ਵਿਚ ਰਹਿ ਰਹੇ ਹਨ। ਜਿਸ ਇਮਾਰਤ ਵਿਚ ਅੱਗ ਲੱਗੀ, ਉਸ ਵਿਚ ਸਮਰੱਥਾ ਤੋਂ ਕਿਤੇ ਵੱਧ ਮਜ਼ਦੂਰ ਰਹਿ ਰਹੇ ਸਨ। ਇਮਾਰਤ ਵਿਚ ਅੱਗ ਲੱਗਣ ਜਿਹੀਆਂ ਘਟਨਾਵਾਂ ਨਾਲ ਨਜਿੱਠਣ ਲਈ ਕੋਈ ਠੋਸ ਪ੍ਰਬੰਧ ਨਹੀਂ ਸਨ। ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਉਨ੍ਹਾਂ ਹਾਲਤਾਂ ਬਾਰੇ ਪੁਣਛਾਣ ਕੀਤੀ ਹੈ ਜਿਨ੍ਹਾਂ ਕਾਰਨ ਭਾਰਤੀ ਕਾਮੇ ਉਥੇ ਜਾਣ ਲਈ ਮਜਬੂਰ ਹਨ।**

ਕੁਵੈਤ ਦੀ ਬਹੁ-ਮੰਜ਼ਿਲਾ ਇਮਾਰਤ ਵਿਚ ਲੱਗੀ ਅੱਗ ਕਾਰਨ ਜਾਨ ਗੁਆਉਣ ਵਾਲੇ 45 ਭਾਰਤੀਆਂ ਦੀਆਂ ਮ੍ਰਿਤਕ ਦੇਹਾਂ ਲੈ ਕੇ ਭਾਰਤੀ ਹਵਾਈ ਸੈਨਾ ਦਾ ਵਿਸ਼ੇਸ਼ ਜਹਾਜ਼ ਅਜੇ ਕੋਚੀ ਪੁੱਜਿਆ ਨਹੀਂ ਸੀ ਕਿ ਇਸ ਅਗਨੀ ਕਾਂਡ ਵਿਚ ਜ਼ਖ਼ਮੀ ਹੋਏ ਇੱਕ ਹੋਰ ਭਾਰਤੀ ਨੌਜਵਾਨ ਦੀ ਇਲਾਜ ਦੌਰਾਨ ਮੌਤ ਹੋ ਗਈ। ਇਸ ਨਾਲ ਮ੍ਰਿਤਕ ਭਾਰਤੀਆਂ ਦੀ ਗਿਣਤੀ ਵਧ ਕੇ 46 ਹੋ ਗਈ। ਇਹਨਾਂ ਮ੍ਰਿਤਕਾਂ ਵਿਚ 31 ਨੌਜਵਾਨ ਭਾਰਤ ਦੇ ਦੱਖਣੀ ਸੂਬਿਆਂ ਨਾਲ ਸਬੰਧਿਤ ਹਨ ਜਿਨ੍ਹਾਂ ਵਿਚੋਂ 23 ਨੌਜਵਾਨ ਕੇਰਲ ਤੋਂ ਹਨ। ਮ੍ਰਿਤਕਾਂ ਵਿਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਕੱਕੋਂ ਦਾ ਰਹਿਣ ਵਾਲਾ ਹਿੰਮਤ ਰਾਏ ਵੀ ਸ਼ਾਮਲ ਹੈ।



**ਨਵਕਿਰਨ ਸਿੰਘ ਪੱਤੀ**
ਈਮੇਲ: n4navkiran@gmail.com

ਅੱਗ ਲੱਗਣ ਦੀ ਇਹ ਘਟਨਾ ਬਿਆਨ ਕਰਦੀ ਹੈ ਕਿ ਕੁਵੈਤ ਸਮੇਤ ਸਾਰੇ ਖਾੜੀ ਮੁਲਕਾਂ ਵਿਚ ਵਿਦੇਸ਼ੀ ਕਾਮੇ ਬਹੁਤ ਮਾੜੀਆਂ ਹਾਲਤਾਂ ਵਿਚ ਰਹਿ ਰਹੇ ਹਨ। ਜਿਸ ਇਮਾਰਤ ਵਿਚ ਅੱਗ ਲੱਗੀ, ਉਸ ਵਿਚ ਸਮਰੱਥਾ ਤੋਂ ਕਿਤੇ ਵੱਧ ਮਜ਼ਦੂਰ ਉਥੇ ਰਹਿ ਰਹੇ ਸਨ। ਇਮਾਰਤ ਵਿਚ ਅੱਗ ਲੱਗਣ ਜਿਹੀਆਂ ਘਟਨਾਵਾਂ ਨਾਲ ਨਜਿੱਠਣ ਲਈ ਕੋਈ ਠੋਸ ਪ੍ਰਬੰਧ ਵੀ ਨਹੀਂ ਸਨ ਜਿਸ ਕਾਰਨ ਅੱਗ ਲੱਗਣ 'ਤੇ ਮਜ਼ਦੂਰ ਆਪਣਾ ਬਚਾਅ ਕਰਨ ਵਿਚ ਅਸਮਰੱਥ ਰਹੇ। ਕੁਵੈਤ ਦੇ ਉਪ ਪ੍ਰਧਾਨ ਮੰਤਰੀ ਵਲੋਂ ਇਮਾਰਤ ਦਾ ਦੌਰਾ ਕਰਨ ਮਗਰੋਂ ਕੁਵੈਤ ਹਕੂਮਤ ਨੇ ਘਟਨਾ ਦੀ ਨਿਸ਼ਾਨਦੇਹੀ ਅਤੇ ਜਵਾਬਦੇਹੀ ਤੈਅ ਕਰਨ ਲਈ ਜਾਂਚ ਸ਼ੁਰੂ ਕਰ ਦਿੱਤੀ ਹੈ। ਸਰਕਾਰ ਦੇ ਨਿਸ਼ਾਨੇ ਉਪਰ ਵਿਦੇਸ਼ੀ ਕਾਮਿਆਂ ਦੀ ਭਰਤੀ ਕਰਨ ਵਾਲੀਆਂ ਕੰਪਨੀਆਂ, ਟਰੈਵਲ ਏਜੰਟ ਅਤੇ ਰਿਹਾਇਸ਼ ਦਾ ਪ੍ਰਬੰਧ ਕਰਨ ਵਾਲੇ ਰੀਅਲ ਅਸਟੇਟ ਕਾਰੋਬਾਰੀ ਹਨ ਪਰ ਸਾਡੇ ਲਈ ਅਹਿਮ ਸਵਾਲ ਇਹ ਬਣਦਾ ਹੈ ਕਿ ਆਖਰ ਉਹ ਕਿਹੜੇ ਕਾਰਨ ਹਨ ਜਿਨ੍ਹਾਂ ਕਰ ਕੇ ਭਾਰਤੀ ਮਜ਼ਦੂਰ ਵਿਦੇਸ਼ਾਂ ਵਿਚ ਮਾੜੀਆਂ ਹਾਲਤਾਂ ਵਿਚ ਵੀ ਕੰਮ ਕਰਨ ਲਈ ਮਜਬੂਰ ਹੁੰਦੇ ਹਨ।

ਇਹ ਨਹੀਂ ਹੈ ਕਿ ਖਾੜੀ ਮੁਲਕਾਂ ਵਿਚਲੀਆਂ ਮਾੜੀਆਂ ਜਿਊਣ ਹਾਲਤਾਂ ਦਾ ਭਾਰਤ ਸਰਕਾਰ ਨੂੰ ਪਤਾ ਨਹੀਂ ਬਲਕਿ ਹਕੀਕਤ ਇਹ ਹਨ ਕਿ ਸਭ ਜਾਣਕਾਰੀ ਹੋਣ ਦੇ ਬਾਵਜੂਦ ਭਾਰਤ ਸਰਕਾਰ ਵੱਲੋਂ ਸਮੇਂ ਸਿਰ ਠੋਸ ਕਦਮ ਨਹੀਂ ਉਠਾਏ ਜਾਂਦੇ। ਕੁਵੈਤ ਵਿਚ ਭਾਰਤੀ ਦੂਤਾਵਾਸ ਨੂੰ ਉਥੇ ਕੰਮ ਕਰਦੇ ਭਾਰਤੀਆਂ ਵੱਲੋਂ ਪਿਛਲੇ ਦੋ ਸਾਲਾਂ ਵਿਚ ਤਨਖਾਹਾਂ ਮਿਲਣ 'ਚ ਦੇਰੀ, ਮਾੜੇ ਰਹਿਣ-ਸਹਿਣ ਅਤੇ ਤੰਗ-ਪ੍ਰੇਸ਼ਾਨ ਕੀਤੇ ਜਾਣ ਦੀਆਂ 16 ਹਜ਼ਾਰ ਤੋਂ ਵੱਧ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ। 2022 ਤੋਂ 2023 ਤੱਕ ਦੋ ਸਾਲਾਂ ਵਿਚ ਕੁਵੈਤ ਅੰਦਰ 1400 ਭਾਰਤੀ ਕਾਮਿਆਂ ਦੀ ਮੌਤ ਹੋ ਚੁੱਕੀ ਹੈ। ਇਸ ਤੋਂ ਇਲਾਵਾ ਪਿਛਲੇ ਸਾਲ ਇਹਨਾਂ ਹੀ ਦਿਨਾਂ ਵਿਚ ਖਾੜੀ ਮੁਲਕ ਓਮਾਨ ਵਿਚ ਫਸੀਆਂ ਕੁੜੀਆਂ ਦੀ ਸ਼ੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋਈ ਸੀ ਜਿਸ ਵਿਚ ਦੇਸ਼ ਵਾਪਸੀ ਲਈ ਗੁਹਾਰ ਲਾ ਰਹੀਆਂ ਉਹ ਕੁੜੀਆਂ ਕਹਿ ਰਹੀਆਂ ਸਨ ਕਿ 'ਅਸੀਂ ਇੱਥੇ ਬਹੁਤ ਦਿੱਕਤ ਵਿਚ ਹਾਂ, ਕਿਰਪਾ ਕਰ ਕੇ ਸਾਨੂੰ ਇੱਥੋਂ ਕੱਢੋ। ਅਸੀਂ ਓਮਾਨ ਵਿਚ ਫਸੀਆਂ ਹੋਈਆਂ ਹਾਂ, ਸਾਡੀ ਹਾਲਤ ਬਹੁਤ ਖਰਾਬ ਹੈ'। ਕੁੜੀਆਂ ਦੀ ਵੀਡੀਓ ਤੋਂ ਸਮਝ ਪਿਆ ਸੀ ਕਿ ਇਹ ਕੁੜੀਆਂ ਅਣਮਨੁੱਖੀ ਹਾਲਤਾਂ ਵਿਚ ਭੁੱਖੀਆਂ ਤਿਹਾਈਆਂ ਰਹਿ ਰਹੀਆਂ ਸਨ। ਸਰਕਾਰਾਂ ਅਤੇ ਸਮਾਜ ਸੇਵੀ ਸੰਗਠਨਾਂ ਦੀਆਂ ਕੋਸ਼ਿਸ਼ਾਂ ਸਦਕਾ ਉਹ ਕੁੜੀਆਂ ਭਾਵੇਂ ਵਾਪਸ ਆ ਗਈਆਂ ਸਨ ਪਰ ਸਰਕਾਰਾਂ ਵੱਲੋਂ ਠੋਸ ਕਦਮ ਨਾ ਉਠਾਉਣ ਕਾਰਨ ਹਜ਼ਾਰਾਂ ਕੁੜੀਆਂ ਮੁੰਡੇ ਅਜੇ ਵੀ ਵਿਦੇਸ਼ਾਂ ਵਿਚ ਮਾੜੀਆਂ ਜਿਊਣ ਹਾਲਤਾਂ ਦਾ ਸਾਹਮਣਾ ਕਰਦਿਆਂ ਮਜ਼ਦੂਰੀ ਕਰ ਰਹੇ ਹਨ।

ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਆਖਰ ਜਾਨ ਜੋਖਮ ਵਿਚ ਪਾ ਕੇ ਨੌਜਵਾਨ ਵਿਦੇਸ਼ ਕਿਉਂ ਜਾਣਾ ਚਾਹੁੰਦੇ ਹਨ। ਮੰਨਿਆ ਕਿ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ ਜਾਂ ਯੂਰਪੀ ਮੁਲਕਾਂ ਵਿਚ ਨੌਜਵਾਨਾਂ ਇੱਕ ਹਿੱਸਾ ਡਾਲਰਾਂ ਦੀ ਚਕਾਚੌਂਧ ਅਤੇ ਬਿਹਤਰ ਜੀਵਨ ਹਾਲਤਾਂ ਦਾ ਖਿੱਚਿਆ ਜਾਂਦਾ ਹੈ ਪਰ ਖਾੜੀ ਦੇਸ਼ਾਂ ਵਿਚ ਜਾਣ ਵਾਲੇ ਨੌਜਵਾਨਾਂ ਦਾ ਇੱਕੋ-ਇੱਕ ਕਾਰਨ ਭਾਰਤ ਦੀ ਬੇਰੁਜ਼ਗਾਰੀ ਅਤੇ ਗਰੀਬੀ ਹੈ। ਖਾੜੀ ਮੁਲਕਾਂ ਵਿਚ ਤਨਖਾਹਾਂ ਵੀ ਕੋਈ ਜ਼ਿਆਦਾ ਨਹੀਂ ਹਨ। ਭਾਰਤ ਤੋਂ ਜਾਣ ਵਾਲੇ ਮਜ਼ਦੂਰਾਂ ਨੂੰ 20 ਤੋਂ 40 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇ ਆਸ-ਪਾਸ ਤਨਖਾਹ ਦਿੱਤੀ ਜਾਂਦੀ ਹੈ। ਸੋ, ਜੇਕਰ ਇਨ੍ਹਾਂ ਨੌਜਵਾਨਾਂ ਨੂੰ ਆਪਣੇ ਮੁਲਕ ਵਿਚ ਇਸ ਤੋਂ ਅੱਧੀ ਤਨਖਾਹ ਵੀ ਮਿਲਣੀ ਯਕੀਨੀ ਬਣੇ ਤਾਂ ਇਹ ਨੌਜਵਾਨ ਖਾੜੀ ਮੁਲਕਾਂ ਦਾ ਰੁਖ ਕਰਨ ਦੀ ਬਜਾਇ ਭਾਰਤ ਵਿਚ ਹੀ ਰਹਿਣ ਨੂੰ ਤਰਜੀਹ ਦੇ ਸਕਦੇ ਹਨ।



ਖਾੜੀ ਮੁਲਕਾਂ ਵਿਚ ਕਰੀਬ 1.75 ਕਰੋੜ ਦੇ ਨੌਜਵਾਨ ਦੱਖਣੀ ਏਸ਼ੀਆ ਤੋਂ ਗਏ ਹੋਏ ਹਨ ਜਿਨ੍ਹਾਂ ਵਿਚ ਭਾਰਤ ਤੋਂ ਇਲਾਵਾ ਪਾਕਿਸਤਾਨ, ਬੰਗਲਾਦੇਸ, ਸ੍ਰੀਲੰਕਾ, ਨੇਪਾਲ ਵਰਗੇ ਮੁਲਕਾਂ ਤੋਂ ਹਨ। ਭਾਰਤੀ ਵਿਦੇਸ਼ ਮੰਤਰਾਲੇ ਦੇ ਦੋ ਸਾਲ ਪੁਰਾਣੇ ਅੰਕੜਿਆਂ ਮੁਤਾਬਕ ਸਾਊਦੀ ਅਰਬ, ਯੂ.ਏ.ਈ., ਓਮਾਨ, ਬਹਿਰੀਨ, ਕਤਰ, ਕੁਵੈਤ ਵਰਗੇ ਖਾੜੀ ਮੁਲਕਾਂ ਵਿਚ ਕਰੀਬ 90 ਲੱਖ ਭਾਰਤੀ ਰਹਿ ਰਹੇ ਹਨ ਜਿਨ੍ਹਾਂ ਵਿਚੋਂ ਸਭ ਤੋਂ ਜ਼ਿਆਦਾ 35 ਲੱਖ ਦੇ ਕਰੀਬ ਇਕੱਲੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.), 25 ਲੱਖ ਦੇ ਕਰੀਬ ਸਾਊਦੀ ਅਰਬ, 9 ਲੱਖ ਦੇ ਕਰੀਬ ਕੁਵੈਤ, 8 ਲੱਖ ਦੇ ਕਰੀਬ ਕਤਰ, ਸਾਢੇ ਛੇ ਲੱਖ ਦੇ ਲੱਗਭੱਗ ਓਮਾਨ, 3 ਲੱਖ ਦੇ ਕਰੀਬ ਬਹਿਰੀਨ ਵਿਚ ਹਨ।

ਖਾੜੀ ਮੁਲਕਾਂ ਵਿਚ ਜਾਣ ਵਾਲੇ ਜ਼ਿਆਦਾਤਰ ਵਿਅਕਤੀ ਉਥੇ ਭਾਰੀ ਸਰੀਰਕ ਮਿਹਨਤ ਵਾਲੇ ਗੈਰ-ਹੁਨਰਮੰਦ ਮਜ਼ਦੂਰ ਵਜੋਂ ਕੰਮ ਕਰਦੇ ਹਨ। ਉਦਾਹਰਨ ਵਜੋਂ ਇਹ ਨੌਜਵਾਨ ਇਮਾਰਤ ਉਸਾਰੀ, ਢੋਆ-ਢੁਆਈ ਜਿਹੇ ਕੰਮਾਂ ਵਿਚ ਲੱਗੇ ਹੋਏ ਹਨ।

ਉਂਝ ਅਮਰੀਕਾ, ਕੈਨੇਡਾ ਜਾਂ ਯੂਰਪੀ ਮੁਲਕਾਂ ਵੱਲ ਹੋ ਰਹੇ ਪਰਵਾਸ ਦਾ ਖਾੜੀ ਮੁਲਕਾਂ ਵੱਲ ਹੋ ਰਹੇ ਪਰਵਾਸ ਨਾਲੋਂ ਬੁਨਿਆਦੀ ਫਰਕ ਇਹ ਹੈ ਕਿ ਕੈਨੇਡਾ ਵਰਗੇ ਵਿਕਸਤ ਮੁਲਕਾਂ ਵੱਲ ਜਾਣ ਵਾਲੇ ਨੌਜਵਾਨ ਉਥੇ ਪੱਕੇ ਤੌਰ 'ਤੇ ਸੈਟ ਹੋਣ ਦੇ ਮੰਤਵ ਨਾਲ ਜਾ ਰਹੇ ਹਨ ਅਤੇ ਫੀਸਾਂ, ਫੰਡਾਂ ਦੇ ਰੂਪ ਵਿਚ ਲੱਖਾਂ ਰੁਪਏ ਨਾਲ ਲਿਜਾ ਰਹੇ ਹਨ; ਖਾੜੀ ਮੁਲਕਾਂ ਵਿਚ ਬੇਰੁਜ਼ਗਾਰੀ ਦੇ ਝੰਬੇ ਨੌਜਵਾਨ ਰੋਜ਼ੀ-ਰੋਟੀ ਦੀ ਤਲਾਸ਼ ਲਈ ਜਾ ਰਹੇ ਹਨ ਤੇ ਉਹ ਪੈਸੇ ਨਾਲ ਲਿਜਾਣ ਦੀ ਬਜਾਇ ਭਾਰਤ ਲਿਆ ਰਹੇ ਹਨ। ਖਾੜੀ ਮੁਲਕਾਂ ਵਿਚ ਕੰਮ ਕਰ ਰਹੇ ਮਜ਼ਦੂਰਾਂ ਵੱਲੋਂ ਨਿਗੂਣੀਆਂ ਤਨਖਾਹਾਂ ਨਾਲ ਜਮ੍ਹਾਂ ਕੀਤੀ ਪੂੰਜੀ ਭਾਰਤ ਲਿਆਉਣ ਨਾਲ ਉਹਨਾਂ ਦੇ ਪਰਿਵਾਰਾਂ ਦੇ ਨਾਲ-ਨਾਲ ਭਾਰਤ ਸਰਕਾਰ ਨੂੰ ਕਾਫੀ ਆਰਥਿਕ ਹੁਲਾਰਾ ਮਿਲ ਰਿਹਾ ਹੈ।

ਇਹਨਾਂ ਮਜ਼ਦੂਰਾਂ ਦੀ ਸਖਤ ਮਿਹਨਤ ਦਾ ਹੀ ਨਤੀਜਾ ਹੈ ਕਿ ਭਾਰਤ ਨੂੰ ਖਾੜੀ ਮੁਲਕਾਂ ਤੋਂ 2021 ਵਿਚ 87 ਅਰਬ ਅਮਰੀਕੀ ਡਾਲਰ, 2022 ਵਿਚ 115 ਅਰਬ ਅਮਰੀਕੀ ਡਾਲਰ ਅਤੇ 2023 ਵਿਚ ਕਰੀਬ 125 ਅਰਬ ਅਮਰੀਕੀ ਡਾਲਰ ਹਾਸਲ ਹੋਏ ਹਨ। ਖਾੜੀ ਮੁਲਕਾਂ ਵਿਚੋਂ ਵੀ ਭਾਰਤ ਨੂੰ ਸਭ ਤੋਂ ਵੱਧ ਪੈਸਾ ਯੂ.ਏ.ਈ. ਤੋਂ ਮਿਲਦਾ ਹੈ।

ਇਸੇ ਹਫਤੇ ਆਰਮੀਨੀਆ ਦੀ ਅਰਮਾਵੀਰ ਜੇਲ੍ਹ ਵਿਚੋਂ ਦਰਜਨ ਦੇ ਕਰੀਬ ਭਾਰਤੀ ਨੌਜਵਾਨਾਂ ਵੱਲੋਂ ਸੋਸ਼ਲ ਮੀਡੀਆ 'ਤੇ ਪਾਈ ਵੀਡੀਓ ਨੇ ਵਿਦੇਸ਼ਾਂ ਵਿਚਲੀ ਹਕੀਕਤ ਬਿਆਨ ਕੀਤੀ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਨੌਜਵਾਨ ਪੰਜਾਬੀ ਹਨ ਜੋ ਫਰਵਰੀ-ਮਾਰਚ 2024 ਦੌਰਾਨ ਪੱਛਮੀ ਮੁਲਕਾਂ ਵਿਚ ਜਾਣ ਦੇ ਮੰਤਵ ਤਹਿਤ ਗੈਰ-ਕਾਨੂੰਨੀ ਢੰਗ ਨਾਲ ਆਰਮੀਨੀਆ-ਜਾਰਜੀਆ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਦਿਆਂ ਫੜੇ ਗਏ ਸਨ। ਇਸ ਵੀਡੀਓ ਦੇ ਵਾਇਰਲ ਹੋਣ ਤੋਂ ਬਾਅਦ ਬੇਸ਼ੱਕ ਭਾਰਤੀ ਦੂਤਾਵਾਸ ਨੇ ਉਨ੍ਹਾਂ ਨਾਲ ਜੇਲ੍ਹ ਵਿਚ ਮੁਲਾਕਾਤ ਕਰ ਲਈ ਹੈ ਪਰ ਇਹ ਸਭ ਨੂੰ ਪਤਾ ਹੈ ਕਿ ਟਰੈਵਲ ਏਜੰਟ ਨੌਜਵਾਨਾਂ ਨੂੰ ਗੈਰ-ਕਾਨੂੰਨੀ ਢੰਗ ਨਾਲ 'ਡੌਂਕੀ' ਰਸਤੇ ਆਰਮੀਨੀਆ-ਜਾਰਜੀਆ ਸਰਹੱਦ ਪਾਰ ਕਰਵਾਉਂਦੇ ਹਨ।

ਨੌਜਵਾਨਾਂ ਨੂੰ ਇਹ ਪਤਾ ਹੋਣ ਦੇ ਬਾਵਜੂਦ ਕਿ ਡੌਂਕੀ ਰਸਤਿਆਂ ਰਾਹੀਂ ਉਹ ਜੇਲ੍ਹ ਵਿਚ ਫਸ ਸਕਦੇ ਹਨ, ਜੰਗਲਾਂ ਵਿਚ ਜੰਗਲੀ ਜਾਨਵਰਾਂ ਦਾ ਸ਼ਿਕਾਰ ਹੋ ਸਕਦੇ ਹਨ, ਸਮੁੰਦਰ ਵਿਚ ਡੁੱਬ ਸਕਦੇ ਹਨ ਪਰ ਤਾਂ ਵੀ ਹਰ ਰੋਜ਼ ਨੌਜਵਾਨ ਮੌਤ ਦੇ ਮੂੰਹ ਵਿਚ ਜਾ ਰਹੇ ਹਨ ਤਾਂ ਇੱਥੋਂ ਸਮਝਿਆ ਜਾ ਸਕਦਾ ਹੈ ਕਿ ਭਾਰਤ ਦੀਆਂ ਮਾੜੇ ਹਾਲਤਾਂ ਕਾਰਨ ਨੌਜਵਾਨ ਪਰਦੇਸਾਂ ਜਾਣਾ ਪਸੰਦ ਕਰਦੇ ਹਨ। ਵਿਦੇਸ਼ ਜਾਣ ਸਮੇਂ ਵਾਪਰੀਆਂ ਕਈ ਘਟਨਾਵਾਂ ਉਪਰ ਫਿਲਮਾਂ ਬਣ ਚੁੱਕੀਆਂ ਹਨ, ਫਿਰ ਵੀ ਸਾਡੀਆਂ ਸਰਕਾਰਾਂ ਨੇ ਰੁਜ਼ਗਾਰ ਦੇ ਵਸੀਲੇ ਪੈਦਾ ਨਹੀਂ ਕੀਤੇ। ਦਸੰਬਰ 1996 ਵਿਚ ਸਮੁੰਦਰੀ ਰਸਤੇ ਅਫਰੀਕਾ ਤੋਂ ਯੂਰਪ ਜਾਣ ਦਾ ਤਰੱਦਦ ਕਰਦੇ ਮੁੰਡਿਆਂ ਦੀ ਕਿਸ਼ਤੀ ਡੁੱਬ ਜਾਣ ਕਾਰਨ 270 ਮੌਤਾਂ ਹੋਈਆਂ ਸਨ ਜਿਨ੍ਹਾਂ ਵਿਚੋਂ 170 ਮੁੰਡੇ ਸਾਡੇ ਪੰਜਾਬੀ ਸਨ ਪਰ ਅੱਜ ਤੱਕ ਸਾਡੇ ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਸਿਲਸਿਲੇ ਵਿਚ ਕਮੀ ਨਹੀਂ ਆਈ ਹੈ।

ਸਚਾਈ ਇਹ ਹੈ ਕਿ ਜਿਸ ਹਿਸਾਬ ਨਾਲ ਸਾਡੇ ਦੇਸ਼ ਖਾਸ ਕਰ ਕੇ ਪੰਜਾਬ, ਗੁਜਰਾਤ, ਕੇਰਲਾ ਵਰਗੇ ਸੂਬਿਆਂ ਤੋਂ ਪਰਵਾਸ ਹੋ ਰਿਹਾ ਹੈ, ਉਸ ਨਾਲ ਘਰਾਂ ਦੇ ਘਰ ਖਾਲੀ ਹੋ ਰਹੇ ਹਨ। ਜੇ 'ਬਰੇਨ-ਡਰੇਨ' ਅਤੇ ਭਾਰਤੀ ਪੂੰਜੀ ਵਿਦੇਸ਼ ਲਿਜਾਣ ਦਾ ਇਹ ਵਰਤਾਰਾ ਇਸੇ ਅਨੁਪਾਤ ਨਾਲ ਜਾਰੀ ਰਿਹਾ ਤਾਂ ਆਉਣ ਵਾਲੇ ਦਿਨਾਂ ਵਿਚ ਭਾਰਤ ਨੂੰ ਬਹੁਤ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਵੈਸੇ ਤਾਂ ਪਰਵਾਸ ਆਪਣੇ ਆਪ ਵਿਚ ਕੋਈ ਮਾੜਾ ਵਰਤਾਰਾ ਨਹੀਂ; ਮਨੁੱਖ ਨੂੰ ਜਦ ਤੋਂ ਸੋਝੀ ਆਈ ਹੈ, ਉਹ ਉਪਜਾਊ ਭੂਮੀ, ਸਾਫ ਪਾਣੀ, ਰਹਿਣ ਦੇ ਅਨੁਕੂਲ ਵਾਤਾਵਰਨ ਵੱਲ

(ਬਾਕੀ ਅਗਲੇ ਸਫੇ 'ਤੇ)

# ਅਰੁੰਧਤੀ ਰਾਏ 'ਤੇ ਯੂ.ਏ.ਪੀ.ਏ. ਲਾਉਣ ਦੇ ਮਾਇਨੇ

***ਕੇਂਦਰ ਸਰਕਾਰ ਦੀ ਸ਼ਹਿ 'ਤੇ ਹੁਣ ਉਘੀ ਲਿਖਾਰੀ ਅਰੁੰਧਤੀ ਰਾਏ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਦਿੱਲੀ ਦੇ ਉਪ ਰਾਜਪਾਲ ਨੇ ਉਸ ਖਿਲਾਫ ਯੂ.ਏ.ਪੀ.ਏ. ਤਹਿਤ ਕਾਰਵਾਈ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਅਸਲ ਵਿਚ, ਸਰਕਾਰ ਜ਼ਬਾਨਬੰਦੀ ਚਾਹੁੰਦੀ ਹੈ। ਅਰੁੰਧਤੀ ਰਾਏ ਨੇ ਆਰ.ਐੱਸ.ਐੱਸ.-ਭਾਜਪਾ ਦੇ ਹਿੰਦੂਤਵ ਪ੍ਰੋਜੈਕਟ ਦੀ ਇਤਿਹਾਸਕ ਤੱਥਾਂ ਤੇ ਦਲੀਲਾਂ ਨਾਲ ਚੀਰ-ਫਾੜ ਕੀਤੀ ਹੈ ਅਤੇ ਖ਼ਤਰਨਾਕ ਨਤੀਜਿਆਂ ਤੋਂ ਦੁਨੀਆ ਨੂੰ ਚੌਕਸ ਕੀਤਾ ਹੈ। 2018 'ਚ ਉਸ ਨੇ ਕਿਹਾ ਸੀ, "1990 ਦੇ ਕਰੀਬ ਮੁਲਕ 'ਚ ਦੋ ਤਾਲੇ ਖੋਲ੍ਹੇ ਗਏ: ਇਕ ਬਾਬਰੀ ਮਸਜਿਦ ਦਾ ਤਾਲਾ ਤੇ ਦੂਜਾ ਬਾਜ਼ਾਰ ਦਾ। ਅੱਜ ਜੋ ਹੋ ਰਿਹਾ ਹੈ, ਉਹ ਉਸੇ ਦਾ ਨਤੀਜਾ ਹੈ।" ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਸਮੁੱਚੇ ਹਾਲਾਤ ਬਾਰੇ ਟਿੱਪਣੀ ਕਰਦਿਆਂ ਸਰਕਾਰ ਦੇ ਅਸਲ ਮਕਸਦਾਂ ਦੀ ਨਿਸ਼ਾਨਦੇਹੀ ਕੀਤੀ ਹੈ।***

ਦਿੱਲੀ ਦੇ ਉਪ ਰਾਜਪਾਲ ਨੇ ਆਲਮੀ ਤੌਰ 'ਤੇ ਮਕਬੂਲ ਲੇਖਕਾ ਅਰੁੰਧਤੀ ਰਾਏ ਅਤੇ ਕਸ਼ਮੀਰ ਸੈਂਟਰਲ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਸ਼ੇਖ਼ ਸ਼ੌਕਤ ਹੁਸੈਨ ਵਿਰੁੱਧ 14 ਸਾਲ ਪੁਰਾਣੇ ਕੇਸ ਵਿਚ ਯੂ.ਏ.ਪੀ.ਏ.-1967 ਤਹਿਤ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ ਦੇ ਕੇ ਇਹ ਸੰਕੇਤ ਦਿੱਤਾ ਹੈ ਕਿ ਬੁੱਧੀਜੀਵੀਆਂ ਦੀ ਜ਼ਬਾਨਬੰਦੀ ਭਗਵਾ ਹਕੂਮਤ ਦੀ ਪਹਿਲੀ ਤਰਜੀਹ ਹੈ। 2010 ਵਿਚ 'ਰਾਜਨੀਤਕ ਕੈਦੀਆਂ ਦੀ ਰਿਹਾਈ ਲਈ ਕਮੇਟੀ' ਨੇ ਦਿੱਲੀ ਵਿਚ ਕਸ਼ਮੀਰ ਦੇ ਸਵਾਲ ਉਪਰ 'ਆਜ਼ਾਦੀ: ਇੱਕੋ-ਇਕ ਰਾਹ' ਨਾਂ ਦੀ ਕਾਨਫਰੰਸ ਕਰਵਾਈ ਸੀ ਜਿਸ ਵਿਚ ਬੁਲਾਰਿਆਂ ਨੇ ਕਸ਼ਮੀਰ ਬਾਰੇ ਚਰਚਾ ਕਰਦਿਆਂ ਕਸ਼ਮੀਰੀ ਲੋਕਾਂ ਦੇ ਸਵੈ-ਨਿਰਣੇ ਦੇ ਹੱਕ ਦੀ ਇਤਿਹਾਸਕ ਤੱਥਾਂ ਸਹਿਤ ਵਜਾਹਤ ਕੀਤੀ ਸੀ। ਪ੍ਰਮੁੱਖ ਹੁਰੀਅਤ ਆਗੂ ਮਰਹੂਮ ਸਈਅਦ ਅਲੀ ਸ਼ਾਹ ਗਿਲਾਨੀ, ਪਾਰਲੀਮੈਂਟ ਉਪਰ ਸ਼ੱਕੀ ਦਹਿਸ਼ਤਵਾਦੀ ਹਮਲੇ 'ਚ ਫਸਾਏ ਮਰਹੂਮ ਪ੍ਰੋਫੈਸਰ ਐੱਸ.ਏ.ਆਰ. ਗਿਲਾਨੀ, ਬੁੱਕਰ ਇਨਾਮ ਜੇਤੂ ਲੇਖਕਾ ਅਰੁੰਧਤੀ ਰਾਏ, ਡਾ. ਸ਼ੇਖ ਸ਼ੌਕਤ ਹੁਸੈਨ ਅਤੇ ਇਨਕਲਾਬੀ ਕਵੀ ਪ੍ਰੋਫੈਸਰ ਵਰਾਵਰਾ ਰਾਓ ਮੁੱਖ ਬੁਲਾਰੇ ਸਨ।

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਸੁਸ਼ੀਲ ਪੰਡਤ ਨਾਂ ਦੇ ਇਕ ਕਥਿਤ ਕਸ਼ਮੀਰੀ ਕਾਰਕੁਨ ਨੇ ਦਿੱਲੀ ਦੀ ਮੈਟਰੋਪੋਲਿਟਨ ਮੈਜਿਸਟਰੇਟ ਅਦਾਲਤ ਵਿਚ ਸ਼ਿਕਾਇਤ ਕਰ ਕੇ ਬੁਲਾਰਿਆਂ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਕੀਤੀ ਸੀ। ਅਦਾਲਤੀ ਹੁਕਮਾਂ 'ਤੇ 27 ਨਵੰਬਰ 2010 ਨੂੰ ਦਿੱਲੀ ਪੁਲਿਸ ਨੇ ਐੱਫ.ਆਈ.ਆਰ. ਦਰਜ ਕਰ ਲਈ ਸੀ।

ਸ਼ਿਕਾਇਤ ਕਰਤਾ ਨੇ ਦੋਸ਼ ਲਾਇਆ ਸੀ ਕਿ ਬੁਲਾਰਿਆਂ ਨੇ ਆਪਣੇ ਭੜਕਾਊ ਭਾਸ਼ਣਾਂ 'ਚ ਇਹ ਪ੍ਰਚਾਰ ਕੀਤਾ ਕਿ ਕਸ਼ਮੀਰ ਕਦੇ ਵੀ ਭਾਰਤ ਦਾ ਹਿੱਸਾ ਨਹੀਂ ਰਿਹਾ ਅਤੇ ਇਸ ਉਪਰ ਭਾਰਤੀ ਹਕੂਮਤ ਨੇ ਫ਼ੌਜੀ ਤਾਕਤ ਦੇ ਜ਼ੋਰ ਕਬਜ਼ਾ ਕੀਤਾ ਹੋਇਆ ਹੈ। ਦਿੱਲੀ ਪੁਲਿਸ ਜੋ ਸੱਤਾਧਾਰੀਆਂ ਦੇ ਦਹਿਸ਼ਤਵਾਦੀ ਕਾਰਿਆਂ ਨੂੰ ਸ਼ਰੇਆਮ ਅੱਖੋਂ ਪਰੋਖੇ ਕਰਨ ਅਤੇ ਸੱਤਾ ਦੇ ਇਸ਼ਾਰੇ 'ਤੇ ਮਜ਼ਲੂਮਾਂ ਤੇ ਆਲੋਚਕ ਆਵਾਜ਼ਾਂ ਵਿਰੁੱਧ ਕੇਸ ਦਰਜ ਕਰਨ ਲਈ ਬਦਨਾਮ ਹੈ, ਨੇ ਬੁਲਾਰਿਆਂ ਵਿਰੁੱਧ ਸੰਗੀਨ ਧਾਰਾਵਾਂ ਲਗਾ ਕੇ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਮੰਗੀ ਸੀ। ਉਦੋਂ ਤੋਂ ਹੀ ਪੁਲਿਸ ਅਤੇ ਭਗਵਾ ਬ੍ਰਿਗੇਡ ਮਨਜ਼ੂਰੀ ਉਡੀਕ ਰਹੇ ਸਨ ਤਾਂ ਜੋ ਇਸ ਨੂੰ ਆਲੋਚਕ ਆਵਾਜ਼ਾਂ 'ਚ ਖ਼ੌਫ਼ ਪੈਦਾ ਕਰਨ ਦਾ ਹਥਿਆਰ ਬਣਾਇਆ ਜਾ ਸਕੇ।

ਦਰਅਸਲ, ਲੇਖਕਾ ਨੇ ਕਸ਼ਮੀਰ ਦੇ ਸਵਾਲ ਬਾਰੇ ਆਪਣੇ ਵਿਚਾਰ ਪ੍ਰਗਟਾਏ ਸਨ, ਉਸ ਵਿਚ ਦੇਸ਼ ਵਿਰੋਧੀ ਜਾਂ ਹਿੰਸਾ ਭੜਕਾਉਣ ਵਾਲੀ ਕੋਈ ਗੱਲ ਨਹੀਂ ਸੀ। ਇਨ੍ਹਾਂ ਭਾਸ਼ਣਾਂ ਨਾਲ ਨਾ ਤਾਂ ਕੋਈ ਹਿੰਸਾ ਭੜਕੀ ਸੀ, ਨਾ ਕੋਈ ਅਮਨ-ਕਾਨੂੰਨ ਦੀ ਸਮੱਸਿਆ ਖੜ੍ਹੀ ਹੋਈ ਸੀ ਅਤੇ ਨਾ ਹੀ ਕਥਿਤ ਸ਼ਿਕਾਇਤ ਕਰਤਾ ਤੇ ਭਗਵਾ ਬ੍ਰਿਗੇਡ ਤੋਂ ਸਿਵਾਇ ਕਿਸੇ ਦੀਆਂ ਭਾਵਨਾਵਾਂ ਭੜਕੀਆਂ ਸਨ। ਕਾਨਫਰੰਸ ਤੋਂ ਅਗਲੇ ਦਿਨ ਜਦੋਂ ਭਗਵਾ ਹਜੂਮ ਨੇ ਅਰੁੰਧਤੀ ਰਾਏ ਦੇ ਘਰ ਅੰਦਰ ਵੜ ਕੇ ਹੰਗਾਮਾ ਕੀਤਾ ਤਾਂ ਇਸ ਦੀ ਕਵਰੇਜ ਲਈ ਗੋਦੀ ਮੀਡੀਆ ਦੀਆਂ ਓਬੀ ਵੈਨਾਂ ਉਨ੍ਹਾਂ ਦੇ ਨਾਲ ਸਨ ਜਿਸ ਤੋਂ ਪਤਾ ਲੱਗਦਾ ਸੀ ਕਿ ਇਹ ਸਭ ਮੁੱਦੇ ਨੂੰ ਸਨਸਨੀਖੇਜ਼ ਬਣਾਉਣ ਲਈ ਗਿਣੀ-ਮਿੱਥੀ ਯੋਜਨਾ ਤਹਿਤ ਕੀਤਾ ਜਾ ਰਿਹਾ ਸੀ। ਭਾਜਪਾ ਦੇ ਮਹਿਲਾ ਵਿੰਗ ਦੀਆਂ ਸੌ ਕੁ ਔਰਤਾਂ ਨੇ ਹੜਦੁੰਗ ਮਚਾਉਂਦਿਆਂ ਮੰਗ ਕੀਤੀ ਸੀ ਕਿ ਲੇਖਕਾ ਇਹ ਟਿੱਪਣੀਆਂ ਵਾਪਸ ਲਏ ਜਾਂ ਮੁਲਕ ਛੱਡ ਕੇ ਚਲੀ ਜਾਵੇ (ਹੁਣ ਵੀ ਉਪ ਰਾਜਪਾਲ ਵੱਲੋਂ ਮਨਜ਼ੂਰੀ ਦੀ ਖ਼ਬਰ ਨਸ਼ਰ ਹੁੰਦੇ ਸਾਰ ਭਗਵਾ ਟਰੌਲ ਫ਼ੌਜ ਤੁਰੰਤ ਸਰਗਰਮ ਹੋ ਗਈ ਅਤੇ ਅਰੁੰਧਤੀ ਰਾਏ ਦੇ ਉਸ ਭਾਸ਼ਣ ਦੇ ਇਕ ਹਿੱਸੇ ਨੂੰ ਵੱਢ-ਟੁੱਕ ਕੇ ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੈਟਫਾਰਮਾਂ 'ਤੇ ਇਹ ਗ਼ਲਤ ਤਸਵੀਰ ਪੇਸ਼ ਕਰਨ ਲਈ ਧੜਾਧੜ ਪ੍ਰਚਾਰਿਆ ਜਾ ਰਿਹਾ ਹੈ ਕਿ ਉਹ ਤਾਂ ਘੋਰ ਦੇਸ਼ਧ੍ਰੋਹੀ ਸ਼ੈਤਾਨ ਹੈ ਜਿਸ ਵਿਰੁੱਧ ਯੂ.ਏ.ਪੀ.ਏ. ਤਹਿਤ ਕਾਰਵਾਈ ਨੂੰ ਮਨਜ਼ੂਰੀ ਪੂਰੀ ਤਰ੍ਹਾਂ ਜਾਇਜ਼ ਹੈ)।



ਉਦੋਂ ਭਗਵਾ ਪ੍ਰਤੀਕਰਮ ਦੇ ਜਵਾਬ 'ਚ ਅਰੁੰਧਤੀ ਰਾਏ ਨੇ ਕਿਹਾ ਸੀ, "ਸਰਕਾਰ (ਉਸ ਸਮੇਂ ਕਾਂਗਰਸ ਦੀ ਅਗਵਾਈ ਵਾਲੀ ਗੱਠਜੋੜ ਸਰਕਾਰ) ਨੇ ਸੰਕੇਤ ਦਿੱਤਾ ਹੈ ਕਿ ਉਸ ਦੀ ਮੇਰੇ ਵਿਰੁੱਧ ਰਾਜਧ੍ਰੋਹ ਦੇ ਦੋਸ਼ਾਂ ਨੂੰ ਅੱਗੇ ਵਧਾਉਣ ਦੀ ਮਨਸ਼ਾ ਨਹੀਂ ਹੈ... ਇਸ ਲਈ ਇਉਂ ਲੱਗਦਾ ਹੈ ਕਿ ਮੈਨੂੰ ਮੇਰੇ ਵਿਚਾਰਾਂ ਲਈ ਸਜ਼ਾ ਦੇਣ ਦਾ ਕੰਮ ਸੱਜੇ ਪੱਖੀ ਸਟੌਰਮ-ਟਰੂਪਰਾਂ (ਨਾਜ਼ੀਵਾਦੀ ਤਰਜ਼ ਦੇ ਗਰੋਹਾਂ) ਨੇ ਸਾਂਭ ਲਿਆ ਹੈ... ਪਰ ਅਜਿਹਾ ਕਿਉਂ ਹੈ ਕਿ ਮੁੱਖਧਾਰਾ ਮੀਡੀਆ ਦੇ ਕੁਝ ਹਿੱਸੇ ਵੀ ਅਜਿਹਾ ਹੀ ਕਰ ਰਹੇ ਹਨ? ਕੀ ਪ੍ਰਚਲਤ ਤੋਂ ਵੱਖਰੇ ਵਿਚਾਰ ਰੱਖਣ ਵਾਲਾ ਲੇਖਕ ਬੰਬ ਧਮਾਕੇ ਦੇ ਕਿਸੇ ਸ਼ੱਕੀ ਵਿਅਕਤੀ ਨਾਲੋਂ ਜ਼ਿਆਦਾ ਖ਼ਤਰਨਾਕ ਹੈ?"

ਪਿਛਲੇ ਸਾਲ ਉਪ ਰਾਜਪਾਲ ਨੇ ਇਸ ਮਾਮਲੇ 'ਚ ਇੰਡੀਅਨ ਪੀਨਲ ਕੋਡ ਦੇ ਸੈਕਸ਼ਨ 153 ਏ, 153 ਬੀ ਅਤੇ 505 ਲਗਾ ਕੇ ਮੁਕੱਦਮਾ ਚਲਾਏ ਜਾਣ ਨੂੰ ਮਨਜ਼ੂਰੀ ਦੇ ਦਿੱਤੀ ਸੀ। ਹੁਣ ਦਹਿਸ਼ਤਵਾਦ ਵਿਰੋਧੀ ਕਾਨੂੰਨ ਯੂ.ਏ.ਪੀ.ਏ.-1967 ਦੀ ਧਾਰਾ 13 ਤਹਿਤ ਮੁਕੱਦਮਾ ਚਲਾਉਣ ਲਈ ਮਨਜ਼ੂਰੀ ਦਿੱਤੀ ਗਈ ਹੈ। ਯੂ.ਏ.ਪੀ.ਏ. ਦੀ ਧਾਰਾ 13 ਗ਼ੈਰ-ਕਾਨੂੰਨੀ ਕਾਰਵਾਈ ਲਈ ਉਕਸਾਉਣ, ਪ੍ਰੇਰਨ ਜਾਂ ਵਕਾਲਤ ਕਰਨ ਵਿਰੁੱਧ ਕਾਰਵਾਈ ਕਰਨ ਲਈ ਹੈ। ਆਈ.ਪੀ.ਸੀ. ਦੀ ਧਾਰਾ 153 ਏ ਧਰਮ, ਨਸਲ, ਜਨਮ ਸਥਾਨ, ਭਾਸ਼ਾ ਆਦਿ ਦੇ ਆਧਾਰ 'ਤੇ ਵੱਖ-ਵੱਖ ਭਾਈਚਾਰਿਆਂ ਦਰਮਿਆਨ ਦੁਸ਼ਮਣੀ ਵਧਾਉਣ ਅਤੇ ਸਦਭਾਵਨਾ ਨੂੰ ਨੁਕਸਾਨ ਪਹੁੰਚਾਉਣ ਬਾਰੇ ਹੈ ਜਦਕਿ ਧਾਰਾ 153 ਬੀ ਰਾਸ਼ਟਰੀ ਏਕਤਾ ਨੂੰ ਨੁਕਸਾਨ ਪਹੁੰਚਾਉਣ ਨਾਲ ਸਬੰਧਿਤ ਹੈ। ਧਾਰਾ 505 ਜਾਣ-ਬੁੱਝ ਕੇ ਸ਼ਾਂਤੀ ਭੰਗ ਕਰਨ ਦੇ ਇਰਾਦੇ ਵਿਰੁੱਧ ਕਾਰਵਾਈ ਕਰਨ ਨਾਲ ਸਬੰਧਿਤ ਹੈ। ਯੂ.ਏ.ਪੀ.ਏ. ਦੀ ਉਪਰੋਕਤ ਧਾਰਾ ਤਹਿਤ ਵੱਧ ਤੋਂ ਵੱਧ ਸੱਤ ਸਾਲ ਦੀ ਕੈਦ ਦੀ ਸਜ਼ਾ ਅਤੇ ਇਸੇ ਤਰ੍ਹਾਂ ਆਈ.ਪੀ.ਸੀ. ਦੀਆਂ ਉਪਰੋਕਤ ਧਾਰਾਵਾਂ ਤਹਿਤ ਵੀ ਸਖ਼ਤ ਸਜ਼ਾ ਦੀ ਵਿਵਸਥਾ ਹੈ। 14 ਸਾਲ ਦੇ ਲੰਮੇ ਅਰਸੇ ਬਾਅਦ ਦਿੱਤੀ ਇਹ ਮਨਜ਼ੂਰੀ ਸਿਰਫ਼ ਸੱਤਾ ਵੱਲੋਂ ਕਾਨੂੰਨਾਂ ਦੀ ਮਨਮਾਨੀ ਵਰਤੋਂ ਰਾਹੀਂ ਨਾਗਰਿਕਾਂ ਨੂੰ ਤੰਗ-ਪ੍ਰੇਸ਼ਾਨ ਕਰਨ ਨੂੰ ਹੀ ਨਹੀਂ ਦਰਸਾਉਂਦੀ ਸਗੋਂ ਫ਼ੌਜਦਾਰੀ ਦੰਡਾਵਲੀ ਅਤੇ ਯੂ.ਏ.ਪੀ.ਏ. ਵਿਚ ਇਨ੍ਹਾਂ ਵਿਵਸਥਾਵਾਂ ਦੀ ਮਨਮਾਨੀ ਵਰਤੋਂ ਨੂੰ ਰੋਕਣ ਲਈ ਕੀਤੀ ਕੰਟਰੋਲ ਅਤੇ ਸੰਤੁਲਨ ਦੀ ਵਿਵਸਥਾ ਦੀ ਅਸਫਲਤਾ ਨੂੰ ਵੀ ਸਾਫ ਤੌਰ 'ਤੇ ਦਰਸਾਉਂਦੀ ਹੈ।

ਯੂ.ਏ.ਪੀ.ਏ. ਦੇ ਸੈਕਸ਼ਨ 45(2) ਵਿਚ ਮੁਕੱਦਮਾ ਚਲਾਏ ਜਾਣ ਨੂੰ ਅਗਾਊਂ ਮਨਜ਼ੂਰੀ ਦੀ ਇਕ ਵਿਵਸਥਾ ਕੀਤੀ ਗਈ ਹੈ, ਤਾਂ ਜੋ ਇਨ੍ਹਾਂ ਵਿਸ਼ੇਸ਼ ਤਾਕਤਾਂ ਦੀ ਮਨਮਾਨੀ ਵਰਤੋਂ ਨਾ ਹੋਵੇ। ਇਸੇ ਤਰ੍ਹਾਂ ਫ਼ੌਜਦਾਰੀ ਦੰਡਾਵਲੀ ਦੇ ਸੈਕਸ਼ਨ 196 ਤਹਿਤ 153 ਏ ਅਤੇ 153 ਬੀ ਦੇ ਸੈਕਸ਼ਨ ਤਹਿਤ ਦਰਜ ਕੀਤੇ ਅਪਰਾਧਾਂ ਲਈ ਮੁਕੱਦਮਾ ਚਲਾਏ ਜਾਣ ਨੂੰ ਮਨਜ਼ੂਰੀ ਦੇਣ ਸਬੰਧੀ ਵਿਸਤਾਰਤ ਰਿਵਿਊ ਦੀ ਵਿਵਸਥਾ ਹੈ ਪਰ ਉਪ ਰਾਜਪਾਲ ਨੇ ਉਪਰੋਕਤ ਮਨਜ਼ੂਰੀ ਇਨ੍ਹਾਂ ਵਿਵਸਥਾਵਾਂ ਨੂੰ ਪੂਰੀ ਤਰ੍ਹਾਂ ਦਰਕਿਨਾਰ ਕਰ ਕੇ ਦਿੱਤੀ ਹੈ ਜਿਸ ਭਾਸ਼ਣ ਨਾਲ ਕੋਈ ਹਿੰਸਾ ਹੋਈ ਹੀ ਨਹੀਂ।

ਇਹ ਮਨਜ਼ੂਰੀ ਸਪਸ਼ਟ ਤੌਰ 'ਤੇ ਰਾਜਨੀਤਕ ਏਜੰਡੇ ਤੋਂ ਪ੍ਰੇਰਿਤ ਹੈ ਅਤੇ ਇਸ ਦੀ ਕੋਈ ਕਾਨੂੰਨੀ ਵਾਜਬੀਅਤ ਨਹੀਂ ਹੈ। ਐੱਫ.ਆਈ.ਆਰ. ਲੱਗਭੱਗ ਚੌਦਾਂ ਸਾਲ ਪੁਰਾਣੀ ਹੈ ਅਤੇ ਇਸ ਦੇ ਮੱਦੇਨਜ਼ਰ, ਹਾਲੀਆ ਮਨਜ਼ੂਰੀ ਦੇਣ ਪਿੱਛੇ ਹਕੂਮਤ ਦੀ ਫਾਸ਼ੀਵਾਦੀ ਮਨਸ਼ਾ ਬਾਰੇ ਕਿਸੇ ਨੂੰ ਭੁਲੇਖਾ ਨਹੀਂ ਹੋਣਾ ਚਾਹੀਦਾ। ਆਉਣ ਵਾਲੇ ਦਿਨਾਂ 'ਚ ਮੋਦੀ ਵਜ਼ਾਰਤ ਆਪਣੇ ਫਾਸ਼ੀਵਾਦੀ ਪ੍ਰੋਜੈਕਟ ਦੇ ਬਕਾਇਆ ਹਿੱਸੇ ਨੂੰ ਅੰਜਾਮ ਦੇਣ ਲਈ ਸਿਲਸਿਲੇਵਾਰ ਕਦਮ ਚੁੱਕਣ ਦੀ ਤਿਆਰੀ 'ਚ ਹੈ। ਭਗਵਾ ਹਕੂਮਤ ਚਾਹੁੰਦੀ ਹੈ ਕਿ ਕੋਈ ਵੀ ਆਲੋਚਕ ਉਸਦੇ ਇਨ੍ਹਾਂ ਤਾਨਾਸ਼ਾਹ ਕਾਰਿਆਂ ਵਿਰੁੱਧ ਆਵਾਜ਼ ਉਠਾਉਣ ਦੀ ਹਿੰਮਤ ਨਾ ਕਰੇ। ਆਲਮੀ ਪੱਧਰ 'ਤੇ ਮਕਬੂਲ ਲੇਖਕਾ ਹੋਣ ਕਾਰਨ ਅਰੁੰਧਤੀ ਰਾਏ ਹਕੂਮਤ ਨੂੰ ਖ਼ਾਸ ਕਰ ਕੇ ਚੁਭਦੀ ਹੈ ਕਿਉਂਕਿ ਉਸ ਦੀ ਬੇਬਾਕ ਆਵਾਜ਼ ਦੁਨੀਆ ਭਰ 'ਚ ਸੁਣੀ ਜਾਂਦੀ ਹੈ।

ਅਰੁੰਧਤੀ ਰਾਏ ਉਨ੍ਹਾਂ ਗਿਣਤੀ ਦੇ ਕਲਮਕਾਰਾਂ ਵਿਚੋਂ ਸਿਰਕੱਢ ਹੈ ਜੋ ਸਾਡੇ ਸਮਾਜ ਅਤੇ ਰਾਜ ਢਾਂਚੇ ਦੇ ਵਿਗਾੜਾਂ ਦੀ ਤਹਿ 'ਚ ਜਾ ਕੇ ਉਨ੍ਹਾਂ ਨੂੰ ਉਜਾਗਰ ਕਰਦੇ ਹਨ ਅਤੇ ਸੱਤਾ ਦੀਆਂ ਮਨਮਾਨੀਆਂ ਉਪਰ ਤਿੱਖੇ ਸਵਾਲ ਉਠਾਉਂਦਿਆਂ ਲਕੀਰ ਖਿੱਚ ਕੇ ਮਜ਼ਲੂਮ ਧਿਰਾਂ ਨਾਲ ਖੜ੍ਹਦੇ ਹਨ। ਚਾਹੇ ਅਮਰੀਕਨ ਸਾਮਰਾਜਵਾਦ ਸਮੇਤ ਦੁਨੀਆ ਭਰ 'ਚ ਘੋਰ ਪਿਛਾਖੜੀ ਤਾਕਤਾਂ ਦੀ ਵਧ ਰਹੀ ਦਰਿੰਦਗੀ ਹੋਵੇ ਜਾਂ ਗਾਜ਼ਾ ਵਿਚ ਅਮਰੀਕਾ ਤੇ ਪੱਛਮੀ ਸਾਮਰਾਜੀ ਤਾਕਤਾਂ ਦੀ ਪੁਸ਼ਤ-ਪਨਾਹੀ ਹੇਠ ਇਜ਼ਰਾਇਲੀ ਦਹਿਸ਼ਤਵਾਦੀ ਰਾਜ ਵੱਲੋਂ ਫ਼ਲਸਤੀਨੀਆਂ ਦੀ ਨਸਲਕੁਸ਼ੀ ਹੋਵੇ, ਅਰੁੰਧਤੀ ਰਾਏ ਨੇ ਜਾਬਰ ਹਕੂਮਤਾਂ ਦਾ ਧੜੱਲੇ ਨਾਲ ਵਿਰੋਧ ਕੀਤਾ ਹੈ ਅਤੇ ਮਜ਼ਲੂਮਾਂ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਿਆ ਹੈ।

ਭਾਰਤ ਵਿਚ ਸਰਕਾਰ ਚਾਹੇ ਕਾਂਗਰਸ ਦੀ ਅਗਵਾਈ ਵਾਲੇ ਯੂ.ਪੀ.ਏ. ਗੱਠਜੋੜ ਦੀ ਹੋਵੇ ਜਾਂ ਭਗਵਾ ਬ੍ਰਿਗੇਡ ਦੀ, ਅਰੁੰਧਤੀ ਰਾਏ ਨੇ ਸੱਤਾ ਦੀਆਂ ਲੋਕ ਵਿਰੋਧੀ ਨੀਤੀਆਂ ਉਪਰ ਆਪਣੇ ਵਿਚਾਰ ਬੇਬਾਕੀ ਨਾਲ ਰੱਖੇ ਹਨ। ਅਰੁੰਧਤੀ ਰਾਏ ਨੇ ਪਰਮਾਣੂ ਤਜਰਬਿਆਂ, ਡੈਮਾਂ ਰਾਹੀਂ ਉਜਾੜੇ, ਪਾਰਲੀਮੈਂਟ ਉਪਰ ਸ਼ੱਕੀ ਹਮਲੇ ਆਦਿ ਸਵਾਲਾਂ ਉਪਰ ਦਲੇਰੀ ਨਾਲ ਲਿਖਿਆ ਹੈ। ਆਦਿਵਾਸੀਆਂ ਦੀ ਨਸਲਕੁਸ਼ੀ ਅਤੇ ਉਜਾੜੇ ਪਿੱਛੇ ਕੰਮ ਕਰਦੇ ਕਾਰਪੋਰੇਟ ਹਿਤਾਂ ਦਾ ਡਟ ਕੇ ਪਰਦਾਫਾਸ਼ ਕੀਤਾ ਹੈ। ਚਾਹੇ ਆਦਿਵਾਸੀਆਂ ਦਾ ਸੰਘਰਸ਼ ਹੋਵੇ, ਨਰਮਦਾ ਬਚਾਓ ਅੰਦੋਲਨ ਹੋਵੇ ਜਾਂ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਮੁਸਲਮਾਨ ਘੱਟਗਿਣਤੀ ਅਤੇ ਹੋਰ ਇਨਸਾਫ਼ਪਸੰਦਾਂ ਦਾ ਸ਼ਾਹੀਨ ਬਾਗ਼ ਸੰਘਰਸ਼ ਹੋਵੇ, ਜਾਂ ਮਨੀਪੁਰ ਵਿਚ ਔਰਤਾਂ ਵਿਰੁੱਧ ਘਿਨਾਉਣੀ ਜਿਨਸੀ ਹਿੰਸਾ, ਉਹ ਹਮੇਸ਼ਾ ਮਜ਼ਲੂਮ ਧਿਰ ਨਾਲ ਡੱਟ ਕੇ ਖੜ੍ਹਦੀ ਰਹੀ ਹੈ। ਚਾਹੇ ਨੋਟਬੰਦੀ ਸੀ ਜਾਂ ਕੋਰੋਨਾ ਮਹਾਮਾਰੀ ਨਾਲ ਭਾਰਤ ਦੇ ਗ਼ਰੀਬ ਲੋਕਾਂ ਦੀ ਭਿਆਨਕ ਤਬਾਹੀ, ਉਸ ਨੇ ਹਕੂਮਤ ਦੀਆਂ ਗ਼ਲਤ ਨੀਤੀਆਂ ਨੂੰ ਬਖ਼ੂਬੀ ਨੰਗਾ ਕੀਤਾ ਹੈ।

ਉਸ ਨੇ ਆਰ.ਐੱਸ.ਐੱਸ.-ਭਾਜਪਾ ਦੇ ਹਿੰਦੂਤਵ ਪ੍ਰੋਜੈਕਟ ਦੀ ਇਤਿਹਾਸਕ ਤੱਥਾਂ ਅਤੇ ਦਲੀਲਾਂ ਨਾਲ ਚੀਰ-ਫਾੜ ਕੀਤੀ ਹੈ ਅਤੇ ਖ਼ਤਰਨਾਕ ਨਤੀਜਿਆਂ ਤੋਂ ਦੁਨੀਆ ਨੂੰ ਚੌਕਸ ਕੀਤਾ ਹੈ। 2018 'ਚ ਉਸ ਨੇ ਕਿਹਾ, "1990 ਦੇ ਕਰੀਬ ਇਸ ਮੁਲਕ 'ਚ ਦੋ ਤਾਲੇ ਖੋਲ੍ਹੇ ਗਏ। ਇਕ ਬਾਬਰੀ ਮਸਜਿਦ ਦਾ ਤਾਲਾ ਅਤੇ ਦੂਜਾ ਬਾਜ਼ਾਰ ਦਾ। ਅੱਜ ਜੋ ਹੋ ਰਿਹਾ ਹੈ, ਉਹ ਉਸੇ ਦਾ ਨਤੀਜਾ ਹੈ।" 2022 'ਚ ਉਸ ਨੇ ਸੱਤਾਧਾਰੀ ਭਾਜਪਾ ਦੀ ਤੁਲਨਾ 6 ਜਨਵਰੀ ਨੂੰ ਯੂ.ਐੱਸ. ਕੈਪੀਟਲ ਹਿੱਲ ਵਿਚ ਦੰਗਈਆਂ ਨਾਲ ਕੀਤੀ ਅਤੇ ਕਿਹਾ, "ਮੇਰੇ ਵਰਗੇ ਲੋਕ ਰਾਸ਼ਟਰ ਵਿਰੋਧੀਆਂ ਦੀ ਏ-ਸੂਚੀ 'ਚ ਆਉਂਦੇ ਹਨ; ਖ਼ਾਸ ਕਰ ਕੇ ਮੈਂ ਜੋ ਲਿਖਦੀ ਜਾਂ ਕਹਿੰਦੀ ਹਾਂ, ਉਸ ਕਾਰਨ; ਖ਼ਾਸ ਤੌਰ 'ਤੇ ਕਸ਼ਮੀਰ ਬਾਰੇ।" ਫਰਵਰੀ 2022 'ਚ ਕਰਨ ਥਾਪਰ ਨਾਲ ਇੰਟਰਵਿਊ ਵਿਚ ਉਸ ਨੇ ਕਿਹਾ ਕਿ ਹਿੰਦੂ ਰਾਸ਼ਟਰਵਾਦ ਦੀ ਸੋਚ ਪਾਟਕ-ਪਾਊ ਹੈ ਅਤੇ ਭਾਜਪਾ ਫਾਸ਼ੀਵਾਦੀ ਹੈ। ਲੇਖਕਾ ਨੇ ਆਸ਼ਾਵਾਦ ਨਾਲ ਕਿਹਾ, "ਮੈਨੂੰ ਭਾਰਤੀ ਲੋਕਾਂ ਉਪਰ ਭਰੋਸਾ ਹੈ ਅਤੇ ਮੇਰਾ ਮੰਨਣਾ ਹੈ ਕਿ ਮੁਲਕ ਇਸ ਹਨੇਰੀ ਖਾਈ 'ਚੋਂ ਬਾਹਰ ਜ਼ਰੂਰ ਆਵੇਗਾ।" ਉਸ ਦੀ ਕਿਤਾਬ 'ਆਜ਼ਾਦੀ' ਸਾਡੇ ਸਮਿਆਂ ਦੀ ਬਿਹਤਰੀਨ ਰਚਨਾ ਹੈ।

ਜਿੱਥੇ ਦੁਨੀਆ ਭਰ ਦੇ ਇਨਸਾਫ਼ਪਸੰਦਾਂ ਅਤੇ ਬਹੁਤ ਸਾਰੀਆਂ ਸੰਸਥਾਵਾਂ ਨੇ ਉਸ ਨੂੰ ਵੱਡੇ ਮਾਣ-ਸਨਮਾਨ ਦੇ ਕੇ ਉਸ ਦੀ ਬੌਧਿਕ ਕਾਬਲੀਅਤ ਨੂੰ ਸਲਾਮ ਕੀਤੀ ਹੈ, ਉਥੇ ਭਾਰਤ ਵਿਚ ਉਸ ਨੂੰ ਇਸ ਦਾ ਵੱਡਾ ਮੁੱਲ ਤਾਰਨਾ ਪਿਆ ਹੈ, ਖ਼ਾਸ ਕਰ ਕੇ ਭਗਵਾ ਤਾਕਤਾਂ ਨੇ ਉਸ ਦੀ ਕਿਰਦਾਰਕੁਸ਼ੀ ਕਰਨ ਅਤੇ ਉਸ ਨੂੰ ਦੇਸ਼ਧ੍ਰੋਹੀ ਸਾਬਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ।

ਹਕੂਮਤ ਦਾ ਇਰਾਦਾ ਉਸ ਵਿਰੁੱਧ ਸਖ਼ਤ ਕਾਰਵਾਈ ਨੂੰ ਹੋਰ ਆਲੋਚਕ ਆਵਾਜ਼ਾਂ ਨੂੰ ਹਕੂਮਤ ਦੇ ਸਖ਼ਤ ਤੇਵਰਾਂ ਦਾ ਸੰਦੇਸ਼ ਦੇਣ ਦਾ ਹੈ। ਭਾਰਤ ਦੇ ਕਾਨੂੰਨ ਅਤੇ ਅਦਾਲਤਾਂ ਤਾਂ ਮੋਮ ਦੀ ਨੱਕ ਵਾਂਗ ਹਨ ਜਿਸ ਨੂੰ ਹਕੂਮਤ ਆਪਣੀ ਇੱਛਾ ਅਨੁਸਾਰ ਜਿੱਧਰ ਨੂੰ ਚਾਹੇ ਮੋੜ ਸਕਦੀ ਹੈ। ਮੁਕੱਦਮੇ ਨੂੰ ਮਨਜ਼ੂਰੀ ਦੀ ਕੋਈ ਕਾਨੂੰਨੀ ਵਾਜਬੀਅਤ ਨਾ ਹੋਣ ਬਾਵਜੂਦ, ਅਦਾਲਤੀ ਪ੍ਰਣਾਲੀ ਉਪਰ ਸੱਤਾਧਾਰੀ ਧਿਰ ਦੇ ਭਾਰੀ ਦਬਾਅ ਅਤੇ ਰਾਜਤੰਤਰ ਵਿਚ ਭਗਵਾ ਅਨਸਰਾਂ ਦੀ ਡੂੰਘੀ ਘੁਸਪੈਠ ਦੇ ਮੱਦੇਨਜ਼ਰ ਹੋਰ ਰੋਸ਼ਨ-ਖ਼ਿਆਲ ਬੁੱਧੀਜੀਵੀਆਂ ਦੀ ਤਰ੍ਹਾਂ ਅਰੁੰਧਤੀ ਰਾਏ ਨੂੰ ਕੋਈ ਖ਼ਾਸ ਕਾਨੂੰਨੀ ਰਾਹਤ ਮਿਲਣ ਦੀ ਸੰਭਾਵਨਾ ਨਹੀਂ ਹੈ। ਭੀਮਾ-ਕੋਰੇਗਾਓਂ ਕੇਸ ਵਿਚ ਫਸਾਏ ਬੁੱਧੀਜੀਵੀਆਂ ਅਤੇ ਹੱਕਾਂ ਦੇ ਹੋਰ ਪਹਿਰੇਦਾਰਾਂ, ਇਸੇ ਤਰ੍ਹਾਂ ਦਿੱਲੀ ਕਤਲੇਆਮ ਵਿਚ ਬਹੁਤ ਸਾਰੇ ਧਰਮ ਨਿਰਪੱਖ ਇਨਸਾਫ਼ਪਸੰਦ ਕਾਰਕੁਨਾਂ ਨੂੰ ਜੇਲ੍ਹਾਂ ਵਿਚ ਸਾੜੇ ਜਾਣ ਤੋਂ ਸੱਤਾਧਾਰੀ ਧਿਰ ਦਾ ਰਵੱਈਆ ਇਕਦਮ ਸਪਸ਼ਟ ਹੈ। ਦਿੱਲੀ ਕਤਲੇਆਮ ਦੀ ਰਿਪੋਰਟਿੰਗ ਕਰਨ ਵਾਲੇ 'ਕਾਰਵਾਂ' ਰਸਾਲੇ ਦੇ ਦੋ ਪੱਤਰਕਾਰਾਂ ਦੇ ਵਿਰੁੱਧ ਹੀ ਫਿਰਕੂ ਭਾਵਨਾਵਾਂ ਨੂੰ ਭੜਕਾਉਣ ਅਤੇ ਇਕ ਔਰਤ ਨੂੰ ਅਪਮਾਨਿਤ ਕਰਨ ਦੀਆਂ ਸੰਗੀਨ ਧਾਰਾਵਾਂ ਲਗਾ ਕੇ ਐੱਫ.ਆਈ.ਆਰ. ਦਰਜ ਕਰ ਲਈ ਗਈ ਹੈ। ਇਹ ਸਾਰੇ ਇੱਕੋ ਸਿਲਸਿਲੇ ਦੀਆਂ ਵੱਖ-ਵੱਖ ਘਟਨਾਵਾਂ ਹਨ।

ਮਨਜ਼ੂਰੀ ਦੀ ਇਹ ਕਵਾਇਦ ਬੁੱਧੀਜੀਵੀਆਂ ਅਤੇ ਬੌਧਿਕਤਾ ਦਾ ਸਰੋਤ ਸੰਸਥਾਵਾਂ ਨੂੰ ਖ਼ਾਮੋਸ਼ ਕਰਨ ਦੇ ਫਾਸ਼ੀਵਾਦੀ ਪ੍ਰੋਜੈਕਟ ਦਾ ਹਿੱਸਾ ਹੈ ਅਤੇ ਇਸ ਨੂੰ ਸਾਫ਼-ਸਾਫ਼ ਸਮਝਣ ਦੀ ਜ਼ਰੂਰਤ ਹੈ। ਇਸ ਕਾਰਵਾਈ ਨਾਲ ਭੈਅਭੀਤ ਹੋਣ ਦੀ ਬਜਾਇ ਲੇਖਕਾ ਦੇ ਹੱਕ 'ਚ ਸਿਰਫ਼ ਡੱਟ ਕੇ ਖੜ੍ਹਨਾ ਹੀ ਕਾਫ਼ੀ ਨਹੀਂ ਹੈ ਸਗੋਂ ਇਸ ਨੂੰ ਇਕ ਵਿਆਪਕ ਲੋਕ-ਰਾਇ ਉਸਾਰਾਨ ਦੀ ਮੁਹਿੰਮ ਬਣਾਉਣਾ ਵਕਤ ਦਾ ਤਕਾਜ਼ਾ ਹੈ। ਲੇਖਕਾ ਬੇਹੱਦ ਮਕਬੂਲ ਸ਼ਖ਼ਸੀਅਤ ਹੋਣ ਕਾਰਨ ਵਿਰੋਧੀ ਧਿਰ ਦੇ ਕਈ ਆਗੂਆਂ ਸਮੇਤ ਮੁਲਕ ਦੇ ਉਦਾਰ ਖ਼ਿਆਲ ਹਿੱਸਿਆਂ ਨੇ ਇਸ ਮਨਜ਼ੂਰੀ ਵਿਰੁੱਧ ਆਵਾਜ਼ ਉਠਾਈ ਹੈ। ਦੁਨੀਆ ਭਰ 'ਚ ਵੀ ਉਸ ਦੇ ਹੱਕ 'ਚ ਇਕਮੁੱਠਤਾ ਦੀ ਆਵਾਜ਼ ਉਠਣੀ ਸੁਭਾਵਿਕ ਹੈ ਪਰ ਸਭ ਤੋਂ ਅਹਿਮ ਸਵਾਲ ਹਕੂਮਤ ਦੇ ਖ਼ੂਨੀ ਹੱਥ ਰੋਕਣ ਲਈ ਵਿਆਪਕ ਲੋਕ-ਰਾਇ ਖੜ੍ਹੀ ਕਰਨ ਦਾ ਅਤੇ ਆਪਾ-ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਸਮੇਤ ਜਮਹੂਰੀ ਹੱਕਾਂ ਦੀ ਰਾਖੀ ਦਾ ਹੈ। ਜੇ.ਐੱਨ.ਯੂ. ਸਮੇਤ ਚੋਟੀ ਦੇ ਬੌਧਿਕ ਕੇਂਦਰਾਂ ਉਪਰ ਹਮਲਾ ਹੋਵੇ ਜਾਂ ਭੀਮਾ-ਕੋਰੇਗਾਓਂ ਕੇਸ ਹੋਵੇ ਜਾਂ ਦਿੱਲੀ ਕਤਲੇਆਮ, ਭਗਵਾ ਬ੍ਰਿਗੇਡ ਨੂੰ ਫਾਸ਼ੀਵਾਦੀ ਕਾਰਿਆਂ ਦਾ ਕੋਈ ਖ਼ਾਸ ਰਾਜਨੀਤਕ ਮੁੱਲ ਨਹੀਂ ਚੁਕਾਉਣਾ ਪਿਆ।

ਹਾਲਾਤ ਮੰਗ ਕਰਦੇ ਹਨ ਕਿ ਇਸ ਮੁਲਕ ਨੂੰ ਬਚਾਉਣਾ ਚਾਹੁੰਦੀਆਂ ਸਾਰੀਆਂ ਤਾਕਤਾਂ ਜਮਹੂਰੀ ਹੱਕਾਂ ਦੀ ਰਾਖੀ ਪ੍ਰਤੀ ਗੰਭੀਰ ਹੋਣ ਅਤੇ ਫਾਸ਼ੀਵਾਦ ਦਾ ਪਹੀਆ ਜਾਮ ਕਰਨ ਲਈ ਕੋਈ ਸਾਂਝਾ ਪ੍ਰੋਗਰਾਮ ਤੈਅ ਕਰ ਕੇ ਵੱਡਾ ਅੰਦੋਲਨ ਸ਼ੁਰੂ ਕਰਨ।

## ਕੁਵੈਤ 'ਚ ਭਾਰਤੀ ਕਾਮਿਆਂ ਦੀ ਮੌਤ ਅਤੇ ਪਰਵਾਸ ਦੇ ਮਸਲੇ

*(ਪਿਛਲੇ ਸਫੇ ਦੀ ਬਾਕੀ)*


ਖਿੱਚਿਆ ਪਰਵਾਸ ਕਰ ਰਿਹਾ ਹੈ ਪਰ ਅੱਜ ਕੁਦਰਤੀ ਸਾਧਨਾਂ ਨਾਲ ਭਰਪੂਰ ਭਾਰਤ ਦੀ ਧਰਤੀ ਤੋਂ ਹੋ ਰਿਹਾ ਪਰਵਾਸ ਸਾਡੇ ਰਾਜ ਪ੍ਰਬੰਧ ਦੀ ਨਾਕਾਮੀ ਦਾ ਸਿੱਟਾ ਹੈ।

ਭਾਰਤ ਦੇ ਹਾਕਮ ਟਾਹਰਾਂ ਤਾਂ ਦੁਨੀਆ ਵੱਡੀ ਅਰਥ ਵਿਵਸਥਾ ਬਣਨ ਦੀਆਂ ਮਾਰ ਰਹੇ ਹਨ ਪਰ ਉਹ ਨੌਜਵਾਨਾਂ ਨੂੰ ਕੋਈ 20 ਹਜ਼ਾਰ ਰੁਪਏ ਪ੍ਰਤੀ ਮਹੀਨਾ ਤੱਕ ਦੀਆਂ ਸਥਾਈ ਨੌਕਰੀਆਂ ਵੀ ਨਹੀਂ ਦੇ ਸਕੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਹਰ ਨੌਜਵਾਨ ਲਈ ਦੇਸ਼ ਵਿਚ ਹੀ ਉਸ ਦੀ ਯੋਗਤਾ ਅਨੁਸਾਰ ਰੁਜ਼ਗਾਰ ਦੇਣਾ ਯਕੀਨੀ ਬਣਾਏ; ਜਦ ਤੱਕ ਸਰਕਾਰ ਰੁਜ਼ਗਾਰ ਨਹੀਂ ਦੇ ਸਕਦੀ, ਤਦ ਤੱਕ ਉਸ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ। ਪੰਜਾਬ ਦੇ ਮੁੱਖ ਮੰਤਰੀ ਨੂੰ ਵੀ ਚਾਹੀਦਾ ਹੈ ਕਿ 'ਅੰਗਰੇਜ਼ ਇੱਥੇ ਆ ਕੇ ਨੌਕਰੀ ਕਰਿਆ ਕਰਨਗੇ' ਜਿਹੇ ਹੋਛੇ ਟੋਟਕੇ ਛੱਡਣ ਨਾਲੋਂ ਖਾੜੀ ਮੁਲਕਾਂ ਵਿਚ ਜਾ ਰਹੇ ਨੌਜਵਾਨਾਂ ਨੂੰ ਹੀ ਇੱਥੇ ਨੌਕਰੀਆਂ ਮੁਹੱਈਆ ਕਰ ਦੇਵੋ ਤਾਂ ਚੰਗਾ ਹੈ।

# ਘੱਟ ਖ਼ਤਰਨਾਕ ਨਹੀਂ ਹੋਵੇਗੀ ਮੋਦੀ ਦੀ ਤੀਜੀ ਪਾਰੀ

***ਆਨੰਦ ਤੇਲਤੁੰਬੜੇ ਆਲਮੀ ਸਾਖ ਵਾਲੇ ਬੁੱਧੀਜੀਵੀ ਅਤੇ ਹੱਕਾਂ ਦੇ ਸਿਰਕੱਢ ਕਾਰਕੁਨ ਹਨ। ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਦੀਆਂ ਮਾਰੂ ਨੀਤੀਆਂ ਦੇ ਬੜੇ ਤਿੱਖੇ ਆਲੋਚਕ ਰਹੇ ਹਨ। ਆਖਿਰਕਾਰ, ਸਰਕਾਰ ਨੇ ਉਨ੍ਹਾਂ ਨੂੰ ਭੀਮਾ ਕੋਰੇਗਾਓਂ ਕੇਸ ਵਿਚ ਉਲਝਾ ਲਿਆ ਅਤੇ ਅਪਰੈਲ 2020 ਵਿਚ ਗ੍ਰਿਫਤਾਰ ਕਰ ਲਿਆ। ਬਾਅਦ ਵਿਚ ਅਦਾਲਤ ਦੇ ਦਖਲ ਪਿੱਛੋਂ ਉਨ੍ਹਾਂ ਨੂੰ ਨਵੰਬਰ 2022 ਵਿਚ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ।***

4 ਜੂਨ ਦੇ ਚੋਣ ਨਤੀਜੇ ਦੇਖ ਕੇ ਉਨ੍ਹਾਂ ਬਹੁਤ ਸਾਰੇ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ ਜੋ ਮੋਦੀ ਰੱਥ ਵੱਲੋਂ ਭਾਰਤ ਦੇ ਵਿਚਾਰ ਨੂੰ ਹੀ ਬੇਖ਼ੌਫ਼ ਹੋ ਕੇ ਕੁਚਲੇ ਜਾਣ ਨੂੰ ਬੇਵਸੀ ਨਾਲ ਤੱਕ ਰਹੇ ਸਨ। ਬਹੁਤ ਸਾਰਿਆਂ ਦਾ ਖੁਸ਼ ਹੋਣਾ ਸੁਭਾਵਿਕ ਹੈ ਕਿ ਆਖ਼ਿਰਕਾਰ ਭਾਰਤੀ ਲੋਕਾਂ ਨੇ ਇਸ ਨੂੰ ਨਾਕਾਮ ਬਣਾ ਦਿੱਤਾ ਹੈ। ਜਦੋਂ ਅਜੇ ਵੋਟਾਂ ਦੀ ਗਿਣਤੀ ਹੋ ਰਹੀ ਸੀ, ਉਦੋਂ ਕੁਝ ਲੋਕਾਂ ਨੇ ਐੱਨ. ਚੰਦਰਬਾਬੂ ਨਾਇਡੂ ਅਤੇ ਨਿਤੀਸ਼ ਕੁਮਾਰ ਦੀ ਹਮਾਇਤ ਲੈ ਕੇ ਇੰਡੀਆ ਬਲਾਕ ਦੀ ਸਰਕਾਰ ਬਣਾਉਣ ਦੀ ਸੰਭਾਵਨਾ ਵੀ ਦੇਖੀ ਜਿਨ੍ਹਾਂ ਨੂੰ ਉਨ੍ਹਾਂ ਨੇ ਢਿੱਲੇ ਜਿਹੇ ਢੰਗ ਨਾਲ ਬਿਨਾਂ ਵਜੂਦ ਧਰਮ ਨਿਰਪੱਖ ਕੈਂਪ ਨਾਲ ਸਬੰਧਿਤ ਹੋਣਾ ਚਿਤਵਿਆ ਪਰ ਇਹ ਵਿਚਾਰ



ਵਿਹਾਰਕ ਰੂਪ ਅਖ਼ਤਿਆਰ ਨਾ ਕਰ ਸਕਿਆ ਅਤੇ ਇਨ੍ਹਾਂ ਦੋਹਾਂ ਆਗੂਆਂ ਨੇ ਤੀਜੀ ਵਾਰ ਪ੍ਰਧਾਨ ਮੰਤਰੀ ਥਾਪੇ ਜਾ ਰਹੇ ਨਰਿੰਦਰ ਮੋਦੀ ਨੂੰ ਖੁਸ਼ੀ-ਖੁਸ਼ੀ ਹਮਾਇਤ ਦੇ ਦਿੱਤੀ।

**ਆਨੰਦ ਤੇਲਤੁੰਬੜੇ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਇਸ ਤੋਂ ਪਹਿਲਾਂ ਤੀਜੀ ਵਾਰੀ ਲਗਾਤਾਰ ਪ੍ਰਧਾਨ ਮੰਤਰੀ ਬਣਨ ਦਾ ਕਾਰਨਾਮਾ ਜਵਾਹਰ ਲਾਲ ਨਹਿਰੂ ਦੇ ਹਿੱਸੇ ਆਇਆ ਸੀ।

ਫਿਰ ਵੀ, ਇਹ ਖੁਸ਼ੀ ਖ਼ਤਮ ਹੋਣ ਤੋਂ ਮੁਨਕਰ ਹੋ ਗਈ। ਲੋਕਾਂ ਨੇ ਸੋਚਿਆ ਕਿ ਇਨ੍ਹਾਂ ਦੋ ਤਕੜੇ ਸੰਗੀਆਂ ਦੀ ਹਮਾਇਤ ਦਾ ਮੁਥਾਜ ਮੋਦੀ ਆਪਣੇ ਹਿੰਦੂਤਵੀ ਏਜੰਡੇ ਨੂੰ ਅੱਗੇ ਵਧਾਉਣ ਲਈ ਅਜੇ ਓਨੀ ਕਾਹਲੀ ਨਹੀਂ ਕਰੇਗਾ, ਜਿਵੇਂ ਉਹ ਆਪਣੀ ਹੀ ਪਾਰਟੀ ਦੀ ਬਹੁਮਤ ਵਾਲੀ ਸਰਕਾਰ ਦੇ ਜ਼ੋਰ ਪਹਿਲਾਂ ਕਰਦਾ ਰਿਹਾ ਸੀ। ਕੌਮੀ ਜਮਹੂਰੀ ਗੱਠਜੋੜ (ਐੱ.ਡੀ.ਏ.) ਦੀ ਹੋਂਦ ਉਦੋਂ ਵੀ ਸੀ ਪਰ ਉਦੋਂ ਇਹ ਭਾਰਤੀ ਜਨਤਾ ਪਾਰਟੀ ਦਾ ਵਿਚਾਰਾ ਜਿਹਾ ਸਹਿਯੋਗੀ ਸੀ। ਇਹ ਐੱਨ.ਡੀ.ਏ. ਸਰਕਾਰ ਨਹੀਂ ਸੀ, ਇਹ ਭਾਜਪਾ ਸਰਕਾਰ ਵੀ ਨਹੀਂ ਸੀ - ਇਹ ਮੋਦੀ ਸਰਕਾਰ ਸੀ ਅਤੇ ਇਹ ਸਰਕਾਰ ਵੀ ਮੋਦੀ ਦੀ ਵਿਅਕਤੀਗਤ ਸ਼ਖ਼ਸੀਅਤ ਵਿਚ ਸਮੋ ਗਈ ਸੀ। ਮੋਦੀ ਭਾਰਤੀ ਸਟੇਟ ਦਾ ਪ੍ਰਮੁੱਖ ਚਿੰਨ੍ਹ ਬਣ ਗਿਆ, ਸਾਡੇ ਮੁਲਕ ਦੇ ਬਾਨੀ ਪੁਰਖਿਆਂ ਵੱਲੋਂ ਅਪਣਾਈ ਅਸ਼ੋਕ ਤ੍ਰਿਮੂਰਤੀ ਤੋਂ ਵੀ ਵੱਡਾ ਚਿੰਨ੍ਹ।

ਇਹ ਇਕੱਲਾ ਮੋਦੀ ਹੀ ਸੀ ਜਿਸ ਨੇ ਸਟੇਟ ਪ੍ਰਮੁੱਖ ਵਜੋਂ ਰਾਸ਼ਟਰਪਤੀ ਨੂੰ ਪੂਰੀ ਤਰ੍ਹਾਂ ਦਰਕਿਨਾਰ ਕਰ ਕੇ ਸੰਸਦ ਦੀ ਨਵੀਂ ਇਮਾਰਤ ਦੇ ਮਹੂਰਤ ਮੌਕੇ ਸੈਂਗੋਲ ਧਾਰਨ ਕੀਤਾ ਸੀ (ਦੱਖਣ ਦੇ ਰਾਜਾਸ਼ਾਹੀ ਦਸਤੂਰ ਅਨੁਸਾਰ ਮੱਠ ਦੇ ਬ੍ਰਾਹਮਣ ਪੁਜਾਰੀ ਰਾਜ ਦੇ ਅਧਿਕਾਰ ਦਾ ਇਹ ਚਿੰਨ੍ਹ ਰਾਜ ਦੇ ਅਗਲੇ ਜਾਨਸ਼ੀਨ ਨੂੰ ਭੇਟ ਕਰਦੇ ਸਨ)। ਵਿਚਾਰੀ ਦ੍ਰੋਪਦੀ ਮੁਰਮੂ ਕਿਤੇ ਵੀ ਨਜ਼ਰ ਨਹੀਂ ਸੀ ਆਈ ਅਤੇ ਜਦੋਂ ਉਹ ਮੌਜੂਦ ਵੀ ਸੀ, ਜਿਵੇਂ ਐੱਲ.ਕੇ. ਅਡਵਾਨੀ ਨੂੰ ਭਾਰਤ ਰਤਨ ਦੇਣ ਸਮੇਂ ਦੀ ਤਸਵੀਰ ਵਿਚ; ਉਦੋਂ ਵੀ ਉਹ ਦੂਰ ਖੜ੍ਹੀ ਦਿਸ ਰਹੀ ਸੀ ਜਦੋਂ ਕਿ ਮੋਦੀ ਅਤੇ ਅਡਵਾਨੀ ਨਾਲ-ਨਾਲ ਬਿਰਾਜਮਾਨ ਸਨ। 2024 ਦੀਆਂ ਚੋਣਾਂ ਸਮੇਂ ਇਸ ਨਿਘਾਰ ਨੇ ਚੋਣ ਮੈਨੀਫੈਸਟੋ ਨੂੰ 'ਮੋਦੀ ਕੀ ਗਾਰੰਟੀ' ਦਾ ਨਾਂ ਦੇਣ ਦੀਆਂ ਬੇਮਿਸਾਲ ਨਿਵਾਣਾਂ ਛੂਹ ਲਈਆਂ। ਐੱਨ.ਡੀ.ਏ. ਦੇ ਗ਼ੈਰ-ਭਾਜਪਾ ਭਾਈਵਾਲ ਹਕੂਮਤ 'ਚੋਂ ਮਿਲਣ ਵਾਲੇ ਧਨ-ਦੌਲਤ ਅਤੇ ਤਾਕਤ ਦੇ ਬੇਰੋਕ-ਟੋਕ ਗੱਫ਼ਿਆਂ ਦਾ ਰੱਜ ਮਾਣਦੇ ਰਹੇ।

### 'ਚਾਰ ਸੌ ਪਾਰ' ਦਾ ਟੀਚਾ

ਮੋਦੀ ਆਪਣੇ ਵਿਸ਼ੇਸ਼ ਹੰਕਾਰੀ ਅੰਦਾਜ਼ 'ਚ ਅਜਿੱਤ ਬਣ ਕੇ ਪੇਸ਼ ਹੁੰਦਾ ਰਿਹਾ। ਉਸ ਨੇ 2024 ਦੀਆਂ ਚੋਣਾਂ 'ਚ 400 ਤੋਂ ਵੱਧ ਸੀਟਾਂ ਜਿੱਤਣ ਦਾ ਨਾਅਰਾ ਦਿੱਤਾ ਸੀ, ਉਸ ਦੇ ਆਪਣੇ ਹੀ ਕੁਝ ਸਾਥੀਆਂ ਨੇ ਇਹ ਭੇਤ ਖੋਲ੍ਹ ਦਿੱਤਾ ਸੀ ਕਿ ਸੰਵਿਧਾਨ ਨੂੰ ਬਦਲਣ ਲਈ ਐਨੀਆਂ ਸੀਟਾਂ ਜਿੱਤਣੀਆਂ ਜ਼ਰੂਰੀ ਹਨ। ਸੱਚ ਤਾਂ ਇਹ ਹੈ ਕਿ ਨਵੇਂ ਫ਼ਤਵੇ ਨਾਲ ਅਗਲੀ ਸਰਕਾਰ ਬਣਾ ਕੇ ਉਸ ਦੇ ਕਰਨ ਲਈ ਹੁਣ ਬਹੁਤਾ ਕੁਝ ਰਹਿ ਨਹੀਂ ਗਿਆ ਸੀ, ਉਹ ਤਾਂ ਪਹਿਲਾਂ ਹੀ ਬਹੁਤ ਕੁਝ ਕਰ ਚੁੱਕਾ ਸੀ, ਸੰਵਿਧਾਨ ਦੀ ਧੱਜੀਆਂ ਉਡਾ ਕੇ ਸਭ ਕੁਝ ਤਾਂ ਪਹਿਲਾਂ ਹੀ ਕੀਤਾ ਜਾ ਰਿਹਾ ਸੀ। ਉਹ ਰਾਸ਼ਟਰਪਤੀ ਪ੍ਰਣਾਲੀ ਦੀ ਤਰਜ਼ ਦੇ ਰਾਸ਼ਟਰਪਤੀ ਵਾਂਗ ਵਿਹਾਰ ਕਰਦਾ ਸੀ; ਰਾਜਾਂ ਨੂੰ ਵਸੀਲਿਆਂ ਤੋਂ ਵਾਂਝੇ ਰੱਖ ਕੇ, ਇੱਥੋਂ ਤੱਕ ਕਿ ਰਾਜਾਂ ਦੀ ਪੁਲਿਸ ਤਾਕਤ ਨੂੰ ਮਹੱਤਵਹੀਣ ਬਣਾ ਦੇਣ ਦੀ ਹੱਦ ਤੱਕ ਸੁੰਗੇੜ ਕੇ ਅਤੇ ਰਾਜਾਂ ਤੋਂ ਉਨ੍ਹਾਂ ਦੇ ਵਿਧਾਨਕ ਅਧਿਕਾਰ ਖੋਹ ਕੇ ਉਨ੍ਹਾਂ ਨੂੰ ਅਪਾਹਜ ਬਣਾਉਣ ਲਈ ਗਵਰਨਰਾਂ ਦੀ ਵਰਤੋਂ ਕਰ ਕੇ ਫੈਡਰਲ ਢਾਂਚੇ ਨੂੰ ਬੁਰੀ ਤਰ੍ਹਾਂ ਤੋੜ ਦਿੱਤਾ ਗਿਆ ਸੀ; ਘੱਟ-ਗਿਣਤੀਆਂ ਨੂੰ ਨਾਗਰਿਕ ਨਾ ਮੰਨਦਿਆਂ ਸ਼ਰੇਆਮ ਜ਼ਲੀਲ ਕਰ ਕੇ 'ਹਿੰਦੂ ਰਾਸ਼ਟਰ' ਵੀ ਹਕੀਕਤ 'ਚ ਬਣਾ ਹੀ ਲਿਆ ਗਿਆ ਸੀ। 2024 ਦੇ ਫ਼ਤਵੇ ਵਾਲੀ ਤਬਦੀਲੀ ਨੂੰ ਅਜੇ ਆਲਮੀ ਭਾਈਚਾਰੇ ਵੱਲੋਂ ਵਾਜਬੀਅਤ ਦਿੱਤਾ ਜਾਣਾ ਬਾਕੀ ਹੈ। ਆਪਣੇ ਦੋ ਮੁਲਕ ਵਿਆਪੀ ਮਾਰਚਾਂ- 'ਭਾਰਤ ਜੋੜੋ ਯਾਤਰਾ' ਤੇ 'ਨਿਆਏ ਯਾਤਰਾ' ਅਤੇ ਆਪਣੀ ਜਨਤਕ ਅਪੀਲ ਵਿਚ ਵਾਧੇ ਦੇ ਬਾਵਜੂਦ ਰਾਹੁਲ ਗਾਂਧੀ ਭਾਜਪਾ ਨੂੰ ਸੱਤਾ ਤੋਂ ਲਾਹੁਣ ਲਈ ਲੋੜੀਂਦੀਆਂ ਸੀਟਾਂ ਦਾ ਅੰਕੜਾ ਨਹੀਂ ਬਣਾ ਸਕਿਆ।

ਦੂਜੇ ਪਾਸੇ, ਇਹ ਟੀਚਾ ਪੂਰਾ ਕਰਨ ਲਈ ਭਾਜਪਾ ਦੀ ਚੋਣ ਮਸ਼ੀਨ ਨੇ ਸਾਰਾ ਬੰਦੋਬਸਤ ਕੀਤਾ ਹੋਇਆ ਸੀ। ਸੰਵਿਧਾਨ ਨੂੰ ਬਦਲਣ ਦੀ ਮਨਸ਼ਾ ਨਾਲ 400 ਪਾਰ ਦਾ ਨਾਅਰਾ ਵਾਜਪਾਈ ਦੀ ਅਗਵਾਈ ਹੇਠ ਭਾਜਪਾ ਦੇ 2004 ਦੇ 'ਇੰਡੀਆ ਸ਼ਾਈਨਿੰਗ' ਨਾਅਰੇ ਦੀ ਯਾਦ ਦਿਵਾਉਂਦਾ ਹੈ। ਇਸ ਨੇ ਵਿਰੋਧੀ ਧਿਰ ਨੂੰ ਸੰਵਿਧਾਨ ਦੀ ਰਖਵਾਲੀ ਹੋਣ ਦਾ ਦਿਖਾਵਾ ਕਰਨ ਅਤੇ ਹੇਠਲੇ ਵਰਗਾਂ ਦੇ ਲੋਕਾਂ, ਖ਼ਾਸ ਕਰ ਕੇ ਦਲਿਤਾਂ ਜੋ ਪਿਛਲੀਆਂ ਦੋ ਚੋਣਾਂ ਵਿਚ ਭਾਜਪਾ ਨੂੰ ਵੋਟ ਦਿੰਦੇ ਰਹੇ ਸਨ, ਨੂੰ ਭਾਵਨਾਤਮਕ ਅਪੀਲ ਕਰਨ ਲਈ ਮੁੱਦਾ ਦੇ ਦਿੱਤਾ। 2024 ਦੀਆਂ ਚੋਣਾਂ ਮੌਕੇ ਅਯੁੱਧਿਆ ਵਿਚ ਰਾਮ ਮੰਦਰ ਦੇ ਧੂਮ-ਧੜੱਕੇ ਵਾਲੇ ਮਹੂਰਤ ਉੱਪਰ ਉਸੇ ਤਰ੍ਹਾਂ ਟੇਕ ਰੱਖੀ ਗਈ, ਜਿਵੇਂ 2019 ਦੀਆਂ ਚੋਣਾਂ ਮੌਕੇ ਪੁਲਵਾਮਾ ਕਾਂਡ 'ਤੇ ਰੱਖੀ ਗਈ ਸੀ ਪਰ ਇਹ ਜਨਤਾ ਦੇ ਦਿਲਾਂ ਨੂੰ ਟੁੰਬਣ ਵਾਲਾ ਨਾਅਰਾ ਬਣ ਕੇ ਗੂੰਜਣ 'ਚ ਨਾਕਾਮ ਰਿਹਾ। ਚੋਣ ਮੁਹਿੰਮ ਦੌਰਾਨ ਜਦੋਂ ਤੱਕ ਇਹ ਸਾਹਮਣੇ ਆਇਆ, ਉਦੋਂ ਤੱਕ ਕੋਈ ਬਦਲਵੀਂ ਯੁੱਧਨੀਤੀ ਘੜੇ ਜਾਣ ਪੱਖੋਂ ਬਹੁਤ ਦੇਰ ਹੋ ਚੁੱਕੀ ਸੀ। ਮੋਦੀ ਮੁਸਲਮਾਨ ਵਿਰੋਧੀ ਬਿਆਨਬਾਜ਼ੀ ਤੇ ਭੱਦੀ ਭਾਸ਼ਣਬਾਜ਼ੀ ਕਰਨ ਤੱਕ ਜਾ ਨਿੱਘਰਿਆ। 4 ਜੂਨ ਨੂੰ ਆਏ ਚੋਣ ਨਤੀਜੇ ਕਈਆਂ ਲਈ ਅਚੰਭੇ ਵਾਂਗ ਸਨ ਅਤੇ ਭਾਜਪਾ ਲੀਡਰਸ਼ਿਪ ਦੇ ਮੂੰਹ 'ਤੇ ਵੀ ਹਵਾਈਆਂ ਉੱਡ ਰਹੀਆਂ ਸਨ। ਭਾਜਪਾ ਭਾਵੇਂ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਹੈ ਪਰ ਪੂਰਨ ਬਹੁਮਤ ਲਈ ਜ਼ਰੂਰੀ ਅੰਕੜੇ ਤੋਂ 32 ਸੀਟਾਂ ਘੱਟ ਰਹਿ ਜਾਣ ਨੇ ਸਰਕਾਰ ਬਣਾਉਣ ਲਈ ਮੋਦੀ ਨੂੰ ਹੋਰ ਪਾਰਟੀਆਂ 'ਤੇ ਨਿਰਭਰ ਬਣਾ ਦਿੱਤਾ।

### ਮੋਦੀ ਦੇ ਕ੍ਰਿਸ਼ਮੇ ਦਾ ਅੰਤ?

ਕੁਝ ਤਬਸਰਾਕਾਰਾਂ ਨੇ ਢਿੱਲੇ ਜਿਹੇ ਅੰਦਾਜ਼ 'ਚ ਭਾਜਪਾ ਦੀ ਹਾਰ ਦਾ ਕਾਰਨ ਮੋਦੀ ਵਿਰੁੱਧ ਆਮ ਜਨਤਾ ਦੀ ਨਾਰਾਜ਼ਗੀ ਦੱਸਿਆ ਹੈ। ਸ਼ਾਇਦ ਉਹ ਆਪਣੇ ਅੰਦਰਲੀਆਂ ਭਾਵਨਾਵਾਂ ਲੋਕਾਂ ਦੇ ਨਾਂ 'ਤੇ ਪੇਸ਼ ਕਰ ਰਹੇ ਸਨ, ਇਹ ਦਾਅਵਾ ਕਰਦੇ ਹੋਏ ਕਿ ਲੋਕ ਹਿੰਦੂ-ਮੁਸਲਿਮ ਬਿਆਨਬਾਜ਼ੀ ਤੋਂ ਤੰਗ ਆ ਚੁੱਕੇ ਸਨ, ਹੌਲੀ-ਹੌਲੀ ਲੋਕਾਂ ਨੂੰ ਉਨ੍ਹਾਂ ਦੇ ਦਾਅਵਿਆਂ ਦੇ ਖੋਖਲੇਪਣ ਦਾ ਅਹਿਸਾਸ ਹੋ ਗਿਆ ਸੀ ਅਤੇ ਉਹ ਉਸ ਦੀ ਸਰਕਾਰ ਨੂੰ ਇਕ ਹੋਰ ਮੌਕਾ ਦੇਣ ਬਾਰੇ ਸ਼ੱਕੀ ਸਨ। ਕਈਆਂ ਨੇ ਇਹ ਦਾਅਵਾ ਵੀ ਕੀਤਾ ਕਿ ਲੋਕ ਹਰ ਥਾਂ ਉਸ ਦੀ ਮੌਜੂਦਗੀ ਤੋਂ ਤੰਗ ਆ ਚੁੱਕੇ ਸਨ। ਬਦਕਿਸਮਤੀ ਨਾਲ ਹਕੀਕਤ ਇਨ੍ਹਾਂ ਅੰਦਾਜ਼ਿਆਂ ਦੇ ਹੱਕ 'ਚ ਨਹੀਂ ਜਾਂਦੀ। 2024 'ਚ ਭਾਜਪਾ ਦਾ ਵੋਟ ਸ਼ੇਅਰ 37.37 ਫ਼ੀਸਦੀ ਦਰਅਸਲ 2019 ਵਿਚ ਉਹਦੇ 37.34 ਫ਼ੀਸਦੀ ਵਾਲੇ ਵੋਟ ਸ਼ੇਅਰ ਜਿੰਨਾ ਹੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਕਿਸੇ ਵੀ ਗੱਲ ਦਾ ਵੋਟਰਾਂ 'ਤੇ ਮਾੜਾ ਅਸਰ ਨਹੀਂ ਪਿਆ - ਇੱਥੋਂ ਤੱਕ ਕਿ ਚੋਣ ਮੁਹਿੰਮ ਦੌਰਾਨ ਹੀ ਭਵਿੱਖੀ ਪ੍ਰਧਾਨ ਮੰਤਰੀ ਦੇ ਰੂਪ ਵਿਚ ਪੇਸ਼ ਹੋਣ ਦਾ, ਮੁਸਲਮਾਨਾਂ ਵਿਰੁੱਧ ਬਦਜ਼ੁਬਾਨ ਪ੍ਰਚਾਰ ਕੀਤੇ ਜਾਣ ਦਾ ਵੀ ਨਹੀਂ। 2019 ਦੀਆਂ ਚੋਣਾਂ 'ਚ ਪੁਲਵਾਮਾ ਦੀ ਘਟਨਾ ਨੇ ਉਸ ਦਾ ਵੋਟ ਸ਼ੇਅਰ ਵਧਾ ਕੇ ਸੀਟਾਂ ਦੀ ਗਿਣਤੀ 303 ਤੱਕ ਵਧਾ ਦਿੱਤੀ ਸੀ। 2024 ਵਿੱਚ ਭਾਜਪਾ ਦਾ ਵੋਟ ਸ਼ੇਅਰ ਸਥਿਰ ਰਿਹਾ ਹਾਲਾਂਕਿ ਇਸ ਦੀ ਸੀਟਾਂ ਦੀ ਗਿਣਤੀ 240 ਤੱਕ ਡਿਗ ਗਈ ਜੋ 272 ਦੇ ਬਹੁਮਤ ਵਾਲੇ ਅੰਕੜੇ ਤੋਂ ਕਾਫ਼ੀ ਹੇਠਾਂ ਹੈ।

ਜ਼ਿਆਦਾਤਰ ਤਬਸਰਾਕਾਰ ਇਹ ਗੱਲ ਸਮਝਣ 'ਚ ਨਾਕਾਮ ਰਹਿੰਦੇ ਹਨ ਕਿ ਉਸ ਦੀ



ਅਪੀਲ ਲਾਜ਼ਮੀ ਹੀ ਉਹਦੇ ਆਮ ਬੰਦੇ ਵਾਲੇ ਅਤੇ ਘਿਨਾਉਣੇ ਹਾਵ-ਭਾਵ 'ਚ ਪਈ ਹੈ ਜਿਸ ਨੂੰ ਜਨਤਾ ਸਹਿਜੇ ਹੀ ਆਪਣੇ ਮਨੋ-ਭਾਵਾਂ ਨਾਲ ਜੋੜ ਲੈਂਦੀ ਹੈ। ਜਨਤਾ ਉਸ ਨੂੰ ਕੁਲੀਨ ਵਰਗ ਦਾ ਵਿਰੋਧੀ, ਬੁੱਧੀਜੀਵੀਆਂ ਦਾ ਵਿਰੋਧੀ, ਨਿਮਾਣੇ ਵਰਗ/ਜਾਤੀ ਪਿਛੋਕੜ ਵਾਲਾ ਅਤੇ ਇਸ ਤਰ੍ਹਾਂ ਆਪਣਾ ਬੰਦਾ ਸਮਝਦੀ ਹੈ। ਉਸ ਦਾ ਬਹਾਦਰੀ ਦਾ ਦਿਖਾਵਾ (56 ਇੰਚ ਸੀਨਾ) ਅਤੇ 'ਘਰ ਮੇਂ ਘੁਸ ਕੇ ਮਾਰੇਂਗੇ' ਦੀਆਂ ਫੜ੍ਹਾਂ ਬੇਸ਼ੱਕ ਉਸ ਦੇ ਕੱਦ-ਕਾਠ ਨਾਲ ਮੇਲ ਤਾਂ ਨਹੀਂ ਖਾਂਦੀਆਂ ਪਰ ਉਸ ਨੂੰ ਸਥਾਪਤ ਸ਼ੈਤਾਨੀ ਤਾਕਤਾਂ ਨੂੰ ਲਲਕਾਰਨ ਵਾਲੇ ਇਕ ਨਾਇਕ ਦੇ ਸਾਂਚੇ 'ਚ ਜ਼ਰੂਰ ਢਾਲ ਦਿੰਦੀਆਂ ਹਨ। ਜਮਹੂਰੀ ਕਾਇਦੇ ਪ੍ਰਤੀ ਉਸ ਦੀ ਨਫ਼ਰਤ ਨੂੰ ਬਸਤੀਵਾਦੀ ਸਰਕਾਰ ਵੱਲੋਂ ਲਿਆਂਦੇ ਨੌਕਰਸ਼ਾਹ ਤੌਰ-ਤਰੀਕਿਆਂ ਵਿਰੁੱਧ ਨਫ਼ਰਤ ਵਜੋਂ ਦੇਖਿਆ ਜਾਂਦਾ ਹੈ।

ਚੋਣਾਂ ਦੌਰਾਨ ਜਨਤਾ ਵਿਚ ਮੋਦੀ ਵਿਰੋਧੀ ਮੂਡ ਨੂੰ ਕੈਮਰੇ 'ਚ ਕੈਦ ਕਰਨ ਲਈ ਉਤਸੁਕ ਕਈ ਯੂਟਿਊਬਰਾਂ ਵੱਲੋਂ ਵੀਡੀਓ ਕਵਰੇਜ ਵਿਚ ਮਾਯੂਸੀ ਨਾਲ ਇਹ ਦਿਖਾਇਆ ਗਿਆ ਕਿ ਆਪਣੇ ਭੈੜੇ ਹਾਲਾਤ ਨੂੰ ਲੈ ਕੇ ਉਸ ਵਿਰੁੱਧ ਬਹੁਤ ਸਾਰੀਆਂ ਸ਼ਿਕਾਇਤਾਂ ਹੋਣ ਦੇ ਬਾਵਜੂਦ ਲੋਕ ਅਜੇ ਵੀ ਉਸ ਦੇ ਪੱਖ ਵਿਚ ਹਨ। ਪਰੇਸ਼ਾਨ ਕਰਨ ਵਾਲੇ ਇਨ੍ਹਾਂ ਪ੍ਰਤੀਕਰਮਾਂ ਨੂੰ ਪੇਸ਼ਕਾਰੀਆਂ ਕਰਨ ਵਾਲਿਆਂ ਵੱਲੋਂ ਸ਼ਾਇਦ ਹੀ ਸਮਝਿਆ ਗਿਆ ਸੀ। ਲੋਕਾਂ ਨੇ ਇਨ੍ਹਾਂ ਸ਼ਿਕਾਇਤਾਂ ਨੂੰ ਮੋਦੀ ਨਾਲ ਨਹੀਂ ਸਗੋਂ ਪ੍ਰਸ਼ਾਸਨ ਤੇ ਬਾਬੂਸ਼ਾਹੀ ਨਾਲ ਜੋੜਿਆ। ਲੋਕ ਇਸ ਗੱਲ ਨਾਲ ਸਹਿਮਤ ਸਨ ਕਿ ਬੇਰੁਜ਼ਗਾਰੀ, ਲੱਕ ਤੋੜ ਮਹਿੰਗਾਈ ਤਾਂ ਹੈ ਅਤੇ ਵਾਅਦੇ ਵੀ ਅਧੂਰੇ ਹਨ ਪਰ ਇਨ੍ਹਾਂ ਲਈ ਉਨ੍ਹਾਂ ਨੇ ਮੋਦੀ ਨੂੰ ਦੋਸ਼ੀ ਕਦਾਚਿਤ ਨਹੀਂ ਸਮਝਿਆ। ਘੱਟੋ-ਘੱਟ ਗਿਣਤੀ ਦੇ ਲਿਹਾਜ਼ ਨਾਲ ਮੋਦੀ ਦਾ ਜਾਦੂ ਫਿੱਕਾ ਪੈਣ ਦੇ ਕੋਈ ਸੰਕੇਤ ਨਹੀਂ ਹਨ। ਇਸ ਨੂੰ ਉਸ ਦੀ ਜਿੱਤ ਦੇ ਫ਼ਰਕ ਵਿਚ ਆਈ ਭਾਰੀ ਕਮੀ ਦੇ ਰੂਪ 'ਚ ਦੇਖਣਾ ਭਰਮ ਪੈਦਾ ਕਰ ਸਕਦਾ ਹੈ।

### ਅਸਲੀ ਜਾਦੂ

ਜੇ 2024 ਦੇ ਨਤੀਜਿਆਂ ਦੌਰਾਨ ਕੋਈ ਜਾਦੂ ਸੀ ਤਾਂ ਉਹ ਚੋਣਾਂ ਦੌਰਾਨ ਵਿਰੋਧੀ ਧਿਰ ਵੱਲੋਂ ਇਕ ਚਿਹਰਾ ਲੋਕਾਂ ਸਾਹਮਣੇ ਪੇਸ਼ ਕਰਨ ਕਰ ਕੇ ਸੀ। ਸਾਰਾ ਕਮਾਲ ਇਸੇ ਯੁੱਧਨੀਤੀ ਦਾ ਸੀ। ਇਹ ਕੋਈ ਬਹੁਤੀ ਮਗਜ਼ ਖਪਾਈ ਕਰਨ ਵਾਲੀ ਗੱਲ ਨਹੀਂ ਸੀ; ਕੋਈ ਸਕੂਲੀ ਬੱਚਾ ਵੀ ਇਹ ਸੁਝਾਅ ਸਕਦਾ ਸੀ ਕਿ ਜੇ ਤੁਹਾਡਾ ਮੱਥਾ ਡਾਢੇ ਦੁਸ਼ਮਣ ਨਾਲ ਲੱਗਿਆ ਹੋਇਆ ਹੈ ਤਾਂ ਤੁਸੀਂ ਆਪਣੀਆਂ ਤਾਕਤਾਂ ਨੂੰ ਜੋੜ ਕੇ ਹੀ ਉਸ ਨਾਲ ਟੱਕਰ ਲੈ ਸਕੋਗੇ ਪਰ ਇੰਝ ਕਰਨ 'ਚ ਬਹੁਤ ਦੇਰੀ ਕਰ ਦਿੱਤੀ ਗਈ। ਖ਼ੈਰ, ਸੀਟਾਂ ਦੀ ਵੰਡ-ਵੰਡਾਈ ਕਰਨ ਲਈ ਵਿਰੋਧੀ ਧਿਰ ਦੇ ਆਗੂ ਸ਼ਾਬਾਸ਼ ਦੇ ਹੱਕਦਾਰ ਹਨ ਜਿਸ ਦੇ ਸਿੱਟੇ ਵਜੋਂ ਉਨ੍ਹਾਂ ਦਾ ਸਾਂਝਾ ਵੋਟ ਸ਼ੇਅਰ 42 ਫ਼ੀਸਦੀ ਹੋ ਗਿਆ; ਭਾਵ, 2019 ਅਤੇ 2024 ਦੀਆਂ ਚੋਣਾਂ ਵਿਚ ਐਨ.ਡੀ.ਏ. ਦੇ ਸ਼ੇਅਰ 45 ਫ਼ੀਸਦੀ ਦੇ ਕਰੀਬ। ਇਹ ਗੁੰਜਾਇਸ਼ ਪਈ ਸੀ ਕਿ ਉਨ੍ਹਾਂ ਦਾ ਵੋਟ ਸ਼ੇਅਰ ਸਹਿਜੇ ਹੀ 50 ਫ਼ੀਸਦੀ ਤੋਂ ਵੱਧ ਹੋ ਸਕਦਾ ਸੀ ਕਿਉਂਕਿ 55 ਫ਼ੀਸਦੀ ਲੋਕ ਜਾਂ ਤਾਂ ਐੱਨ.ਡੀ.ਏ. ਦੇ ਖਿਲਾਫ਼ ਸਨ ਜਾਂ ਉਸ ਪ੍ਰਤੀ ਉਦਾਸੀਨ ਸਨ। ਕੁਝ ਪਾਰਟੀਆਂ ਕਰ ਕੇ ਭਾਜਪਾ ਫਿਰ ਵੀ ਵਿਰੋਧੀ ਧਿਰ ਦੀਆਂ ਵੋਟਾਂ ਵੰਡਣ 'ਚ ਕਾਮਯਾਬ ਰਹੀ ਜਿਸ ਨੇ ਸੀਟਾਂ ਜਿੱਤਣ 'ਚ ਇਸ ਦੀ ਅਸਿੱਧੇ ਰੂਪ 'ਚ ਮਦਦ ਕੀਤੀ। ਮਿਸਾਲ ਵਜੋਂ ਮਾਇਆਵਤੀ ਦੀ ਅਗਵਾਈ ਵਾਲੀ ਬਸਪਾ ਨੇ ਉੱਤਰ ਪ੍ਰਦੇਸ਼ ਵਿਚ ਭਾਜਪਾ ਨੂੰ 16 ਸੀਟਾਂ ਹਥਿਆਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ।

ਵਿਰੋਧੀ ਧਿਰ ਨੂੰ ਕੁਝ ਹੋਰ ਚੀਜ਼ਾਂ ਨੂੰ ਸੁਧਾਰਨ ਦੀ ਲੋੜ ਸੀ। ਇਸ ਨੂੰ ਆਪਣੇ ਇਨ੍ਹਾਂ ਇਸ਼ਾਰਿਆਂ ਨੂੰ ਤਿਆਗਣ ਦੀ ਜ਼ਰੂਰਤ ਹੈ ਕਿ ਉਹ ਆਪਣੇ 'ਮੈਂ ਵੀ ਹਿੰਦੂ' ਤਰਜ਼ ਦੇ ਨਾਅਰੇ ਨਾਲ ਹਿੰਦੂ ਵੋਟਾਂ ਲੈ ਸਕਦੇ ਹਨ। ਭਾਜਪਾ ਵਿਰੋਧੀ ਹਿੰਦੂ, ਹਿੰਦੂਆਂ ਨੂੰ ਨਹੀਂ ਲੱਭ ਰਹੇ, ਉਹ ਤਾਂ ਉਨ੍ਹਾਂ ਲੋਕਾਂ ਨੂੰ ਲੱਭ ਰਹੇ ਹਨ ਜੋ ਭਾਜਪਾ ਦੇ ਫਿਰਕੂ ਹਿੰਦੂਵਾਦ ਦਾ ਡਟ ਕੇ ਵਿਰੋਧ ਕਰਦੇ ਹਨ। ਜੇ ਉਹ ਉਨ੍ਹਾਂ ਨੂੰ ਕਾਇਲ ਕਰ ਲੈਂਦੇ ਹਨ ਤਾਂ ਭਾਜਪਾ ਵਿਰੋਧੀ ਜ਼ਿਆਦਾਤਰ ਵੋਟਾਂ ਜੋ 60% ਤੋਂ ਵੱਧ ਹਨ, ਸੰਭਾਵੀ ਤੌਰ 'ਤੇ ਇੰਡੀਆ ਬਲਾਕ ਨੂੰ ਮਿਲ ਸਕਦੀਆਂ ਹਨ।

ਵੋਟ ਸ਼ੇਅਰ ਅਤੇ ਸੀਟਾਂ ਦੀ ਗਿਣਤੀ ਵਿਚ ਸਪਸ਼ਟ ਫ਼ਰਕ ਇਸ ਚੋਣ ਸਿਸਟਮ ਦੀਆਂ ਢਾਂਚਾਗਤ ਤਰੁਟੀਆਂ (ਜੋ ਸਭ ਤੋਂ ਅੱਗੇ ਨਿਕਲ ਗਿਆ, ਉਹੀ ਜੇਤੂ) ਕਾਰਨ ਹੈ ਜੋ ਬੋਲ਼ੇ ਰਾਸ਼ਟਰ ਨੂੰ ਚੀਕ-ਚੀਕ ਕੇ ਤਬਦੀਲੀ ਲਈ ਪੁਕਾਰ ਰਹੀਆਂ ਹਨ। ਹੈਰਾਨੀ ਦੀ ਗੱਲ ਹੈ ਕਿ ਜੋ ਲੋਕ ਚੋਣਾਂ ਬਾਰੇ ਵੱਡੀਆਂ-ਵੱਡੀਆਂ ਗੱਲਾਂ ਕਰਦੇ ਹਨ, ਉਹ ਇਹ ਦੇਖਣ 'ਚ ਨਾਕਾਮ ਰਹਿੰਦੇ ਹਨ ਕਿ ਸਾਡੇ ਲੋਕਤੰਤਰੀ ਢਾਂਚੇ ਦਾ ਇਹ ਹਿੱਸਾ ਸਾਡੀ ਸ਼ਾਸਨ ਵਿਵਸਥਾ ਦੀਆਂ ਬਹੁਤ ਸਾਰੀਆਂ ਕਮਜ਼ੋਰੀਆਂ ਦੀ ਜੜ੍ਹ ਹੈ। ਮੂਲ ਰੂਪ ਵਿਚ ਇਹ ਪ੍ਰਣਾਲੀ ਲੋਕਤੰਤਰ ਨੂੰ ਇਸ ਅਰਥ ਵਿਚ ਖ਼ੋਰਾ ਲਾਉਂਦੀ ਹੈ ਕਿ ਸਿਧਾਂਤਕ ਤੌਰ 'ਤੇ ਘੱਟੋ-ਘੱਟ 49 ਫ਼ੀਸਦੀ ਲੋਕਾਂ ਨੂੰ ਨੁਮਾਇੰਦਗੀ ਤੋਂ ਬਾਹਰ ਰੱਖਿਆ ਗਿਆ ਹੈ। ਇਹ ਚੋਣਾਂ ਵਿਚ ਯੁੱਧਨੀਤਕ ਜੋੜ-ਤੋੜ ਨੂੰ ਲੋਕ ਰਾਏ ਉੱਪਰ ਹਾਵੀ ਹੋ ਜਾਣ ਦਾ ਵਿਸ਼ੇਸ਼ ਅਧਿਕਾਰ ਦਿੰਦੀ ਹੈ। ਜ਼ਰਾ ਚੇਤੇ ਕਰੋ, 2014 ਵਿਚ ਭਾਜਪਾ ਦਾ ਵੋਟ ਸ਼ੇਅਰ ਸਿਰਫ਼ 31 ਫ਼ੀਸਦੀ ਸੀ, ਫਿਰ ਵੀ ਉਸ ਨੇ 282 ਸੀਟਾਂ ਜਿੱਤ ਲਈਆਂ ਜੋ ਸੀਟਾਂ ਦੇ 52 ਫ਼ੀਸਦੀ ਤੋਂ ਵੱਧ ਸੀ। 2019 ਦੀਆਂ ਚੋਣਾਂ ਵਿਚ ਇਸ ਨੇ 303, ਭਾਵ 37.34 ਫ਼ੀਸਦੀ ਵੋਟ ਸ਼ੇਅਰ ਨਾਲ 55.56 ਫ਼ੀਸਦੀ ਸੀਟਾਂ ਜਿੱਤੀਆਂ ਜਦੋਂ ਕਿ ਮੌਜੂਦਾ ਚੋਣਾਂ ਵਿਚ ਉਸੇ ਵੋਟ ਸ਼ੇਅਰ ਨਾਲ ਇਸ ਨੂੰ ਸਿਰਫ਼ 44 ਫ਼ੀਸਦੀ ਸੀਟਾਂ ਮਿਲੀਆਂ। ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਲੋਕ ਰਾਏ ਵਿਚ ਕੋਈ ਗਿਣਨਯੋਗ ਤਬਦੀਲੀ ਹੋਈ ਹੈ ਪਰ ਤਬਦੀਲੀ ਭਾਜਪਾ ਦਾ ਮੁਕਾਬਲਾ ਇਕ ਚਿਹਰੇ ਨਾਲ ਕਰਨ ਦੀ ਵਿਰੋਧੀ ਧਿਰ ਪਾਰਟੀਆਂ ਦੀ ਯੁੱਧਨੀਤੀ ਦੁਆਰਾ ਲਿਆਂਦੀ ਗਈ ਹੈ।

### ਕੀ ਮੋਦੀ ਨੂੰ ਕਾਬੂ ਕੀਤਾ ਜਾ ਸਕੇਗਾ?

ਜ਼ਿਆਦਾਤਰ ਤਬਸਰਾਕਾਰਾਂ ਨੂੰ ਉਮੀਦ ਹੈ ਕਿ ਮੋਦੀ ਦੀ ਤੀਜੀ ਪਾਰੀ ਅੱਥਰੇ ਹੁਕਮਰਾਨ ਦੇ ਕਾਬੂ ਹੇਠ ਰਹਿਣ ਦਾ ਮਾਮਲਾ ਹੋਵੇਗਾ ਜੋ ਸ਼ਾਇਦ ਹੀ ਆਪਣੀ ਮਿਆਦ ਪੂਰੀ ਕਰ ਸਕੇ। ਮੈਂ ਇਸ ਨਾਲ ਸਹਿਮਤ ਨਹੀਂ ਹਾਂ। ਸਰਕਾਰ ਬਣਾਉਂਦੇ ਸਮੇਂ ਉਹ ਚਾਹੇ ਕੁਝ ਵੀ ਕਰੇ ਪਰ ਉਸ ਤੋਂ ਬਾਅਦ ਉਹ ਫੱਟੜ ਸ਼ੀਹਣੀ ਵਾਂਗ ਬਦਲਾਲਊ ਭਾਵਨਾ ਨਾਲ ਆਪਣੇ ਫਾਸ਼ੀਵਾਦੀ ਵਿਅਕਤੀਤਵ 'ਚ ਪਰਤ ਜਾਵੇਗਾ। ਜੋ ਕੁਝ ਉਹ ਜਾਣਦਾ ਸੀ ਤੇ ਜੋ ਉਹ ਕਰਦਾ ਰਿਹਾ ਹੈ, ਉਸ ਬਦਲਾਖ਼ੋਰੀ ਨੂੰ ਹੋਰ ਜੋਸ਼ੋ-ਖਰੋਸ਼ ਨਾਲ ਅੰਜਾਮ ਦੇਵੇਗਾ। ਮਿਸਾਲ ਵਜੋਂ ਮੁਸਲਮਾਨਾਂ ਤੇ ਦਲਿਤਾਂ ਨੇ ਇੱਕਜੁੱਟ ਹੋ ਕੇ ਭਾਜਪਾ ਵਿਰੁੱਧ ਵੋਟਾਂ ਪਾਈਆਂ ਅਤੇ ਉਹ ਉਨ੍ਹਾਂ ਨੂੰ ਸੁੱਕੇ ਨਹੀਂ ਜਾਣ ਦੇਵੇਗਾ। ਹੁਕਮਰਾਨ ਧਿਰ ਤੋਂ ਵੱਖਰੇ/ਅਸਹਿਮਤ ਵਿਚਾਰਾਂ ਵਾਲਿਆਂ ('ਸ਼ਹਿਰੀ ਨਕਸਲੀਆਂ') ਨੂੰ ਜੇਲ੍ਹਾਂ ਵਿਚ ਸਾੜਨ ਦਾ ਸਿਲਸਿਲਾ ਹੋਰ ਵਧੇਗਾ ਅਤੇ ਭ੍ਰਿਸ਼ਟਾਚਾਰ ਨੂੰ ਸਜ਼ਾ ਦੇਣ ਦੇ ਬਹਾਨੇ ਕੇਂਦਰੀ ਏਜੰਸੀਆਂ ਕੋਲੋਂ ਰਾਜਨੀਤਕ ਵਿਰੋਧੀਆਂ 'ਤੇ ਹੋਰ ਛਾਪੇ ਮਰਵਾਏ ਜਾਣਗੇ ਅਤੇ ਗ੍ਰਿਫ਼ਤਾਰੀਆਂ ਕਰਵਾਈਆਂ ਜਾਣਗੀਆਂ। ਚੋਣਾਂ ਦੇ ਨਤੀਜੇ ਤੋਂ ਬਾਅਦ ਆਪਣੇ ਭਾਸ਼ਣ ਵਿਚ ਉਸ ਨੇ ਇਸ ਸੰਭਾਵਨਾ ਦੇ ਵਾਹਵਾ ਸੰਕੇਤ ਦੇ ਦਿੱਤੇ ਹਨ। ਇਹ ਆਸ ਰੱਖਣਾ ਸਿੱਧਰਾਪਣ ਹੋਵੇਗਾ ਕਿ ਆਪਣੀ ਜ਼ਿੰਦਗੀ ਦੇ ਅਖ਼ੀਰ 'ਚ ਉਹ ਵੱਖਰੇ ਤਰੀਕੇ ਨਾਲ ਪੇਸ਼ ਆਵੇਗਾ (ਜੋ ਉਸ ਨੂੰ ਆਉਂਦਾ ਹੀ ਨਹੀਂ ਕਿ ਕਰਨਾ ਕਿਵੇਂ ਹੈ)। ਮੱਧ ਵਰਗ ਨੂੰ ਭਰਮਾਉਣ ਅਤੇ ਇਹ ਪ੍ਰਭਾਵ ਪੈਦਾ ਕਰਨ ਲਈ ਉਹ ਨਵੇਂ ਜੋਸ਼ੋ-ਖਰੋਸ਼ ਨਾਲ ਆਰਥਕ ਸੁਧਾਰਾਂ (ਪਬਲਿਕ ਸੈਕਟਰ ਦੇ ਅਦਾਰਿਆਂ ਵਿਚੋਂ ਸਰਕਾਰੀ ਨਿਵੇਸ਼ ਕੱਢਣਾ, ਮੁਲਕ ਦੀਆਂ ਜਾਇਦਾਦਾਂ ਆਪਣੇ ਲੰਗੋਟੀਏ ਯਾਰ ਕਾਰਪੋਰੇਟਾਂ ਦੇ ਹਵਾਲੇ ਕਰਨਾ ਆਦਿ) ਨੂੰ ਹੋਰ ਅੱਗੇ ਵਧਾਏਗਾ ਅਤੇ ਇਹ ਪ੍ਰਭਾਵ ਬਣਾਏਗਾ ਕਿ ਭਾਰਤ ਵਿਕਸਤ ਆਰਥਿਕਤਾ ਬਣਨ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ। ਸਟਾਕ ਮਾਰਕੀਟ ਨੇ ਭਰੋਸੇਮੰਦ ਬੈਰੋਮੀਟਰ ਦੇ ਰੂਪ ਵਿਚ 3 ਜੂਨ ਨੂੰ ਜਦੋਂ ਮਨਘੜਤ ਐਗਜ਼ਿਟ ਪੋਲ ਨਤੀਜੇ ਆਏ ਤਾਂ ਸਿਖ਼ਰਾਂ ਛੂਹ ਕੇ ਅਤੇ 4 ਜੂਨ ਨੂੰ ਜਦੋਂ ਅਸਲ ਨਤੀਜੇ ਆਏ ਤਾਂ ਅਚਾਨਕ ਗਿਰਾਵਟ ਦਿਖਾ ਕੇ ਇਹ ਦਰਸਾ ਹੀ ਦਿੱਤਾ ਹੈ।

ਇਹ ਕਲਪਨਾ ਕਰਨਾ ਕਿ ਮੋਦੀ ਗੱਠਜੋੜ ਦੇ ਭਾਈਵਾਲਾਂ ਦੇ ਰਹਿਮੋ-ਕਰਮ 'ਤੇ ਹੋਵੇਗਾ; ਨਾਇਡੂ, ਨਿਤੀਸ਼, ਏਕਨਾਥ ਸ਼ਿੰਦੇ ਅਤੇ ਚਿਰਾਗ਼ ਪਾਸਵਾਨ ਵਰਗਿਆਂ ਦੀ ਲੋਕਤੰਤਰੀ ਨੈਤਿਕਤਾ ਪ੍ਰਤੀ ਵਚਨਬੱਧਤਾ ਨੂੰ ਵਧਾ-ਚੜ੍ਹਾ ਕੇ ਦੇਖਣਾ ਹੈ ਜਿਸ ਚੌਕੜੀ ਦੀ ਹਮਾਇਤ ਉੱਪਰ ਉਸ ਦੀ ਸਰਕਾਰ ਨਿਰਭਰ ਹੈ। ਜਿੰਨਾ ਚਿਰ ਭਾਈਵਾਲ ਧਨ-ਦੌਲਤ ਅਤੇ ਤਾਕਤ ਦੇ ਗੱਫ਼ਿਆਂ ਨਾਲ ਖੁਸ਼ ਰਹਿੰਦੇ ਹਨ, ਉਹ ਜਮਹੂਰੀਅਤ, ਕਾਨੂੰਨ ਦੇ ਰਾਜ, ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਜਾਂ ਕਿਸੇ ਲੋਕ ਵਿਰੋਧੀ ਨੀਤੀ ਦੇ ਖਿਲਾਫ਼ ਚੂੰ ਵੀ ਨਹੀਂ ਕਰਨਗੇ। ਵਿਰੋਧੀ ਧਿਰ ਸਮੇਤ ਕਿਸੇ ਵੀ ਰਾਜਨੀਤਕ ਪਾਰਟੀ ਨੇ ਇਨ੍ਹਾਂ ਮੁੱਦਿਆਂ ਪ੍ਰਤੀ ਕਦੇ ਵੀ ਕੋਈ ਸੱਚਾ ਸਰੋਕਾਰ ਨਹੀਂ ਦਿਖਾਇਆ। ਉਹ ਮੁਸਲਮਾਨਾਂ ਨੂੰ ਰਾਸ਼ਟਰ ਵਿਰੋਧੀ ਕਰਾਰ ਦੇ ਕੇ ਉਨ੍ਹਾਂ ਉੱਪਰ ਜ਼ੁਲਮ ਢਾਹੁਣ, ਨਕਸਲੀ ਕਹਿ ਕੇ ਆਦਿਵਾਸੀਆਂ ਅਤੇ ਦਲਿਤਾਂ ਦੇ ਝੂਠੇ ਮੁਕਾਬਲੇ ਬਣਾਉਣ, ਮਨੁੱਖੀ ਹੱਕਾਂ ਦੇ ਪਹਿਰੇਦਾਰਾਂ ਨੂੰ ਸ਼ਹਿਰੀ ਨਕਸਲੀਆਂ ਵਜੋਂ ਜੇਲ੍ਹਾਂ 'ਚ ਡੱਕਣ ਵਰਗੇ ਮੁੱਦਿਆਂ ਤੋਂ ਬਹੁਤ ਹੀ ਸੋਚ-ਸਮਝ ਕੇ ਟਾਲ਼ਾ ਵੱਟਦੇ ਰਹੇ ਹਨ। ਇਹ ਭੋਲੇਪਣ ਵਿਚ ਕੀਤੀ ਕੋਤਾਹੀ ਨਹੀਂ ਹੈ; ਇਹ ਪੂਰੀ ਤਰ੍ਹਾਂ ਸੋਚੀ ਸਮਝੀ ਯੁੱਧਨੀਤੀ ਸੀ, ਹਾਲਾਂਕਿ ਇਹ ਮੂਰਖ਼ਤਾ ਸੀ।

ਦੂਰ-ਦਰਾਜ ਮਾਮਲੇ ਵਿਚ ਵੀ ਜੇ ਮੋਦੀ ਨੂੰ ਕਿਸੇ ਵੀ ਪਾਸਿਓਂ ਆਪਣੀ ਹਕੂਮਤ ਲਈ ਕੋਈ ਚੁਣੌਤੀ ਮਹਿਸੂਸ ਹੋਈ (ਤੇ ਉਹ ਬੇਹੱਦ ਸੂਖਮ ਜਾਸੂਸੀ ਪ੍ਰਣਾਲੀ ਨਾਲ ਲੈਸ ਹੈ) ਤਾਂ ਉਹ ਇਸ ਨੂੰ ਸੌਖਿਆਂ ਹੀ ਆਪਣੇ ਹਿੰਦੂ ਰਾਸ਼ਟਰਵਾਦੀ ਏਜੰਡੇ ਵਿਰੁੱਧ ਦੇਸ਼ਧ੍ਰੋਹੀ ਤਾਕਤਾਂ ਦੀ ਸਾਜ਼ਿਸ਼ ਵਜੋਂ ਪੇਸ਼ ਕਰ ਸਕਦਾ ਹੈ। ਉਹ ਅਜੇ ਵੀ ਆਪਣੀ ਭਗਤਾਂ ਦੀ ਫ਼ੌਜ ਨੂੰ ਇਕੱਠਾ ਕਰ ਸਕਦਾ ਹੈ ਅਤੇ ਪ੍ਰਚਾਰ ਤੰਤਰ ਨੂੰ ਸਰਗਰਮ ਕਰ ਸਕਦਾ ਹੈ। ਉਹ ਕਿਸੇ ਦਰਸ਼ਨੀ ਕਾਂਡ ਜਾਂ ਕਿਸੇ ਹੋਰ ਘਟਨਾ ਦੀ ਯੋਜਨਾ ਬਣਾ ਸਕਦਾ ਹੈ ਤਾਂ ਜੋ ਉਹ ਆਪਣੇ ਪੱਖ 'ਚ ਜਨਤਕ ਹਮਦਰਦੀ ਅਤੇ ਆਪਣੇ ਵਿਰੋਧੀਆਂ ਪ੍ਰਤੀ ਗੁੱਸੇ ਦੀ ਲਹਿਰ ਬਣਾ ਸਕੇ। ਫਿਰ ਉਹ ਆਪਣਾ ਹਿੰਦੂ ਰਾਸ਼ਟਰ ਦਾ ਟੀਚਾ ਪੂਰਾ ਕਰਨ ਦੀ ਖ਼ਾਤਰ ਸੰਸਦ ਭੰਗ ਕਰ ਸਕਦਾ ਹੈ ਅਤੇ ਖੁਦ ਵੱਡਾ ਬਹੁਮਤ ਹਾਸਲ ਕਰ ਸਕਦਾ ਹੈ। ਇਕ ਮੁਨਾਸਬ ਸਵਾਲ ਇਹ ਹੈ: ਕੀ ਵਿਰੋਧੀ ਧਿਰ ਇਨ੍ਹਾਂ ਭਿਆਨਕ ਚਾਲਾਂ ਨੂੰ ਸਮਝ ਸਕੇਗੀ ਅਤੇ ਇਨ੍ਹਾਂ ਨੂੰ ਰੋਕ ਸਕੇਗੀ। ਕੁਲ ਮਿਲਾ ਕੇ ਲੋਕ ਹੱਥ 'ਤੇ ਹੱਥ ਧਰ ਕੇ ਬੈਠਣ ਦਾ ਜੋਖ਼ਮ ਨਹੀਂ ਲੈ ਸਕਦੇ। ਮੋਦੀ 3.0 (ਤੀਜੀ ਪਾਰੀ) ਦੁਆਰਾ ਪੈਦਾ ਹੋਣ ਵਾਲੇ ਵੱਡੇ ਖ਼ਤਰਿਆਂ ਤੋਂ ਮੁਲਕ ਨੂੰ ਬਚਾਉਣ ਲਈ ਇੰਡੀਆ ਗੱਠਜੋੜ ਨੂੰ ਅੱਡੀ-ਚੋਟੀ ਦਾ ਜ਼ੋਰ ਲਾਉਣ ਅਤੇ ਹੋਰ ਵੀ ਨਿੱਠ ਕੇ ਮਿਹਨਤ ਕਰਨ ਦੀ ਜ਼ਰੂਰਤ ਹੈ।


ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ
ਸ਼ਿਕਾਗੋ ਕਬੱਡੀ ਕੱਪ ਤੇ ਵਾਲੀਬਾਲ ਮੁਕਾਬਲੇ
29 ਜੂਨ 2024 ਸਥਾਨ: ਬਸੀ ਵੁੱਡਜ਼, ਐਲਕ ਗਰੋਵ ਵਿਲੇਜ
ਮੇਲੇ ਦੇ ਰੂਹ-ਏ-ਰਵਾਂ
ਹਰਦੀਪ ਸਿੰਘ ਭੱਟੀ (ਸਾਬਕਾ ਚੇਅਰਮੈਨ)
ਭੁਪਿੰਦਰ ਸਿੰਘ ਧਾਲੀਵਾਲ
ਸੁਖਵਿੰਦਰ ਸਿੰਘ ਘੱਗਰ
ਦੀਦਾਰ ਸਿੰਘ ਧਨੋਆ
ਰਣਬੀਰ ਸਿੰਘ ਧਾਲੀਵਾਲ
ਵਿਛੜੀਆਂ ਰੂਹਾਂ
ਲਖਵਿੰਦਰ ਬਿਹਾਰੀਪੁਰੀਆ
ਗੁਰਪ੍ਰੀਤ ਤੂਰ
ਸਵ. ਮਿਹਰ ਸਿੰਘ ਢੀਂਡਸਾ
ਵਾਲੀਬਾਲ ਦਾ ਪਹਿਲਾ ਇਨਾਮ ਢੀਂਡਸਾ ਪਰਿਵਾਰ ਅਤੇ ਦੂਜਾ ਇਨਾਮ ਸਮਰਾ ਪਰਿਵਾਰ ਵਲੋਂ
ਮੁੱਖ ਮਹਿਮਾਨ
ਚੇਅਰਮੈਨ
ਢੀਂਡਸਾ ਬਰਦਰਜ਼
ਬੱਬੂ ਐਪਲਟਨ
ਖੁੱਲ੍ਹਾ ਅਖਾੜਾ
ਗੁਲਾਬ ਸਿੱਧੂ
ਸੋਹਣ ਸਿੰਘ ਗਿੱਲ
ਨੋਨਾ ਗਰੇਵਾਲ
ਗੁਰਚਰਨ ਸਿੰਘ ਝੱਜ
ਜੈਦੇਵ ਸਿੰਘ ਭੱਠਲ
ਲਵ ਮਿਨਹਾਸ
ਗੁਰਿੰਦਰਜੀਤ ਸਿੰਘ ਗਰੇਵਾਲ
ਬਲਦੇਵ ਸਿੰਘ ਗਿੱਲ
ਜਿੰਦਰ ਬੈਨੀਪਾਲ ਸਾਬਕਾ ਪ੍ਰਧਾਨ
ਕਾਬਲ ਸਿੰਘ ਭੁੱਲਰ ਸਾਬਕਾ ਪ੍ਰਧਾਨ
ਬਲਜੀਤ ਟਿਵਾਣਾ ਸਾਬਕਾ ਪ੍ਰਧਾਨ
ਦੀਪਇੰਦਰ ਵਿਰਕ ਸਾਬਕਾ ਪ੍ਰਧਾਨ
CENTURY 21.
REAL ESTATE BROKER
COMMERCIAL SPECIALIST
HOTELS, MOTELS, GAS STATIONS, LOTS & LAND, + FINANCING REFERRALS
Sharan Kaur CEO, Singh Financing
Ph: 832-604-6905
F 800-886-4082
SINGH FINANCING
www.singhfinancing.com
10206 Fairbanks N. Houston Rd.Houston, TX 77064
Invoice Factoring Services
ਹਨੀ ਖੰਗੂੜਾ ਪ੍ਰਧਾਨ
ਕਮਲਜੀਤ ਘੁਮਾਣ ਮੀਤ ਪ੍ਰਧਾਨ
ਕਲੱਬ ਮੈਂਬਰ
ਜਿੰਦੀ ਖੰਗੂੜਾ
ਜਸਵਿੰਦਰ ਗਿੱਲ
ਜੱਸੀ ਸਹੋਤਾ
ਗਗਨ ਬਾਜਵਾ
ਗੋਲਡੀ ਲਾਲੀ
ਹਰਜਿੰਦਰ ਸਮਰਾ
ਸੁਖਰਾਜ ਸਿੰਘ ਤੱਖਰ
ਪਿੰਦੀ ਛੀਨਾ
ਵਿੱਕੀ ਸੁੰਮੀਪੁਰੀਆ
ਹਰਪ੍ਰੀਤ ਗਿੱਲ
ਸ਼ੇਰਾ ਖਾਂਬੜਾ
ਪਾਲੀ ਧਾਲੀਵਾਲ
ਮਿੰਦਰ ਭੱਠਲ
ਜਗਜੀਤ ਨਾਹਲ
ਸੁਖਦੀਪ ਸਿੰਘ
ਜਸਪ੍ਰੀਤ ਮਠਾੜੂ
ਸੋਨੂੰ ਸਹੋਤਾ
ਨੰਨਾ ਸਹੋਤਾ
ਓਂਕਾਰ ਸਹੋਤਾ
ਜਗਦੀਸ਼ ਸੰਧੂ
ਹਰਬੰਤ ਗਰੇਵਾਲ
ਸੁਖਵੀਰ ਉੱਪਲ
ਅੰਮ੍ਰਿਤਪਾਲ ਬੱਟੂ
ਮਨਜੀਤ ਸਿੰਘ
ਮਨਮੋਹਨ ਸਿੰਘ ਭੱਠਲ
ਸੁਰਿੰਦਰ ਭੱਟੀ
ਹਰਕਮਲਦੀਪ ਸਿੰਘ
ਗੁਰਜੀਤ ਸੰਧੂ
ਪਰਮਿੰਦਰ ਸਿੰਘ
ਇੰਦਰਜੀਤ ਸਿੰਘ
ਗੋਖੀ ਸੇਖੋਂ
ਗੁਰਪਾਲ ਸੰਧੂ
ਜੋਤੀ ਸਹੋਤਾ
ਸੁਰਜੀਤ ਸਿੰਘ ਡੀ ਸੀ
ਬੰਟੀ ਕਨੌਸ਼ਾ
ਯਾਦਵਿੰਦਰ ਗਿੱਲ
ਨਵਜੋਤ ਸਿੰਘ
ਜਗਦੀਪ ਬਰਿਆਣਾ
ਮਨਦੀਪ ਨਿੱਝਰ
ਗੋਗਾ ਘੁਮਾਣ
ਯਾਦਵਿੰਦਰ ਗਿੱਲ
ਦੀਪਾ ਹੀਰ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਵਿੱਕੀ ਸੁੰਮੀਪੁਰੀਆ 215-917-9885
ਬਲਜੀਤ ਟਿਵਾਣਾ 773-469-9384
ਜਤਿੰਦਰ ਖੰਗੂੜਾ 224-381-2830
ਜਿੰਦੀ ਖੰਗੂੜਾ 847-529-1464
ਜਗਜੀਤ ਨਾਹਲ 224-678-4900
ਓਂਕਾਰ ਸਹੋਤਾ 708-745-1815
ਕਾਬਲ ਸਿੰਘ ਭੁੱਲਰ 847-732-9813
ਜੱਸੀ ਗਿੱਲ 773-759-0433
ਲੱਖਾ ਬਿਹਾਰੀਪੁਰ 630-706-0925

## ਕਬੱਡੀ ਦਾ ਪਹਿਲਾ ਇਨਾਮ



**ਕਬੱਡੀ ਦਾ ਪਹਿਲਾ ਇਨਾਮ ਸਵ. ਸਰਪੰਚ ਇੰਦਰ ਸਿੰਘ ਦੀ ਯਾਦ ਵਿਚ ਖਾਸਰੀਆ ਪਰਿਵਾਰ ਵਲੋਂ:-**



ਹਰਜਿੰਦਰ ਸਿੰਘ ਜਿੰਦੀ | ਅਰਵਿੰਦਰ ਸਿੰਘ ਬੂਟਾ | ਭੁਪਿੰਦਰ ਸਿੰਘ ਟਿੰਕਾ

## ਕਬੱਡੀ ਦੇ ਦੂਜੇ ਇਨਾਮ ਦੇ ਸਪਾਂਸਰ




ਗੁਰਸਾਹਿਬ ਸਿੰਘ ਤੂਰ | ਗੁਰਦੀਪ ਤੂਰ | ਗੈਰੀ ਤੂਰ | ਸਤੀਸ਼ ਭਾਰਦਵਾਜ | ਸਤਪਾਲ ਬੈਂਸ | ਕੁਲਜੀਤ ਗਿਲਜੀਆਂ | ਲਵਪ੍ਰੀਤ ਸਿੰਘ | ਹਰਜਿੰਦਰ ਤੂਰ | ਗੁਰਪ੍ਰੀਤ ਬਰਾੜ

## ਕਬੱਡੀ ਦੇ ਤੀਜੇ ਇਨਾਮ ਦੇ ਸਪਾਂਸਰ



ਜਸਪਾਲ ਅਟਵਾਲ | ਜਸਵਿੰਦਰ | ਸੰਨੀ ਸ਼ੇਰਗਿੱਲ | ਪਵਨ ਬੱਲ | ਸੁਖੀ ਟੁੱਟ



ਹਰਿੰਦਰ ਸੰਧੂ | ਮਨਜੀਤ ਮੱਟੂ | ਲਾਡੀ ਬੜਿਆਲ | ਜੱਸੀ ਗਿੱਲ | ਮੰਗਾ ਮੱਟੂ





**ਬੈਸਟ ਰੇਡਰ ਤੇ ਸਟਾਪਰ ਦਾ ਇਨਾਮ ਸਵ. ਫੁੰਮਣ ਸਿੰਘ ਅਤੇ ਸਵ. ਹਰਭਜਨ ਸਿੰਘ ਟਿਵਾਣਾ ਦੀ ਯਾਦ ਵਿਚ ਟਿਵਾਣਾ ਪਰਿਵਾਰ ਵਲੋਂ**

## ਵਿਸ਼ੇਸ਼ ਮਹਿਮਾਨ



ਸੰਦੀਪ ਸਹੋਤਾ | ਏ ਜੇ ਸੰਧੂ | ਸੁੱਖਾ ਬੱਲ | ਖੜਕ ਸਿੰਘ | ਕੁਮਾਰ | ਬੀ ਸੀ ਟਰੱਕਿੰਗ



ਰਾਜ ਪੰਮਾ | ਬਲਵਿੰਦਰ ਸਿੰਘ | ਚਰਨ ਸਿੰਘ ਛੀਨਾ | ਚਰਨਜੀਤ ਸਿੰਘ | ਹਰਜਿੰਦਰ ਚਾਹਲ | ਕਸ਼ਮੀਰ ਸਿੰਘ



ਜਰਨੈਲ ਸਿੰਘ ਮਿਆਣੀ | ਸਤਪਾਲ ਸੱਤਾ | ਰਣਦੀਪ ਪਾਲ ਰਿੰਕੂ | ਜੱਗੀ ਸਿੰਘ ਘੋਤੜਾ | ਪਰਮਿੰਦਰ ਸਿੰਘ ਗਰੇਵਾਲ | ਹਰਵਿੰਦਰ ਵਾਲੀਆ



## ਗੈਸਟ ਆਫ ਆਨਰਜ਼



ਸੁਖਵਿੰਦਰ ਸਿੰਘ ਪੰਧੇਰ | ਰਣਜੀਤ ਸਿੰਘ | ਪਰਮਿੰਦਰ ਗੋਲਡੀ | ਸਨੀ ਗਿੱਲ | ਜਸਵਿੰਦਰ ਪੁਰੇਵਾਲ | ਗੁਰਮਿੰਦਰ ਪੱਡਾ | ਬਿਕਰਮਜੀਤ ਸਿੰਘ ਸੇਖੋਂ | ਜਸਜੀਤ ਸਿੰਘ ਸਿੱਧੂ | ਲਾਲੀ ਸਿੱਧੂ | ਕੁਲਵੰਤ ਢਿੱਲੋਂ | ਗੁਰਦੇਵ ਸਿੰਘ ਜੌੜਾ | ਬਲਜਿੰਦਰ ਢਿੱਲੋਂ | ਵੀਰ ਬਰਾੜ

## ਗੋਲਡ ਸਪਾਂਸਰ



ਭਿੰਦਰ ਪੰਮਾ | ਹਰਦੀਪ ਗਿੱਲ | ਲਖਵੀਰ ਸਿੰਘ ਸਹੋਤਾ | ਪਾਲ ਖਲੀਲ | ਪਰਮਿੰਦਰ ਵਾਲੀਆ | ਰਿੰਪੀ ਖੱਟੜਾ | ਮਨਦੀਪ ਸਿੰਘ ਭੂਰਾ | ਸਤਵਿੰਦਰ ਸੱਤਾ | ਸਰਵਣ ਸਿੰਘ ਟਿਵਾਣਾ | ਬਿਕਰਮ ਸਿੱਧੂ | ਰਾਣਾ ਸਿੰਘ ਵਿਰਕ | ਗਗਨਦੀਪ ਸਿੰਘ



ਮਨਪ੍ਰੀਤ ਜਿੰਮੀ ਲਸੋਈ | ਸੁਖਵੀਰ ਨਾਰੀਕੇ | ਸੋਨੀ ਹਿਊਸਟਨ | ਜੱਸੀ ਧਾਲੀਵਾਲ | ਕੁਲਦੀਪ ਸਿੰਘ ਲੰਗ | ਧਰਮਿੰਦਰ ਖੱਟੜਾ | ਮੱਖਣ ਗਿੱਲ | ਸਰਬਜੀਤ ਸਿੰਘ ਸਿੱਧੂ | ਬੌਬੀ ਖੱਟੜਾ | ਹਰਿੰਦਰ ਟਿਵਾਣਾ | ਸੱਤਾ ਖੱਟੜਾ | ਰਛਪਾਲ ਖੰਗੂੜਾ



ਦਪਿੰਦਰ ਸਿੰਘ ਧਾਲੀਵਾਲ | ਕੰਵਰਵੀਰ ਸਿੰਘ ਕੇਪੀ | ਬਲਜੀਤ ਸਿੰਘ | ਜਸਵੰਤ ਸਿੰਘ | ਹਰਭਜਨ ਸਿੰਘ ਚਾਹਲ | ਸੁਖਵੰਤ ਪਹਿਲਵਾਨ | ਲੱਕੀ ਸਿੰਘ ਮਿਲਵਾਕੀ | ਆਗਿਆਪਾਲ ਚਾਹਲ | ਸੁਖਵੀਰ ਸਿੰਘ ਗਿੱਲ | ਬਲਵੀਰ ਸਿੰਘ ਝਾਵਰ | ਰਵਿੰਦਰ ਸਹੋਤਾ

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

## ਸਿਲਵਰ ਸਪਾਂਸਰ



ਡਾ. ਵਿਕਰਮ ਸਿੰਘ ਗਿੱਲ | ਗੁਰਪ੍ਰੀਤ ਸਿੱਧੂ | ਗੁਰਲਾਲ ਸਿੰਘ ਭੱਠਲ | ਅਮਰੀਕ ਸਿੰਘ ਸ਼ਿਕਾਗੋ | ਚਰਨਜੀਤ ਸਮਰਾ | ਟੋਨੀ ਸੰਘੇੜਾ | ਹਰਜੀਤ ਸਿੰਘ | ਮਨਦੀਪ ਸਿੰਘ ਸੁਮਲ | ਫੇਸੀ ਬਰਦਰਜ਼




ਕੁਲਵਿੰਦਰ ਗਿੱਲ | ਮਨਜਿੰਦਰ ਬੈਨੀਪਾਲ | ਸੁਖਬੀਰ ਸੋਹੀ | ਅਜੀਤਪਾਲ ਸਿੰਘ ਬੈਨੀਪਾਲ | ਲਵਪ੍ਰੀਤ ਗਰੇਵਾਲ | ਗੁਰਪ੍ਰੀਤ ਗਰੇਵਾਲ | ਹੈਪੀ ਸਿੰਘ | ਮੁਕੰਦ ਸਿੰਘ ਮਾਂਗਟ | ਮਨਪ੍ਰੀਤ ਸਿੱਧੂ | ਵਿਕ ਬਾਵਾ | ਅਵਤਾਰ ਸਿੰਘ | ਜੀਤ ਸਿੰਘ



ਬਲਜੋਤ ਸਿੰਘ | ਮੌਂਟੀ ਸਿੰਘ | ਗੁਰੀ ਵਿਰਕ | ਜੋਰਾ ਗਾਖਲ | ਮਨਪ੍ਰੀਤ ਸਿੰਘ | ਲਖਵੀਰ ਸਿੰਘ ਪੁਨੀ | ਗੋਪੀ ਗਾਖਲ | ਨਵਦੀਪ ਸਿੰਘ | ਸਿਮਰਨ ਸਿੰਘ | ਦਲਵੀਰ ਸਿੰਘ | ਮੇਜਰ ਸਿੰਘ ਚਾਹਲ



ਬਲਬੀਰ ਬੈਦਵਾਨ | ਜਤਿੰਦਰ ਭੰਡਾਲ | ਸੋਨੀ ਔਜਲਾ | ਧਰਮਿੰਦਰ ਬਾਠ | ਗੁਰਮੀਤ ਬਾਠ | ਲਖਵੀਰ ਸਿੰਘ ਭੁੱਲਰ | ਬਲਵਿੰਦਰ ਸਿੰਘ ਵਿਰਕ | ਦਿਲਰਾਜ ਢੀਂਡਸਾ | ਜਗਜੀਤ ਢੀਂਡਸਾ | ਰਾਜਵਿੰਦਰ ਢੀਂਡਸਾ | ਬਿਕਰਮ ਸੋਹੀ



ਕੁਲਵੰਤ ਸਿੰਘ ਨਾਗਰਾ | ਚਰਨ ਸਿੰਘ ਨਾਗਰਾ | ਰਵਿੰਦਰ ਸਿੰਘ ਰਵੀ | ਗੁਰਮੇਲ ਸਿੰਘ ਅਟਵਾਲ | ਸ਼ਿੰਦਾ ਮੱਲ੍ਹੀ | ਹਰਦੀਪ ਸਿੰਘ ਜੱਸੜ | ਤੇਜਵੀਰ ਸੰਧੂ | ਹਰਿੰਦਰ ਸਿੰਘ ਰਾਣਾ | ਅਯੁਧਿਆ ਸਲਵਾਨ | ਗੁਰਚਰਨ ਝਾਵਰ | ਪ੍ਰਦੀਪ ਸਲਵਾਨ



ਕੁਲਵਿੰਦਰ ਬੱਬੀ | ਬਲਵੀਰ ਸਿੰਘ ਮੁਲਤਾਨੀ | ਗੁਰਮੀਤ ਸਿੰਘ ਭੋਲਾ | ਲਵਦੀਪ ਸਿੰਘ ਦੁੱਲਤ | ਗੁਰਦੇਵ ਸਿੰਘ | ਗੁਰਮੁਖ ਸਿੰਘ | ਸੁਖਰਾਜ ਸਿੰਘ ਕਾਹਲੋਂ | ਰਵਿੰਦਰ ਰਵੀ | ਮਨਜੀਤ ਸਿੰਘ | ਮੰਗਾ ਪ੍ਰਧਾਨ



ਯਾਦਵਿੰਦਰ ਸੋਹਲ | ਮਨਜੀਤ ਸਹੋਤਾ | ਸਤਵੀਰ ਬਾਠ | ਪਰਮਜੀਤ ਬਾਠ | ਨਵੀ ਠੱਕਰ | ਹਰਮਿੰਦਰ ਗਿੱਲ | ਸੁਖਦੀਪ ਸਿੱਧੂ | ਅਰਸ਼ਦੀਪ ਭੋਗਲ | ਕੀਰਤ ਸਿੰਘ | ਰਣਜੀਤ ਸਿੰਘ





ਗੁਰਦੁਆਰਾ ਸਾਹਿਬਾਨ ਦੀਵਾਨ ਐਵੇਨਿਊ ਸ਼ਿਕਾਗੋ ਅਤੇ ਪੈਲਾਟਾਈਨ, ਵਲੋਂ ਵਿਸ਼ੇਸ਼ ਸਹਿਯੋਗ

SERVING WISCONSIN & ILLINOIS STATE

RE/MAX

JESSE SINGH
Ph: 847-606-3664

E-Mail: J.SINGH@REMAX.COM, WEBSITE: JSINGH.REMAX.COM
REMAX SHOWCASE, LONG GROVE, IL 60060



# Shere Punjab Sports and Cultural Club, Chicago

## ਸਿਲਵਰ ਸਪਾਂਸਰ



ਤਾਰੀ | ਗੁਲਜ਼ਾਰ ਵਿਰਕ | ਨਰੇਸ਼ ਖਟਾਣਾ | ਰਾਣਾ ਸੇਖੋਂ | ਸਤੀਸ਼ ਖਟਾਣਾ | ਪੁਨੀਤ ਸਹਿਜਪਾਲ | ਜੱਸੀ ਨੰਨੜ, ਨਵਜੋਤ ਗਾਖਲ, ਡੀ ਜੇ ਸੋਨੀ | ਜਸਰਾਜ ਸਿੰਘ ਢਿੱਲੋਂ | ਦਲਜੀਤ ਸਿੰਘ ਢਿੱਲੋਂ



ਸਵ. ਸੰਦੀਪ ਧਾਲੀਵਾਲ | ਜੱਸਾ ਖਹਿਰਾ | ਮੇਜਰ ਸਿੰਘ ਹਿਊਸਟਨ | ਦੀਪਕ ਸਿੰਘ ਰਾਏ | ਪਾਲ ਸੰਘਾ | ਹਰਜਿੰਦਰ ਸਿੰਘ ਓਹਾਇਓ | ਅਜੈਬ ਸਿੰਘ ਸੰਧੂ | ਇੰਦਰਪਾਲ ਸਿੰਘ ਪਾਲ | ਜੱਸਾ ਢਿੱਲੋਂ, ਹਰਜੀਤ ਢਿੱਲੋਂ, ਕੁਲਦੀਪ ਗੁਰਾਇਆ, ਹਿੰਮਤ ਢਿੱਲੋਂ



ਲੱਕੀ ਸਹੋਤਾ | ਸੰਤੋਖ ਸਿੰਘ ਡੀ. ਸੀ. | ਅਜੈਬ ਸਿੰਘ ਲੱਖਣ | ਹੈਪੀ ਹੀਰ | ਜਸਕਰਨ ਸਿੰਘ ਧਾਲੀਵਾਲ | ਹਰਜਿੰਦਰ ਸਿੰਘ ਖਹਿਰਾ | ਨਰਿੰਦਰ ਸਿੰਘ ਸਰਾਂ | ਰਜਿੰਦਰ ਸਿੰਘ ਦਿਆਲ | ਹਰਵਿੰਦਰ ਸਿੰਘ ਬਿੱਲਾ | ਮਿੱਢਾ ਮਾਹਲਪੁਰੀਆ | ਸਤਨਾਮ ਮਿਨਹਾਸ



ਹਰਕੀਰਤ ਸਿੰਘ ਸੰਧੂ | ਲਖਬੀਰ ਸਿੰਘ ਸੰਧੂ | ਹਰਜੀਤ ਸਿੰਘ ਗਿੱਲ | ਜੈਰਾਮ ਸਿੰਘ ਕਾਹਲੋਂ | ਮੱਖਣ ਸਿੰਘ ਕਲੇਰ | ਦਾਰਾ ਸਿੰਘ | ਤਰਲੋਚਨ ਸਿੰਘ ਮੁਲਤਾਨੀ | ਭਰਪੂਰ ਸਿੰਘ | ਅੱਛਰ ਸਿੰਘ | ਜਰਨੈਲ ਸਿੰਘ ਗਰੇਵਾਲ | ਯਾਦਵਿੰਦਰ ਸਿੰਘ ਗਰੇਵਾਲ | ਸੰਤੋਖ ਸਿੰਘ ਭਟਨੂਰਾ



ਗੁਰਪ੍ਰੀਤ ਸਿੰਘ ਗੇਹਲਣ | ਸਹੋਤਾ ਸਾਹਿਬ | ਇੰਦਰਜੀਤ ਗਰੇਵਾਲ | ਅਭੀ ਜ਼ੈਲਦਾਰ | ਰਿਪਨ ਜ਼ੈਲਦਾਰ | ਸਤਨਾਮ ਸਿੱਧੂ | ਦਿਲਪ੍ਰੀਤ ਢਿੱਲੋਂ | ਸਵ. ਪ੍ਰਿਤਪਾਲ ਸਿੰਘ ਗਿੱਲ ਅਤੇ ਸ. ਰਣਧੀਰ ਸਿੰਘ ਵਿਰਕ | ਰੰਮੀ ਗਰੇਵਾਲ | ਜਤਿੰਦਰ ਦਿਓਲ



ਨਿਧਾਨ ਸਿੰਘ | ਸਿਕੰਦਰ ਸਿੰਘ ਬਿੱਟੂ | ਦਰਸ਼ਨ ਸਿੰਘ | ਸਨੀ ਕੁਲਾਰ | ਪ੍ਰਭਜੋਤ ਘੁੰਮਣ | ਮਨਜੀਤ ਸਿੰਘ | ਹੈਪੀ ਗਰੇਵਾਲ | ਕਰਨ ਗਾਖਲ | ਰਵਿੰਦਰ ਗਾਖਲ | ਜਗਤਾਰ ਗਾਖਲ | ਹਨੀ ਮਾਨ



ਅਜੈ ਕੁਮਾਰ | ਗੌਰਵ ਪੰਡਤ | ਬੌਬੀ ਸੈਣੀ | ਗੁਰਵੀਰ ਸਿੰਘ | ਜਸਬੀਰ ਸਿੰਘ | ਦਮਨ ਅਤੇ ਤਨੂ ਵਿਰਕ | ਕਰਾਊਨਪੁਆਇੰਟ ਗਰੁੱਪ




# ਨਵੀਂ ਲੋਕ ਸਭਾ, ਕਾਂਗਰਸ, ਆਪ ਤੇ ਬਿੱਟੂ

ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਲੋਕ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਪਿੱਛੋਂ ਪੰਜਾਬ ਦੀ ਆਗਾਮੀ ਰਾਜਨੀਤੀ ਬਾਰੇ ਸੋਸ਼ਲ ਮੀਡੀਆ ਵਿਚ ਭਾਂਤ ਸੁਭਾਂਤੀ ਟਿੱਪਣੀ ਪੜ੍ਹਨ ਨੂੰ ਮਿਲੀ ਹੈ। ਜੇ ਤੇਰਾਂ ਵਿਚੋਂ ਤਿੰਨ ਸੀਟਾਂ ਜਿੱਤਣ ਵਾਲੀ ਆਮ ਆਦਮੀ ਪਾਰਟੀ ਚੁੱਪ ਹੈ ਤਾਂ ਕਾਂਗਰਸ ਪਾਰਟੀ ਦੇ ਜਾਣੇ ਪਹਿਚਾਣੇ ਨੇਤਾ ਆਪਣੀ ਪਾਰਟੀ ਦੀ ਜਿੱਤ ਨੂੰ ਵੱਖਰੇ ਢੰਗ ਨਾਲ ਵੇਖ ਰਹੇ ਹਨ। ਉਹ ਸਮਝਦੇ ਹਨ ਕਿ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਾਂਝ ਟੁੱਟਣ ਕਾਰਨ ਕਾਂਗਰਸ ਦੀ ਜਿੱਤ ਉਨੀ ਪ੍ਰਭਾਵੀ ਨਹੀਂ ਜਿੰਨੀ ਹੋ ਸਕਦੀ ਸੀ। ਇਹ ਟਿੱਪਣੀ ਕਾਂਗਰਸ ਵਿਧਾਇਕ ਪਰਗਟ ਸਿੰਘ ਦੀ ਹੈ ਤੇ ਇਸਨੂੰ ਵੱਡੀਆਂ ਅਖ਼ਬਾਰਾਂ ਨੇ, ਪਰਗਟ ਸਿੰਘ ਦੀਆਂ ਦਲੀਲਾਂ ਸਮੇਤ, ਉਚੇਚੀ ਥਾਂ ਦਿੱਤੀ ਹੈ। ਉਧਰ ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਕਾਂਗਰਸ ਦੀ ਜਿੱਤ ਬਾਰੇ ਤਾਂ ਚੁੱਪ ਹੈ ਪਰ ਆਮ ਆਦਮੀ ਪਾਰਟੀ ਦੀ ਮਾੜੀ ਕਾਰਗੁਜ਼ਾਰੀ ਦੇ ਸਨਮੁੱਖ ਭਗਵੰਤ ਮਾਨ ਕੋਲੋਂ ਮੁੱਖ ਮੰਤਰੀ ਦੀ ਕੁਰਸੀ ਛੱਡਣ ਦੀ ਮੰਗ ਕਰ ਰਹੀ ਹੈ। ਸ੍ਰੀਮਤੀ ਬਾਦਲ ਦੀ ਭਾਵਨਾ ਕੋਈ ਵੀ ਹੋਵੇ ਪਰਗਟ ਸਿੰਘ ਦੀ ਨਜ਼ਰ ਵਿਧਾਇਕ ਨਾਲੋਂ ਵਡੇਰੀ ਪਦਵੀ ਉੱਤੇ ਟਿਕੀ ਹੋਈ ਸਪੱਸ਼ਟ ਹੈ। ਰਾਜਨੀਤੀ ਵਿਚ ਏਸ ਤਰ੍ਹਾਂ ਦੀ ਭਾਵਨਾ ਪਾਲਣਾ ਕੁਦਰਤੀ ਹੈ ਪਰ ਉਹ ਭੁੱਲੀ ਬੈਠਾ ਹੈ ਕਿ ਲੁਧਿਆਣਾ ਲੋਕ ਸਭਾ ਹਲਕੇ ਤੋਂ ਹਾਰਨ ਵਾਲਾ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦਾ ਪੋਤਰਾ ਰਵਨੀਤ ਸਿੰਘ ਬਿੱਟੂ ਉਹਦੇ ਨਾਲੋਂ ਬਹੁਤ ਵੱਡਾ ਖਿਡਾਰੀ ਹੈ। ਉਸਦੇ ਪੰਜਾਬ ਦੀ ਰਾਜਨੀਤੀ ਵਿਚ ਪਰਗਟ ਸਿੰਘ ਨਾਲੋਂ ਕਿਤੇ ਵੱਡੇ ਪੈਰ ਹਨ। ਜੇ ਕੱਲ੍ਹ ਦੀ ਗੱਲ ਹੀ ਕਰੀਏ ਉਸਨੇ ਭਾਜਪਾ ਨੇਤਾ ਅਮਿਤ ਸ਼ਾਹ ਦੇ ਗੋਡੇ ਮੁੱਢ ਬਹਿ ਕੇ ਰਾਜ ਮੰਤਰੀ ਦੀ ਪਦਵੀ ਹਥਿਆ ਲਈ ਹੈ। ਕੌਣ ਨਹੀਂ ਜਾਣਦਾ ਕਿ ਥੋੜ੍ਹੇ ਦਿਨ ਪਹਿਲਾਂ ਤੱਕ ਉਹ ਕਾਂਗਰਸ ਪਾਰਟੀ ਦਾ ਜਾਣਿਆ ਪਹਿਚਾਣਿਆ ਚਿਹਰਾ ਸੀ ਅਤੇ ਉਸਨੂੰ ਰਾਜਨੀਤੀ ਦੇ ਰਾਹੇ ਤੋਰਨ ਵਾਲਾ ਰਾਹੁਲ ਗਾਂਧੀ ਸੀ। ਜਿਤਨਾ ਭਾਜਪਾ ਵਿਚ ਦਾਖਲ ਹੋਣ ਲਈ ਫੋਰਾ ਨਹੀਂ ਲਾਉਂਦਾ ਉਹਦੇ ਲਈ ਪਰਗਟ ਸਿੰਘ ਨੂੰ ਚਿੱਤ ਕਰਨ ਲਈ ਰਾਤੋ ਰਾਤ ਆਪਣੀ ਮਾਂ ਪਾਰਟੀ ਵਿਚ ਪਰਤਣਾ ਕੀ ਔਖਾ ਹੈ। ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਿੱਛੋਂ ਪੰਜਾਬ ਦੀ ਰਾਜਨੀਤੀ ਕਿਹੜੇ ਮਾਰਗ ਤੁਰਦੀ ਹੈ ਸਮੇਂ ਨੇ ਦੱਸਣਾ ਹੈ।

**ਪੱਤਰਕਾਰ ਵਿਦਿਆ ਪ੍ਰਕਾਸ਼ ਪ੍ਰਭਾਕਰ**

ਮੇਰੇ ਲਈ ਉਜਾਗਰ ਸਿੰਘ ਤੇ ਸ਼ਾਰਧਾ ਰਾਣਾ ਵੱਲੋਂ ਸੰਪਾਦਤ ਤੇ ਸਪਤਰਿਸ਼ੀ ਪਬਲੀਕੇਸ਼ਨ ਵਲੋਂ ਪ੍ਰਕਾਸ਼ਤ ਵੀ ਪੀ ਪ੍ਰਭਾਕਰ ਦੀ ਜੀਵਨੀ ਤੇ ਰਚਨਾ ਵਾਲੀ ਅੰਗਰੇਜ਼ੀ ਪੁਸਤਕ




ਪੜ੍ਹਨਾ ਆਪਣੇ ਜੀਵਨ ਦੇ ਵਰਕੇ ਫਰੋਲਣਾ ਹੈ। 19 ਮਾਰਚ 1937 ਦਾ ਜਨਮਿਆ ਵਿਦਿਆ ਪ੍ਰਕਾਸ਼ ਮੇਰੇ (ਜਨਮ 22 ਮਾਰਚ 1934) ਨਾਲੋਂ ਤਿੰਨ ਸਾਲ ਛੋਟਾ ਹੈ। ਉਸਦੇ ਪਿਤਾ ਦਾ ਜੱਦੀ ਪੁਸ਼ਤੀ ਕਸਬਾ ਫਗਵਾੜਾ ਹੈ। ਇਹ ਕਸਬਾ ਬੰਗਾ, ਨਵਾਂਸ਼ਹਿਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਤੇ ਜੇਜੋਂ ਦੁਆਬਾ ਨੂੰ ਦਿੱਲੀ ਤੋਂ ਲਾਹੌਰ ਜਾਂਦੀ ਰੇਲਵੇ ਲਾਈਨ ਨਾਲ ਜੋੜਨ ਸਦਕਾ ਜੰਕਸ਼ਨ ਕਹਾਉਂਦਾ ਹੈ। ਪ੍ਰਭਾਕਰ ਦਾ ਜਨਮ ਲਾਹੌਰ ਦਾ ਹੈ ਜਿੱਥੇ ਉਸਦੇ ਪਿਤਾ ਜੀ ਪੰਜਾਬ ਸਰਕਾਰ ਵਿਚ ਸਹਾਇਕ ਸਕੱਤਰ ਸਨ। ਮੇਰਾ ਪਿੰਡ ਸੋਨੀ ਜੇਜੋਂ ਵਾਲੀ ਰੇਲਵੇ ਲਾਈਨ ਉੱਤੇ ਪੈਂਦੇ ਸੈਲਾ ਖੁਰਦ ਸਟੇਸ਼ਨ ਤੋਂ ਕੇਵਲ ਢਾਈ ਕਿਲੋਮੀਟਰ ਹੈ।

ਇਸ ਪੁਸਤਕ ਤੋਂ ਪਤਾ ਲੱਗਿਆ ਕਿ ਪ੍ਰਭਾਕਰ ਵੀ ਮੇਰੇ ਵਾਂਗ ਪੰਜਾਬ ਤੋਂ ਬੀ ਏ ਪਾਸ ਕਰ ਕੇ ਦਿੱਲੀ ਚਲਾ ਗਿਆ ਸੀ ਤੇ ਹਾਰਕੋਰਟ ਬਟਲਰ ਸਕੂਲ ਦੀ ਇਮਾਰਤ ਵਿਚ ਪਾਕਿਸਤਾਨ ਤੋਂ ਉੱਜੜ ਕੇ ਆਏ ਸ਼ਰਨਾਰਥੀਆਂ ਲਈ ਸਥਾਪਤ ਕੀਤੇ ਕੈਂਪ ਕਾਲਜ ਵਿਚ ਪੜ੍ਹਦਾ ਰਿਹਾ ਹੈ।

ਭਾਵੇਂ ਇਹ ਕਾਲਜ ਸ਼ਰਨਾਰਥੀਆਂ ਲਈ ਸਥਾਪਤ ਕੀਤਾ ਗਿਆ ਸੀ ਤਾਂ ਕਿ ਉਹ ਦਿਨ ਵੇਲੇ ਨੌਕਰੀ ਕਰਦਿਆਂ ਕੈਂਪ ਕਾਲਜ ਨਾਂ ਦੇ ਇਸ ਕਾਲਜ ਵਿਚ ਦਾਖਲਾ ਲੈ ਕੇ ਪੜ੍ਹਾਈ ਜਾਰੀ ਰੱਖਣ ਪਰ ਇਸਦੇ ਦਰਵਾਜ਼ੇ ਉਚੇਰੀ ਵਿਦਿਆ ਦੇ ਬਾਕੀ ਚਾਹਵਾਨਾਂ ਲਈ ਵੀ ਖੁੱਲ੍ਹੇ ਸਨ। ਪ੍ਰਭਾਕਰ ਤੋਂ ਤਿੰਨ ਸਾਲ ਪਹਿਲਾਂ ਮੈਂ ਵੀ ਉਸ ਕਾਲਜ ਤੋਂ ਅੰਗਰੇਜ਼ੀ ਐਮ ਏ ਕੀਤੀ ਸੀ ਜਿੱਥੇ ਮੇਰੇ ਵੇਲੇ ਪ੍ਰੇਮ ਕੁਮਾਰ ਤੇ ਅਰਵਿੰਦ ਵੀ ਪੜ੍ਹਦੇ ਰਹੇ ਹਨ। ਉਨ੍ਹਾਂ ਦੋਨਾਂ ਦਾ ਪ੍ਰਭਾਕਰ ਨੂੰ ਪੱਤਰਕਾਰੀ ਦੇ ਰਾਹ ਤੋਰਨ ਵਿਚ ਵੱਡਾ ਹੱਥ ਸੀ।

ਜਿੱਥੋਂ ਤੱਕ ਮੇਰਾ ਸਬੰਧ ਹੈ ਉਹ ਦੋਵੇਂ ਮੇਰੇ ਮਿੱਤਰ ਸਨ। ਅਰਵਿੰਦ ਤੇ ਮੈਂ ਦਿੱਲੀ ਦੀ ਕਰੋਲ ਬਾਗ ਬਸਤੀ ਵਿਚ ਇਕ ਦੂਜੇ ਦੇ ਨੇੜੇ ਰਹਿੰਦੇ ਰਹੇ ਹਾਂ। ਮੇਰੀਆਂ ਮੁਢਲੀਆਂ ਕਹਾਣੀਆਂ ਵਿਚੋਂ 'ਸੀਤ ਪੋਟੇ' ਨਾਂ ਦੀ ਕਹਾਣੀ ਨੂੰ ਅੰਗਰੇਜ਼ੀ ਵਿਚ 'ਫਰੋਜ਼ਨ ਫਿੰਗਰਜ਼' ਤੇ ਹਿੰਦੀ ਵਿਚ 'ਠੰਢਾ ਹਾਥ' ਨਾਂ ਹੇਠ ਕ੍ਰਮਵਾਰ ਅੰਗਰੇਜ਼ੀ ਮਾਸਕ 'ਕੈਰਾਵਾਲ' ਤੇ ਹਿੰਦੀ ਮਾਸਕ 'ਸਾਰਿਕਾ' ਵਿਚ ਛਪਵਾਉਣ ਵਾਲਾ ਵੀ ਉਹੀਓ ਸੀ। ਇਨ੍ਹਾਂ ਦੋਨਾਂ ਰਸਾਲਿਆਂ ਦਾ ਮਾਲਕ ਇੱਕ ਸੀ ਤੇ ਅਰਵਿੰਦ ਉਸ ਸੰਸਥਾ ਦੇ ਸੰਪਾਦਕੀ ਅਮਲੇ ਵਿਚ ਕੰਮ ਕਰਦਾ ਸੀ।

ਇੱਕ ਹੋਰ ਗੱਲ, ਜਿਸਦਾ ਪ੍ਰਭਾਕਰ ਨਾਲ ਸਿੱਧਾ ਸਬੰਧ ਨਹੀਂ, 1965 ਦੀ ਭਾਰਤ-ਪਾਕਿ ਲੜਾਈ ਸਮੇਂ ਸਾਡੇ ਵੱਲੋਂ ਪਾਕਿਸਤਾਨ ਦੇ ਕੁੱਝ ਪਿੰਡ ਜਿੱਤਣ ਨਾਲ ਸਬੰਧ ਰੱਖਦੀ ਹੈ। ਉਦੋਂ ਅੰਬਾਲਾ ਵਾਲੇ ਗਿਰਜਾ ਘਰ ਉੱਤੇ ਪਾਕਿਸਤਾਨ ਨੇ ਬੰਬ ਸੁੱਟਿਆ ਸੀ। ਉਸਦੀ ਅਖ਼ਬਾਰੀ ਰਿਪੋਰਟ ਤਾਂ ਪ੍ਰਭਾਕਰ ਨੇ ਲਿਖਣੀ ਸੀ ਪਰ ਭਾਰਤ ਵੱਲੋਂ ਪਾਕਿਸਤਾਨ ਦੇ ਜਿੱਤੇ ਹੋਏ ਪਿੰਡ ਵੇਖਣ ਵਾਲੇ ਵਾਪਸੀ 'ਤੇ ਅੰਬਾਲਾ ਵਾਲਾ ਗਿਰਜਾ ਘਰ ਵੀ ਵੇਖਦੇ ਸਨ। ਮੈਂ ਤੇ ਪੰਜਾਬੀ ਕਵੀ ਤਾਰਾ ਸਿੰਘ ਕਾਮਿਲ ਵੀ ਉਨ੍ਹਾਂ ਵਰਗੇ ਹੀ ਸਾਂ। ਅਸੀਂ ਨਵੀਂ ਦਿੱਲੀ ਤੋਂ ਮੋਟਰ ਸਾਈਕਲ ਉੱਤੇ ਗਏ ਸਾਂ। ਇੱਕ ਰਾਤ ਮੇਰੇ ਜੱਦੀ ਪਿੰਡ ਰਹਿ ਕੇ। ਜਦੋਂ ਅਸੀਂ ਵਾਪਸੀ ਉੱਤੇ ਗਿਰਜਾ ਘਰ ਵੇਖਣ ਲਈ ਰੁਕੇ ਤਾਂ ਮੁੰਬਈ ਤੋਂ ਆਈ ਫਿਲਮੀ ਹਸਤੀ ਬਲਰਾਜ ਸਾਹਨੀ ਵੀ ਉੱਥੇ ਹਾਜ਼ਰ ਸੀ। ਮੇਰੀ ਤੇ ਤਾਰਾ ਸਿੰਘ ਦੀ ਉਸ ਨਾਲ ਇਹ ਮਿਲਣੀ ਪਹਿਲੀ ਹੀ ਨਹੀਂ ਆਖਰੀ ਵੀ ਸੀ।

ਇਨ੍ਹਾਂ ਨਿੱਜੀ ਗੱਲਾਂ ਤੋਂ ਬਾਹਰ ਦੀ ਜਿਹੜੀ ਗੱਲ ਇਸ ਪੁਸਤਕ ਬਾਰੇ ਕਹਿਣ ਵਾਲੀ ਹੈ ਉਹ ਇਸ ਵਿਚਲੇ ਅੱਧੀ ਦਰਜਨ ਲੇਖਕਾਂ ਦੇ ਪ੍ਰਭਾਕਰ ਬਾਰੇ ਲੇਖ ਤਾਂ ਹਨ ਹੀ ਪਰ ਇੱਕ ਦਰਜਨ ਉਸਦੀਆਂ ਆਪਣੀਆਂ ਰਿਪੋਰਟਾਂ ਤੇ ਟਿੱਪਣੀ ਵੀ ਹੈ ਜਿਨ੍ਹਾਂ ਦੀ ਸੁਚੱਜੀ ਚੋਣ ਕਰਨ ਲਈ ਉਜਾਗਰ ਸਿੰਘ ਤੇ ਸ਼ਾਰਧਾ ਵਧਾਈ ਦੇ ਹੱਕਦਾਰ ਹਨ।

***ਅੰਤਿਕਾ***

ਲਹਿੰਦੇ ਪੰਜਾਬ ਤੋਂ ਤਾਹਿਰਾ ਸਜਾ॥
ਦਮ ਦਾ ਕੋਈ ਵਸਾਹ ਨਹੀਂ ਹੁੰਦਾ,
ਦਮ ਦਾ ਆਪ ਵਸਾਹ ਲੈਣਾ ਏ।
ਡਾਹਢੇ ਨਾਲ ਮੁਕੱਦਮਾ ਚਲਦਾ,
ਵੇਲਾ ਅਸਾਂ ਗਵਾ ਲੈਣਾ ਏ।
ਤਾਹਿਰਾ ਪਿਆਰ ਜੇ ਵਿਕਣਾ ਆਵੇ,
ਲੋਕਾਂ ਅੰਨ੍ਹੇਵਾਹ ਲੈਣਾ ਏ।

# 'ਇਸ ਘਰ ਕੋ ਆਗ ਲਗ ਗਈ, ਘਰ ਕੇ ਚਰਾਗ ਸੇ'

ਡਾ. ਆਸਾ ਸਿੰਘ ਘੁੰਮਣ
ਫੋਨ: +91-97798-53245

ਵੈਸੇ ਤਾਂ ਪੰਜਾਬ ਵਿਚ ਹਰ ਸਾਲ ਹਾੜੀ-ਸਾਉਣੀ ਦੀ ਫਸਲ ਤੋਂ ਬਾਅਦ ਮੁੱਢ ਸਾੜਨ ਲਈ ਲਾਈ ਜਾਂਦੀ ਅੱਗ ਗਹਿਰੇ ਚਿੰਤਨ ਦਾ ਵਿਸ਼ਾ ਬਣਦੀ ਰਹੀ ਹੈ ਪਰ ਇਸ ਸਾਲ ਜਿਸ ਬੇਤਹਾਸ਼ਗੀ ਨਾਲ ਇਹ ਕਾਰਾ ਕੀਤਾ ਗਿਆ, ਉਸਨੇ ਹਰ ਚੇਤੰਨ ਵਿਅਕਤੀ ਨੂੰ ਸੋਚਣ ਲਾ ਦਿੱਤਾ ਹੈ। ਇਹ ਵਰਤਾਰਾ ਕਈ ਪੱਧਰਾਂ 'ਤੇ ਵਿਚਾਰਯੋਗ ਹੈ। ਸੁਆਲ ਪੈਦਾ ਹੁੰਦਾ ਹੈ ਕਿ ਕੀ ਇਹ ਘੋਰ ਨਿਰਾਸ਼ਾ ਵਿਚੋਂ ਉਪਜਿਆ ਅਮਲ ਹੈ ਜਾਂ ਅਗਿਆਨਤਾ ਅਤੇ ਬੇਪਰਵਾਹੀ ਵਿਚੋਂ। ਇਹ ਮਜਬੂਰੀ ਹੈ ਜਾਂ ਮਗਰੂਰੀ। ਕੀ ਇਹ 'ਜਿਸ ਖੇਤ ਸੇ ਦਹਿਕਾਂ ਕੋ ਮੁਯੱਸਰ ਨਾ ਹੋ ਰੋਜ਼ੀ, ਉਸ ਖੇਤ ਕੇ ਹਰ ਗੋਸ਼ਾ-ਏ-ਗੰਦਮ ਕੋ ਜਲਾ ਡਾਲੋ' ਵਿਚੋਂ ਉਪਜਿਆ ਹੈ ਜਾਂ ਇਹ ਘੋਰ ਪਦਾਰਥਵਾਦ ਦੀ ਹੋੜ ਵਿਚੋਂ ਉੱਭਰਿਆ ਵਰਤਾਰਾ ਹੈ। ਬਹੁ-ਗਿਣਤੀ ਇਹ ਮਹਿਸੂਸ ਕਰਦੀ ਹੈ ਕਿ ਇਸ ਵਰਤਾਰੇ ਵਿਚੋਂ ਇਹ ਤੱਥ ਸਾਫ਼ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਅਸੀਂ ਆਪਣੀ ਲਾਭ-ਪ੍ਰਾਪਤੀ-ਕੇਂਦਰਿਤ ਸੋਚ ਅਧੀਨ ਸਭਿਆਚਾਰਕ ਵਿਰਾਸਤੀ ਕਦਰਾਂ-ਕੀਮਤਾਂ ਅਤੇ ਆਪਣੇ ਧਾਰਮਿਕ ਅਕੀਦਿਆਂ ਨੂੰ ਪਰ੍ਹਾਂ ਵਗਾਅ ਮਾਰਿਆ ਹੈ। ਜਿਸ ਕਦਰ ਅਸੀਂ ਵਾਤਾਵਰਣ ਨਾਲ ਖਿਲਵਾੜ ਕਰ ਰਹੇ ਹਾਂ ਕੌਣ ਮੰਨੇਗਾ ਕਿ ਅਸੀਂ ਉਸ ਗੁਰੂ ਦੇ ਸਿੱਖ ਹਾਂ ਜਿਸ ਫੁਰਮਾਇਆ ਸੀ, "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।" ਸਾਡੇ ਗੁਰੂਆਂ ਨੇ ਤਾਂ ਪਰਮਾਤਮ-ਪਿਤਾ ਅਤੇ ਉਸਦੀ ਦੀ ਇਸ ਸਿਰਜਣਾ ਨੂੰ ਇੱਕ ਰੁੱਖ-ਰੂਪੀ ਹਸਤੀ ਨਾਲ ਤਸ਼ਬੀਹ ਦੇਂਦਿਆਂ ਕਿਹਾ ਸੀ, "ਤੂ ਪੇਡੁ ਸਾਖੀ ਤੇਰੀ ਫੂਲੀ"

ਅਸੀਂ ਭੁੱਲ ਹੀ ਗਏ ਹਾਂ ਕਿ ਸਾਡਾ ਜੀਵਨ ਕੁਦਰਤ ਦੀ ਸਾਜੀ ਇਸ ਸ੍ਰਿਸ਼ਟੀ ਦਾ ਹੀ ਇੱਕ ਹਿੱਸਾ ਹੈ। ਰੁੱਖ, ਬਿਰਖ, ਦਰਖਤ ਜਾਂ ਤਰਵਰ ਸਾਡਾ ਜੀਵਨ ਸਰੋਤ ਹਨ ਕਿਉਂਕਿ ਅਸੀਂ ਸਾਹਧਾਰੀ ਜੀਵ ਇਨ੍ਹਾਂ ਰੁੱਖਾਂ ਵੱਲੋਂ ਬਖਸ਼ੀ ਆਕਸੀਜਨ ਦੀ ਬਦੌਲਤ ਹਾਂ। ਇਹ ਰੁੱਖ ਅਸੀਮ ਬਰਕਤਾਂ ਬਖਸ਼ਣ ਵਾਲੇ ਹਨ, ਆਪਣੇ ਨਿਰਬਾਹ ਲਈ ਇਹ ਸਾਥੋਂ ਕੁਝ ਖਾਸ ਨਹੀਂ ਮੰਗਦੇ ਪਰ ਮੁੱਦਤਾਂ ਤੱਕ ਆਪਣੀ ਜੀਵਨ ਕਿਰਿਆ ਦੌਰਾਨ ਸਾਨੂੰ ਅਨੇਕਾਂ ਦਾਤਾਂ ਪ੍ਰਦਾਨ ਕਰਦੇ ਹਨ। ਇਹ ਤਾਂ ਉਸ ਲੱਕੜਹਾਰੇ ਨੂੰ ਵੀ ਛਾਂ ਬਖਸ਼ਦੇ ਹਨ ਜੋ ਇਨ੍ਹਾਂ ਨੂੰ ਵੱਢਣ ਆਉਂਦਾ ਹੈ। ਪਹਿਲੀ ਗੱਲ ਤਾਂ ਕੁਦਰਤ ਨੇ ਸਾਨੂੰ ਬਹੁਤ ਸਾਰੇ ਜੰਗਲ ਦਿੱਤੇ ਹੀ ਨਹੀਂ ਸਨ ਕਿਉਂਕਿ ਸਾਡਾ ਖੇਤਰ ਮੈਦਾਨੀ ਹੈ ਪਰ ਵੱਧ ਉਪਜ ਦੀ ਹੋੜ ਵਿਚ ਅਸੀਂ ਕੁਦਰਤ ਵੱਲੋਂ ਬਖਸ਼ੇ ਰੁੱਖਾਂ ਦਾ ਖੂਬ ਵਢਾਂਗਾ ਕੀਤਾ ਅਤੇ ਲੱਗੇ ਹੋਏ ਬਾਗਾਂ ਨੂੰ ਵੀ ਹੌਲੀ ਹੌਲੀ ਖਤਮ ਕਰ ਦਿੱਤੈ। ਬਾਗ ਜੋ ਕਿ ਪ੍ਰਕਿਰਤੀ ਦਾ ਅਤਿ ਮਨ-ਲੁਭਾਉਣਾ ਸੰਕੁਚਿਤ-ਸੰਸਾਰ ਸੀ। ਇਸ ਸਾਵੇ ਸੰਸਾਰ ਵਿਚ ਬਨਸਪਤੀ ਵੀ ਸੀ, ਜੀਵ-ਜੰਤੂ ਵੀ ਸਨ, ਰੌਣਕ-ਮੇਲੇ ਵੀ ਹੈ ਸਨ। ਵਣ-ਤ੍ਰਿਣ, ਜੀਵ-ਜੰਤੂ, ਆਬੋ-ਹਵਾ ਸਭੇ ਸਾਂਝੀਵਾਲ ਸਦਾਇਨ ਹੋ ਜਾਂਦੇ ਸਨ। ਖਾਸ ਤੌਰ 'ਤੇ ਵੱਡ-ਅਕਾਰੀ ਅੰਬਾਂ-ਜਾਮਨਾਂ ਦੇ ਬਾਗਾਂ ਵਿਚ ਫਲ ਤਾਂ ਭਾਵੇਂ ਸਾਲ ਬਾਅਦ ਹੀ ਲੱਗਦਾ ਸੀ ਪਰ ਅੱਗੇ-ਪਿੱਛੇ, ਖਾਸ ਤੌਰ 'ਤੇ ਜੇ ਬਾਗ ਪਿੰਡ ਦੇ ਲਾਗੇ-ਚਾਗੇ ਹੋਵੇ, ਤਾਂ ਗਰਮੀ ਦੇ ਦਿਨਾਂ ਵਿਚ ਕਿਆ ਵਾਤਾਵਰਣ-ਦੋਸਤਾਨਾ ਸੰਸਾਰ ਸਿਰਜਿਆ ਜਾਂਦਾ ਸੀ। ਕਾਂ-ਕਬੂਤਰ-ਤੋਤੇ ਆਦਿ ਆਪਣਾ ਆਪਣਾ ਰਾਗ ਅਲਾਪਦੇ, ਚੰਬੇ-ਮਰੂਏ ਦੇ ਫੁੱਲ ਜੁਆਨੀ ਨੂੰ ਨਸ਼ਿਆਉਂਦੇ, ਮੋਰ ਪੈਲਾਂ ਪਏ ਪਾਉਂਦੇ, ਨਿਆਣੇ ਗਿੱਦੜ-ਟਿੱਲਾ ਅਤੇ ਲੁਕਣ-ਮੀਚੀ ਪਏ ਖੇਡਦੇ, ਜਵਾਨੀ ਪੀਂਘ-ਹੁਲਾਰੇ ਲੈਂਦੀ ਅਤੇ ਬੁਢਾਪਾ ਰੁੱਖਾਂ ਦਾ ਦਾਸਣਾ ਲਾਈ ਛਾਂ ਦਾ ਸੁੱਖ ਮਾਣਦਿਆਂ ਦੁਪਹਿਰੇ ਘੁਰਾੜੇ ਮਾਰ ਲੈਂਦਾ।



ਅਸੀਂ ਪੰਜਾਬੀ ਪੁੰਨ ਅਤੇ ਪਾਪ ਦੇ ਧਾਰਨੀ ਹੋ ਕੇ ਬੜਾ ਸਹਿਜ ਜੀਵਨ ਜੀਵੀ ਜਾਂਦੇ ਸਾਂ। ਸਾਡੇ ਬਜ਼ੁਰਗ ਤਾਂ ਰਾਤ ਨੂੰ ਰੁੱਖ ਦੀ ਟਹਿਣੀ ਨੂੰ ਹਿਲਾਉਣ ਤੱਕ ਨਹੀਂ ਸਨ ਦੇਂਦੇ, ਕਹਿੰਦੇ ਸਨ ਰੁੱਖ ਸੌਂ ਗਿਐ। ਇਸਨੂੰ ਡਿਸਟਰਬ ਕਰਨ ਵਾਲੇ ਨੂੰ ਪਾਪ ਲੱਗਦੈ। ਪਿੱਪਲ ਅਤੇ ਬੋਹੜ ਦੇ ਵੱਡ-ਆਕਾਰੀ ਰੁੱਖਾਂ ਨੂੰ ਤਾਂ ਬਜ਼ੁਰਗਾਂ ਵਾਲਾ ਪਿਆਰ-ਸਤਿਕਾਰ ਮਿਲਦਾ ਸੀ। ਇਨ੍ਹਾਂ ਰੁੱਖਾਂ ਕੋਲੋਂ ਗੁਜ਼ਰਨ ਲੱਗਿਆਂ ਔਰਤਾਂ ਇੰਝ ਘੁੰਡ ਕੱਢ ਲੈਂਦੀਆਂ ਸਨ ਜਿਵੇਂ ਬਜ਼ੁਰਗਾਂ ਕੋਲੋਂ ਕੱਢੀਦਾ ਹੈ। ਪਿੱਪਲ ਨੂੰ ਤਾਂ ਸਭ ਤੋਂ ਵੱਧ ਮਹਾਤਮ ਮਿਲਦਾ ਸੀ। ਪੁਰਾਤਨ ਸਮਿਆਂ ਵਿਚ ਗੁਰਦੁਆਰਿਆਂ, ਮੰਦਰਾਂ, ਧਰਮਸ਼ਾਲਾਵਾਂ ਅਤੇ ਜਨਤਕ ਸਥਾਨਾਂ ਅਤੇ ਖਾਸ ਤੌਰ 'ਤੇ ਸ਼ਮਸ਼ਾਨ-ਭੂਮੀ ਵਿਚ ਪਿੱਪਲ ਲਾਇਆ ਜਾਂਦਾ ਜੋ ਵੱਡ-ਅਕਾਰੀ ਹੋਣ ਕਰਕੇ ਵਡੇਰੀ-ਘਨੇਰੀ ਛਾਂ ਵੀ ਬਖਸ਼ਦਾ ਸੀ ਅਤੇ ਰਾਤ ਵੇਲੇ ਵੀ ਆਕਸੀਜਨ ਛੱਡ ਕੇ ਅਤੇ ਕਾਰਬਨ ਡਾਇਆਕਸਾਈਡ ਨਿਗਲ ਕੇ ਸਾਡੀ ਸਾਹ ਪ੍ਰਕਿਰਿਆ ਵਿਚ ਵੱਡਾ ਸਹਾਇਕ ਬਣਦਾ ਸੀ। ਸ਼ਾਇਦ ਇਹੀ ਵਜ੍ਹਾ ਹੈ ਪਿੱਪਲ ਨੂੰ ਤਾਂ ਦੇਵਤਾ ਮੰਨਿਆ ਜਾਣ ਲੱਗਾ ਅਤੇ ਪੂਜਿਆ ਜਾਣ ਲੱਗਾ। ਪੰਜਾਬੀ ਏਨੇ ਸੰਸਕਾਰੀ ਲੋਕ ਸਨ ਕਿ ਪਿੱਪਲ ਦਾ ਰੁੱਖ ਵੱਢਣਾ ਜਾਂ ਇਸਦਾ ਬਾਲਣ ਬਾਲਣਾ ਪਾਪ ਸਮਝਦੇ ਸਨ। ਪਿੱਪਲ ਦਾ ਹਰ ਹਿੱਸਾ ਪਵਿੱਤਰ ਮੰਨਿਆ ਜਾਂਦਾ ਸੀ:

ਪੱਤੇ ਪੱਤੇ ਗੋਵਿੰਦ ਬੈਠਾ
ਟਾਹਲੀ ਟਾਹਲੀ ਦੇਵਤਾ
ਮੁੱਢ ਤੇ ਸ੍ਰੀ ਕ੍ਰਿਸ਼ਨ ਬੈਠਾ
ਧੰਨ ਬ੍ਰਹਮਾ ਦੇਵਤਾ

ਪੰਜਾਬੀ ਮਾਨਸਿਕਤਾ ਵਿਚ ਰੁੱਖ ਸਿਰਫ ਏਸ ਕਰਕੇ ਮਹੱਤਵਪੂਰਨ ਨਹੀਂ ਸਨ ਕਿ ਰੁੱਖ ਦੁਨਿਆਵੀ ਕੰਮਾਂ-ਕਾਰਾਂ ਕਰਕੇ ਉਪਯੋਗੀ ਹੁੰਦੇ ਸਨ ਜਾਂ ਹਨ ਬਲਕਿ ਏਸ ਕਰਕੇ ਮਹੱਤਵਪੂਰਨ ਸਨ ਕਿ ਉਹ ਇਸ ਸ੍ਰਿਸ਼ਟੀ ਦਾ ਅਹਿਮ ਅੰਗ ਹਨ। ਰੁੱਖ "ਹੈਣ"- ਬੱਸ ਇਹੀ ਮਹੱਤਵਪੂਰਨ ਹੈ। ਉਨ੍ਹਾਂ ਦੀ ਹੋਂਦ ਇਸ ਕਾਇਨਾਤ ਵਿਚ ਦਰਵੇਸ਼ਾਂ ਵਰਗੀ ਸਮਝੀ ਜਾਂਦੀ ਸੀ। ਪੰਜਾਬੀਆਂ ਦੀ ਰੁੱਖ-ਪ੍ਰੇਮੀ ਮਾਨਸਿਕਤਾ ਸਾਡੇ ਫੋਕ-ਲੋਰ ਵਿਚ ਉੱਭਰ-ਉੱਭਰ ਪੈਂਦੀ ਹੈ। ਪੰਜਾਬੀ ਸਾਹਿਤ, ਮੁਹਾਵਰਿਆਂ, ਅਖਾਉਤਾਂ, ਰਹੁ-ਰੀਤਾਂ, ਲੋਕ-ਬੁਝਾਰਤਾਂ ਆਦਿ ਵਿਚ ਰੁੱਖ ਇੱਕ ਜਿਉਂਦਾ-ਜਾਗਦਾ, ਹੱਸਦਾ-ਰੱਸਦਾ, ਮਹਿਸੂਸਦਾ-ਵਿਗਸਦਾ ਪਾਤਰ ਨਜ਼ਰ ਆਉਂਦਾ ਹੈ। ਰੁੱਖ ਦੇਵਤਾ ਹੈ, ਪੂਜਣ-ਯੋਗ ਹੈ, ਬਖਸ਼ਣ-ਸਮਰੱਥ ਹੈ। ਉਸਦਾ ਛੋਟਾ ਰੂਪ ਪੁੱਤਰਾਂ ਵਰਗਾ ਹੈ ਜਿਸ 'ਤੇ ਮੋਹ-ਪਿਆਰ ਆਉਂਦਾ ਹੈ। ਉਸਦਾ ਗਭਰੇਟਾ ਰੂਪ ਹਾਣੀਆਂ-ਮਿੱਤਰਾਂ ਵਰਗਾ ਹੈ, ਜਿਸ ਨਾਲ ਦਿਲ ਦੀਆਂ ਬਾਤਾਂ ਛੋਹੀਆਂ ਜਾ ਸਕਦੀਆਂ ਹਨ। ਰੁੱਖ ਦਾ ਵੱਡ-ਵਡੇਰਾ ਰੂਪ ਬਜ਼ੁਰਗਾਂ ਵਰਗਾ ਹੈ, ਜਿਸ ਕੋਲੋਂ ਦਾਤਾਂ ਮੰਗੀਆਂ ਜਾਂਦੀਆਂ ਹਨ ਅਤੇ ਜਿਸ ਤੋਂ ਭੁੱਲਾਂ ਬਖਸ਼ਾਈਆਂ ਜਾਂਦੀਆਂ ਹਨ। ਪੂਜਾ ਕੀਤੀ ਜਾਂਦੀ ਹੈ ਅਤੇ ਥਾਪਨਾ ਦੀ ਯਾਚਨਾ ਕੀਤੀ ਜਾਂਦੀ ਹੈ।

ਪਰ ਅਫਸੋਸ! ਅੱਜ ਦੇ ਸਮਿਆਂ ਵਿਚ ਬੜਾ ਅਜੀਬ ਲੱਗਦਾ ਹੈ ਕਿ ਅਸੀਂ ਕਿਹੜੀ 'ਆਧੁਨਿਕਤਾ' ਅਧੀਨ ਆਪਣੇ ਆਪ ਨੂੰ 'ਉਨਤਸ਼ੀਲ' ਅਖਵਾਉਂਦੇ ਹਾਂ। ਲੱਖ ਲਾਹਨਤ ਹੈ ਅਜਿਹੀ ਪਦਾਰਥਵਾਦੀ ਸੋਚ ਦੇ, ਜੋ ਸਾਨੂੰ ਕੁਦਰਤ ਪ੍ਰਤੀ ਏਨੀ ਸੰਵੇਦਨਹੀਣ ਅਤੇ ਬੇਰੁਖ ਬਣਾ ਦੇਂਦੀ ਹੈ ਕਿ ਅਸੀਂ ਆਪਣੇ ਜ਼ਿੰਦਗੀ-ਸਰੋਤਾਂ ਨੂੰ ਹੀ ਲਾਂਬੂ ਲਾਈ ਜਾਂਦੇ ਹਾਂ। ਕੰਪਿਊਟਰ-ਯੁੱਗ ਵਿਚ ਰੁੱਖਾਂ ਨਾਲ ਕਦੀਮੀ ਸਾਂਝ ਟੁੱਟਣ ਦੀ ਗੱਲ ਤਾਂ ਸਮਝ ਆਉਂਦੀ ਹੈ। 'ਬੂਟਾ ਅੰਬੀ ਦਾ' ਹੁਣ ਸਾਡੇ 'ਵਿਹੜੇ ਦਾ ਗਹਿਣਾ' ਨਾ ਰਵੇ, 'ਉਸ ਥੱਲੇ ਬਹਿਣਾ' 'ਸੁਰਗਾਂ ਵਿਚ ਰਹਿਣਾ' ਨਾ ਵੀ ਰਵੇ, ਕੋਈ ਅਚੰਭੇ ਵਾਲੀ ਗੱਲ ਨਹੀਂ ਪਰ ਅਸੀਂ ਬਿਰਖ-ਬੱਚਿਆਂ ਨੂੰ ਮੁਆਤਾ ਲਾਈ ਜਾਈਏ ਜਾਂ ਬਲਦੇ ਬਿਰਖ ਦੇ ਮਾਤਮ ਵਿਚ ਹਾਅ ਦਾ ਨਾਹਰਾ ਤੱਕ ਨਾ ਮਾਰੀਏ ਇਹ ਤਾਂ ਗੁਰੂ ਦੇ ਪਿਆਰਿਆਂ ਤੋਂ ਉਮੀਦ ਨਹੀਂ ਕੀਤੀ ਜਾਂਦੀ। ਰੁੱਖ ਸਿਰਫ ਰੁੱਖ ਹੀ ਨਹੀਂ ਹੁੰਦਾ ਉਹ ਉਸ ਪਰਮਾਤਮਾ ਦੇ ਉਪਜਾਏ ਜੀਵ-ਜੰਤੂਆਂ ਦਾ ਘਰ-ਸੰਸਾਰ ਵੀ ਹੁੰਦਾ ਹੈ:

ਤਰਵਰ ਪੰਖੀ ਬਹੁ ਨਿਸਿ ਬਾਸੁ

ਸਾਨੂੰ ਇਸ 'ਲਾਭ-ਹਿਤਕਾਰੀ ਆਧੁਨਿਕਤਾ' ਨਾਲੋਂ ਉਹ 'ਪੁਰਾਤਨਤਾ' ਕਿਤੇ ਵੱਧ ਭਾਉਂਦੀ ਹੈ ਜਦੋਂ ਸਾਡਾ ਅੰਨ-ਦਾਤਾ ਆਪਣੇ ਨਾਲੋਂ ਕਿਤੇ ਵੱਧ ਦੂਜੇ ਬਾਰੇ ਸੋਚਦਾ ਸੀ ਅਤੇ ਖੇਤੀ ਤਿਆਰ ਹੋਣ ਉਪਰੰਤ ਬੀਜ ਦਾ ਛਿੱਟਾ ਮਾਰਣ ਲੱਗਿਆਂ ਖ਼ੁਦਾਵੰਦ ਦਾ ਨਾਂ ਭਾਵੇਂ ਲਵੇ ਜਾਂ ਨਾਂ ਲਵੇ ਪਰ ਉਸਦੀ ਖਲਕਤ ਅਤੇ ਮਖਲੂਕ ਬਾਰੇ ਅਵੱਸ਼ ਸੋਚਦਾ ਸੀ ਅਤੇ ਆਪਣੇ ਪਰਿਵਾਰ ਦਾ ਭਲਾ ਉਹ ਸਰਬੱਤ ਦੇ ਭਲੇ ਵਿਚੋਂ ਹੀ ਭਾਲਦਾ ਸੀ:

ਜੀਅ-ਜੰਤ ਦੇ ਭਾਗੀਂ,
ਆਏ-ਗਏ ਦੇ ਭਾਗੀਂ
ਚਿੜੀ-ਚੜੂੰਗੇ ਦੇ ਭਾਗੀਂ
ਡੰਗਰ-ਵੱਛੇ ਦੇ ਭਾਗੀਂ
ਰਾਹੀ-ਪਾਂਧੀ ਦੇ ਭਾਗੀਂ
ਹਾਲੀ-ਪਾਲੀ ਦੇ ਭਾਗੀਂ
ਸੀਰੀ-ਸਾਂਝੀ ਦੇ ਭਾਗੀਂ
ਸਕੇ-ਸੰਬੰਧੀ ਦੇ ਭਾਗੀਂ
ਅਤੇ (ਅਖੀਰ ਵਿਚ)
ਘਰ-ਪਰਿਵਾਰ ਦੇ ਭਾਗੀਂ।

# ਸਿੱਖ ਕੀਮਤ ਵਿਧਾਨ ਅਤੇ ਪੰਜਾਬੀ ਸਭਿਆਚਾਰ: ਸਮਕਾਲੀ ਸੰਧਰਭ

ਸਭਿਆਚਾਰ ਨੂੰ ਜੇ ਆਸਾਨ ਲਫ਼ਜ਼ਾਂ ਵਿਚ ਸਮਝਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਮਨੁੱਖੀ ਬੌਧਿਕ ਪ੍ਰਾਪਤੀਆਂ, ਕਲਾਵਾਂ ਦਾ ਸਮੂਹਿਕ ਰੂਪ ਵਿਚ ਪਰਗਟ ਹੋਣਾ ਹੀ ਸਭਿਆਚਾਰ ਅਖਵਾਉਂਦਾ ਹੈ। ਸਭਿਆਚਾਰ ਲੋਕਾਂ ਦੇ ਕਿਸੇ ਖਾਸ ਸਮੂਹ ਦਾ ਜੀਵਨ-ਢੰਗ ਹੁੰਦਾ ਹੈ - ਉਨ੍ਹਾਂ ਦਾ ਵਰਤਾਰਾ, ਵਿਸ਼ਵਾਸ, ਕੀਮਤਾਂ ਅਤੇ ਚਿੰਨ੍ਹ ਜਿਨ੍ਹਾਂ ਨੂੰ ਉਹ ਉਨ੍ਹਾਂ ਬਾਰੇ ਸੋਚੇ ਬਿਨਾਂ ਪਰਵਾਨ ਕਰਦੇ ਹਨ। ਸਭਿਆਚਾਰ ਅਜਿਹਾ ਸ਼ਬਦ ਹੈ ਜਿਸ ਵਿਚ ਮਨੁੱਖੀ ਸਮਾਜ ਦੇ ਕਿਸੇ ਸਮੂਹ ਵਿਚ ਸਥਾਪਤ ਸਮਾਜਿਕ ਵਰਤਾਉ, ਬੋਲੀ, ਧਰਮ, ਖਾਣ-ਪਾਣ, ਰੀਤੀ-ਰਿਵਾਜ਼, ਸੰਗੀਤ, ਸੰਸਥਾਵਾਂ ਅਤੇ ਪ੍ਰਤੀਮਾਨ, ਮਨੁੱਖੀ ਗਿਆਨ ਅਤੇ ਵਿਸ਼ਵਾਸ ਸਭ ਸ਼ਾਮਲ ਹੁੰਦੇ ਹਨ। ਇਥੇ ਅਸੀਂ ਪੰਜਾਬੀ ਸਮਾਜ ਅਤੇ ਸਭਿਆਚਾਰ ਦੇ ਸੰਧਰਭ ਵਿਚ ਸਿੱਖ ਕੀਮਤ-ਵਿਧਾਨ ਅਤੇ ਇਸ ਦੇ ਸਮਾਜਿਕ-ਸਭਿਆਚਾਰਕ ਅਸਰ ਨੂੰ ਦੇਖਣ ਦੀ ਕੋਸ਼ਿਸ਼ ਕਰਾਂਗੇ; ਪ੍ਰੰਤੂ ਇਸ ਦੇ ਨਾਲ ਹੀ ਇੱਥੇ ਇਹ ਕਹਿਣ ਵਿਚ ਵੀ ਕੋਈ ਝਿਜਕ ਜਾਂ ਹਿਚਕਚਾਹਟ ਨਹੀਂ ਹੋਣੀ ਚਾਹੀਦੀ ਕਿ ਸਿੱਖ ਫ਼ਲਸਫ਼ਾ ਅਤੇ ਕੀਮਤ ਵਿਧਾਨ ਸਰਵਵਿਆਪਕ ਮਹੱਤਵ ਰੱਖਦਾ ਹੈ ਕਿਉਂਕਿ ਇਸ ਨੂੰ ਕਿਸੇ ਵੀ ਸਥਾਨ, ਧਰਮ ਅਤੇ ਸਮਾਜ ਵਿਚ ਅਮਲ ਵਿਚ ਲਿਆਂਦਾ ਜਾ ਸਕਦਾ



ਡਾ. ਗੁਰਨਾਮ ਕੌਰ, ਕੈਨੇਡਾ

ਹੈ। ਜਿਸ ਸੰਕਟ ਵਿਚੋਂ ਅੱਜ ਕੁੱਲ ਆਲਮ ਗੁਜ਼ਰ ਰਿਹਾ ਹੈ ਉਸ ਦੇ ਮੱਦੇਨਜ਼ਰ ਸਰਬੱਤ ਦੇ ਭਲੇ ਨੂੰ ਧਿਆਨ ਵਿਚ ਰੱਖਦਿਆਂ ਇਸ ਪਾਸੇ ਯਤਨ ਹੋਣੇ ਵੀ ਚਾਹੀਦੇ ਹਨ। ਸਿੱਖ ਧਰਮ ਸੰਸਾਰ ਧਰਮਾਂ ਦੇ ਇਤਿਹਾਸ ਵਿਚ ਬਹੁਤ ਨਵਾਂ ਹੈ ਪ੍ਰੰਤੂ ਇਸ ਦਾ ਸ਼ੁਮਾਰ ਸੰਸਾਰ ਦੇ ਛੇ ਮੁੱਖ ਧਰਮਾਂ ਹਿੰਦੂ, ਬੁੱਧ, ਜੈਨ, ਯਹੂਦੀ, ਇਸਾਈ ਅਤੇ ਇਸਲਾਮ ਵਿਚ ਹੁੰਦਾ ਹੈ। ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਦੇਵ ਜੀ ਦੇ ਸੰਨ 1499 ਵਿਚ 'ਵੇਈਂ ਨਦੀ' ਪ੍ਰਵੇਸ਼ ਤੋਂ ਰੱਖੀ ਗਈ ਮੰਨੀ ਜਾਂਦੀ ਹੈ ਜਦੋਂ ਵੇਈਂ ਵਿਚੋਂ ਬਾਹਰ ਆਉਣ 'ਤੇ ਉਨ੍ਹਾਂ ਨੇ ਆਪਣਾ ਪਹਿਲਾ ਐਲਾਨਨਾਮਾ 'ਨਾ ਕੋ ਹਿੰਦੂ ਨਾ ਮੁਸਲਮਾਨ' ਕੀਤਾ ਜਿਸ ਵਿਚਲੀ ਵਿਚਾਰਧਾਰਾ ਨੇ ਮਨੁੱਖ ਨੂੰ ਧਰਮ ਦੇ ਨਾਂ 'ਤੇ ਵੰਡੇ ਜਾਣ ਦਾ ਰੇੜਕਾ ਹੀ ਖਤਮ ਕਰ ਦਿੱਤਾ। ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦੀ ਮੱਕੇ ਦੀ ਯਾਤਰਾ ਸਮੇਂ ਕਾਜ਼ੀਆਂ-ਮੁੱਲਾਂ ਨਾਲ ਵਾਰਤਾਲਾਪ ਦਾ ਜ਼ਿਕਰ ਕਰਦਿਆਂ ਇਸੇ ਪਾਸੇ ਇਸ਼ਾਰਾ ਕੀਤਾ ਹੈ:

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ?
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।

ਗੁਰੂ ਨਾਨਕ ਸਾਹਿਬ ਨੇ ਸੰਸਾਰ ਸਾਹਮਣੇ ਧਰਮ ਦੀ ਮਾਨਵਤਾਵਾਦੀ ਪਹੁੰਚ ਰੱਖੀ। ਕਈ ਵਾਰ ਅਸੀਂ ਮਾਨਵਵਾਦ ਅਤੇ ਮਾਨਵਤਾਵਾਦ ਨੂੰ ਰਲਗੱਡ ਕਰਦਿਆਂ ਗੁਰੂ ਨਾਨਕ ਦੇ ਫ਼ਲਸਫ਼ੇ ਨੂੰ ਮਾਨਵਵਾਦ ਕਹਿ ਦਿੰਦੇ ਹਾਂ। ਅਸਲ ਵਿਚ ਦਾਰਸ਼ਨਿਕ ਨਜ਼ਰੀਏ ਤੋਂ ਦੋਵਾਂ ਵਿਚ ਬੁਨਿਆਦੀ ਫਰਕ ਇਹ ਹੈ ਕਿ ਮਾਨਵਵਾਦ ਇੱਕ ਅਜਿਹਾ ਨਜ਼ਰੀਆ ਜਾਂ ਸਿਧਾਂਤ ਹੈ ਜਿਸ ਵਿਚ ਮੁੱਖ ਮਹੱਤਵ ਮਨੁੱਖ ਨੂੰ ਦਿੱਤਾ ਜਾਂਦਾ ਹੈ, ਜਿਸ ਦੇ ਕੇਂਦਰ ਵਿਚ ਮਨੁੱਖ ਹੈ, ਕਿਸੇ ਪਰਮ-ਹਸਤੀ ਜਾਂ ਪਰਮਸਤਿ ਦੀ ਕੋਈ ਹੋਂਦ ਨਹੀਂ ਸਵੀਕਾਰੀ ਜਾਂਦੀ। ਮਨੁੱਖ ਦੀਆਂ ਲੋੜਾਂ ਜਾਂ ਸਮੱਸਿਆਵਾਂ ਦੇ ਹੱਲ ਲਈ ਤਰਕਵਾਦੀ ਸੁਝਾਅ ਦਿੱਤੇ ਜਾਂਦੇ ਹਨ। ਮਾਨਵਤਾਵਾਦੀ ਪਹੁੰਚ ਅਜਿਹੀ ਹੈ ਜਿਸ ਅਨੁਸਾਰ ਮਨੁੱਖ ਦੇ ਦੁੱਖਾਂ, ਦਰਦਾਂ, ਮੁਸੀਬਤਾਂ ਨੂੰ ਦੂਰ ਕਰਨ ਲਈ ਵਿਅਕਤੀ ਅਮਲੀ ਰੂਪ ਵਿਚ ਸਰਗਰਮ ਹੁੰਦਾ ਹੈ ਅਤੇ ਮਨੁੱਖੀ ਭਲਾਈ ਅਤੇ ਸਮਾਜ ਦਾ ਸੁਧਾਰ ਮਨੁੱਖ ਦੇ ਹਮਦਰਦ ਵਜੋਂ ਅਤੇ ਮਨੁੱਖੀ ਪ੍ਰੇਮ ਵਿਚੋਂ ਕਰਦਾ ਹੈ ਅਤੇ ਨੈਤਿਕ ਅਤੇ ਅਧਿਆਤਮਕ ਮਾਨਵਤਾਵਾਦ ਦਾ ਦਾਅਵਾ ਕਰਦਾ ਹੈ। ਗੁਰੂ ਨਾਨਕ ਨੇ ਦੁਨੀਆ ਦੇ ਸਾਹਮਣੇ ਸਪੱਸ਼ਟ ਕਰ ਦਿੱਤਾ ਕਿ ਮਨੁੱਖਤਾ ਨੂੰ ਧਰਮ ਦੇ ਨਾਮ 'ਤੇ ਵੰਡਿਆ ਨਹੀਂ ਜਾ ਸਕਦਾ ਕਿਉਂਕਿ ਧਰਮ ਦਾ ਆਧਾਰ ਨੈਤਿਕਤਾ ਹੈ। ਮਨੁੱਖ ਦੇ ਧਾਰਮਿਕ ਜਾਂ ਅਧਾਰਮਿਕ ਹੋਣ ਦਾ ਨਿਬੇੜਾ ਉਸ ਦੇ ਅਮਲਾਂ, ਉਸ ਦੇ ਕੀਤੇ ਨੇਕ ਕੰਮਾਂ, ਉਸ ਦੇ ਨੈਤਿਕ ਗੁਣਾਂ 'ਤੇ ਹੋਣਾ ਹੈ; ਇਸ ਤੱਥ ਤੋਂ ਨਹੀਂ ਹੋਣਾ ਕਿ ਉਹ ਕਿਸ ਧਰਮ ਨਾਲ ਸਬੰਧਤ ਹੈ ਜਾਂ ਕਿੰਨੀਆਂ ਧਾਰਮਿਕ ਰਸਮਾਂ ਨਿਭਾਉਂਦਾ ਤੇ ਪੂਜਾ-ਪਾਠ ਕਰਦਾ ਹੈ।

ਸਿੱਖ ਧਰਮ ਅਤੇ ਇਸ ਦੇ ਕੀਮਤ-ਵਿਧਾਨ ਨੇ ਪੰਜਾਬੀ ਸਮਾਜ ਅਤੇ ਸਭਿਆਚਾਰ ਵਿਚ ਕੀ ਜਾਗਰਤੀ ਲਿਆਂਦੀ, ਇਸ 'ਤੇ ਕਿਵੇਂ ਅਸਰ-ਅੰਦਾਜ਼ ਹੋਇਆ ਅਤੇ ਸਮਕਾਲ ਵਿਚ ਇਹ ਕੀ ਰੋਲ ਨਿਭਾਅ ਸਕਦਾ ਹੈ, ਨੂੰ ਸਮਝਣ ਲਈ ਸਿੱਖ ਧਰਮ ਦੀ ਸੰਖੇਪ ਚਰਚਾ ਕਰ ਲੈਣੀ ਸਹਾਇਕ ਸਿੱਧ ਹੋਵੇਗੀ। ਸਿੱਖ ਧਰਮ ਇਕ ਇਲਹਾਮੀ ਧਰਮ ਹੈ ਜਿਸ ਦਾ ਪ੍ਰਕਾਸ਼ਨ ਗੁਰੂ ਜੋਤਿ ਅਤੇ ਗੁਰੂ ਜੁਗਤਿ ਰਾਹੀਂ ਬਾਣੀ ਦੇ ਰੂਪ ਵਿਚ ਹੋਇਆ ਮੰਨਿਆ ਜਾਂਦਾ ਹੈ ਅਤੇ ਇਹ ਗੁਰੂ ਨਾਨਕ ਦੇਵ, ਇਸ ਦੇ ਬਾਨੀ ਗੁਰੂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਦਸਮ ਅਤੇ ਆਖਰੀ ਸਰੀਰਕ ਗੁਰੂ ਤੱਕ, ਇੱਕ ਲਗਾਤਾਰ ਅਮਲ ਹੈ। ਗੁਰੂ ਸਾਹਿਬਾਨ ਨੂੰ ਆਪਣੇ ਰਹੱਸਾਤਮਕ ਅਨੁਭਵ ਵਿਚ ਸਤਿ ਦਾ ਜੋ ਅਨੁਭਵ ਹੋਇਆ ਉਸ ਨੂੰ ਉਨ੍ਹਾਂ ਨੇ ਬਾਣੀ ਜਾਂ ਸ਼ਬਦ ਦੇ ਰੂਪ ਵਿਚ ਪਰਗਟ ਕੀਤਾ ਜਿਸ ਦਾ ਹਵਾਲਾ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਬਹੁਤ ਥਾਵਾਂ 'ਤੇ ਮਿਲ ਜਾਂਦਾ ਹੈ। ਉਦਾਹਰਣ ਲਈ ਜਿਵੇਂ ਗੁਰੂ ਨਾਨਕ ਦੇਵ ਭਾਈ ਲਾਲੋ ਨੂੰ ਸੰਬੋਧਨ ਕਰਦੇ ਹਨ "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ" (ਪੰ.722) ਅਤੇ ਇੱਕ ਥਾਂ ਹੋਰ ਕਹਿੰਦੇ ਹਨ "ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥" (ਪੰ.763)। ਗੁਰੂ ਅਰਜਨ ਦੇਵ ਬਾਣੀ ਰੂਪੀ ਅੰਮ੍ਰਿਤ ਦੇ ਵਰਸਣ ਦੀ ਗੱਲ ਕਰਦਿਆਂ ਕਹਿੰਦੇ ਹਨ ਕਿ ਜਿਵੇਂ ਪ੍ਰਭੂ ਬੋਲਣ ਦਾ ਹੁਕਮ ਕਰਦਾ ਹੈ ਉਹ ਉਵੇਂ ਬੋਲਦੇ ਹਨ, "ਝਿਮਿ ਝਿਮਿ ਅੰਮ੍ਰਿਤੁ ਵਰਸਦਾ॥ ਬੋਲਾਇਆ ਬੋਲੀ ਖਸਮ ਦਾ॥" (ਪੰ.74)। ਗੁਰੂ ਅਰਜਨ ਦੇਵ ਬਾਣੀ ਨੂੰ ਧੁਰੋਂ ਆਈ ਮੰਨਿਦਿਆਂ ਇਸ ਨੂੰ ਕਰਤਾ ਪੁਰਖ ਦੀ ਮਿਹਰ ਪਰਵਾਨ ਕਰਦੇ ਹਨ ਜਿਸ ਸਦਕਾ ਉਨ੍ਹਾਂ ਨੂੰ ਸੱਚ ਦਾ ਗਿਆਨ ਹੋਇਆ ਹੈ ਜਿਸ ਦਾ ਉਹ ਬਿਆਨ ਕਰ ਸਕੇ ਹਨ:

ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥
ਦਇਆਲ ਪੁਰਖ ਮਿਹਰਵਾਨਾ॥ਹਰਿ ਨਾਨਕ ਸਾਚੁ ਵਖਾਨਾ॥(ਪੰ.628)

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਾਰਮਿਕ ਗ੍ਰੰਥ ਹੈ ਜਿਸ ਵਿਚ ਗੁਰੂ ਸਾਹਿਬਾਨ ਦੀ ਬਾਣੀ ਹੀ ਸ਼ਾਮਲ ਨਹੀਂ ਹੈ ਬਲਕਿ ਉਨ੍ਹਾਂ ਭਗਤਾਂ, ਸੂਫ਼ੀ ਸੰਤਾਂ ਦੀ ਬਾਣੀ ਵੀ ਸ਼ਾਮਲ ਹੈ ਜਿਨ੍ਹਾਂ ਦੀ ਵਿਚਾਰਧਾਰਾ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨਾਲ ਮੇਲ ਖਾਂਦੀ ਸੀ। ਇਹ ਬਾਣੀ ਗੁਰੂ ਨਾਨਕ ਸਾਹਿਬ ਨੇ ਆਪਣੀਆਂ ਉਦਾਸੀਆਂ ਵੇਲੇ ਇਕੱਤਰ ਕੀਤੀ ਅਤੇ ਕੁੱਝ ਬਾਣੀ ਗੁਰੂ ਅਰਜਨ ਦੇਵ ਪਾਤਿਸ਼ਾਹ ਦੇ ਸਮਕਾਲੀਆ ਵੱਲੋਂ ਰਚੀ ਹੋਈ ਹੈ ਜਿਵੇਂ ਸੱਤਾ ਅਤੇ ਬਲਵੰਡ, ਭੱਟਾਂ ਦੇ ਸਵੱਈਏ ਆਦਿ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਿੱਖ ਨੈਤਿਕਤਾ, ਕੀਮਤ ਵਿਧਾਨ ਅਤੇ ਸਿੱਖ ਫ਼ਲਸਫ਼ੇ ਦਾ ਸੋਮਾ ਹੈ ਜਿਸ ਵਿਚ ਹਿੰਦੁਸਤਾਨ ਦੇ ਮੱਧਕਾਲ ਦੇ ਅਧਿਆਤਮਕ ਅਨੁਭਵ ਨੂੰ ਵੀ ਸਾਂਭਿਆ ਹੋਇਆ ਹੈ। ਮੱਧਕਾਲ ਨੂੰ ਪੱਛਮੀ ਦੁਨੀਆ ਦੇ ਦਾਰਸ਼ਨਿਕ ਇਤਿਹਾਸ ਵਿਚ ਅੰਧੇਰਾ ਜੁਗ ਕਰਕੇ ਮੰਨਿਆ ਜਾਂਦਾ ਹੈ, ਗੁਰਬਾਣੀ ਅਨੁਸਾਰ ਇਸ ਦਾ ਅਰਥ ਅਗਿਆਨਤਾ ਵੀ ਬਣਦਾ ਹੈ, ਜਦ ਕਿ ਇਸੇ ਹੀ ਸਮੇਂ ਹਿੰਦੁਸਤਾਨ ਦੀ ਧਰਤੀ 'ਤੇ ਗੁਰੂ ਨਾਨਕ ਦੀ ਆਮਦ ਨਾਲ ਰੌਸ਼ਨ ਜੁਗ ਭਾਵ ਗਿਆਨ ਦਾ ਉਦੈ ਸ਼ੁਰੂ ਹੋ ਚੁੱਕਾ ਸੀ, ਜਿਸ ਨੂੰ ਪੰਜਾਬ ਦੇ ਮਹਾਨ ਚਿੰਤਕ ਸਰ ਮੁਹੰਮਦ ਇਕਬਾਲ ਨੇ ਹਿੰਦ ਦਾ ਇਕ ਸੁਪਨੇ ਵਿਚੋਂ ਜਾਗਣਾ ਕਿਹਾ ਹੈ:

ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ
ਹਿੰਦ ਕੋ ਇਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ

ਸਿੱਖ ਧਰਮ-ਚਿੰਤਨ ਨੇ ਜੋ ਕੀਮਤ ਵਿਧਾਨ ਦੁਨੀਆ ਦੇ ਸਾਹਮਣੇ ਰੱਖਿਆ ਉਸ ਵਿਚ ਮਨੁੱਖੀ ਨੈਤਿਕਤਾ, ਮਾਨਵਤਾਵਾਦ, ਮਨੁੱਖੀ ਬਰਾਬਰੀ, ਮਨੁੱਖੀ ਸਵੈਮਾਨ, ਸਰਬ-ਸਾਂਝੀਵਾਲਤਾ, ਸਮਾਜਿਕ ਨਿਆਉਂ, ਜਮੂਹਰੀਅਤ, ਕਾਦਰ ਅਤੇ ਉਸ ਦੀ ਕੁਦਰਤਿ ਨਾਲ ਪ੍ਰੇਮ, ਜਿਸ ਵਿਚ ਮਨੁੱਖ ਅਤੇ ਸਾਰੀ ਕਾਇਨਾਤ ਸ਼ਾਮਲ ਹੈ, ਸਿਖਾਇਆ। ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ਨ ਤੋਂ ਪਹਿਲਾਂ ਵਰਣ-ਵੰਡ, ਧਾਰਮਿਕ ਵਖਰੇਵਿਆਂ, ਰਾਜਨੀਤਕ ਕਾਰਣਾਂ ਕਰਕੇ ਜਿਸ ਤਰ੍ਹਾਂ ਭਾਰਤੀ ਸਮਾਜ ਵੰਡਿਆ ਹੋਇਆ ਸੀ ਅਤੇ ਇਸ ਵਿਚ ਜੋ ਗਿਰਾਵਟ ਆ ਚੁੱਕੀ ਸੀ ਗੁਰੂ ਨਾਨਕ ਨੇ ਉਸ ਦੀ ਤੁਲਨਾ ਮੱਸਿਆ ਦੀ ਕਾਲੀ ਰਾਤ ਨਾਲ ਕੀਤੀ ਹੈ ਜਿਸ ਵਿਚ ਚਾਰ-ਚੁਫੇਰੇ ਝੂਠ ਦਾ ਬੋਲ-ਬਾਲਾ ਹੋਣ ਕਰਕੇ ਸੱਚ ਰੂਪੀ ਚੰਦਰਮਾ ਅਲੋਪ ਹੋ ਗਿਆ ਸੀ। ਇਸ ਸਮੇਂ ਨੂੰ ਛੁਰੀ ਵਰਗਾ ਕਲਿਜੁਗ ਦਾ ਸਮਾਂ ਕਿਹਾ ਹੈ ਜਿਸ ਵਿਚ ਰਾਜੇ ਕਸਾਈਆਂ ਵਾਂਗ ਲੋਕਾਂ ਨੂੰ ਕੋਹ ਰਹੇ ਸੀ, ਧਰਮ ਅਰਥਾਤ ਇਨਸਾਫ਼ ਖੰਭ ਲਾ ਕੇ ਉੱਡ ਗਿਆ ਸੀ, ਹਰ ਤਰ੍ਹਾਂ ਦੀਆਂ ਨੈਤਿਕ ਕੀਮਤਾਂ ਗੁਆਚ ਗਈਆਂ ਸਨ, ਲੋਕਾਈ ਦੁੱਖਾਂ-ਤਕਲੀਫਾਂ ਨਾਲ ਤੜਪ ਰਹੀ ਸੀ ਜਿਸ ਵਿਚੋਂ ਨਿਕਲਣ ਦਾ ਕੋਈ ਰਸਤਾ ਨਜ਼ਰ ਨਹੀਂ ਆਉਂਦਾ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥
ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥(ਪੰ.145)

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਹੀ ਸਿੱਖ ਧਰਮ ਦਾ ਮੂਲ ਸਿਧਾਂਤ 'ੴ ਤੋਂ ਗੁਰਪ੍ਰਸਾਦਿ' ਤੱਕ ਦਰਜ ਹੈ ਜਿਸ ਵਿਚ ਪਰਮਸਤਿ ਦੇ ਗੁਣ ਦੱਸਦਿਆਂ ਉਸ ਨੂੰ ਬ੍ਰਹਿਮੰਡ ਦਾ ਕਰਤਾ ਪੁਰਖ ਕਿਹਾ ਹੈ ਅਤੇ ਇਹ ਸਾਰਾ ਬ੍ਰਹਿਮੰਡ, ਉਸ ਦੀ ਰਚਨਾ ਉਸ ਦਾ ਪਰਗਟ ਸਰੂਪ ਹੈ। ਇਹ ਬੁਨਿਆਦ ਹੈ ਕਰਤਾ ਪੁਰਖ ਦੀ ਆਪਣੀ ਸਾਜੀ ਕੁਦਰਤਿ ਨਾਲ ਰਿਸ਼ਤੇ ਦੀ, ਮਨੁੱਖ ਦੀ ਕੁਦਰਤਿ ਨਾਲ ਰਿਸ਼ਤੇ ਅਤੇ ਮਨੁੱਖ ਦੇ ਮਨੁੱਖ ਨਾਲ ਰਿਸ਼ਤੇ ਦੀ। ਗੁਰੂ ਨਾਨਕ ਨੇ ਮਨੁੱਖ ਦੇ ਸਾਹਮਣੇ ਆਦਰਸ਼ 'ਸਚਿਆਰਾ' ਹੋਣ ਦਾ ਰੱਖਿਆ ਹੈ ਅਤੇ 'ਸਚਿਆਰਾ' ਹੋਣ ਦਾ ਅਰਥ ਸਵੈ-ਅਨੁਭਵ ਵੀ ਹੈ। ਸਵੈ-ਅਨੁਭਵ ਦੇ ਇਸ ਰਸਤੇ ਦੇ ਪਾਂਧੀ ਨੂੰ ਇਨ੍ਹਾਂ ਕੀਮਤਾਂ ਨੂੰ ਆਪ ਲੱਭਣਾ ਪੈਣਾ ਹੈ, ਇਨ੍ਹਾਂ ਦੀ ਨਿਸ਼ਾਨਦੇਹੀ ਕਰਕੇ ਹੀ ਇਨ੍ਹਾਂ ਨੂੰ ਅਮਲ ਵਿਚ ਲਿਆਉਣਾ ਪੈਣਾ ਹੈ ਤਦ ਹੀ ਉਹ ਆਪਣੀ ਮੰਜ਼ਿਲ 'ਤੇ ਪਹੁੰਚ ਸਕਦਾ ਹੈ। ਪ੍ਰੰਤੂ ਸਿੱਖ ਧਰਮ ਚਿੰਤਨ ਅਨੁਸਾਰ ਇਹ ਖੋਜ ਅਤੇ ਇਸ ਦਾ ਪੰਧ ਵਿਅਕਤੀਗਤ ਨਹੀਂ ਬਲਕਿ ਸਮੂਹਿਕ (ਚੋਲਲਦਚ-ਟਵਿਏ), ਸੰਗਤੀ ਹੈ। ਇਸੇ ਲਈ ਇਨ੍ਹਾਂ ਕੀਮਤਾਂ ਦੇ ਅਮਲੀ ਪ੍ਰਕਾਸ਼ਨ ਲਈ ਗੁਰੂ ਨਾਨਕ ਸਾਹਿਬ ਨੇ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਤ੍ਰੈ-ਪ੍ਰਤੀ ਰਸਤਾ ਦੱਸਿਆ। ਕਿਰਤ ਨੂੰ ਨਾਮ ਜਪਣ ਅਤੇ ਵੰਡ ਛਕਣ ਨਾਲ ਜੋੜਦਿਆਂ ਗੁਰੂ ਨਾਨਕ ਸਾਹਿਬ ਨੇ ਆਪਣੇ ਆਪ ਨੂੰ ਧਾਰਮਿਕ ਕਹਾਉਣ ਵਾਲੇ ਮਨੁੱਖਾਂ ਜਿਵੇਂ ਮੁੱਲਾਂ ਜਾਂ ਜੋਗੀ ਆਦਿ ਨੂੰ ਵੀ ਕਿਰਤ ਕਮਾਈ ਕਰਨ ਦਾ ਉਪਦੇਸ਼ ਕੀਤਾ ਹੈ। ਗੁਰੂ ਨਾਨਕ ਅਨੁਸਾਰ ਵਿਹਲੇ ਰਹਿਣ ਵਾਲੇ ਧਾਰਮਿਕ ਕਹਾਉਂਦੇ ਬੰਦੇ, ਜਿਵੇਂ ਕਾਜ਼ੀ, ਪੰਡਤਿ ਅਤੇ ਜੋਗੀ ਆਦਿ, ਸਮਾਜ ਲਈ ਕੋਈ ਸਾਰਥਿਕ ਯੋਗਦਾਨ ਪਾਉਣ ਦੀ ਥਾਂ ਸਮਾਜ ਦੇ ਉਜਾੜੇ ਦਾ ਕਾਰਨ ਬਣਦੇ ਹਨ। ਕਾਜ਼ੀ ਦਾ ਕੰਮ ਲੋਕਾਂ ਨੂੰ ਇਨਸਾਫ਼ ਦੇਣਾ ਹੁੰਦਾ ਹੈ ਪ੍ਰੰਤੂ ਉਹ ਰਿਸ਼ਵਤ ਲੈ ਕੇ ਝੂਠ ਬੋਲਦਾ ਹੈ ਅਤੇ ਹਰਾਮ ਦੀ ਕਮਾਈ ਖਾਂਦਾ ਹੈ; ਬ੍ਰਾਹਮਣ ਕਰੋੜਾਂ ਸ਼ੂਦਰ ਕਹੇ ਜਾਣ ਵਾਲੇ ਬੰਦਿਆਂ ਨੂੰ ਦੁਖੀ ਕਰ ਕੇ ਤੀਰਥ ਇਸ਼ਨਾਨ ਕਰਦਾ ਹੈ; ਜੋਗੀ ਭੀ ਅੰਨ੍ਹਾ ਹੈ ਅਤੇ ਜੀਵਨ-ਜਾਚ ਨਹੀਂ ਜਾਣਦਾ। ਇਸ ਤਰ੍ਹਾਂ ਇਹ ਤਿੰਨੇ ਅੰਦਰੋਂ ਖਾਲੀ ਹਨ ਅਤੇ ਸਮਾਜਿਕ ਉਜਾੜੇ ਦਾ ਕਾਰਨ ਬਣਦੇ ਹਨ:

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥ (ਪੰ.662)

ਉਨ੍ਹਾਂ ਦਾ ਮੰਨਣਾ ਹੈ ਕਿ ਰੋਜ਼ੀ-ਰੋਟੀ ਦੀ ਖਾਤਰ ਮੁੱਲਾਂ ਆਪਣੇ ਘਰ ਨੂੰ ਹੀ ਮਸੀਤ ਵਿਚ ਤਬਦੀਲ ਕਰ ਲੈਂਦਾ ਹੈ ਅਤੇ ਜੋਗੀ ਕੰਨ ਪੜਵਾ ਕੇ ਮੁੰਦਰਾਂ ਪਾ ਲੈਂਦਾ ਹੈ ਪਰ ਲੋਕਾਂ ਦੇ ਘਰਾਂ ਵਿਚੋਂ ਮੰਗ ਕੇ ਖਾਂਦਾ ਹੈ। ਫਿਰ ਵੀ ਆਪਣੇ ਆਪ ਨੂੰ ਇਹ ਸਾਰੇ



ਧਾਰਮਿਕ ਆਗੂ ਕਹਾਉਂਦੇ ਹਨ ਪ੍ਰੰਤੂ ਅਜਿਹੇ ਲੋਕਾਂ ਨੂੰ ਬਿਲਕੁਲ ਵੀ ਧਾਰਮਿਕ ਆਗੂ ਨਹੀਂ ਮੰਨਣਾ ਚਾਹੀਦਾ। ਅਸਲੀ ਰਸਤੇ ਦੀ ਪਛਾਣ ਉਸ ਨੂੰ ਹੁੰਦੀ ਹੈ ਜੋ ਕਿਰਤ ਕਮਾਈ ਕਰਕੇ ਦੂਜਿਆਂ ਨਾਲ ਵੰਡ ਕੇ ਛਕਦਾ ਹੈ "ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥"(ਪੰ 1245))। ਗੁਰੂ ਨਾਨਕ ਨੇ ਸਿਧਾਂਤ ਦੇ ਇਸ ਅਮਲੀ ਪ੍ਰਕਾਸ਼ਨ ਨੂੰ ਪ੍ਰਪੱਕ ਕਰਨ ਲਈ ਜਿੱਥੇ ਜਿੱਥੇ ਵੀ ਗਏ ਸੰਗਤਾਂ ਸਥਾਪਤ ਕੀਤੀਆਂ ਅਤੇ ਗੁਰਤਾ ਦੀ ਪ੍ਰੰਪਰਾ ਨੂੰ ਅੱਗੇ ਤੋਰਦਿਆਂ ਆਪਣੇ ਜੀਵਨ ਸਮੇਂ ਵਿਚ ਹੀ ਭਾਈ ਲਹਿਣਾ ਜੀ ਨੂੰ ਗੁਰਗੱਦੀ ਦੇ ਕੇ ਆਪਣਾ ਜਾਨਸ਼ੀਨ ਥਾਪਿਆ। ਇਸ ਤਰ੍ਹਾਂ ਇਹ ਲੜੀ ਦਸਮ ਗੁਰੂ ਤੱਕ ਚੱਲ ਕੇ ਸ਼ਬਦ-ਗੁਰੂ ਵਿਚ ਤਬਦੀਲ ਹੋਈ ਅਤੇ ਸੰਗਤਿ ਨੇ ਖਾਲਸੇ ਦਾ ਰੂਪ ਗ੍ਰਹਿਣ ਕੀਤਾ।

ਮਨੁੱਖੀ ਬਰਾਬਰੀ ਅਤੇ ਏਕਤਾ ਦੇ ਸਿਧਾਂਤ ਦਾ ਆਧਾਰ ਮਨੁੱਖ ਅੰਦਰ ਵਿਆਪਕ ਰੱਬੀ ਜੋਤਿ ਨੂੰ ਮੰਨਿਆ ਹੈ ਕਿਉਂਕਿ ਸਾਰੇ ਮਨੁੱਖ "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ"(ਪੰ.13) ਅਨੁਸਾਰ ਉਸੇ ਇਕ ਕਰਤਾ ਪੁਰਖ ਦੀ ਸਿਰਜਣਾ ਹਨ ਅਤੇ ਉਸੇ ਤੋਂ ਪੈਦਾ ਹੋਏ ਹਨ। ਇਸੇ ਲਈ ਗੁਰੂ ਅਰਜਨ ਦੇਵ ਨੇ ਉਸ ਕਰਤਾ ਪੁਰਖ ਨੂੰ "ਤੂੰ ਸਾਝਾ ਸਾਹਿਬੁ ਬਾਪੁ ਹਮਾਰਾ" (ਪੰ.97) ਕਿਹਾ ਹੈ ਜਿਸ ਦੇ ਖ਼ਜ਼ਾਨੇ ਸਭ ਲਈ ਭਰੇ ਹਨ ਅਤੇ ਜੋ ਮਾਤਾ ਵੀ ਹੈ ਅਤੇ ਪਿਤਾ ਵੀ "ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ" (ਪੰ.1144)। ਭਗਤ ਕਬੀਰ ਨੇ ਇਸ ਨੂੰ "ਏਕੁ ਨੂਰੁ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ" (ਪੰ.1349) ਕਿਹਾ ਹੈ। ਮਨੁੱਖ ਦਾ ਬਰਾਬਰ ਹੋਣਾ ਹੀ ਸਮਾਜਿਕ ਨਿਆਉਂ ਦਾ ਆਧਾਰ ਹੈ ਜਿਸ ਵਿਚ ਕਿਸੇ ਮਨੁੱਖ ਨੂੰ ਉੱਚਾ ਜਾਂ ਨੀਵਾਂ ਨਹੀਂ ਸਮਝਿਆ ਜਾ ਸਕਦਾ, ਸਾਰੇ ਮਨੁੱਖ ਸਮਾਜਿਕ ਬਰਾਬਰੀ ਦੇ ਇੱਕੋ ਜਿਹੇ ਅਧਿਕਾਰੀ ਹਨ, ਕੋਈ ਛੋਟਾ ਜਾਂ ਵੱਡਾ ਨਹੀਂ। ਇਸ ਦੇ ਆਧਾਰ 'ਤੇ ਹੀ ਗੁਰੂ ਨਾਨਕ ਸਮਾਜਿਕ ਤੌਰ 'ਤੇ ਨੀਵੇਂ ਜਾਂ ਛੋਟੇ ਕਹੇ ਜਾਣ ਵਾਲੇ ਵਰਗ ਨਾਲ ਖੜ੍ਹਦੇ ਹੋਏ "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥" (ਪੰ.15) ਅਤੇ "ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ" (ਪੰ.468) ਦਾ ਐਲਾਨ ਕਰਦੇ ਹਨ। ਗੁਰੂ ਨਾਨਕ ਅਨੁਸਾਰ ਹਰ ਇਕ ਜਾਤ ਵਿਚ ਉਸ ਕਰਤਾ ਪੁਰਖ ਦਾ ਨੂਰ ਹੈ ਅਤੇ ਉਸ ਦੇ ਨੂਰ ਵਿਚ ਹਰ ਇਕ ਜਾਤ ਹੈ, "ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ" (ਪੰ.469) ਅਤੇ "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥"(ਪੰ.13) ਦਾ ਸਿਧਾਂਤ ਦਿੰਦੇ ਹਨ। ਜਿੱਥੇ ਵਰਣ ਵੰਡ ਅਨੁਸਾਰ ਸੇਵਾ ਕਰਨ ਦੇ ਕੰਮ ਨੂੰ ਨਖਿੱਧ ਮੰਨਦਿਆਂ ਇਸ ਨੂੰ ਸਭ ਤੋਂ ਹੇਠਲੇ ਦਰਜੇ 'ਤੇ ਮੰਨੇ ਗਏ ਵਰਣ ਨੂੰ ਸੌਂਪਿਆ ਗਿਆ ਉਥੇ ਹੀ ਸਿੱਖ ਧਰਮ ਚਿੰਤਨ ਵਿਚ ਸੇਵਾ ਅਤੇ ਪਰਉਪਕਾਰ ਨੂੰ ਅਧਿਆਤਮਕ ਪ੍ਰਾਪਤੀ ਦੇ ਰਸਤੇ ਦਾ ਜ਼ਰੂਰੀ ਕਰਮ ਦੱਸਿਆ ਗਿਆ, "ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥" (ਪੰ.26) ਅਤੇ ਗੁਰੂ ਅਰਜਨ ਦੇਵ ਅਨੁਸਾਰ ਇਹ ਸੇਵਾ ਕਰਕੇ ਕੋਈ ਹੰਕਾਰ ਨਹੀਂ ਕਰਨਾ ਅਤੇ ਕਿਸੇ ਨੂੰ ਜਤਾਉਣਾ ਨਹੀਂ "ਸੇਵਾ ਕਰਤ ਹੋਇ ਨਿਹਕਾਮੀ॥ਤਿਸੁ ਕਉ ਹੋਤ ਪਰਾਪਤਿ ਸੁਆਮੀ॥" (ਪੰ.286) ਅਤੇ ਪਰਮਸਤਿ ਦਾ ਗਿਆਨ ਪ੍ਰਾਪਤ ਕਰਨ ਵਾਲੇ ਮਨੁੱਖ ਨੂੰ ਦੂਸਰਿਆਂ ਦਾ ਭਲਾ ਕਰਕੇ ਖੁਸ਼ੀ ਪ੍ਰਾਪਤ ਹੁੰਦੀ ਹੈ "ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥" (ਪੰ.273)

ਕਿਸੇ ਦਾ ਹਕੁ ਖੋਹਣਾ ਵੀ ਸਮਾਜਿਕ ਅਨਿਆਂ ਹੈ ਜਿਸ ਨੂੰ ਗੁਰੂ ਨਾਨਕ ਨੇ ਸਿਰਫ ਅਨੈਤਿਕ ਹੀ ਨਹੀਂ ਮੰਨਿਆ ਬਲਕਿ ਧਾਰਮਿਕ ਕਸਮ ਤੋੜਨ ਦੇ ਬਰਾਬਰ ਮੰਨਦਿਆਂ "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ" (ਪੰ.141) ਕਿਹਾ ਹੈ। ਛੋਟੀਆਂ ਕਹੀਆਂ ਜਾਣ ਵਾਲੀਆਂ ਜਾਤੀਆਂ ਵਾਂਗ ਹੀ ਇਸਤਰੀ ਵੀ ਸਮਾਜਿਕ ਅਨਿਆਂ ਝੇਲਦੀ ਰਹੀ ਹੈ। ਸਿੱਖ ਧਰਮ ਦੇ ਉਦੈ ਵੇਲੇ ਭਾਰਤੀ ਸਮਾਜ ਵਿਚ ਇਸਤਰੀ ਦੀ ਹਾਲਤ ਬਹੁਤ ਬੁਰੀ ਸੀ ਅਤੇ ਉਸ ਨੂੰ ਅਧਿਆਤਮਕ ਪ੍ਰਾਪਤੀਆਂ ਦੇ ਰਸਤੇ ਦਾ ਰੋੜਾ ਸਮਝਿਆ ਜਾਂਦਾ ਸੀ। ਗੁਰੂ ਨਾਨਕ ਨੇ ਇਸਤਰੀ ਦੇ ਹੱਕ ਵਿਚ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" (ਪੰ.473) ਰਾਹੀਂ ਸਿਰਫ਼ ਆਵਾਜ਼ ਹੀ ਨਹੀਂ ਬੁਲੰਦ ਕੀਤੀ ਬਲਕਿ ਅਹਿਸਾਸ ਕਰਾਇਆ ਕਿ ਇਸਤਰੀ ਤੋਂ ਬਿਨਾ ਸਮਾਜਿਕ ਤਾਣਾ-ਬਾਣਾ ਸੰਭਵ ਹੀ ਨਹੀਂ ਹੈ ਕਿਉਂਕਿ ਸਾਰੇ ਸਮਾਜਿਕ ਰਿਸ਼ਤਿਆਂ ਦਾ ਆਧਾਰ ਇਸਤਰੀ ਹੈ। ਇਸਤਰੀ ਰਾਹੀਂ ਹੀ ਸਮਾਜਿਕ ਪੀੜ੍ਹੀਆਂ ਅੱਗੇ ਚੱਲਦੀਆਂ ਹਨ ਅਤੇ ਰਿਸ਼ਤੇ ਬਣਦੇ ਹਨ। ਗੁਰੂ ਨਾਨਕ ਨੇ ਅਧਿਆਤਮਕ ਪ੍ਰਾਪਤੀਆਂ ਲਈ ਸੰਨਿਆਸੀ ਹੋਣ ਨਾਲੋਂ ਗ੍ਰਿਹਸਤੀ ਹੋਣ ਨੂੰ ਪਰਮੁੱਖਤਾ ਦਿੱਤੀ ਕਿਉਂਕਿ ਗ੍ਰਿਹਸਤ ਵਿਚ ਹੀ ਸਹਿਜ ਕਾਇਮ ਰੱਖਿਆ ਜਾ ਸਕਦਾ ਹੈ। ਇਸੇ ਨੂੰ ਸਹਿਜ ਮਾਰਗ ਕਿਹਾ ਹੈ। ਉਹ ਕਰਤਾ ਪੁਰਖ "ਆਪੇ ਹੀ ਪੁਰਖੁ ਆਪੇ ਹੀ ਨਾਰੀ" (ਪੰ.1020) ਹੈ। ਇਸੇ ਤਰ੍ਹਾਂ ਇਸਤਰੀ ਦੇ ਪ੍ਰਸੂਤ ਦੀ ਅਵਸਥਾ ਵਿਚ ਹੋਣ ਨੂੰ ਸੂਤਕ ਜਾਂ ਅਪਵਿੱਤਰ ਮੰਨਿਆ ਜਾਂਦਾ ਸੀ। ਗੁਰੂ ਨਾਨਕ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਪ੍ਰਸੂਤ ਅਪਵਿੱਤਰ ਨਹੀਂ ਹੈ, ਇਹ ਕੁਦਰਤੀ ਅਮਲ ਹੈ ਬਲਕਿ ਸੂਤਕ ਜਾਂ ਅਪਵਿੱਤਰ ਤਾਂ ਝੂਠ ਬੋਲਣਾ, ਲੋਭ ਕਰਨਾ, ਮੰਦਾ ਸੁਣਨਾ ਅਤੇ ਪਰਾਈ ਇਸਤਰੀ ਅਤੇ ਪਰਾਏ ਧਨ ਨੂੰ ਬੁਰੀ ਨਿਗਾਹ ਨਾਲ ਦੇਖਣਾ ਆਦਿ ਹੈ:


ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥
ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ॥(ਪੰਨਾ 472)"

ਗੁਰੂ ਅਮਰਦਾਸ ਨੇ ਇਸਤਰੀ ਦੇ ਸਤੀ ਹੋਣ ਵਿਰੁੱਧ ਆਵਾਜ਼ ਉਠਾਈ ਅਤੇ ਤਰਕ ਰਾਹੀਂ ਦੱਸਿਆ ਕਿ ਸਤੀਆਂ ਉਹ ਨਹੀਂ ਹੁੰਦੀਆਂ ਜੋ ਪਤੀ ਦੀ ਚਿਖਾ ਨਾਲ ਸੜ ਕੇ ਮਰਦੀਆਂ ਹਨ ਬਲਕਿ ਸਤੀਆਂ ਉਹ ਹੁੰਦੀਆਂ ਹਨ ਜੋ "ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥ ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥" (ਪੰ.787)। ਪਰਦਾ ਕਰਨਾ ਔਰਤ ਦੀ ਗੁਲਾਮੀ ਦੀ ਨਿਸ਼ਾਨੀ ਹੈ ਅਤੇ ਗੁਰੂ ਅਮਰਦਾਸ ਨੇ ਬੀਬੀਆਂ ਨੂੰ ਪਰਦਾ ਕਰਨ ਦੀ ਮਨਾਹੀ ਕੀਤੀ। ਇਸੇ ਸਬੰਧੀ ਭਗਤ ਕਬੀਰ ਨੇ ਬਚਨ ਕੀਤਾ ਹੈ ਕਿ ਪਰਦਾ ਕਰਨ ਨਾਲ ਵੱਧ ਤੋਂ ਵੱਧ ਇਹੀ ਹੈ ਕਿ ਲੋਕ ਕਹਿਣਗੇ ਬਹੂ ਭਲੀ ਆਈ ਹੈ ਪਰ ਇਹ ਕੋਈ ਅਧਿਆਤਮਕ ਪ੍ਰਾਪਤੀ ਨਹੀਂ ਹੈ "ਘੂੰਘਟ ਕਾਢੇ ਕੀ ਇਹੈ ਬਡਾਈ॥ ਦਿਨ ਦਸ ਪਾਂਚ ਬਹੂ ਭਲੀ ਆਈ॥(ਪੰ.484)। ਇਸੇ ਤਰ੍ਹਾਂ ਕੁੜੀਆਂ ਨੂੰ ਬੋਝ ਸਮਝ ਕੇ ਮਾਰ ਦੇਣ ਦਾ ਰਿਵਾਜ ਸੀ ਪ੍ਰੰਤੂ ਸਮਾਜ ਵਿਚ ਬ੍ਰਾਹਮਣ ਅਤੇ ਗਊ ਦੀ ਹੱਤਿਆ ਨੂੰ ਬੁਰਾ ਮੰਨਿਆ ਜਾਂਦਾ ਸੀ। ਗੁਰੂ ਅਮਰਦਾਸ ਜੀ ਨੇ ਕੰਨਿਆ ਦੀ ਹੱਤਿਆ ਨੂੰ ਬ੍ਰਾਹਮਣ ਅਤੇ ਗਊ ਦੀ ਹੱਤਿਆ ਕਰਨ ਦੇ ਬਰਾਬਰ ਕਿਹਾ ਹੈ ਅਤੇ ਇਸ ਨੂੰ ਬੁਰੇ ਬੰਦਿਆਂ ਦੀ ਭੇਟ ਸਵੀਕਾਰ ਕਰ ਲੈਣ ਵਾਂਗ ਪਾਪ ਮੰਨਿਆ ਹੈ, "ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥ ਫਿਟਕ ਫਿਟਕ ਕੋੜੁ ਬਦੀਆ ਸਦਾ ਸਦਾ ਅਭਿਮਾਨ"(ਪੰ.1413)। ਗੁਰੂ ਨਾਨਕ ਨੇ ਗਰੀਬਾਂ 'ਤੇ ਜ਼ੁਲਮ ਕਰਨ ਵਾਲੇ ਰਾਜਿਆਂ ਅਤੇ ਅਧਿਕਾਰੀਆਂ ਨੂੰ ਵੀ ਫਿਟਕਾਰਿਆ ਅਤੇ ਉਨ੍ਹਾਂ ਨੂੰ ਰੱਤ ਚੱਟਣ ਵਾਲੇ ਕੁੱਤੇ ਤੱਕ ਕਿਹਾ। ਦੱਸਿਆ ਕਿ ਜੋ ਮਨੁੱਖ ਦੂਸਰਿਆ ਦਾ ਹੱਕ ਖੋਂਹਦੇ ਹਨ ਉਹ ਦੂਸਰਿਆਂ ਦਾ ਖ਼ੂਨ ਪੀਣ ਦੇ ਬਰਾਬਰ ਹੈ। ਜੇ ਕੱਪੜੇ ਨੂੰ ਰੱਤ ਲੱਗ ਜਾਵੇ ਤਾਂ ਉਸ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ ਅਤੇ ਜੋ ਫਿਰ ਮਨੁੱਖਾਂ ਦਾ ਖ਼ੂਨ ਚੂਸਦੇ ਹਨ, ਉਨ੍ਹਾਂ ਨਾਲ ਧੱਕਾ ਕਰਦੇ ਹਨ ਉਨ੍ਹਾਂ ਦੇ ਮਨ ਕਿਵੇਂ ਨਿਰਮਲ ਹੋ ਸਕਦੇ ਹਨ, "ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥"(ਪੰ.140)।

(ਬਾਕੀ ਅਗਲੇ ਸਫੇ 'ਤੇ)

# ਪਰਸਪਰ ਘੋਰ ਵਿਰੋਧੀ ਤਿੰਨ ਧਰਮਾਂ ਦਾ ਇਕ ਹੀ ਪੈਗੰਬਰ, 'ਅਬਰਾਹਮ' ਉਰਫ 'ਇਬਰਾਹੀਮ'

ਇਹ ਇਕ ਬਹੁਤ ਹੀ ਹੈਰਾਨੀਜਨਕ ਸੱਚ ਹੈ ਕਿ ਸਦੀਆਂ ਤੋਂ ਇਕ ਦੂਸਰੇ ਦੇ ਕੱਟੜ ਦੁਸ਼ਮਣ ਰਹੇ ਇਸਾਈ, ਇਸਲਾਮ ਅਤੇ ਯਹੂਦੀ ਧਰਮ ਦਾ ਇਕ ਸਾਂਝਾ ਪੈਗੰਬਰ ਅਬਰਾਹਮ ਹੈ ਜਿਸ ਨੂੰ ਇਸਾਈ ਅਤੇ ਯਹੂਦੀ 'ਅਬਰਾਹਮ' ਅਤੇ ਮੁਸਲਮਾਨ 'ਇਬਰਾਹੀਮ' ਦੇ ਨਾਮ ਨਾਲ ਪੁਕਾਰਦੇ ਹਨ। ਇਜ਼ਰਾਈਲ (ਯਹੂਦੀ) ਅਤੇ ਅਰਬ ਦੇਸ਼ਾਂ (ਮੁਸਲਿਮ) ਵਿਚ ਇਜ਼ਰਾਈਲ ਦੀ ਆਜ਼ਾਦੀ (14 ਮਈ 1948) ਵਾਲੇ ਦਿਨ ਤੋਂ ਹੀ ਖ਼ੂਨੀ ਸੰਘਰਸ਼ ਚੱਲ ਰਿਹਾ ਹੈ। ਸੰਨ 1948, 1956, 1969, ਅਤੇ 1973 ਵਿਚ ਇਨ੍ਹਾਂ ਦਰਮਿਆਨ ਖ਼ੂਨੀ ਜੰਗਾਂ ਹੋਈਆਂ ਸਨ ਤੇ ਹੁਣ ਇਜ਼ਰਾਈਲ ਦੀ ਗਾਜ਼ਾ ਪੱਟੀ ਵਿਚ ਹੱਮਾਸ ਅਤੇ ਲੈਬਨਾਨ ਵਿਚ ਹਿਜ਼ਬੁਲਾ ਦੇ ਖ਼ਿਲਾਫ ਭਿਆਨਕ ਜੰਗ ਚੱਲ ਰਹੀ ਹੈ। ਮੱਧ ਕਾਲ ਸਮੇਂ ਇਸਾਈ ਯੂਰਪੀਨ ਦੇਸ਼ਾਂ ਅਤੇ ਮੁਸਲਿਮ ਏਸ਼ੀਅਨ ਦੇਸ਼ਾਂ ਵਿਚਾਲੇ ਯੋਰੂਸ਼ਲਮ (ਜਿਸ ਨੂੰ ਦੋਵੇਂ ਧਰਮ ਪਵਿੱਤਰ ਮੰਨਦੇ



ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)
ਫੋਨ:95011-00062

ਹਨ) 'ਤੇ ਕਬਜ਼ੇ ਵਾਸਤੇ ਸੰਨ 1095 ਈਸਵੀ ਤੋਂ ਲੈ ਕੇ ਸੰਨ 1291 ਈਸਵੀ ਤੱਕ ਕਰੀਬ 200 ਸਾਲ ਲਗਾਤਾਰ ਧਾਰਮਿਕ ਯੁੱਧ ਚਲਦੇ ਰਹੇ ਸਨ ਜਿਨ੍ਹਾਂ ਨੂੰ ਕਰੂਸੇਡਜ਼ ਕਹਿੰਦੇ ਸਨ। ਅੱਜ ਵੀ ਇਸਲਾਮਿਕ ਕੱਟੜਵਾਦੀ ਅਮਰੀਕਾ ਤੇ ਇਸ ਦੇ ਸਹਿਯੋਗੀਆਂ ਨੂੰ (ਜੋ ਜ਼ਿਆਦਾਤਰ ਇਸਾਈ ਦੇਸ਼ ਹਨ) ਸ਼ੈਤਾਨ ਪੁਕਾਰਦੇ ਹਨ। ਅਲ ਕਾਇਦਾ ਅਤੇ ਆਈ.ਐਸ. ਹੁਣ ਤੱਕ 11 ਸਤੰਬਰ 2001 ਨਿਊਯਾਰਕ (ਅਮਰੀਕਾ) ਵਿਖੇ ਸਥਿਤ ਵਿਸ਼ਵ ਦੀਆਂ ਦੋ ਸਭ ਤੋਂ ਉੱਚੀਆਂ ਇਮਾਰਤਾਂ (ਟਵਿੰਨ ਟਾਵਰਜ਼) ਅਤੇ ਪੈਂਟਾਗਨ (ਅਮਰੀਕੀ ਫੌਜ ਦਾ ਹੈੱਡਕੁਆਰਟਰ) ਵਿਚ ਹਵਾਈ ਜਹਾਜ਼ ਮਾਰਨ ਸਮੇਤ ਸੈਂਕੜੇ ਆਤਮਘਾਤੀ ਹਮਲੇ ਕਰ ਚੁੱਕੇ ਹਨ।

ਪਰ ਅਬਰਾਹਮ ਤਿੰਨਾਂ ਧਰਮਾਂ ਦਾ ਸਾਂਝਾ ਪੈਗੰਬਰ ਹੈ। ਮੰਨਿਆ ਜਾਂਦਾ ਹੈ ਕਿ ਅਬਰਾਹਮ ਦਾ ਜਨਮ ਈਸਾ ਮਸੀਹ ਤੋਂ ਕਰੀਬ 2000 ਸਾਲ ਪਹਿਲਾਂ ਉਰ ਚਾਲਦੀਜ਼ ਦੇ ਸਥਾਨ 'ਤੇ (ਬਗ਼ਦਾਦ ਦੇ ਨਜ਼ਦੀਕ) ਪਿਤਾ ਤੇਰਾਹ ਅਤੇ ਮਾਤਾ ਅਮਾਥਲਾਈ ਦੇ ਘਰ ਹੋਇਆ ਸੀ। ਅਬਰਾਹਮ ਬਚਪਨ ਤੋਂ ਹੀ ਧਾਰਮਿਕ ਵਿਚਾਰਾਂ ਦਾ ਸੀ ਪਰ ਵੱਖ-ਵੱਖ ਦੇਵੀ-ਦੇਵਤਿਆਂ ਦੀ ਬਜਾਏ ਇਕ ਰੱਬ ਦੀ ਪੂਜਾ ਕਰਨ ਦਾ ਹਮਾਇਤੀ ਤੇ ਮੂਰਤੀ ਪੂਜਾ ਦਾ ਘੋਰ ਵਿਰੋਧੀ ਸੀ। ਯਹੂਦੀ ਬਾਈਬਲ ਦੇ ਅਨੁਸਾਰ ਉਸ ਨੂੰ ਸਮੇਂ ਸਮੇਂ 'ਤੇ ਖ਼ੁਦ ਰੱਬ ਅਤੇ ਉਸ ਦੇ ਫਰਿਸ਼ਤਿਆਂ ਵੱਲੋਂ ਅਗਵਾਈ ਦਿੱਤੀ ਜਾਂਦੀ ਸੀ। ਅਬਰਾਹਮ ਦੇ ਪਿਤਾ ਦੀ ਧਾਰਮਿਕ ਮੂਰਤੀਆਂ ਬਣਾਉਣ ਦੀ ਦੁਕਾਨ ਸੀ। ਸਭ ਤੋਂ ਵੱਡਾ ਪੁੱਤਰ ਹੋਣ ਕਾਰਨ ਮੂਰਤੀ ਪੂਜਾ ਦਾ ਘੋਰ ਵਿਰੋਧੀ ਹੋਣ ਦੇ ਬਾਵਜੂਦ ਉਸ ਨੂੰ ਮਨ ਮਾਰ ਕੇ ਦੁਕਾਨ 'ਤੇ ਕੰਮ ਕਰਨਾ ਪੈਂਦਾ ਸੀ। ਇਕ ਦਿਨ ਉਸ ਦੇ ਪਿਤਾ ਦੀ ਗੈਰਹਾਜ਼ਰੀ ਵਿਚ ਇਕ ਵਿਅਕਤੀ ਮੂਰਤੀ ਖਰੀਦਣ ਵਾਸਤੇ ਆਇਆ। ਅਬਰਾਹਮ ਨੇ ਉਸ ਨੂੰ ਪੁੱਛਿਆ ਕਿ ਉਸ ਦੀ ਉਮਰ ਕਿੰਨੀ ਹੈ ਤਾਂ ਉਸ ਨੇ 50 ਸਾਲ ਦੱਸੀ। ਅਬਰਾਹਮ ਨੇ ਉਸ ਨੂੰ ਫਿਟਕਾਰ ਪਾਈ ਕਿ ਇਹ ਮੂਰਤੀ ਤਾਂ ਸਿਰਫ ਪੰਜ ਦਿਨ ਪੁਰਾਣੀ ਹੈ, ਤੈਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ 50 ਸਾਲ ਦਾ ਹੋ ਕੇ ਵੀ ਤੂੰ 5 ਦਿਨ ਪੁਰਾਣੀ ਮੂਰਤੀ ਦੀ ਪੂਜਾ ਕਰ ਰਿਹਾ ਹੈਂ। ਇਹ ਤੇਰਾ ਕੋਈ ਫਾਇਦਾ ਨਹੀਂ ਕਰ ਸਕਦੀ। ਉਹ ਵਿਅਕਤੀ ਗੁੱਸਾ ਹੋ ਕੇ ਮੂਰਤੀ ਖਰੀਦੇ ਬਗੈਰ ਵਾਪਸ ਚਲਾ ਗਿਆ ਤੇ ਤੇਰਾਹ ਨੂੰ ਸ਼ਿਕਾਇਤ ਕਰ ਦਿੱਤੀ। ਆਪਣਾ ਕਾਰੋਬਾਰ ਖਰਾਬ ਹੁੰਦਾ ਵੇਖ ਕੇ ਤੇਰਾਹ ਨੇ ਅਬਰਾਹਮ ਨੂੰ ਖੂਬ ਡਾਂਟਿਆ ਪਰ ਉਸ 'ਤੇ ਕੋਈ ਅਸਰ ਨਾ ਹੋਇਆ।

ਕੁਝ ਦਿਨਾਂ ਬਾਅਦ ਜਦੋਂ ਤੇਰਾਹ ਫਿਰ ਕਿਤੇ ਬਾਹਰ ਗਿਆ ਤਾਂ ਅਬਰਾਹਮ ਨੇ ਦੁਕਾਨ ਦੀਆਂ ਸਾਰੀਆਂ ਮੂਰਤੀਆਂ ਤੋੜ ਦਿੱਤੀਆਂ ਤੇ ਇਕ ਡੰਡਾ ਸਭ ਤੋਂ ਵੱਡੀ ਮੂਰਤੀ ਦੇ ਹੱਥ ਵਿਚ ਫੜਾ ਦਿੱਤਾ। ਧਰਮ ਦੀ ਹੋ ਰਹੀ ਕਥਿਤ ਬੇਇੱਜ਼ਤੀ ਵੇਖ ਕੇ ਹਜ਼ੂਮ ਇਕੱਠਾ ਹੋ ਗਿਆ ਤੇ ਉਨ੍ਹਾਂ ਨੇ ਅਬਰਾਹਮ ਨੂੰ ਮੂਰਤੀਆਂ ਟੁੱਟਣ ਦਾ ਕਾਰਨ ਪੁੱਛਿਆ। ਉਸ ਨੇ ਦੱਸਿਆ ਕਿ ਇਹ ਮੂਰਤੀਆਂ ਆਪਸ ਵਿਚ ਲੜ ਰਹੀਆਂ ਸਨ। ਜਦੋਂ ਸਮਝਾਉਣ 'ਤੇ ਵੀ ਨਾ ਹਟੀਆਂ ਤਾਂ ਗੁੱਸੇ ਵਿਚ ਆ ਕੇ ਵੱਡੀ ਮੂਰਤੀ ਨੇ ਬਾਕੀ ਮੂਰਤੀਆਂ ਨੂੰ ਤੋੜ ਦਿੱਤਾ। ਇਹ ਸੁਣ ਕੇ ਲੋਕ ਹੱਸਣ ਲੱਗ ਪਏ ਕਿ ਕਿਉਂ ਸਾਨੂੰ ਬੇਵਕੂਫ ਬਣਾ ਰਿਹਾ ਹੈਂ, ਕਦੇ ਪੱਥਰ ਦੀਆਂ ਮੂਰਤੀਆਂ ਵੀ ਆਪਸ ਵਿਚ ਲੜ ਸਕਦੀਆਂ ਹਨ? ਅਬਰਾਹਮ ਨੇ ਕਿਹਾ ਕਿ ਇਹੀ ਗੱਲ ਤਾਂ ਮੈਂ ਤੁਹਾਨੂੰ ਕਈ ਸਾਲਾਂ ਤੋਂ ਸਮਝਾ ਰਿਹਾ ਹਾਂ ਕਿ ਪੱਥਰ ਦੀਆਂ ਮੂਰਤੀਆਂ ਕੁਝ ਨਹੀਂ ਕਰ ਸਕਦੀਆਂ। ਰੱਬ ਇਕ ਹੈ ਤੇ ਸਿਰਫ ਉਸ ਦੀ ਪੂਜਾ ਕੀਤੀ ਜਾਣੀ ਚਾਹੀਦੀ ਹੈ। ਪਰ ਕੱਟੜਵਾਦੀਆਂ ਉਸ ਦੀ ਗੱਲ ਨੂੰ ਨਾ ਸਮਝਿਆ ਤੇ ਕਿਹਾ ਕਿ ਤੈਨੂੰ ਆਪਣੀ ਗੱਲ ਦੀ ਪ੍ਰੀਖਿਆ ਦੇਣੀ ਪਵੇਗੀ ਕਿ ਰੱਬ ਇਕ ਹੈ ਤੇ ਉਹ ਤੇਰੀ ਮਦਦ ਕਰੇਗਾ। ਬਹੁਤ ਵੱਡੀ ਅੱਗ ਬਾਲੀ ਗਈ ਤੇ ਅਬਰਾਹਮ ਨੂੰ ਕਿਹਾ ਗਿਆ ਕਿ ਆਪਣੇ ਰੱਬ ਨੂੰ ਕਹਿ ਕੇ ਉਹ ਤੈਨੂੰ ਇਸ ਵਿਚੋਂ ਬਚਾ ਲਵੇ।

ਅਬਰਾਹਮ ਨੇ ਰੱਬ ਨੂੰ ਬੇਨਤੀ ਕੀਤੀ ਤੇ ਉਹ ਅੱਗ ਵਿਚੋਂ ਬਿਲਕੁਲ ਸਹੀ ਸਲਾਮਤ ਬਚ ਕੇ ਬਾਹਰ ਆ ਗਿਆ। ਫਿਰ ਉਸ ਨੇ ਰੱਬ ਦੇ ਹੁਕਮਾਂ ਅਨੁਸਾਰ ਮੌਜੂਦਾ ਮਿਸਰ, ਜਾਰਡਨ, ਇਜ਼ਰਾਈਲ, ਫਿਲਸਤੀਨ, ਇਰਾਕ ਅਤੇ ਲੈਬਨਾਨ ਆਦਿ ਦੇਸ਼ਾਂ ਦੀ ਯਾਤਰਾ ਕੀਤੀ ਅਤੇ ਆਪਣੇ ਫਲਸਫੇ ਤੋਂ ਜਨਤਾ ਨੂੰ ਜਾਣੂ ਕਰਵਾਇਆ। ਉਸ ਦੇ ਜੀਵਨ ਦੀ ਸਭ ਤੋਂ ਪ੍ਰਸਿੱਧ ਘਟਨਾ ਆਪਣੇ ਬੇਟੇ ਇਸਾਕ ਦੀ ਕੁਰਬਾਨੀ ਨਾਲ ਸਬੰਧਿਤ ਹੈ। ਰੱਬ ਨੇ ਅਬਰਾਹਮ ਨੂੰ ਹੁਕਮ ਦਿੱਤਾ ਕਿ ਉਹ ਮੋਰੀਆਹ ਨਾਮਕ ਪਹਾੜੀ 'ਤੇ ਜਾ ਕੇ (ਇਹ ਜਗ੍ਹਾ ਯੇਰੂਸ਼ਲਮ ਦੇ ਨਜ਼ਦੀਕ ਹੈ) ਆਪਣੀ ਸਭ ਤੋਂ ਪਿਆਰੀ ਵਸਤੂ ਦੀ ਕੁਰਬਾਨੀ ਦੇਵੇ। ਅਬਰਾਹਮ ਨੂੰ ਆਪਣਾ ਦੂਸਰਾ ਪੁੱਤਰ ਇਸਾਕ ਜਾਨ ਤੋਂ ਵੀ ਵੱਧ ਪਿਆਰਾ ਸੀ। ਪਰ ਜਦੋਂ ਉਹ ਉਸ ਦੀ ਕੁਰਬਾਨੀ ਦੇਣ ਲੱਗਾ ਤਾਂ ਰੱਬ ਵੱਲੋਂ ਭੇਜੇ ਫਰਿਸ਼ਤੇ ਨੇ ਕਿਹਾ ਕਿ ਉਸ ਦੀ ਕੁਰਬਾਨੀ ਮਨਜ਼ੂਰ ਕਰ ਲਈ ਗਈ ਹੈ। ਫਰਿਸ਼ਤੇ ਨੇ ਇਕ ਭੇਡੂ ਪੇਸ਼ ਕੀਤਾ ਜਿਸ ਦੀ ਕੁਰਬਾਨੀ ਦੇ ਦਿੱਤੀ ਗਈ। ਇਸ ਕਾਰਨ ਹੀ ਮੁਸਲਮਾਨ ਹਰ ਸਾਲ ਬਕਰੀਦ ਦਾ ਤਿਉਹਾਰ ਮਨਾਉਂਦੇ ਹਨ ਤੇ ਜਾਨਵਰਾਂ ਦੀ ਕੁਰਬਾਨੀ ਦੇਂਦੇ ਹਨ। ਯਹੂਦੀ ਬਾਈਬਲ ਦੇ ਅਨੁਸਾਰ ਅਬਰਾਹਮ ਦੀ 100 ਸਾਲ ਤੋਂ ਵੱਧ ਉਮਰ ਭੋਗ ਕੇ ਮੌਤ ਹੋਈ ਤੇ ਉਸ ਨੂੰ ਯੇਰੂਸ਼ਲਮ ਤੋਂ 30 ਕਿ.ਮੀ. ਦੂਰ ਹੈਬਰੋਨ ਸ਼ਹਿਰ ਵਿਖੇ ਦਫਨਾਇਆ ਗਿਆ। ਤਿੰਨਾਂ ਧਰਮਾਂ ਵਿਚ ਉਸ ਨੂੰ ਹੇਠ ਲਿਖੇ ਅਨੁਸਾਰ ਪੈਗੰਬਰ ਮੰਨਿਆ ਜਾਂਦਾ ਹੈ।

ਯਹੂਦੀ ਧਰਮ —ਯਹੂਦੀ ਇਹ ਮੰਨਦੇ ਹਨ ਕਿ ਅਬਰਾਹਮ ਵਿਸ਼ਵ ਦਾ ਪਹਿਲਾ ਯਹੂਦੀ ਸੀ ਤੇ ਦੁਨੀਆਂ ਭਰ ਦੇ ਯਹੂਦੀ ਉਸ ਦੇ ਪੁੱਤ ਪੋਤਰਿਆਂ ਦੀ ਜੈਵਿਕ (ਬਾਇਓਲੌਜੀਕਲ) ਔਲਾਦ ਹਨ। ਯਹੂਦੀਆਂ ਦੇ ਹਰੇਕ ਧਾਰਮਿਕ ਦਿਵਸ ਜਿਵੇਂ ਪਾਸਓਵਰ, ਰੌਸ਼ ਹਸ਼ਾਨਹ, ਸਿਮਾਚਟ ਤੋਰਾਹ, ਯੌਨ ਕਿਪੁਰ, ਸਬਾਥ, ਯੇਰੂਸ਼ਲਮ ਦਿਵਸ ਅਤੇ ਹਾਨੂਕਾਹ ਆਦਿ ਸਮੇਂ ਅਬਰਾਹਮ ਨੂੰ ਖਾਸ ਤੌਰ 'ਤੇ ਯਾਦ ਕੀਤਾ ਜਾਂਦਾ ਹੈ। ਯਹੂਦੀ ਮਾਨਤਾਵਾਂ ਦੇ ਅਨੁਸਾਰ ਰੱਬ ਨੇ ਸਵਰਗ ਅਤੇ ਨਰਕ ਦੀ ਉਤਪਤੀ ਅਬਰਾਹਮ ਦੀ ਸਲਾਹ ਅਨੁਸਾਰ ਕੀਤੀ ਸੀ। ਯਹੂਦੀ ਧਰਮ ਵਿਚ ਰੱਬ ਦਾ ਨਾਮ ਐਲੋਹੀ ਅਬਰਾਹਮ (ਅਬਰਾਹਮ ਦਾ ਰੱਬ) ਹੈ ਕਿਉਂਕਿ ਅਬਰਾਹਮ ਨੇ ਆਪਣੇ ਪੁੱਤਰ ਇਸਾਕ ਦੀ ਕੁਰਬਾਨੀ ਸਮੇਤ ਰੱਬ ਵੱਲੋਂ ਲਈਆਂ ਗਈਆਂ ਦਸ ਕਠਿਨ ਪ੍ਰੀਖਿਆਵਾਂ ਪਾਸ ਕੀਤੀਆਂ ਸਨ। ਯਹੂਦੀਆਂ ਦਾ ਮੰਨਣਾ ਹੈ ਕਿ ਉਨ੍ਹਾਂ ਦਾ ਸਭ ਤੋਂ ਪਹਿਲਾ ਧਰਮ ਗ੍ਰੰਥ ਸੈਫੇਰ ਯੇਤਜ਼ੀਰਾਹ ਅਬਰਾਹਮ ਦੁਆਰਾ ਲਿਖਿਆ ਗਿਆ ਸੀ।

ਇਸਾਈ ਧਰਮ: ਇਸਾਈ ਧਰਮ ਵਿਚ ਇਹ ਮੰਨਿਆ ਜਾਂਦਾ ਹੈ ਕਿ ਅਬਰਾਹਮ ਵਿਸ਼ਵ ਦਾ ਉਹ ਪਹਿਲਾ ਪੈਗੰਬਰ ਸੀ ਜਿਸ ਨੂੰ ਰੱਬ ਨੇ ਆਪਣੇ-ਆਪ ਨੂੰ ਜ਼ਾਹਰ ਕਰਨ ਲਈ ਚੁਣਿਆ ਸੀ। ਸੇਂਟ ਪਾਲ ਅਪੋਸਟਲ (ਜਨਮ ਸੰਨ 5, ਮੌਤ 65 ਈਸਵੀ) ਨੇ ਘੋਸ਼ਣਾ ਕੀਤੀ ਸੀ ਕਿ ਸਾਰੇ ਈਸਾਈ ਜੋ ਈਸਾ ਮਸੀਹ ਵਿਚ ਵਿਸ਼ਵਾਸ ਰੱਖਦੇ ਹਨ, ਅਬਰਾਹਮ ਦੇ ਬੱਚੇ ਹਨ। ਸੇਂਟ ਪਾਲ, ਕੈਥੋਲਿਕ ਚਰਚ ਅਤੇ ਪੋਪ ਅਬਰਾਹਮ ਨੂੰ ਈਸਾਈਆਂ ਦਾ ਅਧਿਆਤਮਿਕ ਪਿਤਾ ਤੇ ਈਸਾ ਮਸੀਹ ਦਾ ਪੂਰਵਜ਼ ਮੰਨਦੇ ਹਨ। ਈਸਾਈ ਪਾਦਰੀ ਨਵੇਂ ਵਿਆਹੇ ਜੋੜਿਆਂ ਨੂੰ ਆਸ਼ੀਰਵਾਦ ਦੇਣ ਲੱਗਿਆਂ ਅਬਰਾਹਮ ਅਤੇ ਉਸ ਦੀ ਪਤਨੀ ਸਾਰਾ ਦਾ ਨਾਮ ਲੈਂਦੇ ਹਨ।

ਇਸਲਾਮ: ਇਸਲਾਮ ਵਿਚ ਇਬਰਾਹੀਮ (ਅਬਰਾਹਮ) ਨੂੰ ਪੈਗੰਬਰਾਂ ਦੀ ਕੜੀ ਦਾ ਇਕ ਅਹਿਮ ਹਿੱਸਾ ਮੰਨਿਆ ਜਾਂਦਾ ਹੈ ਜੋ ਆਦਮ ਤੋਂ ਸ਼ੁਰੂ ਹੋਈ ਸੀ ਤੇ ਹਜ਼ਰਤ ਮੁਹੰਮਦ ਦੇ ਨਾਲ ਖਤਮ ਹੋ ਗਈ। ਇਬਰਾਹੀਮ ਦਾ ਨਾਮ ਕੁਰਾਨ ਵਿਚ ਵਾਰ-ਵਾਰ ਆਉਂਦਾ ਹੈ ਤੇ ਉਸ ਨੂੰ ਹਨੀਫ (ਇਕ ਰੱਬ ਨੂੰ ਮੰਨਣ ਵਾਲਾ), ਮੁਸਲਿਮ (ਜੋ ਆਪਣੇ ਆਪ ਨੂੰ ਅੱਲ੍ਹਾ ਦੇ ਅੱਗੇ ਸਮਰਪਿਤ ਕਰ ਦੇਵੇ), ਮੁਸਲਮਾਨਾਂ ਦਾ ਰਹਿਨੁਮਾ ਅਤੇ ਕੌਮ ਨੂੰ ਸੇਧ ਦੇਣ ਵਾਲਾ ਕਿਹਾ ਗਿਆ ਹੈ। ਇਸਲਾਮ ਵਿਚ ਇਹ ਵੀ ਮੰਨਿਆ ਜਾਂਦਾ ਹੈ ਕਿ ਮੱਕਾ ਵਿਚ ਮੁਕੱਦਸ ਕਾਅਬਾ ਦੀ ਉਸਾਰੀ ਇਬਰਾਹੀਮ ਨੇ ਕਰਵਾਈ ਸੀ। ਉਸ ਦਾ ਪੈਗੰਬਰਾਂ ਵਿਚ ਸਨਮਾਨਜਨਕ ਸਥਾਨ ਹੈ ਤੇ ਉਸ ਨੂੰ ਇਬਰਾਹੀਮ ਖਲੀਲਉੱਲਾਹ (ਰੱਬ ਦਾ ਦੋਸਤ) ਦੇ ਨਾਮ ਨਾਲ ਸੰਬੋਧਿਤ ਕੀਤਾ ਗਿਆ ਹੈ।

---

*(ਪਿਛਲੇ ਸਫੇ ਦੀ ਬਾਕੀ)*

ਗੁਰੂ ਨਾਨਕ ਨੇ ਕੁਦਰਤਿ ਨੂੰ ਕਰਤਾ ਪੁਰਖ ਦਾ ਪਰਗਟ ਰੂਪ ਮੰਨਦਿਆਂ ਮਨੁੱਖ ਨੂੰ ਕੁਦਰਤਿ ਨਾਲ ਜੋੜਿਆ ਹੈ ਅਤੇ ਕੁਦਰਤਿ ਦਾ ਸਤਿਕਾਰ ਕਰਨਾ ਸਿਖਾਇਆ। ਕਾਦਰ ਆਪਣੀ ਕੁਦਰਤਿ ਵਿਚ ਆਪ ਵਸਦਾ ਹੈ, ਉਹ ਅਤੇ ਉਸ ਦੀ ਕੁਦਰਤਿ ਏਨੀ ਅਸੀਮ ਹੈ ਕਿ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ "ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥"(ਪੰ.469) ਕਿਹਾ ਹੈ। ਦੱਸਿਆ ਹੈ ਕਿ ਕਰਤਾ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਬਣਾਇਆ ਅਤੇ ਉਸ ਨੇ ਕੁਦਰਤਿ ਦੀ ਰਚਨਾ ਵੀ ਆਪਣੇ ਆਪ ਤੋਂ ਕੀਤੀ ਜਿਸ ਵਿਚ ਬੈਠ ਕੇ ਉਹ ਇਸ ਨੂੰ ਦੇਖ ਰਿਹਾ ਹੈ ਅਤੇ ਖੁਸ਼ ਹੋ ਰਿਹਾ ਹੈ। ਗੁਰੂ ਨਾਨਕ ਪਾਤਿਸ਼ਾਹ ਨੇ ਕੁਦਰਤਿ ਦਾ ਸੰਕਲਪ ਦਿੱਤਾ ਹੈ ਜਿਸ ਵਿਚ ਸਭ ਕੁੱਝ ਆ ਜਾਂਦਾ ਹੈ ਫ਼ਲਸਫ਼ਾ, ਧਾਰਮਿਕ ਗ੍ਰੰਥ, ਖਾਣਾ-ਪੀਣਾ, ਪਹਿਨਣਾ, ਮਨੁੱਖ ਦਾ ਚੰਗਾ-ਮੰਦਾ ਵਤੀਰਾ, ਸੁਭਾਅ ਆਦਿ। ਇਹ ਸਾਰਾ ਬ੍ਰਹਿਮੰਡ ਅਤੇ ਇਸ ਦਾ ਪ੍ਰਬੰਧ ਕੁਦਰਤਿ ਦੇ ਬਝਵੇਂ ਨੇਮ ਵਿਚ ਚੱਲ ਰਿਹਾ ਹੈ:

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥
ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ॥....(ਪੰ.464)

ਉਸ ਦੀ ਕੁਦਰਤਿ ਨੂੰ ਸਤਿਕਾਰ ਦਿੰਦਿਆਂ ਹੀ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥" (ਪੰ.8) ਕਿਹਾ ਹੈ। ਗੁਰੂ ਨਾਨਕ ਕੁਦਰਤਿ ਨੂੰ ਬਹੁਤ ਪਿਆਰ ਕਰਦੇ ਸੀ। ਆਪਣੇ ਜੀਵਨ ਦਰਸ਼ਨ ਨੂੰ ਸਮਝਾਉਣ ਲਈ ਉਨ੍ਹਾਂ ਨੇ ਕਾਦਰ ਦੀ ਰਚੀ ਕੁਦਰਤਿ ਦੀ ਹਰ ਵੰਨਗੀ ਦਾ ਜ਼ਿਕਰ ਕੀਤਾ ਹੈ; ਰੁੱਤਾਂ, ਬ੍ਰਿਛਾਂ-ਬੂਟਿਆਂ, ਜੰਗਲਾਂ-ਬੇਲਿਆਂ, ਦਰਿਆਵਾਂ-ਸਾਗਰਾਂ, ਪਸ਼ੂਆਂ, ਪੰਛੀਆਂ ਅਤੇ ਹੋਰ ਅਨੇਕ ਜੀਵਾਂ ਦੀ ਗੱਲ ਕੀਤੀ ਹੈ। ਦਰਿਆਵਾਂ ਨਾਲ ਦੋਸਤੀ ਦੀਆਂ ਬਾਤਾਂ ਪਾਈਆਂ ਹਨ।

ਪੰਜਾਬੀ ਸਭਿਆਚਾਰ ਨੂੰ ਸਿੱਖ ਧਰਮ ਦੀ ਬਹੁਤ ਵੱਡੀ ਦੇਣ ਹੈ। ਬਾਣੀ ਆਮ ਲੋਕਾਂ ਵਾਸਤੇ ਆਮ ਲੋਕਾਂ ਦੀ ਬੋਲੀ ਜਾਣ ਵਾਲੀ ਬੋਲੀ ਵਿਚ ਰਚੀ ਗਈ। ਪ੍ਰਚੱਲਤ ਲੋਕ ਵੰਨਗੀਆਂ ਜਿਵੇਂ ਘੋੜੀਆਂ, ਅਲਾਹੁਣੀਆਂ, ਸਦ, ਵਾਰਾਂ ਦੀ ਵਰਤੋਂ ਕੀਤੀ ਅਤੇ ਵਾਰਾਂ ਨੂੰ ਲੋਕ ਧੁਨੀਆਂ 'ਤੇ ਗਾਉਣ ਦਾ ਆਦੇਸ਼ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਕੱਤੀ ਰਾਗਾਂ ਵਿਚ ਹੈ ਜਿਸ ਨੂੰ ਨਿਰਧਾਰਤ ਰਾਗਾਂ ਵਿਚ ਹੀ ਗਾਉਣ ਦਾ ਅਦੇਸ਼ ਹੈ। ਇਸ ਤਰ੍ਹਾਂ ਗੁਰਮਤਿ ਸੰਗੀਤ ਨੇ ਪੰਜਾਬ ਦੇ ਸਭਿਆਚਾਰ ਨੂੰ ਅਮੀਰ ਬਣਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਰੂਪ ਵਿਚ ਪੰਜਾਬ ਤੋਂ ਬਾਹਰਲੇ ਅਧਿਆਤਮਕ ਵਿਰਸੇ ਨੂੰ ਸਾਂਭਿਆ ਜਿਸ ਵਿਚ ਜਾਤ-ਪਾਤਿ, ਧਾਰਮਿਕ ਜਾਂ ਇਲਾਕਾਈ ਵਖਰੇਵੇਂ ਨੂੰ ਕੋਈ ਥਾਂ ਪ੍ਰਾਪਤ ਨਹੀਂ ਹੈ। ਮਨੁੱਖ ਨੂੰ ਦੱਸਿਆ ਕਿ ਗੋਸ਼ਟਿ ਅਰਥਾਤ ਵਿਚਾਰ ਚਰਚਾ ਰਾਹੀਂ, ਸਹੀ ਤਰਕ ਨਾਲ ਮਸਲਿਆਂ ਨੂੰ ਸੁਲਝਾਇਆ ਜਾ ਸਕਦਾ ਹੈ "ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ॥" (ਪੰ.938)। ਇਸ ਦੀ ਖਾਸ ਉਦਾਹਰਣ ਗੁਰੂ ਨਾਨਕ ਦੀ ਰਚੀ ਬਾਣੀ 'ਸਿਧ ਗੋਸਟਿ' ਅਤੇ 'ਦੱਖਣੀ ਓਅੰਕਾਰੁ' ਹਨ। ਗੁਰੂ ਅਰਜਨ ਦੇਵ ਜੀ ਨੇ ਭਰਮ-ਭੁਲੇਖਿਆਂ ਨੂੰ ਦੂਰ ਕਰਨ ਅਤੇ ਸਮੱਸਿਆਵਾਂ ਨੂੰ ਸੁਲਝਾਉਣ ਲਈ ਮਿਲ ਬੈਠਣ ਦਾ ਉਪਦੇਸ਼ ਕੀਤਾ ਹੈ, "ਹੋਇ ਇਕਤ੍ਰ ਮਿਲਹੁ ਮੇਰੇ ਭਾਈ॥ ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥" (ਪੰ.1195)। ਇਹੀ ਜਮ੍ਹੂਰੀਅਤ ਦਾ ਆਧਾਰ ਹੈ। ਗੁਰੂ ਨਾਨਕ ਆਪਣੀ ਗੱਲ ਕਹਿਣ ਅਤੇ ਦੂਸਰਿਆਂ ਨੂੰ ਸੁਣਨ ਦੀ ਗੱਲ ਕਰਦੇ ਹਨ "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥" (ਪੰ.661)। ਇਸ ਸਾਰੇ ਕੀਮਤ ਵਿਧਾਨ ਦਾ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸ ਗੁਰੂ ਸਾਹਿਬਾਨ ਦੇ ਸਮੇਂ ਵਿਚ ਅਮਲੀ ਪ੍ਰਕਾਸ਼ਨ ਹੋਇਆ ਜਿਸ ਲਈ ਸਮੇਂ ਸਮੇਂ ਸੰਸਥਾਵਾਂ ਸਥਾਪਤ ਕੀਤੀਆਂ ਗਈਆਂ। ਗੁਰੂ ਨਾਨਕ ਵਿਚ ਰੱਬੀ ਜੋਤਿ ਨੂੰ ਪਛਾਨਣ ਵਾਲਾ ਸਭ ਤੋਂ ਪਹਿਲਾ ਰਾਇ ਬੁਲਾਰ ਭੱਟੀ ਅਤੇ ਉਨ੍ਹਾਂ ਦੀ ਪਹਿਲੀ ਸਿੱਖ ਬੀਬੀ ਨਾਨਕੀ ਹੋਈ। ਮਰਦਾਨਾ ਜੋ ਜਾਤ ਅਤੇ ਧਰਮ ਦੋਵਾਂ ਕਰਕੇ ਹੀ ਵੱਖਰਾ ਸੀ ਸਾਰੀ ਜ਼ਿੰਦਗੀ ਗੁਰੂ ਨਾਨਕ ਦਾ ਸਾਥੀ ਰਿਹਾ ਅਤੇ ਜਦੋਂ ਬਾਣੀ ਆਉਂਦੀ ਤਾਂ ਗੁਰੂ ਨਾਨਕ ਮਰਦਾਨੇ ਨੂੰ ਰਬਾਬ ਦੀਆ ਧੁਨਾਂ ਛੇੜਨ ਲਈ ਕਹਿੰਦੇ। ਗੁਰੂ ਨਾਨਕ ਨੇ ਹਿੰਦੂ ਨੂੰ ਸਮਝਾਇਆ ਕਿ ਜੇ ਮਨ ਵਿਚ ਖੋਟ ਹੋਵੇ ਤਾਂ ਪਾਣੀ ਦੀਆਂ ਚੁਲ਼ੀਆਂ ਭਰਨ ਨਾਲ ਮੂੰਹ ਸੁੱਚਾ ਨਹੀਂ ਹੋ ਜਾਂਦਾ ਅਤੇ ਮਨ ਪਵਿੱਤਰ ਨਹੀਂ ਹੁੰਦਾ। ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣਨ ਲਈ ਮਿਹਰ ਨੂੰ ਮਸੀਤ, ਸਿਦਕ ਨੂੰ ਮੁਸੱਲਾ, ਹੱਕ-ਹਲਾਲ ਦੀ ਕਮਾਈ ਨੂੰ ਪਵਿੱਤਰ ਕੁਰਾਨ, ਵਿਕਾਰਾਂ ਤੋਂ ਦੂਰ ਰਹਿਣ ਨੂੰ ਸੁੰਨਤ ਬਣਾਉਣ ਲਈ ਕਿਹਾ। ਇਸੇ ਤਰ੍ਹਾਂ ਕਾਬਾ, ਨਮਾਜ਼, ਰੋਜ਼ੇ, ਪੀਰ ਅਤੇ ਤਸਬੀ ਆਦਿ ਨੂੰ ਆਪਣੇ ਅੰਦਰ ਨੈਤਿਕ ਗੁਣ ਪੈਦਾ ਕਰਨ ਨਾਲ ਜੋੜਿਆ। ਹਿੰਦੂਆਂ, ਜੋਗੀਆਂ, ਬੋਧੀਆਂ, ਜੈਨੀਆਂ, ਮੁਸਲਮਾਨਾਂ ਸਭ ਦੇ ਤੀਰਥ ਸਥਾਨਾਂ 'ਤੇ ਗਏ ਅਤੇ ਉਨ੍ਹਾਂ ਨਾਲ ਸੰਵਾਦ ਰਚਾਇਆ। ਮਨੁੱਖ ਦਾ ਆਪਣੇ ਅੰਦਰ ਵਸਦੀ ਜੋਤਿ ਨੂੰ ਅਨੁਭਵ ਕਰਨਾ ਉਸ ਦੇ ਸਵੈਮਾਨ ਦਾ ਆਧਾਰ ਹੈ, ਜਿਸ ਲਈ ਗੁਰੂ ਅਮਰਦਾਸ ਨੇ ਮਨੁੱਖ ਨੂੰ ਆਪਣੇ ਅੰਦਰਲੀ ਰੱਬੀ ਜੋਤਿ ਦਾ ਅਨੁਭਵ ਕਰਨ ਦੀ ਗੱਲ ਕੀਤੀ, "ਮਨੁ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥" ਦੀ ਪ੍ਰੇਰਨਾ ਕੀਤੀ ਅਤੇ ਦੱਸਿਆ ਕਿ ਸਵੈਮਾਨ ਨੂੰ ਕਾਇਮ ਰੱਖ ਕੇ ਜਿਉਣਾ ਹੀ ਅਸਲ ਜੀਵਨ ਹੈ "ਜੇ ਜੀਵੈ ਪਤਿ ਲਥੀ ਜਾਇ। ਸਭੁ ਹਰਾਮੁ ਜੇਤਾ ਕਿਛੁ ਖਾਇ॥"(ਪੰ.142)।

ਗੁਰੂ ਨਾਨਕ ਨੇ ਨਵੇਂ ਧਰਮ ਲਈ ਨਵੀਂ ਪਿਰਤ ਪਾਈ ਅਤੇ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਨਵਾਂ ਨਗਰ ਵਸਾਇਆ ਅਤੇ ਪਰਿਵਾਰ ਸਮੇਤ ਇਥੇ ਵੱਸ ਗਏ। ਖੇਤੀਬਾੜੀ ਦੀ ਕਿਰਤ ਸ਼ੁਰੂ ਕੀਤੀ, ਜਿੱਥੇ ਸਵੇਰ-ਸ਼ਾਮ ਸੰਗਤਾਂ ਨਾਮ-ਬਾਣੀ ਦਾ ਜਾਪ ਕਰਦੀਆਂ ਅਤੇ ਕੀਰਤਨ ਦਾ ਅਨੰਦ ਮਾਣਦੀਆਂ, ਸਾਂਝਾ ਲੰਗਰ ਤਿਆਰ ਹੁੰਦਾ ਜਿਸ ਨੂੰ ਸਾਂਝੇ ਤੌਰ 'ਤੇ ਛਕਿਆ ਜਾਂਦਾ। ਸਿੱਖ ਧਰਮ ਨੇ ਲੋਕਾਂ ਨੂੰ ਸੇਵਾ ਕਰਨ ਅਤੇ ਸਾਂਝੇ ਤੌਰ 'ਤੇ ਮੁਸੀਬਤਾਂ ਨਾਲ ਨਜਿੱਠਣਾ ਸਿਖਾਇਆ। ਮੌਜੂਦਾ ਦੌਰ ਵਿਚ ਇਸ ਦਾ ਪ੍ਰਤੱਖ ਦਰਸ਼ਨ ਸਾਰੇ ਹਿੰਦੁਸਤਾਨ ਨੂੰ ਦਿੱਲੀ ਵਿਚ ਸਾਲ ਭਰ ਤੋਂ ਵੱਧ ਚੱਲੇ ਕਿਸਾਨ ਮੋਰਚੇ ਵਿਚ ਦੇਖਣ ਨੂੰ ਮਿਲਿਆ। ਭਾਵੇਂ ਹਿੰਦੁਸਤਾਨ ਦੇ ਜਾਂ ਦੁਨੀਆ ਦੇ ਕਿਸੇ ਕੋਣੇ ਵਿਚ ਕੁਦਰਤੀ ਆਫਤਾਂ ਦੀ ਮਾਰ ਹੋਵੇ, ਸੀਰੀਆ ਦੀ ਘਰੇਲੂ ਜੰਗ ਜਾਂ ਰੂਸ-ਯੂਕਰੇਨ ਦੀ ਜੰਗ ਹੈ, ਮਹਾਂਮਾਰੀ ਦੀ ਮਾਰ ਹੋਵੇ ਸਿੱਖ ਹਰ ਮੁਸੀਬਤ ਸਮੇਂ ਦੁਖੀਆਂ ਦੀ ਮਦਦ ਕਰਨ ਲਈ, ਪੀੜਤਾਂ ਦੀ ਸੇਵਾ ਲਈ ਪਹੁੰਚ ਜਾਂਦਾ ਹੈ। ਵਰਤਮਾਨ ਸਮੇਂ ਵਿਚ ਮਨੁੱਖ ਦੀ ਉਪਭੋਗਤਾ ਬਿਰਤੀ ਨੇ ਕੁਦਰਤਿ ਨਾਲ ਬਹੁਤ ਛੇੜ-ਛਾੜ ਕੀਤੀ ਹੈ ਜਿਸ ਦਾ ਨਤੀਜਾ ਹੈ ਕਿ ਬੇਤਹਾਸ਼ਾ ਫੈਕਟਰੀਆਂ ਦੇ ਧੂੰਏਂ ਅਤੇ ਗੰਦੇ ਪਾਣੀ ਨੇ ਮਿੱਟੀ, ਹਵਾ, ਪਾਣੀ ਸਭ ਕੁੱਝ ਪਲੀਤ ਕਰ ਦਿੱਤਾ ਹੈ। ਕੁਦਰਤਿ ਨਾਲ ਇਸ ਅਣਮਿਣਤ ਛੇੜ-ਛਾੜ ਨੇ ਸਮੁੱਚੀ ਮਨੁੱਖਤਾ ਨੂੰ ਕੁਦਰਤੀ ਆਫਤਾਂ ਅਤੇ ਭਿਆਨਕ ਮਹਾਂਮਾਰੀਆਂ ਦੇ ਸਨਮੁਖ ਕਰ ਦਿੱਤਾ ਹੈ। ਅੱਜ ਵੀ ਔਰਤ ਦਾ ਸਵੈਮਾਨ, ਉਸ ਦੀ ਇੱਜ਼ਤ ਅਤੇ ਜਾਨ ਖਤਰੇ ਵਿਚ ਹੈ। ਧੀਆਂ ਨੂੰ ਜਨਮ ਤੋਂ ਪਹਿਲਾਂ ਹੀ ਕਤਲ ਕਰ ਦਿੱਤਾ ਜਾਂਦਾ ਹੈ। ਸਿੱਖ ਕੀਮਤ ਵਿਧਾਨ ਨੂੰ ਅਪਣਾਉਣ ਦੀ ਮਨੁੱਖ ਨੂੰ ਅੱਜ ਸਭ ਤੋਂ ਵੱਧ ਲੋੜ ਹੈ ਤਾਂ ਕਿ ਮਨੁੱਖਤਾ ਨੂੰ ਬਚਾਇਆ ਜਾ ਸਕੇ। ਕੁਦਰਤਿ ਦੀ ਅੰਨ੍ਹੀ ਲੁੱਟ ਨੂੰ ਠੱਲ੍ਹ ਪਾ ਕੇ ਧਰਤੀ ਨੂੰ ਰਹਿਣ ਯੋਗ ਬਣਾਇਆ ਜਾ ਸਕੇ। ਮਨੁੱਖ ਕੋਲੋਂ ਕਿਰਤ ਖੁਸਦੀ ਜਾ ਰਹੀ ਹੈ ਜਿਸ ਨੇ ਬੇਰੁਜ਼ਗਾਰੀ ਵਧਾ ਦਿੱਤੀ ਹੈ। ਗੁਰੂ ਨਾਨਕ ਸਾਹਿਬ ਦਾ ਦਿੱਤਾ ਕੀਮਤ-ਵਿਧਾਨ ਅਤੇ ਮਾਨਵਤਾਵਾਦ ਦਾ ਸੰਕਲਪ ਦੁਨੀਆ ਦੇ ਦੁੱਖਾਂ ਦਰਦਾਂ ਨੂੰ ਦੂਰ ਕਰਨ ਲਈ ਰਾਹ-ਦਰਸਾਵਾ ਹੋ ਸਕਦਾ ਹੈ ਅਤੇ ਕੁਦਰਤਿ ਨਾਲ ਪਿਆਰ ਕਰਨ ਵਾਲੇ ਨਵੇਂ ਸਭਿਆਚਾਰ ਦਾ ਜਨਮ-ਦਾਤਾ ਹੋ ਸਕਦਾ ਹੈ ਜਿਸ ਦਾ ਮੁਖ ਮੰਤਵ "ਸਰਬੱਤ ਦਾ ਭਲਾ" ਹੈ।

***ਗੁਰੂ ਨਾਨਕ ਨੇ ਕੁਦਰਤਿ ਨੂੰ ਕਰਤਾ ਪੁਰਖ ਦਾ ਪਰਗਟ ਰੂਪ ਮੰਨਦਿਆਂ ਮਨੁੱਖ ਨੂੰ ਕੁਦਰਤਿ ਨਾਲ ਜੋੜਿਆ ਹੈ ਅਤੇ ਕੁਦਰਤਿ ਦਾ ਸਤਿਕਾਰ ਕਰਨਾ ਸਿਖਾਇਆ। ਕਾਦਰ ਆਪਣੀ ਕੁਦਰਤਿ ਵਿਚ ਆਪ ਵਸਦਾ ਹੈ, ਉਹ ਅਤੇ ਉਸ ਦੀ ਕੁਦਰਤਿ ਏਨੀ ਅਸੀਮ ਹੈ ਕਿ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ।***

---

## *ਕਿੱਧਰ ਜਾ ਰਹੇ ਹਾਂ!*

ਮੈਨੂੰ ਸਮਝ ਨਹੀਂ ਆਉਂਦੀ
ਅਸੀਂ ਕਿੱਧਰ ਜਾ ਰਹੇ ਹਾਂ!
ਅਸਲੀ ਨਿਸ਼ਾਨੇ ਭੁੱਲ ਕੇ
ਆਪਾਂ ਕਿੱਧਰ ਜਾ ਰਹੇ ਹਾਂ।

ਧਰਮ ਨਿਰਪੱਖ ਅਸੂਲਾਂ ਨੂੰ ਛੱਡ
ਨਵੇਂ ਰਾਹੀਂ ਟੁਰੇ ਜਾ ਰਹੇ ਹਾਂ।
ਅਜਬ ਰਾਹੀਂ ਟੁਰ ਕੇ
ਹਨੇਰੇ ਵੱਲ ਕਿਉਂ ਜਾ ਰਹੇ ਹਾਂ!

ਪੀਰਾਂ ਪੈਗ਼ੰਬਰਾਂ ਬੜਾ ਸਮਝਾਇਆ,
ਇਕੋ ਹੈ ਲੋਕਾਈ
ਊਚ ਨੀਚ ਦੀਆਂ ਉਲਝਣਾਂ ਵਿਚ
ਕਿਉਂ ਫਸੇ ਜਾ ਰਹੇ ਹਾਂ!

ਮੰਦਰ, ਮਸਜਿਦ, ਚਰਚ, ਗੁਰਦੁਆਰੇ
ਸਭ ਨੇ ਏਕਾ ਸਿਖਾਂਦੇ
ਤੇਰਾ ਦਰ ਹੈ ਨੀਵਾਂ, ਮੇਰਾ ਦਰ ਹੈ ਉੱਚਾ
ਅਜਬ ਹੀ ਸੁਨੇਹਾ ਦਿੰਦੇ ਜਾ ਰਹੇ ਹਾਂ!

ਨਵਾਂ ਯੁੱਗ ਹੈ ਯਾਰੋ, ਦੁਨੀਆ ਹੈ ਮੰਨਦੀ
ਅਸੀਂ ਭੁੱਲ ਰਹੇ ਹਾਂ!
'ਪਾੜੋ ਤੇ ਰਾਜ ਕਰੋ!'
ਨਵੀਂ ਨੀਤੀ ਕਿਉਂ ਅਪਣਾ ਰਹੇ ਹਾਂ!

ਸੁਣੋ ਯਾਰੋ ਸਭ ਕਵੀਆਂ ਦੀ ਭਾਸ਼ਾ
ਨਵੇਂ ਰਾਹੀਂ ਜੋ ਸਾਨੂੰ ਟੁਰਨਾ ਸਿਖਾਵੇ!
ਭੰਬਲ ਭੂਸਿਆਂ 'ਚ ਫਿਰ ਕਿਉਂ,
ਲਪੇਟੇ ਜਾ ਰਹੇ ਹਾਂ!

ਅਜੇ ਵੀ ਵਕਤ ਹੈ, ਸੰਭਲ ਜਾਓ ਮਿੱਤਰੋ!
ਸਭ ਜੱਗ ਹੈ ਵੇਂਹਦਾ!
ਸੁੱਟੋ ਅੰਬਰੀਂ ਅਵਾਜ਼ਾਂ ਥੀਂ,
ਫਿਰ ਕਿਉਂ ਠੁਕਰਾ ਰਹੇ ਹਾਂ।

ਉਠੋ ਨੌਜਵਾਨੋ! ਹੰਭਲਾ ਮਾਰੋ ਤੇ ਰਹਿਬਰ ਥੀਂ ਵੰਗਾਰੋ
ਅਸਲੀ ਮੰਜ਼ਿਲ ਜੋ ਚਿਰਾਂ ਤੋਂ ਉਕੇਰੀ
ਸੁਨਹਿਰੀ ਇਹ ਮੌਕਾ ਐਵੇਂ ਗਵਾ ਰਹੇ ਹਾਂ।

***-ਮਨਜੀਤ ਸਿੰਘ ਗਿੱਲ***

# ਐ ਮਨਾ! ਔਕਾਤ 'ਚ ਰਹਿ

## ਸ਼ਬਦ ਜੋਤ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਔਕਾਤ, ਹੈਸੀਅਤ, ਮਨੁੱਖ ਦਾ ਮਾਨਵੀ ਮੁਲਾਂਕਣ। ਗੁਣਾਂ ਦੀ ਗੁਥਲੀ। ਬਿਰਤੀਆਂ ਦਾ ਬਿਰਤਾਂਤ। ਮਨੁੱਖ-ਭਾਵੀ ਵਿਸ਼ੇਸ਼ਤਾਵਾਂ ਦੀ ਵਿਆਕਰਨ। ਇਨਸਾਨੀਅਤ ਦਾ ਪ੍ਰਕਾਸ਼। ਆਲੇ-ਦੁਆਲੇ ਫੈਲੇ ਚਾਨਣ ਦਾ ਸੁਦਰਸ਼ਨ ਚੱਕਰ।

ਔਕਾਤ ਕਦੇ ਵੀ ਖ਼ਾਨਦਾਨ, ਰੁਤਬੇ, ਡਿਗਰੀਆਂ, ਉਪਾਧੀਆਂ, ਜਾਇਦਾਦਾਂ, ਮਹੱਲਾਂ, ਕੋਠੀਆਂ, ਵੱਡੇ ਫਾਰਮਾਂ ਜਾਂ ਅਮੀਰੀ ਦੀ ਮੁਥਾਜ ਨਹੀਂ। ਕਈ ਵਾਰ ਕੁੱਲੀ ਵਿਚ ਰਹਿਣ ਵਾਲੇ ਫ਼ਕੀਰ ਦੀ ਔਕਾਤ ਵੀ ਮਹਿਲਾਂ ਵਿਚ ਰਹਿਣ ਵਾਲੇ ਰਈਸਜ਼ਾਦਿਆਂ ਤੋਂ ਉੱਪਰ ਹੁੰਦੀ।

ਔਕਾਤ, ਹਰ ਵਿਅਕਤੀ ਨੂੰ ਖ਼ੁਦਾ ਦੀ ਜ਼ਾਤ ਸਮਝਣਾ। ਮਨੁੱਖ ਦੇ ਭਾਵਾਂ ਦੀ ਕਦਰ ਕਰਨਾ। ਸਾਂਝੀਵਾਲਤਾ ਦਾ ਧਾਰਨੀ ਹੋਣਾ। 'ਏਕ ਨੂਰ ਤੇ ਸਭ ਜੱਗ ਉਪਜਿਆ' ਜਿਹੇ ਪ੍ਰਵਚਨਾਂ ਨੂੰ ਕਰਮ-ਧਰਮ ਵਿਚ ਧਾਰਨ ਦੀ ਚਾਹਨਾ। ਸਰਬੱਤ ਦੇ ਭਲੇ ਦਾ ਅਰਦਾਸੀਆ।

ਔਕਾਤ, ਕਿਸੇ ਦੀਆਂ ਲੋੜਾਂ ਥੋੜਾਂ ਵਿਚ ਪਸੀਜਣਾ। ਦਾਨ ਲਈ ਪਹਿਲ। ਦਸਵੰਧ ਦੀ ਕਰਮ ਯੋਗਤਾ। ਡਿਗਦੇ ਲਈ ਸਹਾਰਾ। ਜ਼ਖ਼ਮ ਲਈ ਮਰਹਮ। ਪੀੜ ਲਈ ਦੁਆ ਅਤੇ ਦਵਾ। ਹਉਕੇ ਲਈ ਦਿਲਾਸਾ, ਟੁੱਟਦੇ ਲਈ ਧਰਵਾਸ, ਤਿੜਕਣ ਵਿਚ ਧਰਵਾਸ, ਬੇਆਸੇ ਲਈ ਆਸ ਅਤੇ ਬੇਔਕਾਤੇ ਨੂੰ ਔਕਾਤ ਨਾਲ ਵਰੋਸਾਉਣਾ।

'ਕੇਰਾਂ, ਟੀਵੀ 'ਤੇ ਇਕ ਪ੍ਰੋਗਰਾਮ ਦੇਖਦਿਆਂ, ਕਿਸੇ ਮੁਕਾਬਲੇ ਵਿਚ ਭਾਗ ਲੈਣ ਵਾਲੇ ਜਵਾਕ ਦੇ ਬੋਲ ਮੇਰੀ ਰੂਹ ਨੂੰ ਝੰਬ ਗਏ ਅੱਖਾਂ ਸਿੱਲ੍ਹੀਆਂ ਹੋ ਗਈਆਂ ਅਤੇ ਸੋਚਾਂ ਵਿਚ ਤੂਫ਼ਾਨ ਉਮਡਿਆ। ਆਮ ਲੋਕਾਂ ਦੀ ਨੀਚਤਾ ਉੱਪਰ ਰੋਣਾ ਆਇਆ ਅਤੇ ਕਿਸੇ ਦੀ ਪੀੜਾ ਵਿਚੋਂ ਖ਼ੁਦ ਲਈ ਖ਼ੁਸ਼ੀ ਭਾਲਣ ਵਾਲਿਆਂ ਦੀ ਸੋਚ 'ਤੇ ਸ਼ਰਮਸਾਰੀ ਵੀ। ਹੋਠਾਂ 'ਤੇ ਚੁੱਪ ਅਤੇ ਇਹ ਚੁੱਪ ਮੇਰੇ ਅੰਤਰੀਵ ਵਿਚ ਉਤਰ, ਮੈਨੂੰ ਕੁਰੇਦਣ ਲੱਗੀ। 11 ਕੁ ਸਾਲ ਦੇ ਜਵਾਕ ਦਾ ਕਹਿਣਾ ਸੀ ਕਿ ਮੇਰੇ ਕਲਾਸ ਦੇ ਸਾਥੀ ਅਤੇ ਆਂਢ-ਗੁਆਂਢ ਦੇ ਲੋਕ ਅਕਸਰ ਕਹਿੰਦੇ ਨੇ ਕਿ ਤੇਰੀ ਔਕਾਤ ਹੀ ਕੀ ਆ? ਤੂੰ ਹੈ ਹੀ ਕੀ? ਤੈਨੂੰ ਕਿਹਨੇ ਪੁੱਛਣਾ? ਕੀਹਨੇ ਪਛਾਨਣਾ? ਤੇ ਬੱਚੇ ਨੇ ਮਾਸੂਮ ਜਿਹਾ ਜਵਾਬ ਦਿੱਤਾ ਕਿ ਮੈਂ ਸੋਚਦਾ ਸਾਂ ਕਿ ਔਕਾਤ ਕੋਈ ਬਹੁਤ ਹੀ ਮਹਿੰਗੀ ਚੀਜ਼ ਹੋਣੀ ਆ, ਜਿਹੜੀ ਮੇਰੇ ਗ਼ਰੀਬ ਮਾਪੇ ਖ਼ਰੀਦ ਨਹੀਂ ਸਕਦੇ। ਤਾਂ ਹੀ ਮੇਰੀ ਕੋਈ ਔਕਾਤ ਨਹੀਂ? ਮੈਂ ਤਾਂ ਆਪਣੀ ਔਕਾਤ ਨੂੰ ਭਾਲਣ ਲਈ ਹੀ ਇਸ ਮੁਕਾਬਲੇ ਵਿਚ ਆਇਆ ਹਾਂ। ਕਾਸ਼! ਮੈਨੂੰ ਪਤਾ ਲੱਗ ਜਾਵੇ ਕਿ ਮੇਰੀ ਔਕਾਤ ਕੀ ਆ? ਤੇ ਇਹ ਸੁਣ ਕੇ ਮੁਕਾਬਲੇ ਦੇ ਜੱਜ ਅਤੇ ਸਰੋਤੇ ਖ਼ਾਮੋਸ਼ ਹੋ ਗਏ। ਸਾਰਿਆਂ ਦੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ ਅਤੇ ਮਨਾਂ ਵਿਚ ਉੱਠੀ ਚੀਸ ਨੇ ਹਾਜ਼ਰੀਨ ਦੇ ਚਿਹਰਿਆਂ ਨੂੰ ਰੁਆਂਸ ਦਿੱਤਾ।

ਜ਼ਰਾ ਸੋਚਣਾ! ਬੱਚੇ ਨੂੰ ਔਕਾਤ ਦੱਸਣ ਅਤੇ ਪੁੱਛਣ ਵਾਲਿਆਂ ਦੀ ਆਪਣੀ ਕੀ ਔਕਾਤ ਹੋਵੇਗੀ? ਬੱਚੇ ਦੇ ਮਨ 'ਤੇ ਕੀ ਬੀਤੀ ਹੋਵੇਗੀ ਜਦ ਉਸ ਨੂੰ ਔਕਾਤ ਦਾ ਮਿਹਣਾ ਮਾਰਿਆ ਹੋਵੇਗਾ? ਉਸ ਦਾ ਦਿਲ ਤਾਂ ਜ਼ਾਰ-ਜ਼ਾਰ ਰੋਇਆ ਹੋਵੇਗਾ। ਇਕ ਡੂੰਘਾ ਜ਼ਖ਼ਮ ਉਸ ਦੇ ਅੰਦਰ ਸਦਾ ਰਿਸਦਾ ਰਹੇਗਾ। ਉਸ ਦੀ ਮਸੂਮੀਅਤ ਨੂੰ ਵਲੂੰਧਰਨ ਦਾ ਦੋਸ਼ੀ ਕੌਣ ਹੋਵੇਗਾ? ਰੂਹ ਤੇ ਲੱਗੇ ਅਜੇਹੇ ਫੱਟ ਸਾਰੀ ਉਮਰ ਹੀ ਚਸਕਦੇ ਰਹਿੰਦੇ। ਪਰ ਇਹੀ ਫੱਟ ਹੀ ਕਿਸੇ ਬੇਔਕਾਤੇ ਨੂੰ ਔਕਾਤ ਦੇ ਦਿਸਹੱਦੇ ਦੀ ਦੱਸ ਪਾਉਂਦੇ ਅਤੇ ਔਕਾਤ ਦਾ ਨਵਾਂ ਸਿਰਨਾਵਾਂ ਸਿਰਜਦੇ। ਬਾਅਦ 'ਚ ਮਿਹਣਾ ਮਾਰਨ ਵਾਲਿਆਂ ਨੂੰ ਆਪੇ ਹੀ ਪਤਾ ਲੱਗ ਜਾਂਦਾ ਕਿ ਔਕਾਤ ਕਿਸ ਨੂੰ ਕਹਿੰਦੇ ਅਤੇ ਕਿਸ ਦੀ ਕਿੰਨੀ ਕੁ ਔਕਾਤ ਹੈ? ਅਕਸਰ ਹੀ ਲੋਕ ਕਿਸੇ ਪੱਥਰ ਨੂੰ ਠੁੱਡ ਮਾਰਦੇ ਪਰ ਜਦ ਉਸੀ ਪੱਥਰ ਵਿਚੋਂ ਮੂਰਤੀ ਬਣਾਈ ਜਾਂਦੀ ਤਾਂ ਉਸ ਪੱਥਰ-ਰੂਪੀ ਮੂਰਤੀ ਨੂੰ ਨਤਮਸਤਕ ਹੋ, ਮੰਨਤਾਂ ਮੰਗਣ ਲੱਗ ਪੈਂਦੇ।

ਔਕਾਤ, ਬੰਦੇ ਦੇ ਹੱਥ ਵੱਸ। ਉਸ ਦੀ ਸੋਚ ਦੀ ਦਾਸੀ ਅਤੇ ਉਸ ਦੇ ਕਰਮਾਂ ਦੀ ਕਾਮਨੀ। ਕਰਮ-ਸਾਧਨਾ ਦੀ ਦੇਵੀ। ਉੱਦਮ ਦਾ ਆਵੇਸ਼। ਮਸਤਕ 'ਚ ਉਗਿਆ ਸੂਰਜ। ਪੂਰਨਿਆਂ 'ਚੋਂ ਪ੍ਰਗਟਦੀ ਵਰਨਮਾਲਾ। ਲਿਖਤ ਵਿਚੋਂ ਪਨਪਦੀ ਸੰਵੇਦਨਾ। ਸੁਹਜ, ਸਲੀਕਾ ਅਤੇ ਸੇਧ ਦਾ ਸੰਗਮ।

ਔਕਾਤ ਨਾ ਤਾਂ ਅਪਹੁੰਚ ਤੇ ਨਾ ਹੀ ਵਸੋਂ-ਬਾਹਰੀ। ਨਾ ਹੀ ਅਮੀਰਜ਼ਾਦਿਆਂ ਦੀ ਰਖੇਲ ਅਤੇ ਨਾ ਹੀ ਕਿਸੇ ਕੌਮ, ਮਜ਼੍ਹਬ, ਧਰਮ, ਵਰਨ ਜਾਂ ਜਾਤ ਦੀ ਗ਼ੁਲਾਮ।

ਔਕਾਤ ਵਿਰਾਸਤ ਵਿਚ ਵੀ ਨਹੀਂ ਮਿਲਦੀ। ਇਹ ਤਾਂ ਖ਼ੁਦ ਕਮਾਉਣੀ ਪੈਂਦੀ, ਆਪਣੀ ਸਾਵੀਂ ਤੇ ਸੱਚੀ ਸੋਚ, ਸੁੰਦਰ ਵਿਚਾਰ, ਸ਼ੁੱਭ-ਕਰਮ, ਸਚਿਆਰਾ ਆਚਾਰ-ਵਿਹਾਰ, ਸਿਰਜਣ ਸਮਰੱਥਾ ਅਤੇ ਤੱਕੜੀ ਤਪੱਸਿਆ ਨਾਲ।

ਔਕਾਤ ਦਾ ਗੱਲਬਾਤ ਵਿਚੋਂ ਪਤਾ ਨਹੀਂ ਲੱਗਦਾ। ਪਰ ਤੁਹਾਡਾ ਲੋਕਾਂ ਪ੍ਰਤੀ ਕੀ ਵਿਵਹਾਰ ਹੈ, ਤੁਹਾਡੀ ਔਕਾਤ ਦੀ ਚੁਗ਼ਲੀ ਕਰ ਜਾਂਦਾ।

ਆਪਣੀ ਹੈਸੀਅਤ ਨੂੰ ਐਸੀ ਬਣਾਕਦੇ ਮਹਾਨ ਵਿਅਕਤੀਆਂ, ਵਿਗਿਆਨੀਆਂ, ਕਲਾਕਾਰਾਂ, ਸਮਾਜ ਸੇਵਕਾਂ ਜਾਂ ਧਾਰਮਿਕ ਗੁਰੂਆਂ ਦੀ ਜੀਵਨ-ਗਾਥਾ ਪੜ੍ਹਨਾ, ਤੁਹਾਨੂੰ ਪਤਾ ਲੱਗੇਗਾ ਕਿ ਤਕਦੀਰ ਬਦਲਣ ਨਾਲ ਬੰਦੇ ਦੀ ਔਕਾਤ ਕਿਵੇਂ ਬਦਲਦੀ। ਜਦ ਕਿਸੇ ਕੰਮੀ ਦਾ ਬੱਚਾ ਉੱਚ-ਅਧਿਕਾਰੀ ਬਣ ਜਾਂਦਾ ਤਾਂ ਕੰਮੀ ਨੂੰ ਘੂਰਨ ਵਾਲੇ ਜ਼ਿਮੀਂਦਾਰ ਵੀ ਉਸ ਦਾ ਅਦਬ ਕਰਨ ਲੱਗਦੇ। ਡਰ ਹੁੰਦਾ ਕਿ ਪਤਾ ਨਹੀਂ ਸਾਨੂੰ ਇਸ ਦੀ ਕਿਹੜੇ ਵੇਲੇ ਲੋੜ ਪੈ ਜਾਵੇ। ਇਹੀ ਲੋੜ ਹੀ ਕਿਸੇ ਕੰਮੀਂ ਦੀ ਔਕਾਤ ਬਦਲਣ ਦਾ ਪ੍ਰਮਾਣ ਹੁੰਦੀ।

ਆਪਣੀ ਔਕਾਤ ਵਿਚ ਰਹਿੰਦਿਆਂ, ਸੀਮਤ ਸਾਧਨਾ ਨਾਲ ਜੀਵਨ ਨੂੰ ਸੁਖਦ ਅਤੇ ਸੁਪਨਮਈ ਬਣਾਉਣ ਵਾਲੇ, ਜ਼ਿੰਦਗੀ ਦੇ ਅਨਮੋਲ ਹੀਰੇ। ਔਕਾਤ ਤੋਂ ਬਾਹਰ ਜਾ ਕੇ ਆਪਣੀ ਹਉਮੈਂ, ਅਹੰਕਾਰ ਤੇ ਮੈਂ ਨੂੰ ਮੋਹਰੀ ਬਣਾਉਣ ਵਾਲੇ, ਜੀਵਨ ਦੇ ਨਾਲਾਇਕ ਪੁੱਤ। ਅਜਿਹੇ ਲੋਕ ਆਪਣੇ ਅਮਾਨਵੀ ਵਿਹਾਰ ਨਾਲ ਇਨਸਾਨੀਅਤ ਤੋਂ ਗਿਰਨ ਲੱਗਿਆਂ ਪਲ ਵੀ ਨਹੀਂ ਲਾਉਂਦੇ। ਦਰਅਸਲ ਇਹ ਮਨੁੱਖਤਾ ਦੇ ਮੱਥੇ ਤੇ ਲੱਗਿਆ ਇਕ ਧੱਬਾ ਹੁੰਦੇ।

ਜਦ ਕੋਈ ਹੈਂਕੜਬਾਜ਼ ਕਿਸੇ ਗ਼ਰੀਬ, ਸ਼ਰੀਫ਼, ਇਮਾਨਦਾਰ ਜਾਂ ਸੱਚੇ ਵਿਅਕਤੀ ਨੂੰ ਕਹੇ ਕਿ ਮੈਂ ਤੈਨੂੰ ਤੇਰੀ ਔਕਾਤ ਦੱਸਣਾ ਚਾਹੁੰਦਾ ਹਾਂ। ਤੂੰ ਆਪਣੀ ਔਕਾਤ ਵਿਚ ਰਹਿ। ਜਾਂ ਕਹੇ ਕਿ ਮੈਂ ਜਾਣਦਾ ਹਾਂ ਕਿ ਤੇਰੀ ਔਕਾਤ ਕੀ ਏ, ਤਾਂ ਸਮਝ ਜਾਣਾ ਕਿ ਹੈਂਕੜਬਾਜ਼ ਦੀ ਹੀ ਕੋਈ ਔਕਾਤ ਨਹੀਂ। ਯਾਦ ਰੱਖਣਾ ਕਿ ਜ਼ਿਆਦਾਤਰ ਝਗੜੇ, ਕਲੇਸ਼, ਰੋਸੇ, ਮਨ-ਮੁਟਾਈ, ਘ੍ਰਿਣਾ, ਮਨਮੁਖਾਂ ਜਾਂ ਦੁਸ਼ਮਣੀ ਦਾ ਪ੍ਰਗਟਾਵਾ, ਔਕਾਤ ਦਾ ਕਮੀਨਾ ਪ੍ਰਗਟਾਵਾ ਅਤੇ ਦੂਸਰੇ ਨੂੰ ਨੀਵਾਂ ਦਿਖਾਉਣ ਦੀ ਬਿਰਤੀ ਹੁੰਦੀ। ਲੋਕ ਆਪ ਵੱਡੇ ਨਹੀਂ ਹੋਣਾ ਚਾਹੁੰਦੇ ਸਗੋਂ ਉਹ ਉੱਪਰ ਉੱਠਣ ਵਾਲਿਆਂ ਨੂੰ ਨੀਵਾਂ ਸਾਬਤ ਕਰਨ ਲਈ ਕਿਸੇ ਦੀ ਔਕਾਤ ਨੂੰ ਨਿੰਦਣ ਅਤੇ ਬਦਖੋਈ ਕਰਨ ਤੀਕ ਉਤਾਰੂ ਹੋ ਜਾਂਦੇ।

ਅਕਸਰ ਲੋਕ ਔਕਾਤ ਨੂੰ ਨਕਾਰਾਤਮਿਕ ਰੂਪ ਵਿਚ ਹੀ ਜੱਗ-ਜ਼ਾਹਿਰ ਕਰਦੇ। ਕਦੇ ਸਮਾਜ ਵਿਚ ਆਪਣੀ ਗੱਲਬਾਤ, ਸਲੀਕੇ ਅਤੇ ਕਰਮ ਸ਼ੈਲੀ ਰਾਹੀਂ ਔਕਾਤ ਦਾ ਸਕਾਰਾਤਮਿਕ ਰੂਪ ਦਿਖਾਉਣਾ, ਦੁਨੀਆ ਤੁਹਾਨੂੰ ਸਲਾਮਾਂ ਕਰੇਗੀ।

ਔਕਾਤ ਤਾਂ ਸੇਵਾ ਭਾਵਨਾ, ਕਿਸੇ ਬੇਆਸਰੇ ਦੇ ਕੰਮ ਆਉਣ ਦੀ ਬਿਰਤੀ, ਔਖਰ ਦਾਨ ਦੇਣ ਦਾ ਸੁਭਾਅ, ਰੋਂਦੇ ਦੇ ਹੰਝੂ ਪੂੰਝਣ ਦੀ ਤੜਫ਼, ਅਬਲਾ ਦੇ ਸਿਰੋਂ ਲੱਥੀ ਚੁੰਨੀ ਨੂੰ ਸਿਰ ਤੇ ਟਿਕਾਉਣ ਦੀ ਦਲੇਰੀ, ਪਿਆਰ ਦਾ ਪੈਗ਼ਾਮ ਹਰ ਵਿਹੜੇ ਵਿਚ ਪਹੁੰਚਾਉਣ ਦੀ ਪਹਿਲਕਦਮੀ, ਮਨੁੱਖੀ ਬਰਾਬਰੀ ਦਾ ਅਹਿਸਾਸ, ਠੇਡੇ ਖਾ ਕੇ ਡਿੱਗੇ ਨੂੰ ਦਿੱਤਾ ਧਰਵਾਸ ਅਤੇ ਕਿਸੇ ਲਈ ਬਣਿਆ ਅਕਾਸ਼ ਹੁੰਦੀ।

ਇਹ ਕੇਹੀ ਔਕਾਤ ਕਿ ਬੰਦਾ ਧਨ ਤੇ ਤਾਕਤ ਦੇ ਨਸ਼ੇ ਵਿਚ ਬਿਫਰਿਆ ਫਿਰੇ, ਸੜਕਾਂ ਤੇ ਪੈਦਲ ਜਾਂਦੇ ਜਾਂ ਸੜਕ ਨਿਕਾਰੇ ਸੁੱਤੇ ਹੋਏ ਘਰ-ਹੀਣਾ ਨੂੰ ਕਾਰ ਹੇਠ ਦਰੜੇ, ਦਾਰੂ ਦੀ ਲੋਰ 'ਚ ਕਾਨੂੰਨ ਦੀਆਂ ਧੱਜੀਆਂ ਉਡਾਏ, ਮਾਪਿਆਂ ਨੂੰ ਘਰੋਂ ਕੱਢ ਕੇ ਉਡਾਵਾ ਘਰਾਂ ਵਿਚ ਰੁਲਨ ਲਈ ਛੱਡੇ, ਉਨ੍ਹਾਂ ਦੇ ਜਾਅਲੀ ਅੰਗੂਠੇ ਲਗਵਾਏ ਅਤੇ ਜੱਦੀ ਜਾਇਦਾਦ ਤੋਂ ਆਪਣਿਆਂ ਨੂੰ ਹੀ ਮਹਿਰੂਮ ਕਰ, ਗੁਲਛਰੇ ਉਡਾਏ, ਅਧਰਮੀ ਹੁੰਦਿਆਂ ਖ਼ੁਦ ਨੂੰ ਧਰਮੀ ਅਖਵਾਏ, ਆਪਣਿਆਂ ਨੂੰ ਹੀ ਕੁੱਟੇ, ਲੁੱਟੇ ਅਤੇ ਕਬਰਾਂ ਪੁੱਟੇ। ਗ਼ਰੀਬਾਂ ਦੀਆਂ ਝੁੱਗੀਆਂ ਢਾਹੇ ਅਤੇ ਉਸ ਜਗਾ ਤੇ ਆਲੀਸ਼ਾਨ ਬੰਗਲਾ ਜਾਂ ਹੋਟਲ ਬਣਾਵੇ। ਮਾਇਕ ਲਾਭ ਖ਼ਾਤਰ ਲੋਕਾਂ ਦੇ ਧੀਆਂ ਪੁੱਤਾਂ ਨੂੰ ਨਸ਼ਿਆਂ ਤੇ ਲਾਵੇ ਅਤੇ ਫਿਰ ਉਨ੍ਹਾਂ ਦੀ ਲਾਸ਼ਾਂ ਤੇ ਮਗਰ ਮੱਛੀ ਅੱਥਰੂ ਵਹਾਏ।

ਜਦ ਕੋਈ ਬੰਦਾ ਖ਼ੁਦ ਨੂੰ ਖ਼ੁਦਾ ਅਖਵਾਏ ਤਾਂ ਸਮਝੋ ਕਿ ਉਸ ਦੇ ਸਿਰ 'ਤੇ ਮੰਡਰਾਉਂਦੀ ਹੈ ਮੌਤ ਅਤੇ ਉਸ ਦੀ ਔਕਾਤ ਨੇ ਬਹੁਤ ਜਲਦੀ ਹੋ ਜਾਣਾ ਹੈ ਫ਼ੌਤ। ਜਦ ਕੋਈ ਲੱਪ ਕੁ ਆਟਾ ਮੰਗਣ ਵਾਲਿਆਂ ਸਾਹਵੇਂ ਭਰੇ ਗੁਦਾਮਾਂ 'ਤੇ ਕੁੰਡਲੀ ਮਾਰੇ ਤਾਂ ਸਮਝ ਲੈਣਾ ਕਿ ਭੁੱਖੀਆਂ ਆਂਦਰਾਂ ਦੀ ਬਦ-ਦੁਆ ਨੇ ਗ਼ਰਕ ਕਰ ਦੇਣਾ ਹੈ ਉਸ ਦਾ ਤਿਲਿਸਮੀ ਹੰਕਾਰ।

ਕਿਸੇ ਦੇ ਸਾਹਮਣੇ ਆਪਣੀ ਔਕਾਤ ਦਿਖਾਉਣਾ, ਆਪਣੇ ਆਪ ਦੀ ਹੇਠੀ, ਧਾਰਮਿਕ ਆਸਥਾ ਦੀ ਬਦਖੋਈ, ਖ਼ੁਦ ਦੀ ਦੁਰਦਸ਼ਾ, ਅੰਤਰੀਵ ਦਾ ਲਹੂ-ਲੁਹਾਨ ਹੋਣਾ ਅਤੇ ਆਪਣੇ ਅੰਦਰਲੇ ਸੋਗ ਦਾ ਪਤਾ ਹੀ ਨਾ ਹੋਣਾ। ਆਪਣੇ ਸਾਹਵੇਂ ਨਮੋਸ਼ੀ ਅਤੇ ਮਨ ਨੂੰ ਮੱਲ੍ਹੀ ਬੈਠੀ ਖ਼ਾਮੋਸ਼ੀ, ਬੋਲਾਂ 'ਚ ਅੱਗ ਉਗਲਦਾ ਆਪਾ, ਅਤੇ ਆਪਣੇ ਹੀ ਸਾਹ-ਸਾਂਝਾਂ ਲਈ ਸਿਆਪਾ, ਨੈਣਾਂ ਵਿਚ ਜੰਮਿਆ ਭੈਅ ਅਤੇ ਕਰਮਾਂ ਵਿਚ ਕੁਕਰਮਾਂ ਦਾ ਕੁਹਰਾਮ।

'ਕੇਰਾਂ ਮੈਂ ਔਕਾਤ ਨੂੰ ਮਿਲਿਆ
ਉਸ ਦੇ ਸਨਮੁੱਖ ਹੋ
ਉਸਨੂੰ ਪੁੱਛਿਆ
ਕਿ ਦੱਸ ਤਾਂ ਸਹੀ
ਤੇਰੀ ਉਹਨੂੰ 'ਚ ਮੇਰੀ ਔਕਾਤ ਕੀ ਏ?
ਔਕਾਤ ਨੇ ਮੈਨੂੰ ਕਿਹਾ,
"ਮੈਨੂੰ ਦੱਸਣ ਦੀ ਲੋੜ ਹੀ ਨਹੀਂ,
ਕਦੇ ਤੂੰ ਆਪਣੇ ਆਪ ਨੂੰ ਮਿਲੀਂ ,
ਅਤੇ ਖ਼ੁਦ ਨੂੰ ਪੁੱਛੀਂ
ਕਿ ਤੂੰ ਕਿੰਨਿਆਂ ਦੇ ਅੱਥਰੂ ਪੂੰਝੇ ਨੇ?
ਕਦੇ ਮਾਂ ਬਾਪ ਕੋਲ ਬਹਿ ਕੇ
ਉਨ੍ਹਾਂ ਦਾ ਹਾਲ-ਚਾਲ ਪੁੱਛਿਆ
ਤੇ ਆਪਣਾ ਦੁੱਖ-ਸੁੱਖ ਦੱਸਿਆ?
ਮਾਪਿਆਂ ਦੀ ਜੀਵਨ-ਗਾਥਾ ਨੂੰ
ਕਦੇ ਚੇਤਨਾ 'ਚ ਉਲਥਾਇਆ?
ਕੀ ਮਾਂ ਦੀਆਂ ਅਸੀਸਾਂ
ਤੇ ਬਾਪ ਦੀ ਮਾਣੀ ਛਾਂ ਦਾ ਸ਼ੁਕਰ ਕੀਤਾ?
ਕੀ ਕਦੇ ਕਿਸੇ ਦੇ
ਜੀਵਨ-ਰਾਹ ਦੇ ਰੋੜਿਆਂ ਨੂੰ ਹਟਾਇਆ?
ਪੈਰਾਂ 'ਚ ਪੁੜੇ ਕੰਡੇ ਨੂੰ ਕੱਢਿਆ?
ਲੀਰਾਂ ਹੋਈ ਪੱਤ ਦਾ ਕੱਜਣ ਬਣਿਆਂ?
ਖੇਤਾਂ ਵਿਚ ਉਗਦੀਆਂ ਖ਼ੁਦਕੁਸ਼ੀਆਂ ਦੀ ਗੱਲ ਕੀਤੀ?
ਝੁੱਗੀਆਂ ਦੇ ਉਡਦੇ ਕੱਖਾਂ-ਕਾਨਿਆਂ ਨੂੰ ਮੁਖ਼ਾਤਬ ਹੋਇਆਂ?
ਛਤੀਰ ਨਾਲ ਲਟਕਦੀ ਲਾਸ਼ ਦੀਆਂ ਅੱਖਾਂ 'ਚ ਝਾਕਿਆ?
ਅਬਲਾ ਦੇ ਦੀਦਿਆਂ 'ਚ ਲਟਕਦੇ ਅੱਥਰੂਆਂ ਦੀ ਕਥਾ ਪੜ੍ਹੀ?
ਰਿਸਦੇ ਜ਼ਖ਼ਮ ਦੀ ਚੀਸ ਨੂੰ ਪਿੰਡੇ 'ਤੇ ਹੰਢਾਇਆ?
ਕਦੇ ਬੋਲਾਂ ਵਿਚ ਹਮਦਰਦੀ ਦਾ ਨਾਦ ਪੈਦਾ ਹੋਇਆ?
ਨਫ਼ਰਤੀ ਯੁੱਗ ਵਿਚ ਪਿਆਰ ਦਾ ਨਗ਼ਮਾ ਗਾਇਆ?
ਜਾਤਾਂ, ਨਸਲਾਂ, ਅਤੇ ਧਰਮਾਂ ਦੀ ਵਰਨ ਵੰਡ ਵਿਚ
ਸਾਂਝੀਵਾਲਤਾ ਦਾ ਸੁਨੇਹਾ ਦਿੱਤਾ?
ਸ਼ਬਦਾਂ ਵਿਚ ਅਰਥਾਂ ਦੇ ਚਿਰਾਗ਼ ਧਰੇ?
ਬੋਲਾਂ ਵਿਚ ਅਨਾਥ ਬੱਚਿਆਂ ਦੀ ਲਿਲਕੜੀ ਗੂੰਜੀ?
ਕਦੇ ਆਪਣੇ ਆਪ ਨੂੰ ਮਿਲਿਆਂ?
ਕੀਰਤੀ 'ਚੋਂ ਚੰਗਿਆਈ ਦੀ ਕਸ਼ੀਦਗੀ ਕੀਤੀ?
.......................................
ਕਹਿੰਦਿਆਂ ਕਹਿੰਦਿਆਂ......"
ਔਕਾਤ ਖ਼ਾਮੋਸ਼ ਹੋ ਗਈ
ਅਤੇ
ਮੈਨੂੰ ਮੇਰੀ ਔਕਾਤ ਪਤਾ ਲੱਗ ਗਈ।

ਸਨਿਮਰੀ ਔਕਾਤ ਵਾਲੇ ਵਿਅਕਤੀ ਨਿਰਭਉ ਅਤੇ ਨਿਰਵੈਰ ਦਾ ਨਗ਼ਮਾ। ਜੀਵਨ-ਨਾਦ ਦਾ ਗੀਤ। ਕਲਾਮਈ ਵਰਤਾਰਿਆਂ ਦੀ ਕਾਵਿਕ-ਅਰਾਧਨਾ। ਨਿਮਰਤਾ ਦੀ ਕਸ਼ਿਸ਼। ਸੰਤੁਸ਼ਟੀ, ਸਹਿਜ ਤੇ ਸੰਤੋਖੀ ਪੁਣੇ ਦਾ ਸਮਤੋਲ ਅਤੇ ਸਰੂਪ। ਸਿਆਣਪ ਤੇ ਸਮਝ ਦਾ ਸੰਗਮ। ਜੀਵਨੀ ਦਾਰਸ਼ਨਿਕਤਾ ਦਾ ਮਹਾਂਕਾਵਿ। ਦਯਾ ਤੇ ਦਰਿਆ-ਦਿਲੀ ਦੀ ਦਿਲਗੀਰੀ। ਮੁਹੱਬਤ ਦਾ ਮੁਜੱਸਮਾ ਅਤੇ ਪਿਆਰ ਪਾਕੀਜ਼ਗੀ ਦੀ ਪਾਹੁਲ।

ਕੀ ਤੁਸੀਂ ਅਜਿਹੀ ਔਕਾਤ ਨੂੰ ਆਪਣੀ ਸੋਚ ਵਿਚ ਚਿਤਵਿਆ ਜਾਂ ਅਜਿਹੀ ਔਕਾਤ ਦਾ ਸਜੀਲਾ ਬਿੰਬ ਹੋ? ਸੋਚਣਾ ਜ਼ਰੂਰ। ਬਹੁਤ ਕੁਝ ਤੁਹਾਡੇ ਮਸਤਕ ਵਿਚ ਖ਼ੁਦ-ਬਖ਼ੁਦ ਪ੍ਰਗਟ ਹੋ ਜਾਵੇਗਾ ਅਤੇ ਤੁਸੀਂ ਉਸ ਔਕਾਤ ਦਾ ਮਾਣ ਹੋਵੋਗੇ ਜਿਸ ਦੀ ਤਮੰਨਾ ਤੁਹਾਡਾ ਦਿਲ ਕਰਦਾ ਹੈ।

---

## ਕਾਵਿ-ਕਿਆਰੀ

### ਸ਼ਾਬਾਸ਼ !

ਬੱਚੇ ਨੂੰ ਸ਼ਾਬਾਸ਼ ਮਾਪਿਆਂ ਦੀ,
ਜੀਣ ਦਾ ਤੌਰ ਸਿਖਾਉਂਦੀ ਹੈ,
ਜਦਕਿ ਹੱਲਾਸ਼ੇਰੀ ਟੀਚਰ ਦੀ,
ਮਨ ਚਾਨਣ ਰੁਸ਼ਨਾਉਂਦੀ ਹੈ।
ਕਰਦੈ ਜੇਕਰ ਵਡਿਆਈ ਗੁਰੂ,
ਫਿਰ ਗਿਆਨ ਵਧਾਉਂਦੀ ਹੈ।

ਵਿਚ ਮੈਦਾਨ-ਏ-ਜੰਗ ਦੇ ਇਹ,
ਹਾਰੇ ਨੂੰ ਜਿੱਤ ਦਿਵਾਉਂਦੀ ਹੈ।
ਜਦੋਂ ਭਲਵਾਨ ਨੂੰ ਮਿਲੇ ਥਾਪੀ,
ਛਿੰਝਾਂ ਵਿਚ ਭੜਥੂ ਪਾਉਂਦੀ ਹੈ।

ਦਸਮ ਪਿਤਾ ਦੀ ਜੋ ਹੱਲਾਸ਼ੇਰੀ,
ਤਾਂ ਗਿੱਦੜੋਂ ਸ਼ੇਰ ਬਣਾਉਂਦੀ ਹੈ।
ਅਨੰਦਗੜ੍ਹ ਕਿਲ੍ਹੇ ਦੇ ਬੂਹੇ 'ਤੇ,
ਸਿੰਘ ਤੋਂ ਹਾਥੀ ਮਰਵਾਉਂਦੀ ਹੈ।

ਝੂਠਿਆਂ ਨੂੰ ਸ਼ਾਬਾਸ਼ ਹੈ ਮਾੜੀ,
ਸੱਚ ਦਾ ਨਾਸ਼ ਕਰਵਾਉਂਦੀ ਹੈ,
ਜੇ ਮਿਲ ਜਾਏ ਜ਼ਾਲਿਮ ਤਾਈਂ,
ਤਾਂ ਇਹ ਹਾੜ੍ਹੇ ਕਢਵਾਉਂਦੀ ਹੈ।

ਨੇਤਾਵਾਂ ਨੂੰ ਕਦੇ ਪਚਦੀ ਨਹੀਂ,
ਚੁੱਕ ਅਸਮਾਨ ਚੜ੍ਹਾਉਂਦੀ ਹੈ,
ਮਨਮਾਨੀ ਕਰਦਾ ਫਿਰੇ ਨਿੱਤ,
ਪਿੱਛੋਂ ਜਨਤਾ ਪਛਤਾਉਂਦੀ ਹੈ।
'ਨੂਰਪੁਰੀ' ਮੂਰਖ ਨੂੰ ਜੇ ਮਿਲੇ,
ਸੋਹਣੀ ਕਵਿਤਾ ਬਣਵਾਉਂਦੀ ਹੈ।

*-ਸੇਵਾ ਸਿੰਘ "ਨੂਰਪੁਰੀ "*

---

### ਉਹ ਕਹਿੰਦੀ

ਉਹ ਕਹਿੰਦੀ
ਤੇਰੇ ਰਾਹਾਂ ਵਿਚ ਦਿਲ ਬਿਛਾਈ ਬੈਠੀ ਹਾਂ।
ਤੂੰ ਆਵੇਂਗਾ ਚਿਰਾਂ ਤੋਂ ਆਸ ਲਗਾਈ ਬੈਠੀ ਹਾਂ।
ਕੀ ਤੈਨੂੰ ਜ਼ਰਾ ਵੀ ਮੇਰਾ ਪਿਆਰ ਨਹੀਂ ਆਉਂਦਾ?
ਕੀ ਦੱਸਾਂ!
ਐਨੇ ਦੇਖੇ ਸੁਣੇ ਨੇ ਕਿੱਸੇ ਧੋਖੇ ਮੁਹੱਬਤਾਂ ਦੇ
ਕਿ ਹੁਣ ਕਿਸੇ 'ਤੇ ਇਤਬਾਰ ਨਹੀਂ ਆਉਂਦਾ।

ਉਹ ਕਹਿੰਦੀ
ਮੁਹੱਬਤਾਂ ਦੀ ਗੱਲ ਕਰਦਾ ਏਂ
ਨਾਲੇ ਗਲੀ ਇਸ਼ਕ ਆਉਣ ਤੋਂ ਡਰਦਾ ਏਂ।
ਕੀ ਤੈਨੂੰ ਗਣਿਤ ਦੋ ਤੇ ਦੋ ਚਾਰ ਨਹੀਂ ਆਉਂਦਾ?
ਕੀ ਦੱਸਾਂ!
ਮੈਂ ਚੰਗੀ ਤਰ੍ਹਾਂ ਵਾਕਿਫ਼ ਹਾਂ
ਇਸ ਚੰਦਰੇ ਜੱਗ ਦੀਆਂ ਰੀਤਾਂ ਤੋਂ
ਇਥੇ ਦੁੱਖਦੇ ਦਿਲ 'ਤੇ ਮੱਲ੍ਹਮ ਲਾਉਣ ਲਈ
ਕੋਈ ਗ਼ਮਖ਼ਾਰ ਨਹੀਂ ਆਉਂਦਾ।

ਉਹ ਕਹਿੰਦੀ
ਹਰ ਵਾਰ ਪਾਸਾ ਵੱਟ ਕੇ ਲੰਘ ਜਾਨਾ ਏਂ।
ਸ਼ਾਇਦ ਕੁਝ ਕਹਿੰਦਾ ਕਹਿੰਦਾ ਸੰਗ ਜਾਨਾ ਏਂ।
ਕੀ ਕਰਨਾ ਤੈਨੂੰ ਇਜ਼ਹਾਰ ਨਹੀਂ ਆਉਂਦਾ?
ਕੀ ਦੱਸਾਂ!
ਡਰਦਾ ਹਾਂ
ਕਿਤੇ ਤੂੰ ਦਿਲ ਮੰਗ ਨਾ ਬੈਠੇਂ
ਤੇ ਮੈਨੂੰ ਕਰਨਾ ਇਨਕਾਰ ਨਹੀਂ ਆਉਂਦਾ।

ਉਹ ਕਹਿੰਦੀ
ਨਾਸਮਝਾ ਅਕਲ ਨੂੰ ਹੱਥ ਮਾਰ
ਤੂੰ ਇੱਕ ਵਾਰ ਕਰ ਕੇ ਦੇਖ ਪਿਆਰ।
ਕੀ ਤੈਨੂੰ ਨਹੀਂ ਪਤਾ
ਸਭ ਹਿੱਸੇ ਇਹ ਹਸੀਨ ਸੰਸਾਰ ਨਹੀਂ ਆਉਂਦਾ।
ਕੀ ਦੱਸਾਂ!
ਇੱਕੋ ਵਾਰ ਕਾਫ਼ੀ ਹੈ
ਮੁਹੱਬਤ ਵਿਚ ਬਰਬਾਦ ਹੋਣ ਲਈ
ਮੈਂ ਇਸ ਕਮਬਖ਼ਤ ਇਸ਼ਕ ਦੀਆਂ ਗੱਲਾਂ ਵਿਚ
ਦੋ ਬਾਰ ਨਹੀਂ ਆਉਂਦਾ।

ਉਹ ਕਹਿੰਦੀ
ਗੱਲ ਗੱਲ 'ਤੇ ਦਿਲ ਤੋੜ ਦੇਣਾ ਏਂ।
ਅੱਖਾਂ ਵਿਚ ਵੇਖਣ ਦੀ ਥਾਂ
'ਦੀਪ' ਮੁਖ ਮੋੜ ਲੈਣਾ ਏਂ।
ਕੀ ਕਰਨਾ ਤੈਨੂੰ ਪਿਆਰ ਨਹੀਂ ਆਉਂਦਾ?
ਕੀ ਦੱਸਾਂ!
ਰਾਹ ਜਾਂਦੇ ਹਰ ਥਾਂ ਦਿਲ ਲਾ ਲਈਏ
ਸਾਡੇ ਹਿੱਸੇ ਇਹੋ ਜਿਹਾ ਕਿਰਦਾਰ ਨਹੀਂ ਆਉਂਦਾ।

ਉਹ ਕਹਿੰਦੀ
ਪਾ ਸੁਰਮਾ ਥੋੜ੍ਹਾ ਸੁਰਖ਼ੀ ਪਾਊਡਰ ਲਾ ਲੈਨੀ ਆਂ।
ਤੇਰੇ ਲਈ ਸੂਹੇ ਕੇਸ ਵੀ ਵਾਹ ਲੈਨੀ ਆਂ।
ਕੀ ਪਸੰਦ ਤੈਨੂੰ ਮੇਰਾ ਨਿਖਾਰ ਨਹੀਂ ਆਉਂਦਾ?
ਕੀ ਦੱਸਾਂ!
ਜਿਸਮਾਂ ਜੁਸਮਾਂ ਵਾਲੇ ਇਥੇ ਲੱਖਾਂ ਫਿਰਦੇ
ਅਸੀਂ ਦਿਲ ਦਾ ਬੂਹਾ ਨਹੀਂ ਖੋਲ੍ਹਣਾ
ਜਦ ਤੱਕ ਰੂਹ ਦਾ ਹੱਕਦਾਰ ਨਹੀਂ ਆਉਂਦਾ।

*-ਜ..ਦੀਪ ਸਿੰਘ 'ਦੀਪ'*
*ਫੋਨ: 98760-04714*

---

### ਮੈਂ ਚਿੜੀ ਨਿਮਾਣੀ

ਬੋਟ ਸੰਭਾਲੀ ਵਿਚ ਆਲ੍ਹਣੇ, ਲੁਕੀ ਮੈਂ ਚਿੜੀ ਨਿਮਾਣੀ,
ਦਿਲ ਦਾ ਬੂਹਾ ਟੁੱਟਣ ਲੱਗਾ, ਸੁਣ ਉੱਤੇ ਬਾਜ਼ ਉਡਾਰੀ।

ਬੇਪਰਵਾਹੀ ਨਾ ਮੇਰੇ ਕਰਮੀਂ, ਮੈਂ ਜੋਖ਼ਮਾਂ ਨਾਲ ਵਿਆਹੀ,
ਮੰਡਰਾਉਂਦੇ ਜਾਬਰ ਰਹਿੰਦੇ, ਮੇਰੀ ਜਿੰਦ ਫਿਰੇ ਭਟਕਾਰੀ।

ਕਹਿੰਦੇ ਸਾਰੇ ਬਣੇ ਬਰਾਬਰ, ਕਿਹਾ ਢੌਂਗ ਰਚਾਇਆ।
ਜੰਮਣ ਤੋਂ ਪਹਿਲੋਂ ਕੀਤੇ, ਸਾਡੇ ਸਾਰੇ ਹੱਕ ਨਕਾਰੀ।

ਓਸ ਰੱਬ ਤੋਂ ਆਸ ਕੀ ਰੱਖਾਂ, ਖੌਰੇ ਕਿੱਥੇ ਸੁੱਤਾ।
ਸਾਡੇ ਮਾਸ ਦੇ ਮੰਡੇ ਵੇਖੋ, ਗਿੱਧਾਂ ਭਰੀ ਭੰਡਾਰੀ।

ਬੋਟ ਸੰਭਾਲੀ ਵਿਚ ਆਲ੍ਹਣੇ, ਲੁਕੀ ਮੈਂ ਚਿੜੀ ਨਿਮਾਣੀ,
ਦਿਲ ਦਾ ਬੂਹਾ ਟੁੱਟਣ ਲੱਗਾ, ਸੁਣ ਉੱਤੇ ਬਾਜ਼ ਉਡਾਰੀ।

*-ਡਾ. ਰਛਪਾਲ ਸਹੋਤਾ*
*ਸਿਨਸਿਨੈਟੀ, ਯੂਐਸਏ*

# ਸਮਾਜ ਤੇ ਸਭਿਆਚਾਰ ਦੀ ਬਾਤ ਪਾਉਂਦੀ ਨਸਰ

## ਕਲਾ ਪਰਿਕਰਮਾ

ਪੰਜਾਬੀ ਅਦਬੀ ਦੁਨੀਆ ਵਿਚ ਗੁਰਚਰਨ ਕੌਰ ਥਿੰਦ ਦਾ ਪ੍ਰਵੇਸ਼ ਕਹਾਣੀ ਸੰਗ੍ਰਹਿ 'ਪ੍ਰਛਾਵਿਆਂ ਦੀ ਮਹਿਕ' (2001) ਨਾਲ ਹੋਇਆ। ਉਸ ਦਾ ਜਨਮ ਪਿੰਡ ਚੁਹਾਨ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਬੀਐੱਸ.ਸੀ., ਬੀ.ਐੱਡ. ਕਰਨ ਉਪਰੰਤ ਉਹ ਲਗਭਗ ਡੇਢ ਦਹਾਕਾ ਸਾਇੰਸ ਦੇ ਵਿਸ਼ਿਆਂ ਦਾ ਅਧਿਆਪਨ ਕਰਦੀ ਰਹੀ। ਉਸ ਦੇ ਅਦਬੀ ਮੋਹ ਨੇ ਉਸ ਦਾ ਰੁਖ਼ ਅੰਗਰੇਜ਼ੀ ਭਾਸ਼ਾ ਅਤੇ ਅਦਬ ਵੱਲ ਮੋੜਿਆ। ਅੰਗਰੇਜ਼ੀ ਦੀ ਐੱਮ.ਏ. ਕਰਨ ਉਪਰੰਤ ਉਹ ਦੋ ਦਹਾਕੇ ਅੰਗਰੇਜ਼ੀ ਪੜ੍ਹਾਉਂਦੀ ਰਹੀ। ਦਿਲਚਸਪ ਤੱਥ ਹੈ ਕਿ ਉਸ ਨੇ ਆਪਣੀ ਉਮਰ ਦਾ ਵਧੇਰੇ ਹਿੱਸਾ ਵਿਗਿਆਨ ਅਤੇ ਅੰਗਰੇਜ਼ੀ ਅਦਬ ਪੜ੍ਹਾਉਣ ਵਿਚ




**ਪ੍ਰੋ. ਹਰਿਭਜਨ ਸਿੰਘ ਭਾਟੀਆ**
ਫੋਨ: +91-98557-19118

ਲਗਾਇਆ ਪਰ ਉਸ ਦਾ ਦਿਲੋ-ਦਿਮਾਗ਼ ਪੰਜਾਬੀ ਅਦਬ ਨਾਲ ਪਰਨਾਇਆ ਰਿਹਾ।

ਪਿਛਲੇ ਦੋ ਤੋਂ ਵੱਧ ਦਹਾਕਿਆਂ ਤੋਂ ਉਹ ਲਗਾਤਾਰ ਸਾਹਿਤ ਰਚਨਾ ਦਾ ਕਾਰਜ ਕਰ ਰਹੀ ਹੈ ਅਤੇ ਉਸ ਦੀਆਂ ਪੁਸਤਕਾਂ ਦੀ ਗਿਣਤੀ ਇੱਕ ਦਰਜਨ ਪਾਰ ਕਰ ਚੁੱਕੀ ਹੈ। ਉਸ ਨੇ ਆਪਣੇ ਤਜਰਬਿਆਂ ਅਤੇ ਗਿਆਨ ਪ੍ਰਗਟਾਵੇ ਲਈ ਇੱਕ ਤੋਂ ਵਧੀਕ ਵਿਧਾਵਾਂ ਦੀ ਚੋਣ ਕੀਤੀ ਜਿਨ੍ਹਾਂ ਵਿਚ ਕਹਾਣੀ, ਨਾਵਲ, ਲੇਖ ਸ਼ਾਮਲ ਹਨ। ਉਸ ਦੇ ਧੁਰ ਤਕ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਪ੍ਰਤੀ ਮੋਹ-ਪਿਆਰ ਤਾਂ ਵਸਿਆ ਹੋਇਆ ਹੈ, ਨਾਲ ਹੀ ਨਾਲ ਵਿਗਿਆਨਕ ਬਿਰਤੀ, ਆਲਮੀ ਅਦਬ ਵਿਚ ਦਿਲਚਸਪੀ, ਪਰਦੇਸੀ ਜੀਵਨ ਦੀ ਵਿਆਕਰਨ, ਸੱਭਿਆਚਾਰ ਅਤੇ ਮਸਲਿਆਂ ਨੂੰ ਜਾਣਨ ਦੀ ਉਤਸੁਕਤਾ ਅਤੇ ਸੰਵੇਦਨਸ਼ੀਲਤਾ ਨੇ ਉਸ ਦੀ ਸ਼ਖ਼ਸੀਅਤ ਨੂੰ ਘੜਨ-ਬਣਾਉਣ ਵਿਚ ਅਹਿਮ ਭੂਮਿਕਾ ਅਦਾ ਕੀਤੀ ਹੈ।

ਉਸ ਦੁਆਰਾ ਲਿਖੀ ਕਿਸੇ ਵੀ ਰਚਨਾ ਥਾਣੀਂ ਗੁਜ਼ਰੋ, ਉਪਰੋਕਤ ਅਦਬੀ ਸੰਸਕਾਰ ਘੱਟ ਜਾਂ ਵੱਧ ਮਾਤਰਾ ਵਿਚ ਉਸ ਦੀ ਹਰ ਰਚਨਾ ਵਿਚੋਂ ਨਜ਼ਰੀ ਪੈਂਦੇ ਹਨ। ਜੀਵਨ ਅਨੁਭਵ, ਮਾਨਵੀ ਕਦਰਾਂ ਕੀਮਤਾਂ, ਵਿਗਿਆਨਕ ਬਿਰਤੀ ਅਤੇ ਸਰਲ-ਸੁਖੈਨ ਢੰਗ ਨਾਲ ਆਪਣੇ ਤਜਰਬੇ ਜਾਂ ਗਿਆਨ ਨੂੰ ਪਾਠਕਾਂ ਤੱਕ ਪਹੁੰਚਾਉਣ ਦੀ ਰੁਚੀ ਉਸ ਦੁਆਰਾ ਸਿਰਜੇ ਅਦਬੀ-ਸੰਸਾਰ ਦੇ ਅੰਗ ਸੰਗ ਵਿਚਰਦੀ ਹੈ। ਵਿਗਿਆਨਕ ਜੀਵਨ ਬਿਰਤੀ ਤੋਂ ਇਲਾਵਾ ਵਿਗਿਆਨਕ ਗਲਪ (ਚੰਦਰਯਾਨ ਤਿਸ਼ਕਿਨ-2013, ਮਿਸ਼ਨ ਰੈੱਡ ਸਟਾਰ-2022) ਦੀ ਰਚਨਾ ਨੇ ਉਸ ਦੀ ਸ਼ਖ਼ਸੀਅਤ ਨਾਲ ਇੱਕ ਹੋਰ ਨਵੇਂ ਵੇਰਵੇ ਨੂੰ ਜੋੜਿਆ ਹੈ।

ਗੁਰਚਰਨ ਕੌਰ ਥਿੰਦ ਦੀ ਅਦਬੀ ਦੁਨੀਆ ਨੂੰ ਸਮਝਣ ਅਤੇ ਉਸ ਦੀ ਪਰਖ ਜੋਖ ਲਈ ਕੁਝ ਮੂਲ ਸੂਤਰ ਦ੍ਰਿਸ਼ਟੀ ਅਧੀਨ ਰਹਿਣੇ ਚਾਹੀਦੇ ਹਨ: ਉਹ ਇੱਕੋ ਸਮੇਂ ਬਹੁ-ਵਿਧਾਵਾਂ ਵਿਚ ਰਚਨਾ ਕਰਦੀ ਹੈ; ਵਿਗਿਆਨ ਤੇ ਅੰਗਰੇਜ਼ੀ ਸਾਹਿਤ ਦੇ ਅਧਿਐਨ-ਅਧਿਆਪਨ ਨੇ ਉਸ ਦੀ ਸਿਰਜਣਾ ਨੂੰ ਮੂਲ ਆਧਾਰ ਮੁਹੱਈਆ ਕੀਤਾ ਹੈ; ਉਸ ਦੀ ਕਾਵਿਕ ਬਿਰਤੀ ਉਸ ਦੀਆਂ ਰਚਨਾਵਾਂ ਨੂੰ ਜਜ਼ਬਾਤੀ ਰੰਗ ਵਿਚ ਰੰਗਦੀ ਹੈ ਅਤੇ ਵਿਗਿਆਨਕ ਬਿਰਤੀ ਇਸ ਸਭ ਕੁਝ ਨੂੰ ਬੇਲਗਾਮ ਹੋਣ ਤੋਂ ਰੋਕਦੀ ਹੈ; ਉਸ ਦੀਆਂ ਕੁਝ ਕਹਾਣੀਆਂ ਜਿਵੇਂ 'ਗੁਲਾਬੋ', 'ਇੱਕ ਹੋਰ ਲੂਣਾ', 'ਸ਼ਿਵ ਦੀ ਗੌਰਜਾਂ', 'ਅਗਨ ਕੁੰਡ', 'ਕੈਨੇਡੀਅਨ ਕੂੰਜਾਂ', 'ਵਜੂਦ ਦੀ ਤਲਾਸ਼', 'ਲਿਵ ਇਨ ਰਿਲੇਸ਼ਨਸ਼ਿਪ', 'ਰਿਸ਼ਤਿਆਂ ਦਾ ਘਾਣ', 'ਅੱਕ ਦਾ ਬੂਟਾ' ਤੇ 'ਸੂਲਾਂ' ਨੇ ਉਸ ਨੂੰ ਪੰਜਾਬੀ ਕਹਾਣੀ ਦੇ ਖੇਤਰ ਵਿਚ ਗੌਲਣਯੋਗ ਬਣਾਇਆ ਹੈ। ਉਸ ਦੇ ਪੰਜ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਦੇ ਰਚੇ ਪੰਜ ਨਾਵਲਾਂ ਵਿਚੋਂ ਵਿਗਿਆਨਕ ਗਲਪ ਨਾਲ ਸਬੰਧਿਤ ਦੋ ਨਾਵਲ ਉਸ ਦੀ ਅਦਬੀ ਸ਼ਖ਼ਸੀਅਤ ਨੂੰ ਨਿਵੇਕਲੀ ਪਛਾਣ ਮੁਹੱਈਆ ਕਰਵਾਉਂਦੇ ਹਨ ਅਤੇ ਉਸ ਦੀ ਵਾਰਤਕ, ਖ਼ਾਸ ਕਰ ਲੇਖ ਰਚਨਾ ਅਜੋਕੇ ਸੁਲਗਦੇ ਮਸਲਿਆਂ ਨਾਲ ਆਪਣਾ ਰਾਬਤਾ ਸਥਾਪਿਤ ਕਰਦੀ ਦਿਖਾਈ ਦਿੰਦੀ ਹੈ।




*ਗੁਰਚਰਨ ਕੌਰ ਥਿੰਦ ਦੀ ਕਿਤਾਬ 'ਸਮਾਜ ਤੇ ਸੱਭਿਆਚਾਰ ਦੀ ਗਾਥਾ'।*

ਗੁਰਚਰਨ ਕੌਰ ਥਿੰਦ ਦਾ ਪਹਿਲਾ ਲੇਖ ਸੰਗ੍ਰਹਿ 'ਸਾਡੇ ਪਿੱਪਲਾਂ ਦੀ ਠੰਢੀ ਠੰਢੀ ਛਾਂ' 2012 ਵਿਚ ਪ੍ਰਕਾਸ਼ਿਤ ਹੋਇਆ। ਅਠਾਈ ਲੇਖਾਂ ਦੇ ਇਸ ਸੰਗ੍ਰਹਿ ਵਿਚ ਉਸ ਨੇ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਧਰਮ ਨਾਲ ਸਬੰਧਿਤ ਮਸਲਿਆਂ ਤੇ ਸਰੋਕਾਰਾਂ ਨੂੰ ਇੱਕ ਫ਼ਾਸਲੇ ਉੱਪਰ ਖਲੋ ਕੇ ਸਮਝਣ ਅਤੇ ਆਪਣੇ ਨਜ਼ਰੀਏ ਨੂੰ ਸਰਲ ਅਤੇ ਸਪੱਸ਼ਟ ਢੰਗ ਨਾਲ ਪਾਠਕਾਂ ਤੱਕ ਅੱਪੜਦਿਆਂ ਕਰਨ ਦਾ ਯਤਨ ਕੀਤਾ ਹੈ। ਉਸ ਦਾ ਅਨੁਭਵ, ਗਿਆਨ, ਤਾਰਕਿਕ ਦ੍ਰਿਸ਼ਟੀ ਅਤੇ ਪਾਰਦਰਸ਼ੀ ਭਾਸ਼ਾ ਇੱਕ ਦੂਸਰੇ ਦੇ ਸੰਗ ਸਾਥ ਵਿਚਰਦੇ ਦਿਖਾਈ ਦਿੰਦੇ ਹਨ। ਆਪਣੀ ਸੂਖ਼ਮ ਤੇ ਬਾਰੀਕ ਸੋਚਣੀ ਨਾਲ ਪਹਿਲਾਂ ਉਹ ਵਰਤਾਰਿਆਂ ਪਿੱਛੇ ਛੁਪੀ ਹਕੀਕਤ ਨੂੰ ਪਛਾਣਦੀ, ਭੇਖ ਨੂੰ ਉਜਾਗਰ ਕਰਦੀ ਅਤੇ ਸੱਚ ਨੂੰ ਪ੍ਰਗਟਾਉਣ ਦੀ ਜੁਰਅਤ ਕਰਦੀ ਹੈ। ਇਸ ਪੁਸਤਕ ਵਿਚੋਂ ਉਸ ਦੀ ਪਾਖੰਡਵਾਦ ਸਾਹਵੇਂ ਸਵਾਲੀਆ ਨਿਸ਼ਾਨ ਲਗਾਉਣ ਦੀ ਬੇਬਾਕੀ ਤੇ ਜੁਰਅਤ ਦਿਖਾਈ ਦਿੰਦੀ ਹੈ; ਮਿਸਾਲ ਵਜੋਂ "ਮਨੁੱਖ ਨੇ ਵੱਖ-ਵੱਖ ਧਾਰਮਿਕ ਬਾਣੇ ਪਾ ਆਪਣੇ ਬਾਹਰੀ ਰੂਪ ਤੇ ਦਿੱਖ ਨੂੰ ਬਦਲ ਕੇ ਲੱਗਦਾ ਹੈ, ਰੱਬ ਨੂੰ ਵੀ ਭੰਬਲਭੂਸੇ ਵਿਚ ਪਾ ਦਿੱਤਾ ਹੈ। ਅੱਜ ਸੱਚ ਦਾ ਨਹੀਂ, ਦਿਖਾਵੇ ਦਾ ਰਾਜ ਹੈ। ਭਲਾ ਇੱਕ ਧਰਮੀ ਪੁਰਸ਼ ਨੂੰ ਬੰਦੂਕਾਂ, ਪਿਸਤੌਲਾਂ ਤੇ ਬਾਡੀਗਾਰਡਾਂ ਦੀ ਕੀ ਲੋੜ ਹੈ?" ਇਸ ਟੂਕ ਦੇ ਅੰਤ ਉੱਪਰ ਦਰਜ ਸਵਾਲੀਆ ਨਿਸ਼ਾਨ ਧਾਰਮਿਕ ਵਰਤਾਰਿਆਂ ਨੂੰ ਝੱਟ ਹੀ ਸਮਝਣਯੋਗ ਬਣਾ ਦਿੰਦਾ ਹੈ। ਇਨ੍ਹਾਂ ਲੇਖਾਂ ਦਾ ਮਹੱਤਵ ਦਿਸਦੇ ਪਿੱਛੇ ਛੁਪੀ ਹਕੀਕਤ ਨੂੰ ਉਜਾਗਰ ਕਰਨ ਵਿਚ ਹੀ ਲੁਕਿਆ ਹੋਇਆ ਹੈ।

ਗੁਰਚਰਨ ਕੌਰ ਥਿੰਦ ਦਾ ਨਵਾਂ ਲੇਖ ਸੰਗ੍ਰਹਿ 'ਸਮਾਜ ਤੇ ਸੱਭਿਆਚਾਰ ਦੀ ਗਾਥਾ' ਉਸ ਦੇ ਪਹਿਲੇ ਲੇਖ ਸੰਗ੍ਰਹਿ ਨਾਲ ਲਗਾਤਾਰਤਾ ਦੇ ਰਿਸ਼ਤੇ ਵਿਚ ਬੱਝਾ ਹੋਇਆ ਹੈ। ਇੱਥੇ ਵੀ ਸਥਾਨਕ ਅਤੇ ਆਲਮੀ ਪੱਧਰ ਦੇ ਮਸਲਿਆਂ ਨੂੰ ਉਠਾਉਂਦੀ, ਉਨ੍ਹਾਂ ਦੀਆਂ ਮਹੱਤਵਪੂਰਨ ਪਰਤਾਂ ਤੇ ਪਾਸਾਰਾਂ ਨੂੰ ਉਭਾਰਦੀ ਅਤੇ ਬੜੇ ਸਰਲ, ਸਪੱਸ਼ਟ ਤੇ ਪਾਰਦਰਸ਼ੀ ਢੰਗ ਨਾਲ ਪਾਠਕਾਂ ਤੱਕ ਅੱਪੜਦਿਆਂ ਕਰਦੀ ਹੈ। ਸਮਝਣਾ-ਸਮਝਾਉਣਾ ਅਤੇ ਕਾਰਨ ਕਾਰਜ ਵਿਧੀ ਨੂੰ ਹੱਥੋਂ ਨਾ ਛੁੱਟਣ ਦੇਣਾ ਇਨ੍ਹਾਂ ਲੇਖਾਂ ਵਿਚੋਂ ਸਾਫ਼ ਨਜ਼ਰ ਪੈਂਦਾ ਹੈ। ਸਵਾਲ ਹੈ: ਮਸਲਿਆਂ ਪ੍ਰਤੀ ਸਮਝ ਨੂੰ ਲੇਖਕਾ ਕਿਸ ਤੱਕ ਪਹੁੰਚਾਉਣਾ ਚਾਹੁੰਦੀ ਹੈ? ਉੱਤਰ ਹੈ: ਉੱਥੋਂ ਦੀ ਨਵੀਂ ਪੀੜ੍ਹੀ ਤੱਕ ਵੀ ਅਤੇ ਆਮ ਸਾਧਾਰਨ ਪਾਠਕਾਂ ਤੱਕ ਵੀ। ਅਜਿਹੀ ਸਮਝ ਹੀ ਪਾਠਕ ਨੂੰ ਗੱਪਸ਼ੱਪ ਤੋਂ ਅਗਾਂਹ ਤੱਥਾਂ ਅਤੇ ਗਿਆਨ/ਸਮਝ ਦੇ ਰਾਹ ਉੱਪਰ ਤੋਰ ਸਕਦੀ ਹੈ। ਇਸ ਪੁਸਤਕ ਵਿਚਲੇ ਅਲਪਕਾਰੀ ਲੇਖ ਭਾਸ਼ਾ, ਮਾਂ ਬੋਲੀ, ਸੱਭਿਆਚਾਰ, ਘਰ ਪਰਿਵਾਰ, ਇਸਤਰੀ, ਲੋਕ ਨਾਇਕਾਂ ਅਤੇ ਕਿਸਾਨ ਅੰਦੋਲਨ ਦੇ ਇਰਦ ਗਿਰਦ ਘੁੰਮਦੇ ਹਨ। ਜਾਪਦਾ ਹੈ ਕਿ ਕੈਨੇਡਾ ਦੀ ਧਰਤੀ ਉੱਪਰ ਵੱਸੀ ਲੇਖਕਾ ਇੱਥੋਂ ਦੇ ਮਸਲਿਆਂ ਅਤੇ ਫ਼ਿਕਰਾਂ ਤੋਂ ਮੁਕਤੀ ਦਾ ਹੱਲ ਸੁਝਾਅ ਇਸ ਸੋਹਣੀ ਧਰਤ ਅਤੇ ਇੱਥੇ ਵੱਸਦੇ ਲੋਕਾਂ ਦੀ ਖ਼ੈਰ-ਸੁੱਖ ਵੀ ਮੰਗਦੀ ਹੈ। ਉਹ ਇਨ੍ਹਾਂ ਮਸਲਿਆਂ ਅਤੇ ਫ਼ਿਕਰਾਂ ਤੋਂ ਪਰਦੇਸ ਵੱਸੀ ਨਵੀਂ ਪੀੜ੍ਹੀ ਨੂੰ ਵਾਕਿਫ਼ ਵੀ ਕਰਵਾਉਣਾ ਲੋਚਦੀ ਹੈ ਅਤੇ ਇਨ੍ਹਾਂ ਦੀ ਮਾਂ ਬੋਲੀ ਦੀ ਗੱਲ ਕਰਦੀ ਹੈ ਤਾਂ ਉਹ ਸਿਰਫ਼ ਚੜ੍ਹਦੇ ਪੰਜਾਬ ਦੇ ਪਾਠਕਾਂ ਨੂੰ ਹੀ ਮੁਖ਼ਾਤਬ ਨਹੀਂ ਹੁੰਦੀ ਸਗੋਂ ਲਹਿੰਦੇ ਅਤੇ ਪਰਦੇਸੀ ਪਾਠਕਾਂ ਨਾਲ ਵੀ ਸੰਵਾਦ ਰਚਾਉਂਦੀ ਹੈ। ਨੌਂ ਕਰੋੜ ਪੰਜਾਬੀਆਂ ਦੇ ਲਹਿੰਦੇ ਪੰਜਾਬ ਦੇ ਹਾਲ ਤੋਂ ਵੀ ਉਹ ਵਾਕਿਫ਼ ਹੈ ਕਿ ਉੱਧਰ ਅੰਗਰੇਜ਼ੀ ਬੋਲਣਾ ਤੇ ਪੜ੍ਹਨਾ ਲਿਖਣਾ ਉੱਚ-ਵਰਗ ਦੀ, ਉਰਦੂ ਬੋਲਣਾ ਮੱਧ ਵਰਗ ਦੀ ਅਤੇ ਪੰਜਾਬੀ ਜਾਂ ਹੋਰ ਖੇਤਰੀ ਭਾਸ਼ਾ ਬੋਲਣਾ ਅਨਪੜ੍ਹ-ਗੰਵਾਰ ਦੀ ਪਛਾਣ ਸਮਝਿਆ ਜਾਂਦਾ ਹੈ। ਉਹ ਵਾਕਿਫ਼ ਹੈ ਕਿ ਦੋਵਾਂ ਪੰਜਾਬਾਂ 'ਚ ਮਾਂ ਬੋਲੀ ਪੰਜਾਬੀ ਨਾਲ ਮਤਰੇਈ ਮਾਂ ਵਾਲਾ ਅਤੇ ਪਰਦੇਸਾਂ ਵਿਚ ਓਪਰਾ ਤੇ ਦਿਖਾਵੇ ਦਾ ਹੇਜ ਕੀਤਾ ਜਾਂਦਾ ਹੈ। ਮਾਂ ਬੋਲੀ ਦੀ ਦਸ਼ਾ ਤੇ ਦਿਸ਼ਾ, ਭਵਿੱਖ, ਪ੍ਰਚਾਰ ਤੇ ਪਾਸਾਰ ਅਤੇ ਮਹੱਤਵ ਸਬੰਧੀ ਇਸ ਪੁਸਤਕ ਵਿਚ ਪੜ੍ਹਨਯੋਗ ਮਜ਼ਮੂਨ ਦਰਜ ਹਨ।

ਅਜੋਕੇ ਮਨੁੱਖ, ਸਮਾਜ ਤੇ ਸੱਭਿਆਚਾਰ ਦੀ ਗਾਥਾ ਦੇ ਅਤੀਤ, ਵਰਤਮਾਨ ਤੇ ਭਵਿੱਖ ਨੂੰ ਪ੍ਰਗਟਾਉਂਦੀ ਇਹ ਰਚਨਾ ਮਨੁੱਖ ਹੱਥੋਂ ਹੋ ਰਹੀ ਮਨੁੱਖ ਦੀ ਲੁੱਟ, ਆਰਥਿਕ ਅਸਮਾਨਤਾ, ਮੰਡੀ, ਮੁਨਾਫ਼ੇ ਤੇ ਮੁਕਾਬਲੇ ਦੀ ਖੇਡ ਅਤੇ ਕਾਰਪੋਰੇਟ ਸੈਕਟਰ ਦੀ ਲੋਟੂ ਬਿਰਤੀ ਨੂੰ ਵੀ ਉਜਾਗਰ ਕਰਦੀ ਹੈ। ਇਸ ਕੋਣ ਤੋਂ ਇਸ ਪੁਸਤਕ ਵਿਚਲੇ ਮਜ਼ਮੂਨ ਸਾਧਾਰਨ, ਲੁੱਟੇ-ਲਤਾੜੇ ਅਤੇ ਵਾਂਝੇ ਵਰਗ ਦੀ ਪੀੜਾ ਨਾਲ ਖੜ੍ਹਦੇ ਹਨ। ਇਨ੍ਹਾਂ ਵਿਚਲਾ ਆਲਮੀ ਨਜ਼ਰੀਆ ਭਾਸ਼ਾ, ਅਖੌਤੀ ਧਰਮ, ਜਾਤ, ਨਸਲ ਅਤੇ ਰੰਗ ਤੋਂ ਉੱਪਰ ਵਿਚਰ ਆਜ਼ਾਦ ਮਨੁੱਖ ਅਤੇ ਮਨੁੱਖਤਾ ਦਾ ਭਲਾ ਲੋਚਣ ਵਾਲੇ ਮਨੁੱਖ ਦਾ ਹੈ। ਲੇਖਕਾ ਆਪਣੀ ਗੱਲ ਨੂੰ ਗੋਲਮੋਲ, ਵਿੰਗੇ-ਟੇਢੇ, ਅਸਪੱਸ਼ਟ ਅਤੇ ਬਹੁ-ਅਰਥੀ ਢੰਗ ਨਾਲ ਨਹੀਂ ਸਗੋਂ ਸਾਫ਼-ਸ਼ਫ਼ਾਫ਼ ਅਤੇ ਪਾਰਦਰਸ਼ੀ ਢੰਗ ਨਾਲ ਆਖਦੀ ਹੈ। ਤੱਥ, ਅੰਕੜੇ, ਰਿਪੋਰਟਾਂ, ਪ੍ਰਸ਼ਨ ਅਤੇ ਸੰਵਾਦ ਉਸ ਦੀ ਤਾਰਕਿਕ ਅਤੇ ਵਿਗਿਆਨਕ ਸ਼ੈਲੀ ਅਤੇ ਨਜ਼ਰੀਏ ਦੇ ਸ਼ਕਤੀਸ਼ਾਲੀ ਹਥਿਆਰ ਹਨ। ਇਹੋ ਤਾਂ ਇਸ ਰਚਨਾ ਵਿਚਲੇ ਲੇਖਾਂ ਦੀ ਪ੍ਰਾਪਤੀ ਹੈ।

### ਔਰਤਾਂ ਦੇ ਸਰੋਕਾਰਾਂ ਦੀ ਵਿਥਿਆ

*ਔਰਤ ਚਾਹੇ ਵਿਸ਼ਵ ਦੇ ਕਿਸੇ ਵੀ ਕੋਨੇ ਉੱਪਰ ਵੱਸਦੀ ਹੋਵੇ, ਉਸ ਦੀ ਸਥਿਤੀ ਸੰਕਟਾਂ, ਅਤੀਤ, ਵਰਤਮਾਨ ਅਤੇ ਭਵਿੱਖ ਦੇ ਸਰੋਕਾਰਾਂ ਨੂੰ ਗੁਰਚਰਨ ਕੌਰ ਥਿੰਦ ਮਨੋਂ ਨਹੀਂ ਵਿਸਾਰਦੀ। 'ਦ੍ਰੋਪਦੀ- ਭਾਰਤੀ ਰਵਾਇਤਾਂ ਅਤੇ ਸੱਭਿਆਚਾਰ ਦੀ ਪ੍ਰਤੀਕ', 'ਸੋ ਕਿਉਂ ਮੰਦਾ ਆਖੀਐ ਜਿਤੁ ਜੰਮਿਹ ਰਾਜਾਨ' ਅਤੇ ਘਰੇਲੂ ਹਿੰਸਾ ਵਿਸ਼ੇ ਨੂੰ ਆਪਣੇ ਕਲਾਵੇ ਵਿਚ ਲੈਂਦੇ ਮਜ਼ਮੂਨ ਉਸ ਦੇ ਅਜਿਹੇ ਸਰੋਕਾਰਾਂ ਨੂੰ ਹੀ ਪ੍ਰਗਟਾਉਂਦੇ ਹਨ। ਉਹ ਇਤਿਹਾਸ ਅਤੇ ਗ੍ਰੰਥਾਂ ਵਿਚ ਲੁਕੇ ਸੱਚ ਦੇ ਤੋਤਾ ਰਟਨ ਦੀ ਬਜਾਇ ਉਸ ਨੂੰ ਸਮਝਣ ਅਤੇ ਉਸ ਉੱਪਰ ਅਮਲ ਕਰਨ ਲਈ ਆਖਦੀ ਹੈ। ਘਰੇਲੂ ਹਿੰਸਾ ਕਾਰਨ ਹੋ ਰਹੇ ਰਿਸ਼ਤਿਆਂ ਦੇ ਘਾਣ ਅਤੇ ਹੋ ਰਹੀ ਪਰਿਵਾਰਾਂ ਦੀ ਟੁੱਟ-ਭੱਜ ਸਬੰਧੀ ਉਸ ਦੀ ਚਿਤਾਵਨੀ ਸਮੇਂ ਦਾ ਹਾਣੀ ਫ਼ਿਕਰ ਹੈ।*

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਜੂਨ 2024 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-644



*ਬਿਚਾਰਾ ਨਾ.ਲ ਮੁਸ਼ੱਕਤ ਭੱਜ ਗਿਆ, ਜਾਪਦਾ ਹੈ ਹੋਇਆ ਚਕਨਾਚੂਰ,*
*ਮਿੱਟੀ ਵਿਚ ਮਿੱਟੀ ਹੈ ਹੋਇਆ ਪਿਆ, ਹਾਲਾਤ ਹੱਥੋਂ ਹੈ ਡਾਢਾ ਮਜਬੂਰ।*
*ਜ਼ਰਾ ਅਰਾਮ ਕਰਨ ਨੂੰ ਬਹਿ ਗਿਆ, ਪਰ ਨੀਂਦ ਅੱਗੇ ਨਾ ਚੱਲੇ ਜ਼ੋਰ,*
*ਹੋਇਆ ਬੇਖ਼ਬਰ ਸਿਖਰ ਦੁਪਹਿਰ ਤੋਂ, ਹੁਣ ਨਾ ਸੇਕ ਪੋਂਹਦਾ ਨਾ ਸ਼ੋਰ।*

## ਕੈਪਸ਼ਨ ਮੁਕਾਬਲਾ-642



ਪੈਰਾਂ ਤੋਂ ਨੂੜੀ ਅਬਲਾ ਨਾਰੀ।
ਗੁਲਾਮ ਜ਼ਿੰਦਗੀ ਸੀ ਪਰਬਤੋਂ ਭਾਰੀ।
ਤੋੜੀਏ ਜ਼ੰਜੀਰਾਂ, ਮਨ ਲੋਚਿਆ ਆਜ਼ਾਦੀ।
ਮਰ ਮਿਟਣ ਦੀ
ਸਭ ਨੇ ਕਸਮ ਸੀ ਖਾਧੀ।
ਸਿਰਲੱਥਾਂ ਦਾ ਖ਼ੂਨ,
ਫਿਰ ਰੰਗ ਲਿਆਇਆ।
ਟੁੱਟੀਆਂ ਜ਼ੰਜੀਰਾਂ,
'ਮੁਕਤੀ' ਪਰਚਮ ਲਹਿਰਾਇਆ।
***-ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

---

ਪ੍ਰਭੂ ਨੇ ਜਗ ਰਚਨਾ ਦੇ
ਨਰ ਤੇ ਮਾਦਾ ਪਹਿਲੂ ਬਣਾਏ
ਇਕ ਹੱਲਾਸ਼ੇਰੀ ਦੇਵੇ
ਦੂਸਰਾ ਬਹਾਦਰੀ ਦਿਖਾਏ
ਔਰਤ ਸੀ ਨਾਜ਼ੁਕ
ਤਾਕਤ ਵਾਲੇ ਨੇ ਸੰਗਲ ਪਾਏ
ਤਾਂ ਕਿ ਹੋਰ ਨਾ ਕੋਈ ਅੱਖ ਮਿਲਾਏ।
ਆਧੁਨਿਕ ਯੁੱਗ 'ਚ
ਬੰਦੇ ਨੂੰ ਸਮਝ ਆਈ
ਪਿਆਰ ਕਬਜ਼ਾ ਨਹੀਂ
ਪਹਿਚਾਣ ਹੈ ਭਾਈ
ਖੁੱਲ੍ਹੇ ਦਿਲ ਵਾਲੇ ਜ਼ੰਜੀਰਾਂ ਨ੍ਹੀਂ ਪਾਉਂਦੇ
ਦੋਨੋਂ ਰਲ ਅਸਮਾਨੀਂ ਉਡਾਈ ਲਾਉਂਦੇ।
***-ਅਮਰਜੀਤ ਸਿੰਘ ਤੂਰ***
***ਫੋਨ: 94784-69639***

---

ਪਾ ਕੇ ਤੇਰੇ ਪੈਰੀਂ ਬੇੜੀਆਂ,
ਰੱਖਿਆ ਹੈ ਮੁੱਢ ਕਦੀਮਾਂ ਤੋਂ,
ਪਾ ਝਾਂਜਰ, ਚੂੜੀ, ਪਰਦਾ,
ਵਾਰੇ ਬੰਦੇ ਦੀਆਂ ਸਕੀਮਾਂ ਤੋਂ।
ਕਰੀ ਸ਼ੱਕ ਹਰ ਕਦਮ 'ਤੇ,
ਕੈਦਣ ਜੋ ਚਾਰ ਦੀਵਾਰੀ ਦੀ,
ਇਹ ਕਹਾਣੀ ਔਰਤ ਦੀ,
ਧੀ, ਮਾਂ, ਭੈਣ ਦੁਖਿਆਰੀ ਦੀ।
***-ਸੇਵਾ ਸਿੰਘ 'ਨੂਰਪੁਰੀ'***
***ਫ਼ੋਨ 408-912-3438***


---

ਔਰਤ ਤਾਈਂ ਵਸਤ ਬਣਾ ਕੇ
ਮਰਜ਼ੀ ਮਰਦ ਪੁਗਾਉਂਦਾ ਆਇਆ।
ਆਪਣੀ ਧੌਂਸ ਜਮਾਵਣ ਖਾਤਰ
ਉਹਨੂੰ ਗੁਲਾਮ ਬਣਾਉਂਦਾ ਆਇਆ।
ਬੰਨ੍ਹ ਕੇ ਉਸਨੂੰ ਰੱਖਣ ਦੇ ਲਈ
ਪੈਰੀਂ ਬੇੜੀ ਪਾਉਂਦਾ ਆਇਆ।
ਪਰ ਦਰਦੀ ਕੋਈ ਬਣ ਸੂਰਮਾ
ਪੈਰੋਂ ਸੰਗ.ਲ ਲਾਹੁੰਦਾ ਆਇਆ।
***-ਜਗਮੀਤ ਸਿੰਘ ਪੰਧੇਰ***

---

ਮੁਹੱਬਤਾਂ 'ਚ ਝੂਠੇ ਵਾਇਦੇ
ਝੂਠੀਆਂ ਤੰਗ ਦਿਲੀਆਂ
ਨਤੀਜੇ ਸਾਬਿਤ ਹੁੰਦੇ ਵਾਂਗ ਜ਼ੰਜੀਰਾਂ ਦੇ
ਇਕ ਧਾਰਨਾ ਇਹ ਵੀ ਹੈ
ਇਸ਼ਕ ਦਾ ਬੱਧਾ ਕਦੇ ਨਾ ਛੁੱਟਦਾ ਓ
ਕੈਦੀ ਛੁੱਟ ਜਾਂਦੇ ਕੈਦਖਾਨਿਆਂ ਦੇ
ਇਸ਼ਕ 'ਚ ਅੰਨ੍ਹੇ ਮ
ਾਨਸਿਕ ਸੰਤੁਲਨ ਗੁਆ ਬਹਿੰਦੇ
ਦੂਜੇ ਉਹ ਵੀ ਹਨ
ਜੋ ਲੋਕ ਤੋਂ ਪੈਰਾਂ ਤੱਕ ਜਕੜੇ ਬੇੜੀਆਂ ਨਾਲ
ਦੇਸ਼ ਭਗਤ ਗਦਰੀ ਜਾਂ ਸੰਘਰਸ਼ਸ਼ੀਲ
ਛਣਕਾ ਜ਼ੰਜੀਰਾਂ ਸੰਗੀਤ ਪੈਦਾ ਕਰਦੇ।
***-ਦਰਸ਼ਨ ਪਾਲ ਦੋਸਾਂਝ***

# ਪੰਜਾਬ ਦਾ ਆਰਥਿਕ ਕਾਇਆ-ਕਲਪ ਕਿਵੇਂ ਹੋਵੇ?



ਡਾ. ਸ.ਸ. ਛੀਨਾ

ਉਘੇ ਅਰਥ ਸ਼ਾਸਤਰੀ ਡਾ. ਕੇ.ਐਨ. ਰਾਜ ਜਿਹੜੇ ਲੰਮਾ ਸਮਾਂ ਯੋਜਨਾ ਕਮਿਸ਼ਨ ਦੀਆਂ ਨੀਤੀਆਂ ਨਾਲ ਸਬੰਧਿਤ ਰਹੇ ਅਤੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੇ ਸਲਾਹਕਾਰਾਂ 'ਚ ਮੁੱਖ ਸਨ, ਦੇ ਇਹ ਵਿਚਾਰ ਸਨ ਕਿ ਦੇਸ਼ ਨੂੰ ਉਦਯੋਗਿਕ ਤੌਰ 'ਤੇ ਵਿਕਸਤ ਹੋਣ ਲਈ ਲੋੜੀਂਦੇ ਕੱਚੇ ਮਾਲ ਵਾਸਤੇ ਆਤਮ-ਨਿਰਭਰ ਹੋਣਾ ਚਾਹੀਦਾ ਹੈ। ਕਿਸੇ ਵੇਲੇ ਪੰਜਾਬ ਜੋ ਖੇਤੀ ਵਿਚ ਸਭ ਤੋਂ ਵਿਕਸਤ ਸੂਬਾ ਸੀ, ਉਦਯੋਗਾਂ 'ਚ ਵੀ ਬਹੁਤ ਅੱਗੇ ਸੀ। 1960 ਤੋਂ ਪਹਿਲਾਂ ਇਸ ਦਾ ਗਰਮ ਕੱਪੜਾ ਵਿਦੇਸ਼ਾਂ ਵਿਚ ਜਾ ਕੇ ਵਿਕਦਾ ਸੀ ਭਾਵੇਂ ਉਸ ਲਈ ਉੱਨ ਆਸਟਰੇਲੀਆ ਅਤੇ ਨਿਊਜ਼ੀਲੈਂਡ ਤੋਂ ਮੰਗਵਾਇਆ ਜਾਂਦਾ ਸੀ। ਰੇਸ਼ਮੀ ਕੱਪੜੇ ਦੀਆਂ ਇਕੱਲੇ ਅੰਮ੍ਰਿਤਸਰ ਵਿਚ ਹੀ 1200 ਦੇ ਕਰੀਬ ਇਕਾਈਆਂ ਸਨ। ਬਟਾਲਾ, ਗੁਰਾਇਆ ਅਤੇ ਗੋਬਿੰਦਗੜ੍ਹ ਵਿਚ ਮੋਟਰ ਸਪੇਅਰ ਪਾਰਟਸ ਅਤੇ ਮਸ਼ੀਨਾਂ ਬਣ ਕੇ ਦੇਸ਼-ਵਿਦੇਸ਼ ਵਿਚ ਵਿਕਦੀਆਂ ਸਨ ਹਾਲਾਂਕਿ ਇਸ ਲਈ ਵੀ ਕੱਚਾ ਮਾਲ 1200 ਕਿਲੋਮੀਟਰ ਦੀ ਦੂਰੀ ਤੋਂ ਮੰਗਵਾਇਆ ਜਾਂਦਾ ਸੀ ਪਰ 1970 ਤੋਂ ਬਾਅਦ ਪੰਜਾਬ 'ਚੋਂ ਉਦਯੋਗ ਘਟਦੇ ਗਏ ਅਤੇ ਨਵੇਂ ਉਦਯੋਗ ਲੱਗਣ ਦੀ ਰਫ਼ਤਾਰ ਵੀ ਬਹੁਤ ਘਟ ਗਈ। ਹੁਣ ਹਾਲਤ ਇਹ ਹੈ ਕਿ ਇਸ ਦਾ ਗਰਮ ਤੇ ਰੇਸ਼ਮੀ ਕੱਪੜਾ ਅਤੇ ਮਸ਼ੀਨਾਂ ਦੀਆਂ ਉਦਯੋਗਿਕ ਇਕਾਈਆਂ ਬਿਲਕੁਲ ਬੰਦ ਹੋ ਗਈਆਂ ਹਨ ਅਤੇ ਪੰਜਾਬ ਵਿਚ ਫੈਲੀ ਬੇਰੁਜ਼ਗਾਰੀ ਦਾ ਮੁੱਖ ਕਾਰਨ ਇਸ ਦਾ ਉਦਯੋਗਿਕ ਵਿਕਾਸ ਰੁਕ ਜਾਣਾ ਹੈ।

ਪੰਜਾਬ ਵਿਚ ਜਿਹੜੀ ਵੀ ਸਰਕਾਰ ਆਈ, ਉਸ ਨੇ ਉਦਯੋਗਿਕ ਵਿਕਾਸ ਲਈ ਯਤਨ ਕੀਤੇ। ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਕਈ ਤਰ੍ਹਾਂ ਦੀਆਂ ਸਹੂਲਤਾਂ ਦੀਆਂ ਪੇਸ਼ਕਸ਼ਾਂ ਕੀਤੀਆਂ ਪਰ ਉਦਯੋਗਿਕ ਵਿਕਾਸ ਵਿਚ ਇੰਨੀ ਵੱਡੀ ਖੜੋਤ ਆ ਗਈ ਹੈ ਕਿ ਇਹ ਜ਼ਰੂਰੀ ਬਣਦਾ ਹੈ ਕਿ ਇਸ ਦੇ ਮੁੱਢਲੇ ਕਾਰਨਾਂ ਦੀ ਪਛਾਣ ਕਰ ਕੇ ਉਹ ਯਤਨ ਕੀਤੇ ਜਾਣ ਜਿਸ ਨਾਲ ਵਿਕਾਸ ਦੀ ਰੁਕਾਵਟ ਖ਼ਤਮ ਹੋ ਜਾਵੇ। ਹੁਣ ਫਿਰ ਉਸ ਅਰਥ ਸ਼ਾਸਤਰੀ ਡਾ. ਕੇ.ਐਨ. ਰਾਜ ਦੇ ਉਹ ਸ਼ਬਦ ਯਾਦ ਆਉਂਦੇ ਹਨ ਕਿ ਉਦਯੋਗਾਂ ਲਈ ਕੱਚੇ ਮਾਲ ਵਾਸਤੇ ਆਤਮ-ਨਿਰਭਰ ਹੋਣਾ ਬਹੁਤ ਜ਼ਰੂਰੀ ਹੈ। ਪੰਜਾਬ ਤੋਂ ਭਾਵੇਂ ਹਰ ਸਾਲ 20 ਹਜ਼ਾਰ ਕਰੋੜ ਰੁਪਏ ਦੇ ਕਰੀਬ ਬਾਸਮਤੀ ਦੀ ਬਰਾਮਦ ਤਾਂ ਕੀਤੀ ਜਾਂਦੀ ਹੈ, ਫਿਰ ਵੀ ਆਮ ਝੋਨੇ ਦੀ ਬਜਾਇ ਬਾਸਮਤੀ ਅਧੀਨ ਖੇਤਰ ਨਹੀਂ ਵਧ ਰਿਹਾ। ਉਦਯੋਗਿਕ ਤੌਰ 'ਤੇ ਵਿਕਸਤ ਦੇਸ਼ਾਂ ਵਿਚ ਉਥੇ ਮਿਲਣ ਵਾਲੇ ਕੱਚੇ ਮਾਲ 'ਤੇ ਆਧਾਰਿਤ ਜਿਹੜੇ ਵੀ ਉਦਯੋਗ ਲਾਏ ਗਏ ਹਨ, ਉਨ੍ਹਾਂ ਨੂੰ ਬਹੁਤ ਘੱਟ ਲਾਗਤ 'ਤੇ ਉਤਪਾਦਿਤ ਕਰ ਕੇ ਦੇਸ਼ਾਂ-ਵਿਦੇਸ਼ਾਂ ਵਿਚ ਵੇਚਿਆ ਗਿਆ ਹੈ।



ਪੰਜਾਬ ਵਿਚ ਸਭ ਤੋਂ ਆਸਾਨੀ ਨਾਲ ਮਿਲਣ ਵਾਲਾ ਕੱਚਾ ਮਾਲ ਖੇਤੀ ਵਸਤੂਆਂ ਹਨ। ਪੰਜਾਬ ਕੋਲ ਭਾਵੇਂ ਭਾਰਤ ਦੇ ਕੁੱਲ ਖੇਤਰ ਦਾ ਸਿਰਫ਼ 1.5 ਫੀਸਦੀ ਹਿੱਸਾ ਹੈ ਪਰ ਦੇਸ਼ ਦੇ ਅੰਨ ਭੰਡਾਰਾਂ ਵਿਚ ਪੰਜਾਬ 60 ਫੀਸਦੀ ਦਾ ਹਿੱਸਾ ਪਾਉਂਦਾ ਰਿਹਾ ਹੈ। ਦੇਸ਼ ਵਿਚ ਪੈਦਾ ਹੋਣ ਵਾਲੀ ਕੁੱਲ ਕਣਕ ਵਿਚ 16 ਫੀਸਦੀ, ਕੁੱਲ ਝੋਨੇ ਵਿਚ 11 ਫੀਸਦੀ, ਕੁੱਲ ਕਪਾਹ ਵਿਚ 3.4 ਫੀਸਦੀ ਜਦੋਂਕਿ ਦੁੱਧ ਵਿਚ 7 ਫੀਸਦੀ ਹਿੱਸਾ ਪੰਜਾਬ ਦਾ ਹੈ; ਇਥੋਂ ਤਕ ਕਿ ਦੁਨੀਆ ਵਿਚ ਪੈਦਾ ਹੋਣ ਵਾਲੀ ਕਣਕ ਵਿਚ 2.3 ਫੀਸਦੀ, ਝੋਨੇ ਵਿਚ 2.5 ਫੀਸਦੀ ਅਤੇ ਕਪਾਹ ਵਿਚ 0.7 ਫੀਸਦੀ ਹਿੱਸਾ ਇਸ ਛੋਟੇ ਜਿਹੇ ਸੂਬੇ ਦਾ ਹੈ। ਦੁਨੀਆ ਭਰ ਵਿਚ ਖਾਸ ਕਰ ਕੇ ਵਿਕਸਤ ਦੇਸ਼ਾਂ ਵਿਚ, ਕੁੱਲ ਖੇਤੀ ਵਸਤੂਆਂ ਵਿਚੋਂ 86 ਫੀਸਦੀ ਵਸਤੂਆਂ ਨੂੰ ਖੇਤੀ ਆਧਾਰਿਤ ਉਦਯੋਗਾਂ ਵਿਚ ਤਿਆਰ ਵਸਤੂਆਂ ਦੇ ਰੂਪ ਵਿਚ ਬਣਾ ਕੇ ਵੇਚਿਆ ਜਾਂਦਾ ਹੈ ਜਦੋਂਕਿ ਪੰਜਾਬ ਦੇ ਵਿਕਸਤ ਖੇਤੀ ਸੂਬਾ ਹੋਣ ਦੇ ਬਾਵਜੂਦ ਸਿਰਫ਼ 12 ਫੀਸਦੀ ਵਸਤੂਆਂ ਨੂੰ ਹੀ ਖੇਤੀ ਆਧਾਰਿਤ ਉਦਯੋਗਾਂ ਵਿਚ ਤਿਆਰ ਕੀਤਾ ਜਾਂਦਾ ਹੈ।

ਕੁਝ ਸਾਲ ਪਹਿਲਾਂ ਮੈਨੂੰ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ ਦਾ ਪ੍ਰੋਜੈਕਟ ਮਿਲਿਆ ਸੀ ਕਿ ਇਹ ਖੋਜ ਕੀਤੀ ਜਾਵੇ ਕਿ ਪੰਜਾਬ ਵਿਚ ਖੇਤੀ ਆਧਾਰਿਤ ਉਦਯੋਗ ਵਿਕਸਤ ਕਿਉਂ ਨਹੀਂ ਹੋਏ। ਮੈਂ ਆਪਣੀ ਖੋਜ ਵਿਚ ਇਹ ਗੱਲ ਦੇਖੀ ਸੀ ਕਿ ਖੇਤੀ ਆਧਾਰਿਤ ਉਦਯੋਗ ਦੇ ਉਦਮੀ ਇਸ ਕਰ ਕੇ ਅੱਗੇ ਨਹੀਂ ਸਨ ਆ ਰਹੇ ਕਿਉਂ ਜੋ ਉਹ ਮਹਿਸੂਸ ਕਰਦੇ ਸਨ ਕਿ ਇਥੇ ਮਿਲਣ ਵਾਲੇ ਕੱਚੇ ਮਾਲ ਦੀ ਅਨਿਸ਼ਚਿਤਤਾ ਹੈ। ਉਹ ਵੱਡੀ ਰਕਮ ਦਾ ਨਿਵੇਸ਼ ਕਰ ਕੇ ਓਨਾ ਲਾਭ ਨਹੀਂ ਕਮਾ ਸਕਣਗੇ ਜਿੰਨਾ ਉਨ੍ਹਾਂ ਨਿਵੇਸ਼ ਕੀਤਾ ਹੈ। ਫਿਰ ਹਰ ਸਾਲ ਕਦੀ ਬਹੁਤ ਜ਼ਿਆਦਾ ਪਰ ਜ਼ਿਆਦਾ ਵਾਰ ਬਹੁਤ ਘੱਟ ਕੱਚਾ ਮਾਲ ਮਿਲਣ ਨਾਲ ਉਨ੍ਹਾਂ ਦੀ ਪੂੰਜੀ ਵਿਹਲੀ ਰਹੇਗੀ।

ਇਥੇ ਇਸ ਗੱਲ 'ਤੇ ਧਿਆਨ ਦੇਣ ਦੀ ਲੋੜ ਹੈ ਕਿ ਕਣਕ ਅਤੇ ਝੋਨੇ ਦੀਆਂ ਦੋ ਫਸਲਾਂ ਅਧੀਨ ਸੂਬੇ ਦਾ 70 ਫੀਸਦੀ ਰਕਬਾ ਆ ਗਿਆ ਹੈ। ਪਿਛਲੇ ਸਮੇਂ ਵਿਚ ਸਰਕਾਰ ਵੱਲੋਂ ਫਸਲ ਵਿਭਿੰਨਤਾ ਲਈ ਕੀਤੀਆਂ ਕੋਸ਼ਿਸ਼ਾਂ ਦੇ ਬਾਵਜੂਦ ਝੋਨੇ ਅਧੀਨ ਖੇਤਰ ਵਧ ਕੇ 32 ਲੱਖ ਹੈਕਟੇਅਰ ਜਾਂ 80 ਲੱਖ ਏਕੜ ਹੋ ਗਿਆ ਹੈ ਪਰ ਉਦਯੋਗਿਕ ਇਕਾਈਆਂ ਜਿਹੜੀਆਂ ਮੂੰਗਫਲੀ, ਸੂਰਜਮੁਖੀ, ਜੌਆਂ ਆਦਿ 'ਤੇ ਨਿਰਭਰ ਕਰਦੀਆਂ ਹਨ, ਉਨ੍ਹਾਂ ਅਧੀਨ ਖੇਤਰ ਲਗਾਤਾਰ ਘਟ ਰਿਹਾ ਹੈ। ਜੌਆਂ ਅਧੀਨ 1960-61 ਵਿਚ 66000 ਹੈਕਟੇਅਰ ਖੇਤਰ ਸੀ ਜਿਹੜਾ 2020-21 ਵਿਚ ਸਿਰਫ਼ 5900 ਹੈਕਟੇਅਰ ਰਹਿ ਗਿਆ। ਮੂੰਗਫਲੀ ਅਧੀਨ ਇਸ ਹੀ ਸਮੇਂ ਵਿਚ 67000 ਹੈਕਟੇਅਰ ਤੋਂ ਘਟ ਕੇ 1500 ਹੈਕਟੇਅਰ, ਸਰ੍ਹੋਂ ਅਧੀਨ 1 ਲੱਖ 7 ਹਜ਼ਾਰ ਹੈਕਟੇਅਰ ਤੋਂ ਘਟ ਕੇ 31000 ਹੈਕਟੇਅਰ ਅਤੇ ਸੂਰਜਮੁਖੀ ਅਧੀਨ ਜਿੱਥੇ 1995-61 ਵਿਚ 1 ਲੱਖ 3000 ਹੈਕਟੇਅਰ ਸੀ, ਘਟ ਕੇ 2020-21 ਵਿਚ ਸਿਰਫ਼ 2500 ਹੈਕਟੇਅਰ ਰਹਿ ਗਿਆ। ਇਸੇ ਤਰ੍ਹਾਂ ਹੋਰ ਫਸਲਾਂ ਜਿਨ੍ਹਾਂ ਨੂੰ ਉਦਯੋਗਾਂ ਲਈ ਕੱਚੇ ਮਾਲ ਦੇ ਤੌਰ 'ਤੇ ਵਰਤਿਆ ਜਾ ਸਕਦਾ ਹੈ, ਉਨ੍ਹਾਂ ਅਧੀਨ ਖੇਤਰ ਵਿਚ ਕਮੀ ਆਈ ਹੈ। ਇਸ ਸਭ ਦਾ ਵੱਡਾ ਕਾਰਨ ਹੈ ਕਿ ਕਿਸਾਨ ਸਿਰਫ਼ ਉਨ੍ਹਾਂ ਫ਼ਸਲਾਂ ਦੀ ਹੀ ਕਾਸ਼ਤ ਕਰਦਾ ਹੈ ਜਿਨ੍ਹਾਂ ਵਿਚ ਯਕੀਨੀ ਮੰਡੀਕਰਨ ਹੋਵੇ। ਇਸ ਕਾਰਨ ਹੀ ਪੰਜਾਬ ਵਿਚ ਝੋਨੇ ਅਤੇ ਕਣਕ ਅਧੀਨ ਰਕਬਾ ਵਧ ਰਿਹਾ ਹੈ ਭਾਵੇਂ ਇਸ ਨੇ ਪਾਣੀ ਡੂੰਘੇ ਜਾਣ ਸਮੇਤ ਹੋਰ ਸਮੱਸਿਆਵਾਂ ਵੀ ਪੈਦਾ ਕਰ ਦਿੱਤੀਆਂ ਹਨ।

ਪੰਜਾਬ 'ਚ ਵੀ ਵੱਡੀ ਬੇਰੁਜ਼ਗਾਰੀ ਹੈ ਜੋ ਉਦਯੋਗਿਕ ਵਿਕਾਸ ਤੋਂ ਬਗ਼ੈਰ ਖ਼ਤਮ ਨਹੀਂ ਹੋ ਸਕਦੀ। ਇਹ ਬੇਰੁਜ਼ਗਾਰੀ ਪੇਂਡੂ ਖੇਤਰਾਂ ਵਿਚ ਹੋਰ ਵੀ ਜ਼ਿਆਦਾ ਹੈ। ਉਦਯੋਗਿਕ ਵਿਕਾਸ ਲਈ ਖੇਤੀ ਆਧਾਰਿਤ ਉਦਯੋਗਾਂ ਨੂੰ ਹੀ ਪਹਿਲ ਦੇਣੀ ਬਣਦੀ ਹੈ ਕਿਉਂ ਜੋ ਇਨ੍ਹਾਂ ਲਈ ਕੱਚਾ ਮਾਲ ਸੂਬੇ ਤੋਂ ਹੀ ਘੱਟ ਲਾਗਤ 'ਤੇ ਮਿਲ ਸਕਦਾ ਹੈ। ਇਨ੍ਹਾਂ ਉਦਯੋਗਿਕ ਇਕਾਈਆਂ ਨੂੰ ਛੋਟੇ ਪੈਮਾਨੇ 'ਤੇ ਚਲਾਇਆ ਜਾ ਸਕਦਾ ਹੈ। ਪਿਛਲੇ ਸਮੇਂ ਵਿਚ ਭਾਵੇਂ ਪੰਜਾਬ ਵਿਚ ਵੱਡੇ ਪੈਮਾਨ ਦੇ ਉਦਯੋਗਾਂ 'ਤੇ 60 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ ਪਰ ਉਨ੍ਹਾਂ ਵੱਡੇ ਪੈਮਾਨੇ ਦੀਆਂ ਉਦਯੋਗਿਕ ਇਕਾਈਆਂ ਨੇ ਸਿਰਫ਼ 2.5 ਲੱਖ ਦੇ ਕਰੀਬ ਕਿਰਤੀਆਂ ਨੂੰ ਹੀ ਰੁਜ਼ਗਾਰ ਦਿੱਤਾ ਹੈ; ਇਸ ਦੇ ਉਲਟ ਭਾਵੇਂ ਛੋਟੇ ਪੈਮਾਨੇ ਦੀਆਂ ਇਕਾਈਆਂ 'ਤੇ 15 ਹਜ਼ਾਰ ਕਰੋੜ ਦਾ ਨਿਵੇਸ਼ ਹੋਇਆ ਪਰ ਉਨ੍ਹਾਂ 10 ਲੱਖ ਤੋਂ ਉੱਪਰ ਕਿਰਤੀਆਂ ਨੂੰ ਰੁਜ਼ਗਾਰ ਦਿੱਤਾ।

ਪੰਜਾਬ ਵਿਚ ਬਹੁਤ ਸਾਰੀਆਂ ਫਸਲਾਂ ਦੀ ਉਪਜ ਦੇਸ਼ ਦੇ ਹੋਰ ਸੂਬਿਆਂ ਤੋਂ ਜ਼ਿਆਦਾ ਹੈ। ਕਣਕ ਅਤੇ ਝੋਨੇ ਵਾਂਗ ਹੋਰ ਫ਼ਸਲਾਂ ਅਤੇ ਖ਼ਾਸ ਕਰਕੇ ਉਨ੍ਹਾਂ ਜਿਨ੍ਹਾਂ 'ਤੇ ਆਧਾਰਿਤ ਉਦਯੋਗ ਲੱਗ ਸਕਦੇ ਹਨ, ਦੀ ਖ਼ਰੀਦ ਘੱਟੋ-ਘੱਟ ਸਮਰਥਨ ਮੁੱਲ 'ਤੇ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਮੱਕੀ, ਬਾਜਰਾ, ਕਪਾਹ, ਗੰਨਾ, ਮੂੰਗਫਲੀ, ਸਰ੍ਹੋਂ ਅਤੇ ਸੂਰਜਮੁਖੀ 'ਤੇ ਆਧਾਰਿਤ ਉਦਯੋਗਿਕ ਇਕਾਈਆਂ ਥੋੜ੍ਹੀ ਪੂੰਜੀ ਨਾਲ ਵੀ ਲੱਗ ਸਕਦੀਆਂ ਹਨ। ਮੱਕੀ ਦੀ ਫਸਲ ਦੀ ਔਸਤ ਉਪਜ ਪੰਜਾਬ ਵਿਚ 3665 ਕਿੱਲੋ ਪ੍ਰਤੀ ਹੈਕਟੇਅਰ ਹੈ ਜਿਹੜੀ ਭਾਰਤ ਪੱਧਰ 'ਤੇ 3199 ਕਿੱਲੋ, ਇਸ ਤਰ੍ਹਾਂ ਹੀ ਜੌਆਂ ਦੀ ਪੰਜਾਬ ਵਿਚ 3737 ਕਿੱਲੋ ਪਰ ਭਾਰਤ ਵਿਚ 2986 ਕਿੱਲੋ, ਕਪਾਹ ਪੰਜਾਬ ਵਿਚ 692 ਕਿੱਲੋ, ਜਦੋਂਕਿ ਭਾਰਤ ਵਿਚ 471 ਕਿੱਲੋ, ਗੰਨਾ ਪੰਜਾਬ ਵਿਚ 838 ਕੁਇੰਟਲ, ਜਦੋਂਕਿ ਭਾਰਤ ਵਿਚ 812 ਕੁਇੰਟਲ ਪ੍ਰਤੀ ਹੈਕਟੇਅਰ, ਮੂੰਗਫਲੀ ਪੰਜਾਬ ਵਿਚ 1980, ਭਾਰਤ ਵਿਚ 1687 ਅਤੇ ਸਭ ਤੋਂ ਵੱਧ ਸੂਰਜਮੁਖੀ ਜਿਸ ਦੀ ਉਪਜ ਪੰਜਾਬ ਵਿਚ 1798 ਕਿੱਲੋ ਅਤੇ ਭਾਰਤ ਵਿਚ 1043 ਕਿੱਲੋ ਪ੍ਰਤੀ ਹੈਕਟੇਅਰ ਹੈ।

ਇਹ ਠੀਕ ਹੈ ਕਿ ਇਨ੍ਹਾਂ ਦੱਸੀਆਂ ਫ਼ਸਲਾਂ ਨੂੰ ਭਾਰਤ ਸਰਕਾਰ ਵੱਲੋਂ ਨਹੀਂ ਖ਼ਰੀਦਿਆ ਜਾਂਦਾ ਪਰ ਜੇ ਪੰਜਾਬ ਸਰਕਾਰ ਆਪ ਇਨ੍ਹਾਂ ਨੂੰ ਸਰਕਾਰੀ ਤੌਰ 'ਤੇ ਖ਼ਰੀਦਣਾ ਸ਼ੁਰੂ ਕਰ ਦੇਵੇ ਅਤੇ ਉਦਯੋਗਿਕ ਉਦਮੀਆਂ ਨੂੰ ਇਹ ਯਕੀਨੀ ਬਣਾਵੇ ਕਿ ਉਨ੍ਹਾਂ ਨੂੰ ਲੋੜੀਂਦੇ ਕੱਚੇ ਮਾਲ ਦੀ ਪੂਰਤੀ ਦੀ ਕਦੀ ਮੁਸ਼ਕਿਲ ਨਹੀਂ ਆਵੇਗੀ ਤਾਂ ਇਸ ਨਾਲ ਜਿੱਥੇ ਪੰਜਾਬ ਦੀ ਕਿਸਾਨੀ ਦੀ ਮਦਦ ਹੋਵੇਗੀ, ਉਥੇ ਵੱਡੀ ਮਾਤਰਾ ਵਿਚ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ। ਸਰਕਾਰ ਦੀ ਉਦਯੋਗਿਕ ਨੀਤੀ ਦੇ ਅਧੀਨ ਵੱਖ-ਵੱਖ ਖੇਤਰਾਂ ਨੂੰ ਜ਼ੋਨਾਂ ਵਿਚ ਵੰਡ ਕੇ ਉਥੋਂ ਦੀ ਉਪਜ ਦੇ ਅਨੁਸਾਰ ਕਿਸੇ ਜ਼ੋਨ ਤੋਂ ਮੱਕੀ, ਕਿਸੇ ਤੋਂ ਜੌਂਅ, ਕਿਸੇ ਤੋਂ ਸੂਰਜਮੁਖੀ, ਕਿਸੇ ਤੋਂ ਪਰਾਲੀ, ਕਿਸੇ ਤੋਂ ਮੂੰਗਫਲੀ ਲਏ ਜਾ ਸਕਦੇ ਹਨ। ਕੁਝ ਕੁ ਫ਼ਸਲਾਂ ਨੂੰ ਆਪ ਖ਼ਰੀਦਣ ਦੀ ਨੀਤੀ ਬਗ਼ੈਰ ਕਿਸੇ ਦੇਰੀ ਦੇ ਅਪਣਾ ਲੈਣੀ ਚਾਹੀਦੀ ਹੈ ਕਿਉਂ ਜੋ ਇਹ ਸਭ ਲੋੜੀਂਦੀਆਂ ਵਸਤੂਆਂ ਪੰਜਾਬ ਅਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਹੀ ਵਿਕ ਸਕਦੀਆਂ ਹਨ ਅਤੇ ਇਸ ਯਕੀਨੀ ਮੰਡੀਕਰਨ ਦੇ ਬਹੁਤ ਚੰਗੇ ਸਿੱਟੇ ਪ੍ਰਾਪਤ ਹੋ ਸਕਦੇ ਹਨ।

---

# ਬਸਪਾ ਦੀ ਦਿਸ਼ਾ ਅਤੇ ਦਸ਼ਾ

ਰੂਪ ਲਾਲ ਰੂਪ
ਫੋਨ: +91-94752-25722

ਬਹੁਜਨ ਸਮਾਜ ਪਾਰਟੀ (ਬਸਪਾ) ਦਾ ਗਠਨ 'ਡੀ.ਐੱਸ. ਫੋਰ' ਦੀ ਸਥਾਪਨਾ ਉਪਰੰਤ ਜ਼ਮੀਨੀ ਪੱਧਰ ਦੀਆਂ ਹਕੀਕਤਾਂ ਨੂੰ ਧਿਆਨ ਗੋਚਰੇ ਕਰਦਿਆਂ ਬਾਬੂ ਕਾਂਸ਼ੀ ਰਾਮ ਜੀ ਨੇ 14 ਅਪਰੈਲ 1984 ਵਿਚ ਕੀਤਾ। ਉਨ੍ਹਾਂ ਦਾ ਸੁਫ਼ਨਾ ਦਲਿਤ ਸਮਾਜ ਨੂੰ ਹੁਕਮਰਾਨ ਬਣਾਉਣਾ ਸੀ। ਇਹ ਸੁਫ਼ਨਾ ਉਨ੍ਹਾਂ ਆਪਣੀ ਜ਼ਿੰਦਗੀ ਵਿਚ ਸਾਕਾਰ ਕਰ ਕੇ ਦਿਖਾ ਦਿੱਤਾ। ਆਜ਼ਾਦੀ ਉਪਰੰਤ ਲਗਭਗ 50 ਸਾਲ ਕੇਂਦਰ ਵਿਚ ਕਾਂਗਰਸ ਪਾਰਟੀ ਸੱਤਾ 'ਤੇ ਕਾਬਜ਼ ਰਹੀ। ਉਸ ਨੂੰ ਸੱਤਾ ਤੋਂ ਬਾਹਰ ਕੀਤੇ ਬਿਨਾ ਬਸਪਾ ਦਾ ਸੱਤਾ ਵਿਚ ਆਉਣਾ ਸੰਭਵ ਨਹੀਂ ਸੀ। ਇਸ ਲਈ ਬਾਬੂ ਕਾਂਸ਼ੀ ਰਾਮ ਨੇ ਪਿੰਡੋ-ਪਿੰਡ ਤੇ ਸ਼ਹਿਰੋ-ਸ਼ਹਿਰ ਸਾਈਕਲ ਯਾਤਰਾ ਕਰ ਕੇ ਲੋਕਾਂ ਨੂੰ ਜਾਗਰੂਕ ਕੀਤਾ। ਸਾਰੇ ਭਾਰਤ ਵਿਚ ਥਾਂ-ਥਾਂ ਦਲਿਤ ਜਾਗ੍ਰਿਤੀ ਲਈ ਰੈਲੀਆਂ ਕੀਤੀਆਂ। ਸੰਯੋਗ ਵਸ ਮੈਨੂੰ ਉਨ੍ਹਾਂ ਦੀਆਂ ਦਿੱਲੀ ਅਤੇ ਪੰਜਾਬ ਦੀਆਂ ਕਈ ਰੈਲੀਆਂ ਵਿਚ ਸ਼ਿਰਕਤ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਦਲਿਤ ਸਮਾਜ ਨੂੰ ਸਾਫ ਸ਼ਬਦਾਂ ਵਿਚ ਦੱਸਿਆ ਕਿ ਅਸੀਂ ਕਾਂਗਰਸ ਨੂੰ ਕਮਜ਼ੋਰ ਕਰਨਾ ਹੈ; ਮਾਰਨਾ ਨਹੀਂ। ਕਾਂਗਰਸ ਮਰੇਗੀ ਤਾਂ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਉਭਾਰ ਹੋਵੇਗਾ ਜੋ ਦਲਿਤ ਸਮਾਜ ਲਈ ਬੇਹੱਦ ਘਾਤਕ ਹੋਵੇਗਾ। ਇਸ ਲਈ ਉਨ੍ਹਾਂ ਬਹੁਤ ਦੂਰ ਅੰਦੇਸ਼ੀ ਨਾਲ ਸੰਤੁਲਨ ਬਣਾ ਕੇ ਰੱਖਿਆ ਅਤੇ ਕਾਂਗਰਸ ਨੂੰ ਗੋਡਿਆਂ ਹੇਠ ਲੈ ਕੇ ਕਮਜ਼ੋਰ ਕਰ ਦਿੱਤਾ।

ਲੁਧਿਆਣਾ ਦੀ ਦਰੇਸੀ ਗਰਾਊਂਡ ਵਿਚ 1995 ਦੀ ਰੈਲੀ ਦੌਰਾਨ ਉਨ੍ਹਾਂ 1992 ਵਿਚ ਪੰਜਾਬ ਵਿਧਾਨ ਸਭਾ ਲਈ ਪਹਿਲੀ ਵਾਰ ਚੁਣੇ ਨੌਂ ਦੇ ਨੌਂ ਐੱਮ.ਐੱਲ.ਏ. ਸਟੇਜ 'ਤੇ ਇਕ ਕਤਾਰ ਵਿਚ ਕੁਰਸੀਆਂ 'ਤੇ ਬਿਠਾਏ ਹੋਏ ਸਨ। ਕਨਸੋਆਂ ਸਨ ਕਿ ਕੁਝ ਐੱਮਐੱਲਏ ਬਾਗੀ ਹੋ ਸਕਦੇ ਹਨ। ਬਾਬੂ ਕਾਂਸ਼ੀ ਰਾਮ ਨੇ ਲੱਖਾਂ ਦੀ ਭੀੜ ਨੂੰ ਗਰਜਵੀਂ ਆਵਾਜ਼ ਵਿਚ ਕਿਹਾ, "ਇਹ ਤੁਹਾਡੇ ਨੁਮਾਇੰਦੇ ਹਨ। ਇਸੇ ਲਈ ਤੁਹਾਡੇ ਸਾਹਮਣੇ ਬਿਠਾਏ ਹਨ। ਜੇਕਰ ਇਹ ਸਮਾਜ ਨਾਲ ਗੱਦਾਰੀ ਕਰਦੇ ਹਨ ਤਾਂ ਇਨ੍ਹਾਂ ਦੇ ਟੁਕੜੇ-ਟੁਕੜੇ ਕਰ ਦਿਓ।" ਇਹ ਬਿਆਨ ਮਮੂਲੀ ਨਹੀਂ ਸੀ ਸਗੋਂ ਨੁਮਾਇੰਦਗੀ ਕਰਨ ਵਾਲਿਆਂ ਅਤੇ ਸਮਾਜ ਨੂੰ ਆਪੋ-ਆਪਣੀ ਜ਼ਿੰਮੇਵਾਰੀ ਪ੍ਰਤੀ ਸਪਸ਼ਟ ਸੁਨੇਹਾ ਸੀ। ਉਨ੍ਹਾਂ ਦੇ ਭਾਸ਼ਣ ਮੀਡੀਆ ਅਤੇ ਸਰਕਾਰਾਂ ਸਾਹ ਰੋਕ ਕੇ ਸੁਣਦੇ ਸਨ। ਫਿਰ ਉਨ੍ਹਾਂ ਮਾਇਆਵਤੀ ਨੂੰ ਤਖਤ 'ਤੇ ਬਿਠਾਇਆ। ਆਪਣੀ ਪਹਿਲੇ ਕਾਰਜਕਾਲ ਵਿਚ ਮਾਇਆਵਤੀ ਬਾਬੂ ਜੀ ਦੇ ਪਦ ਚਿੰਨ੍ਹਾਂ 'ਤੇ ਚਲਦਿਆਂ ਭਾਰਤ ਦੇ ਸਭ ਤੋਂ ਵੱਡੇ ਰਾਜ ਉੱਤਰ ਪ੍ਰਦੇਸ਼ ਦੀ ਕਾਮਯਾਬ ਮੁੱਖ ਮੰਤਰੀ ਸਾਬਿਤ ਹੋਏ। ਬਾਬੂ ਜੀ ਦੇ ਜੀਵਨ ਕਾਲ ਦੌਰਾਨ ਉਹ ਚਾਰ ਵਾਰ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣੀ ਪਰ ਉਨ੍ਹਾਂ ਦੇ ਤੁਰ ਜਾਣ ਬਾਅਦ ਉਹ ਇਕ ਵਾਰ ਵੀ ਆਪਣੇ ਬਲਬੂਤੇ ਮੁੱਖ ਮੰਤਰੀ ਨਹੀਂ ਬਣ ਸਕੇ ਤੇ ਨਾ ਲੋਕ ਸਭਾ ਵਿਚ ਨੁਮਾਇੰਦਗੀ ਕਾਇਮ ਰੱਖ ਸਕੇ। 1999-2004 ਦੌਰਾਨ 13ਵੀਂ ਲੋਕ ਸਭਾ ਵਿਚ ਬਸਪਾ ਦੇ ਲੋਕ ਸਭਾ ਵਿਚ 14, 14ਵੀਂ ਵਿਚ 17 ਅਤੇ 15ਵੀਂ ਵਿਚ 21 ਮੈਂਬਰ ਸਨ। ਇਸ ਨੂੰ ਬਾਬੂ ਜੀ ਦੀ ਦੂਰਅੰਦੇਸ਼ੀ ਦਾ ਕ੍ਰਿਸ਼ਮਾ ਕਿਹਾ ਜਾ ਸਕਦਾ ਹੈ ਜੋ ਮਾਇਆਵਤੀ ਵਿਚ ਪਾਂਸਕ ਮਾਤਰ ਨਹੀਂ ਹੈ। ਇਹੀ ਕਾਰਨ ਹੈ ਕਿ ਪੜ੍ਹਿਆ ਲਿਖਿਆ ਵਰਗ ਬਸਪਾ ਤੋਂ ਦੂਰ ਜਾ ਚੁੱਕਾ ਹੈ।

ਬਾਬੂ ਕਾਂਸ਼ੀ ਰਾਮ ਜੀ ਦੇ ਅਕਾਲ ਚਲਾਣੇ ਤੋਂ ਪਹਿਲਾਂ ਹੀ ਜਦੋਂ ਉਹ ਨੀਮ ਬੇਹੋਸ਼ੀ ਦੀ ਹਾਲਤ ਵਿਚ ਸਨ, ਬਸਪਾ ਦਾ ਨਿਘਾਰ ਆਰੰਭ ਹੋ ਗਿਆ ਸੀ। ਰਾਜਨੀਤੀ ਸ਼ਾਸਤਰ ਦਾ ਫਾਰਮੂਲਾ ਹੈ ਕਿ ਸਿਆਸੀ ਪਾਰਟੀ ਦਾ ਮੰਤਵ ਸੱਤਾ ਹਾਸਲ ਕਰਨਾ ਹੁੰਦਾ ਹੈ ਜਾਂ ਹੋਣਾ ਚਾਹੀਦਾ ਹੈ। ਸਿੱਧੀ ਸਪੱਸ਼ਟ ਗੱਲ ਹੈ ਕਿ ਸੱਤਾ ਹਾਸਲ ਕਰਨ ਲਈ ਮੁੱਖ ਲੜਾਈ ਸੱਤਾ ਧਿਰ ਨਾਲ ਹੁੰਦੀ ਹੈ। ਉਸ ਦੀਆਂ ਗਲਤ ਨੀਤੀਆਂ ਨੂੰ ਉਜਾਗਰ ਕਰਨਾ ਅਤੇ ਲੋਕਾਂ ਨੂੰ ਆਪਣੇ ਦ੍ਰਿਸ਼ਟੀਕੋਣ ਤੋਂ ਜਾਣੂ ਕਰਵਾਉਣਾ ਸੱਤਾ ਦੀ ਦਾਅਵੇਦਾਰ ਪਾਰਟੀ ਦਾ ਮੁੱਖ ਏਜੰਡਾ ਹੁੰਦਾ ਹੈ। ਲੰਮੇ ਸਮੇਂ ਤੋਂ ਦੇਖਣ ਵਿਚ ਆਇਆ ਹੈ ਕਿ ਬਸਪਾ ਕਿਸੇ ਏਜੰਡੇ ਵਿਸ਼ੇਸ਼ ਤਹਿਤ ਆਪਣੀ ਜ਼ਿੰਮੇਵਾਰੀ ਨੂੰ ਅੱਖੋਂ ਪਰੋਖੇ ਕਰ ਕੇ ਵਿਚਰ ਰਹੀ ਹੈ। ਇਸ ਨੂੰ ਇਉਂ ਵੀ ਸਮਝਿਆ ਜਾ ਸਕਦਾ ਹੈ ਕਿ ਵਰਕਰ ਸਮਰਪਿਤ ਭਾਵਨਾ ਨਾਲ ਕਾਰਜ ਕਰ ਰਿਹਾ ਹੈ ਪਰ ਉਹ ਆਪਣੀ ਲੀਡਰਸ਼ਿਪ ਨੂੰ ਸਵਾਲ ਕਰਨ ਤੋਂ ਕਤਰਾ ਰਿਹਾ ਜਾਂ ਅਖੌਤੀ ਚੌਧਰ ਕਾਰਨ ਅਸਮਰੱਥ ਹੋ ਗਿਆ ਹੈ।

2014 ਤੋਂ ਭਾਜਪਾ ਸੱਤਾ ਵਿਚ ਹੈ। ਉਸ ਨੇ ਸੱਤਾ ਦਾ ਦੁਰਉਪਯੋਗ ਕਰਦਿਆਂ ਅਨੇਕਾਂ ਭਾਰਤੀ ਮਰਿਆਦਾਵਾਂ ਅਤੇ ਸੰਵਿਧਾਨਕ ਨਿਯਮਾਂ ਦਾ ਉਲੰਘਣ ਕੀਤਾ ਹੈ। ਮਜ਼ਦੂਰਾਂ, ਕਿਸਾਨਾਂ, ਫੌਜ, ਛੋਟੇ ਵਪਾਰੀਆਂ ਤੇ ਪੜ੍ਹੇ-ਲਿਖੇ ਨੌਜਵਾਨਾਂ ਵਿਰੁੱਧ ਕਾਲੇ ਕਾਰੇ ਕੀਤੇ ਹਨ ਪਰ ਸਿਤਮਜ਼ਰੀਫੀ ਇਹ ਕਿ ਬਸਪਾ ਦੇ ਬਿਆਨ ਮੋਦੀ ਰੰਗ ਵਿਚ ਰੰਗੇ ਹੁੰਦੇ ਹਨ। ਉਹ ਕਾਂਗਰਸ ਦੇ ਭੰਡੀ ਪ੍ਰਚਾਰ ਤਕ ਸੀਮਤ ਹੋ ਕੇ ਰਹਿ ਗਏ ਹਨ, ਕਿਸੇ ਬਿਆਨ ਨੇ ਭਾਜਪਾ ਦੀ ਕਦੇ ਸਰਦਲ ਨਹੀ ਟੱਪੀ। ਪੜ੍ਹੇ-ਲਿਖੇ ਵਰਗ ਵਿਚ ਇਹ ਸੁਨੇਹਾ ਸੁੱਤੇ-ਸਿੱਧ ਜਾ ਚੁੱਕਾ ਹੈ ਕਿ ਪਾਰਟੀ ਬਾਬੂ ਜੀ ਦੀਆਂ ਲੀਹਾਂ ਤੋਂ ਲਾਂਭੇ ਚਲੀ ਗਈ ਹੈ। ਇਸੇ ਲਈ ਉਸ ਨੇ ਇਸ ਤੋਂ ਦੂਰੀ ਬਣਾ ਲਈ ਹੈ।

ਪਿਛਲੇ ਲੰਮੇ ਸਮੇਂ ਤੋਂ ਬਸਪਾ ਨੇ ਸੱਤਾ ਧਿਰ ਵਿਰੁੱਧ ਜਾਗਰੂਕਤਾ ਲਈ ਕੋਈ ਆਵਾਜ਼ ਉਠਾਈ ਹੋਵੇ, ਨਜ਼ਰ ਨਹੀਂ ਆਉਂਦਾ। ਹੋਰ ਤਾਂ ਹੋਰ, ਤੁਗਲਕਾਬਾਦ ਦੇ ਗੁਰੂ ਰਵਿਦਾਸ ਜੀ ਦੇ ਢਹਿ-ਢੇਰੀ ਕੀਤੇ ਮੰਦਰ ਬਾਰੇ ਕੋਈ ਰਣਨੀਤੀ ਸਮਾਜ ਅੱਗੇ ਨਹੀਂ ਰੱਖੀ। ਇਉਂ ਕਹਿ ਲਈਏ ਕਿ ਸੱਤਾ ਦੀ ਲਲਕ ਵਿਚ ਉਹ ਇਨ੍ਹਾਂ ਹੇਠ ਲਹਿ ਗਈ ਹੈ ਕਿ ਕੁਰਸੀ ਤੋਂ ਬਿਨਾ ਹੋਰ ਕੁਝ ਨਜ਼ਰ ਨਹੀਂ ਆਉਂਦਾ। ਦੇਸ਼ ਵਿਚ ਹਾਵੀ ਹੋ ਰਹੇ ਭਗਵੇ ਮੁੱਦੇ ਵੀ ਉਸ ਨੂੰ ਨਹੀਂ ਦਿਖਾਈ ਦੇ ਰਹੇ। ਜਿਸ ਸਮਾਜ ਤੋਂ ਪਾਰਟੀ ਵੋਟਾਂ ਦੀ ਉਮੀਦ ਕਰਦੀ ਹੈ, ਉਸ ਦੀ ਨਾੜ ਪਛਾਨਣਾ ਵੀ ਜ਼ਰੂਰੀ ਹੈ ਜਿਸ ਤੋਂ ਉਹ ਖੁੰਝ ਗਈ ਹੈ।

ਸਮੇਂ ਅਨੁਸਾਰ ਹੁਣ ਬਹੁਤ ਕੁਝ ਬਦਲ ਚੁੱਕਾ ਹੈ। ਮਾਇਆਵਤੀ ਜੀ ਨੇ ਸੱਤਾ ਤੋਂ ਬਾਹਰ ਹੋ ਕੇ ਕਦੇ ਮੰਥਨ ਨਹੀਂ ਕੀਤਾ ਕਿ ਹਾਰ ਲਈ ਕਿਹੜੇ ਕਾਰਨ ਜ਼ਿੰਮੇਵਾਰ ਹਨ? ਹੁਣ 2024 ਦੀਆਂ ਚੋਣਾਂ ਦੀ ਹਾਰ ਪਿਛੋਂ ਵੀ ਇਹੀ ਹੋਵੇਗਾ। ਅਵਤਾਰ ਸਿੰਘ ਕਰੀਮਪੁਰੀ ਦੇ ਪੰਜਾਬ ਬਸਪਾ ਪ੍ਰਧਾਨ ਹੁੰਦੇ ਹੋਏ ਬਸਪਾ ਨੇ ਲਗਭਗ ਇਕ ਦਰਜਨ ਲੋਕ ਸਭਾ/ਵਿਧਾਨ ਸਭਾ ਚੋਣਾਂ ਵਿਚ ਹਾਰ ਦਾ ਸਾਹਮਣਾ ਕੀਤਾ ਪਰ ਉਨ੍ਹਾਂ ਕਦੀ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਨਾ ਅਸਤੀਫ਼ਾ ਦਿੱਤਾ ਤੇ ਕਿਸੇ ਨੇ ਮੰਗਣ ਦੀ ਜੁਅਰਤ ਕੀਤੀ। ਇਸ ਵਿਚੋਂ ਲੋਕਤੰਤਰ ਨਹੀਂ, ਤਾਨਾਸ਼ਾਹੀ ਦਾ ਝਲਕਾਰਾ ਪੈਂਦਾ ਹੈ। ਇਹੀ ਗੱਲ ਹੁਣ ਜਸਵੀਰ ਸਿੰਘ ਗੜ੍ਹੀ 'ਤੇ ਲਾਗੂ ਹੁੰਦੀ ਹੈ।

ਸਾਲ 2024 ਦੀਆਂ ਚੋਣਾਂ ਬਹੁਤ ਅਹਿਮ ਸਨ ਜਦੋਂ ਭਾਜਪਾ ਨੇ 400 ਪਾਰ ਦਾ ਨਾਅਰਾ ਦਿੱਤਾ। ਇਸ ਦੇ ਕਈ ਨੇਤਾਵਾਂ ਨੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਸੰਵਿਧਾਨ ਦੀ ਥਾਂ ਨਵਾਂ ਸੰਵਿਧਾਨ ਲਾਗੂ ਕਰਨ ਦਾ ਸੰਕੇਤ ਚਿਰ ਪਹਿਲਾਂ ਦੇ ਦਿੱਤਾ ਸੀ। ਸਾਰੀਆਂ ਵਿਰੋਧੀ ਪਾਰਟੀਆਂ 2022 ਤੋਂ ਹੀ ਰਣਨੀਤੀ ਬਣਾਉਣ ਵਿਚ ਜੁੱਟ ਗਈਆਂ ਸਨ। ਭਾਜਪਾ ਨੂੰ ਹਰਾਉਣ ਲਈ ਲਾਮਬੰਦੀ ਜ਼ਰੂਰੀ ਵੀ ਸੀ। ਸਾਰੇ ਭਾਰਤ ਦੀਆਂ ਪਾਰਟੀਆਂ ਦੋ ਗੁੱਟਾਂ ਵਿਚ ਵੰਡੀਆਂ ਗਈਆਂ। ਬਸਪਾ ਹੀ ਅਜਿਹੀ ਪਾਰਟੀ ਸੀ ਜੋ ਕਿਸੇ ਗਠਜੋੜ ਦਾ ਹਿੱਸਾ ਨਹੀਂ ਬਣੀ। ਮਮਤਾ ਬੈਨਰਜੀ ਵਲੋਂ ਗਠਜੋੜ ਦਾ ਹਿੱਸਾ ਬਣ ਕੇ ਅਲੱਗ ਹੋਣਾ ਹੋਰ ਗੱਲ ਹੈ ਕਿਉਂਕਿ ਉਸ ਦੀ ਪੱਛਮੀ ਬੰਗਾਲ ਤੋਂ ਬਾਹਰ ਕੋਈ ਹੋਂਦ ਨਹੀਂ। ਬਸਪਾ ਦਾ ਆਪਣੇ ਬਲਬੂਤੇ ਚੋਣ ਲੜਨ ਦਾ ਰਾਗ ਅਲਾਪਣਾ ਕਈ ਸਵਾਲ ਖੜ੍ਹੇ ਕਰਦਾ ਹੈ। ਸਮਾਜ ਕਿਸੇ ਪਾਰਟੀ ਦਾ ਗੁਲਾਮ ਨਹੀਂ ਜੋ ਉਸ ਦੇ ਇਸ਼ਾਰੇ 'ਤੇ ਨੱਚਦਾ ਫਿਰੇ। ਉਸ ਨੂੰ ਕੁਝ ਠੋਸ ਪ੍ਰਾਪਤੀ ਦਿਸਣੀ ਚਾਹੀਦੀ ਹੈ। ਜੇ ਬਸਪਾ ਕਿਸੇ ਵੀ ਗਠਜੋੜ ਦਾ ਹਿੱਸਾ ਹੁੰਦੀ ਤਾਂ ਅਜੋਕੇ ਹਾਲਾਤ ਵਿਚ ਉਸ ਦੇ ਘੱਟੋ-ਘੱਟ ਵੀਹ ਮੈਂਬਰ ਲੋਕ ਸਭਾ ਦਾ ਹਿੱਸਾ ਬਣ ਕੇ ਆਪਣੇ ਸਮਾਜ ਦੀ ਆਵਾਜ਼ ਬੁਲੰਦ ਕਰਨ ਦੇ ਯੋਗ ਬਣਦੇ। ਸਮਾਜਵਾਦੀ ਪਾਰਟੀ ਦੇ ਲਗਭਗ ਤਿੰਨ ਦਰਜਨ ਐੱਮ.ਪੀ. ਚੁਣੇ ਜਾਣ ਨੂੰ ਅਸੀਂ ਸਿਆਸੀ ਰਣਨੀਤੀ ਕਹਿ ਸਕਦੇ ਹਾਂ, ਬਸਪਾ ਦੇ ਖਾਲੀ ਠੂਠੇ ਨੂੰ ਨਹੀਂ। ਮਾਇਆਵਤੀ ਦਾ ਇਹ ਕਦਮ ਦਲਿਤ ਸਮਾਜ ਦੇ ਕਿਸੇ ਸੂਝਵਾਨ ਨੇ ਪਸੰਦ ਕੀਤਾ ਹੋਵੇ; ਧਿਆਨ ਵਿਚ ਨਹੀਂ ਆਇਆ। ਹੁਣ 2029 ਤਕ ਬਹੁਤ ਦੇਰ ਹੋ ਜਾਵੇਗੀ। ਜਾਪਦਾ ਹੈ, ਲੀਡਰਸ਼ਿਪ ਨੇ ਸਮਾਜ ਦੇ ਉਸ ਜਹਾਜ਼ ਨੂੰ ਅਧਵਾਟੇ ਛੱਡ ਦਿੱਤਾ ਜਿਸ ਨੂੰ ਬਾਬੂ ਕਾਂਸ਼ੀ ਰਾਮ ਜੀ ਦਿਨ-ਰਾਤ ਇਕ ਕਰ ਕੇ ਉਡਾਣ ਭਰਨ ਲਈ ਵੱਡੀ ਮਿਹਨਤ ਨਾਲ ਰਨਵੇ 'ਤੇ ਲੈ ਆਏ ਸਨ। ਜਾਪਦਾ ਹੈ ਕਿ ਬਸਪਾ ਜਿੱਤਣ ਲਈ ਚੋਣ ਨਹੀਂ ਲੜਦੀ ਬਲਕਿ ਆਪਣੀ ਹੋਂਦ ਦਰਜ ਕਰਾਉਣ ਤਕ ਹੀ ਸਿਮਟ ਗਈ ਹੈ ਜੋ ਦਲਿਤ ਸਮਾਜ ਲਈ ਘਾਤਕ ਹੈ। ਇਸ ਲਈ ਸਮੂਹ ਬਸਪਾ ਲੀਡਰਸ਼ਿਪ ਅਤੇ ਵਰਕਰਾਂ ਨੂੰ ਗਹਿਰੀ ਪੁਣਛਾਣ ਕਰ ਕੇ ਕਮਜ਼ੋਰੀਆਂ ਦੀ ਨਿਸ਼ਾਨਦੇਹੀ ਕਰਨ ਦੀ ਵੱਡੀ ਲੋੜ ਹੈ ਤਾਂ ਜੋ ਪਾਰਟੀ ਨੂੰ ਮੁੜ ਪੈਰਾਂ ਸਿਰ ਕੀਤਾ ਜਾ ਸਕੇ।

# ਭਾਰਤ ਦੇ ਵਿੱਤੀ ਖੇਤਰ ਦੀਆਂ ਵਧ ਰਹੀਆਂ ਮੁਸ਼ਕਿਲਾਂ



ਰਾਜੀਵ ਖੋਸਲਾ
ਫੋਨ: +91-79860-36776

ਭਾਰਤ ਵਿਚ ਕਰੋਨਾ ਮਹਾਮਾਰੀ ਤੋਂ ਬਾਅਦ ਬੈਂਕਾਂ ਅਤੇ ਗੈਰ-ਬੈਂਕ ਵਿੱਤੀ ਕੰਪਨੀਆਂ (ਬਜਾਜ ਫਾਇਨਾਂਸ, ਆਈ.ਐੱਫ.ਸੀ.ਆਈ. ਲਿਮਿਟਡ, ਐੱਲ.ਆਈ.ਸੀ. ਹਾਊਸਿੰਗ ਫਾਇਨਾਂਸ, ਆਦਿਤਿਆ ਬਿਰਲਾ ਫਾਇਨਾਂਸ ਆਦਿ) ਦੁਆਰਾ ਆਮ ਲੋਕਾਂ ਨੂੰ ਦਿੱਤੇ ਜਾ ਰਹੇ ਅਸੁਰੱਖਿਅਤ ਅਤੇ ਜੋਖ਼ਮ ਭਰੇ ਕਰਜ਼ਿਆਂ (ਬਿਨਾਂ ਸੰਪਤੀਆਂ ਗਹਿਣੇ ਰੱਖੇ) ਦੀ ਮਾਤਰਾ ਵਿਚ ਤੇਜ਼ੀ ਨਾਲ ਵਾਧਾ ਦੇਖਣ ਨੂੰ ਮਿਲਿਆ ਹੈ। ਇਹ ਅਸੁਰੱਖਿਅਤ ਕਰਜ਼ੇ ਜ਼ਿਆਦਾਤਰ ਨਿੱਜੀ ਕਰਜ਼ਿਆਂ ਅਤੇ ਕ੍ਰੈਡਿਟ ਕਾਰਡਾਂ ਦੇ ਕਰਜ਼ਿਆਂ ਦੇ ਰੂਪ ਵਿਚ ਦਿੱਤੇ ਗਏ ਹਨ। ਇਸ ਤੋਂ ਇਲਾਵਾ ਫਿਨਟੈਕ (ਗ੍ਰੋ, ਪਾਲਿਸੀ ਬਾਜ਼ਾਰ, ਜ਼ੀਰੋਧਾ ਆਦਿ) ਅਤੇ ਡਿਜੀਟਲ (ਨਿਊ ਗ੍ਰੋਥ, ਸਮਾਰਟਕੌਇਨ, ਮੁਥੂਟ ਮਾਈਕ੍ਰੋਫਿਨ ਆਦਿ) ਕੰਪਨੀਆਂ ਨੇ ਵੀ ਤਕਨੀਕੀ-ਸਮਝ ਰੱਖਣ ਵਾਲੀ ਭਾਰਤੀ ਨੌਜਵਾਨ ਪੀੜ੍ਹੀ ਨੂੰ ਖਪਤ ਕਰਨ ਦੇ ਮਕਸਦ ਨਾਲ ਛੋਟੇ-ਛੋਟੇ ਕਰਜ਼ੇ ਦਿੱਤੇ ਹਨ ਪਰ ਨਿੱਜੀ ਕਰਜ਼ਿਆਂ ਵਿਚ ਵਾਧਾ ਖਾਸ ਕਰ ਕੇ ਉਸ ਵੇਲੇ ਜਦੋਂ ਵਿਆਜ ਦਰਾਂ ਪਿਛਲੇ ਲਗਭਗ ਇੱਕ ਦਹਾਕੇ ਦੇ ਸਰਵਉੱਚ ਪੱਧਰ 'ਤੇ ਹਨ, ਬੇਰੁਜ਼ਗਾਰੀ ਸਿਖਰਾਂ 'ਤੇ ਹੈ ਅਤੇ ਛੋਟੇ ਕੰਮ ਧੰਦਿਆਂ ਵਿਚ ਮੰਦੀ ਹੈ ਤਾਂ ਇਹ ਕੇਵਲ ਆਉਣ ਵਾਲੇ ਵਿਨਾਸ਼ ਵੱਲ ਇਸ਼ਾਰਾ ਕਰਦੀ ਹੈ। ਕਰਜ਼ਿਆਂ ਦੀ ਸਮੇਂ ਸਿਰ ਨਾ ਕੀਤੀ ਅਦਾਇਗੀ ਭਾਰਤੀ ਵਿੱਤੀ ਖੇਤਰ ਬੈਂਕ, ਗੈਰ-ਬੈਂਕ ਵਿੱਤੀ ਕੰਪਨੀਆਂ, ਫਿਨਟੈਕ ਅਤੇ ਡਿਜੀਟਲ ਕੰਪਨੀਆਂ ਲਈ ਵਿਆਪਕ ਤਬਾਹੀ ਲੈ ਕੇ ਆ ਸਕਦੀ ਹੈ।

ਇਸੇ ਕਾਰਨ ਵਿੱਤ ਮੰਤਰਾਲਾ ਅਤੇ ਭਾਰਤੀ ਰਿਜ਼ਰਵ ਬੈਂਕ ਇਸ ਦਿਸ਼ਾ ਵਿਚ ਸਮੇਂ-ਸਮੇਂ 'ਤੇ ਲਗਾਤਾਰ ਨਵੇਂ ਨਿਰਦੇਸ਼ ਜਾਰੀ ਕਰ ਰਹੇ ਹਨ। ਨਵੰਬਰ 2023 ਵਿਚ ਨਿਰਦੇਸ਼ ਜਾਰੀ ਕਰਦੇ ਹੋਏ ਰਿਜ਼ਰਵ ਬੈਂਕ ਨੇ ਬੈਂਕਾਂ ਅਤੇ ਗੈਰ-ਬੈਂਕ ਵਿੱਤੀ ਕੰਪਨੀਆਂ ਨੂੰ ਨਿੱਜੀ (ਬਿਨਾਂ ਸੰਪਤੀਆਂ ਗਹਿਣੇ ਰੱਖੇ) ਅਤੇ ਕ੍ਰੈਡਿਟ ਕਾਰਡ ਰਾਹੀਂ ਕਰਜ਼ੇ ਜਾਰੀ ਕਰਨ ਸਮੇਂ ਆਪਣੇ ਕੋਲ ਵੱਧ ਨਕਦੀ ਰਿਜ਼ਰਵ ਵਿਚ ਰੱਖਣ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਤਾਂ ਜੋ ਕਿਸੇ ਵੀ ਪ੍ਰਕਾਰ ਦੇ ਕਰਜ਼ੇ ਦੀ ਮੁੜ ਅਦਾਇਗੀ ਨਾ ਹੋਣ ਦੀ ਸੂਰਤ ਵਿਚ ਇਨ੍ਹਾਂ ਵਿੱਤੀ ਸੰਸਥਾਵਾਂ ਨੂੰ ਕੋਈ ਵੱਡਾ ਨੁਕਸਾਨ ਨਾ ਹੋ ਸਕੇ। ਮਈ 2024 ਦੌਰਾਨ ਰਿਜ਼ਰਵ ਬੈਂਕ ਨੇ ਮੁੜ ਇਨ੍ਹਾਂ ਕਰਜ਼ਦਾਤਾਵਾਂ ਲਈ ਪ੍ਰਸਤਾਵ ਰੱਖਿਆ ਹੈ ਕਿ ਉਹ ਨਿਰਮਾਣ ਅਧੀਨ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ (ਜਿਵੇਂ ਸੜਕ, ਪੁਲ, ਮਾਲ ਆਦਿ) ਲਈ ਵੱਧ ਨਕਦੀ ਰਿਜ਼ਰਵ ਵਿਚ ਰੱਖਣ ਤਾਂ ਜੋ 2012-13 ਵਾਲੀ ਸਥਿਤੀ ਜਿਸ ਵਿਚ ਬੈਂਕਾਂ ਨੇ ਵੱਡੇ ਡਿਫਾਲਟ ਦੇਖੇ ਸਨ, ਨੂੰ ਬਚਾਇਆ ਜਾ




ਸਕੇ। ਇਸੇ ਤਰ੍ਹਾਂ ਫਿਨਟੈਕ ਕੰਪਨੀਆਂ ਦੇ ਮੁਖੀਆਂ ਨਾਲ ਹਾਲ ਹੀ ਵਿਚ ਹੋਈ ਮੀਟਿੰਗ ਵਿਚ ਰਿਜ਼ਰਵ ਬੈਂਕ ਨੇ ਇਨ੍ਹਾਂ ਛੋਟੀ ਰਾਸ਼ੀ ਦੇ ਕਰਜ਼ ਮੁਹੱਈਆ ਕਰਵਾਉਣ ਵਾਲੀਆਂ ਕੰਪਨੀਆਂ ਨੂੰ ਆਪਣੀ ਕਰਜ਼ ਦੇਣ ਦੀ ਵਿਕਾਸ ਦਰ ਘਟਾਉਣ ਲਈ ਕਿਹਾ ਹੈ।

ਇਹ ਹਾਲਾਤ ਦਰਸਾ ਰਹੇ ਹਨ ਕਿ ਕੇਂਦਰੀ ਬੈਂਕ ਨੂੰ ਭਾਰਤ ਦੇ ਵਿੱਤੀ ਖੇਤਰ ਨੂੰ ਲੈ ਕੇ ਅਣਜਾਣ ਜਿਹਾ ਖੌਫ਼ ਸਤਾ ਰਿਹਾ ਹੈ। ਅੰਕੜੇ ਦੱਸਦੇ ਹਨ ਕਿ ਭਾਰਤੀ ਬੈਂਕਾਂ ਵਿਚ ਤਾਂ ਪਹਿਲਾਂ ਹੀ ਤਰਲਤਾ/ਨਕਦੀ ਦੀ ਕਮੀ ਹੈ। ਇਸ ਕਮੀ ਨੂੰ ਪੂਰਾ ਕਰਨ ਲਈ ਜਾਂ ਤਾਂ ਬੈਂਕ ਵੱਧ ਵਿਆਜ ਦੀਆਂ ਦਰਾਂ ਦੀ ਪੇਸ਼ਕਸ਼ ਕਰ ਆਮ ਜਨਤਾ ਤੋਂ ਜਮ੍ਹਾਂ ਰਾਸ਼ੀ ਪ੍ਰਾਪਤ ਕਰ ਰਹੇ ਹਨ ਜਾਂ ਆਪ ਬਾਜ਼ਾਰ ਤੋਂ ਉੱਚੀਆਂ ਦਰਾਂ 'ਤੇ ਨਕਦੀ ਉਧਾਰ ਲੈ ਰਹੇ ਹਨ। ਜ਼ਿਕਰਯੋਗ ਹੈ ਕਿ ਭਾਰਤੀ ਸਟੇਟ ਬੈਂਕ ਅਤੇ ਬੈਂਕ ਆਫ ਇੰਡੀਆ ਨੇ ਮਈ ਮਹੀਨੇ ਦੇ ਅੱਧ ਵਿਚ ਆਪਣੀਆਂ ਵਿਆਜ ਦਰਾਂ ਵਿਚ ਵਾਧਾ ਕੀਤਾ ਹੈ ਤਾਂ ਜੋ ਜਨਤਾ ਤੋਂ ਜਮ੍ਹਾਂ ਰਾਸ਼ੀਆਂ ਆਕਰਸ਼ਿਤ ਕਰ ਕੇ ਤਰਲਤਾ ਸੰਕਟ ਨੂੰ ਕੁਝ ਘੱਟ ਕੀਤਾ ਜਾ ਸਕੇ। ਹੋਰ ਬੈਂਕਾਂ ਵੱਲੋਂ ਵੀ ਇਨ੍ਹਾਂ 2 ਬੈਂਕਾਂ ਵਾਂਗ ਵਿਆਜ ਦਰਾਂ ਵਧਾਉਣ ਦਾ ਖ਼ਦਸ਼ਾ ਲਗਾਤਾਰ ਬਣਿਆ ਹੋਇਆ ਹੈ ਪਰ ਆਮ ਜਨਤਾ ਦੇ ਚਾਲੂ ਖਾਤੇ ਦੀ ਬਜਾਏ ਲੰਮੇ ਸਮੇਂ ਤਕ ਬੱਚਤ ਖਾਤਿਆਂ ਜਾਂ ਫਿਕਸਡ ਡਿਪਾਜ਼ਿਟ ਨੂੰ ਤਰਜੀਹ ਦੇਣ ਦੇ ਕਾਰਨ ਬੈਂਕਾਂ ਦੀ ਵਿਆਜ ਦੇਣ ਦੀ ਲਾਗਤ ਲਗਾਤਾਰ ਵਧ ਰਹੀ ਹੈ।

ਹੁਣ ਕੇਂਦਰੀ ਬੈਂਕ ਵੱਲੋਂ ਇਨ੍ਹਾਂ ਬੈਂਕਾਂ ਅਤੇ ਵਿੱਤੀ ਕੰਪਨੀਆਂ ਨੂੰ ਆਪਣੇ ਕੋਲ ਵੱਧ ਨਕਦੀ ਰੱਖਣ ਦੇ ਹੁਕਮ ਦਾ ਅਰਥ ਹੈ ਇਨ੍ਹਾਂ ਵਿੱਤੀ ਸੰਸਥਾਵਾਂ ਦੇ ਮੁਨਾਫ਼ੇ ਵਿਚ ਕਮੀ। ਵਿਰੋਧਾਭਾਸ ਦੀ ਸਥਿਤੀ ਤਾਂ ਉਦੋਂ ਉਭਰਦੀ ਹੈ ਜਦੋਂ ਇੱਕ ਪਾਸੇ ਤਾਂ ਸਰਕਾਰ ਅਤੇ ਰਿਜ਼ਰਵ ਬੈਂਕ ਦੁਆਰਾ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਨੂੰ ਵੱਧ ਅਤੇ ਜੋਖ਼ਮ ਭਰੇ ਕਰਜ਼ੇ ਦੇਣ ਤੋਂ ਰੋਕਿਆ ਜਾਂਦਾ ਹੈ; ਦੂਜੇ ਪਾਸੇ ਬੈਂਕਾਂ ਵਿਚ ਤਰਲਤਾ ਮੁਹੱਈਆ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਪਸ਼ਟ ਹੈ ਕਿ ਬੈਂਕ ਸਰਕਾਰ ਜਾਂ ਰਿਜ਼ਰਵ ਬੈਂਕ ਦੁਆਰਾ ਮੁਹੱਈਆ ਕਰਵਾਈ ਜਾ ਰਹੀ ਰਾਸ਼ੀ ਨੂੰ ਆਪਣੇ ਕੋਲ ਅਣਵਰਤਿਆ ਤਾਂ ਰੱਖ ਨਹੀਂ ਸਕਦੇ; ਦੂਜੇ ਪਾਸੇ ਉਸ ਦਾ ਉਪਯੋਗ ਕਰਨ ਵਾਸਤੇ ਕਰਜ਼ੇ ਦੇਣ 'ਤੇ ਸਖ਼ਤੀ ਹੈ।

ਦਰਅਸਲ ਹਾਲ ਹੀ ਵਿਚ ਕੇਂਦਰੀ ਬੈਂਕ ਨੇ ਬੈਂਕਾਂ ਵਿਚ ਤਰਲਤਾ ਦੀ ਕਮੀ ਨੂੰ ਪੂਰਾ ਕਰਨ ਲਈ ਸਰਕਾਰ ਨੂੰ ਇੱਕ ਉਪਾਅ ਸੁਝਾਇਆ। ਇਸ ਦੇ ਤਹਿਤ ਸਰਕਾਰ ਨੂੰ ਬੈਂਕਾਂ ਤੋਂ ਲਏ ਗਏ ਕਰਜ਼ਿਆਂ ਦੇ ਪਰਿਪੱਕਤਾ ਤੋਂ ਪਹਿਲਾਂ ਮੋੜਨ ਦੀ ਗੱਲ ਕਹੀ ਗਈ ਜਿਸ ਨੂੰ ਸਰਕਾਰ ਨੇ ਮੰਨ ਵੀ ਲਿਆ ਪਰ ਸਰਕਾਰ ਦੀਆਂ ਸਖਤ ਸ਼ਰਤਾਂ ਹੋਣ ਕਰ ਕੇ ਬੈਂਕਾਂ ਨੇ ਕਰਜ਼ਿਆਂ ਦੇ ਪਰਿਪੱਕਤਾ ਤੋਂ ਪਹਿਲਾਂ ਮੋੜਨ ਦੇ ਪ੍ਰਸਤਾਵ ਨੂੰ ਵੱਡੇ ਪੱਧਰ 'ਤੇ ਅਸਵੀਕਾਰ ਕਰ ਦਿੱਤਾ। ਇਸ ਕਾਰਨ ਮਈ ਮਹੀਨੇ ਦੌਰਾਨ ਹੀ ਸਰਕਾਰ ਦੇ 2 ਲੱਖ ਕਰੋੜ ਰੁਪਏ ਦੇ ਸਮੇਂ ਤੋਂ ਪਹਿਲਾਂ ਕਰਜ਼ੇ ਮੋੜਨ ਦੇ ਪ੍ਰਸਤਾਵ ਦੇ ਵਿਰੁੱਧ ਕੇਵਲ 22,960 ਕਰੋੜ ਰੁਪਏ 'ਤੇ ਹੀ ਸਹਿਮਤੀ ਬਣ ਸਕੀ ਅਤੇ ਬੈਂਕਾਂ ਵਿਚ ਤਰਲਤਾ ਦਾ ਸੰਕਟ ਬਰਕਰਾਰ ਹੈ।

ਇਸ ਲੜੀ ਵਿਚ ਕੇਂਦਰੀ ਬੈਂਕ ਵੱਲੋਂ ਦੂਜੀ ਕੋਸ਼ਿਸ਼ 22 ਮਈ 2024 ਨੂੰ ਕੀਤੀ ਗਈ। ਗਵਰਨਰ ਸ਼ਕਤੀਕਾਂਤ ਦਾਸ ਦੀ ਪ੍ਰਧਾਨਗੀ ਹੇਠ ਹੋਈ ਭਾਰਤੀ ਰਿਜ਼ਰਵ ਬੈਂਕ ਦੇ ਬੋਰਡ ਦੀ 608ਵੀਂ ਬੈਠਕ ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਪਿਛਲੇ ਵਿੱਤੀ ਸਾਲ 2023-24 ਲਈ ਕੇਂਦਰ ਸਰਕਾਰ ਨੂੰ 2.11 ਲੱਖ ਕਰੋੜ ਰੁਪਏ ਦੇ ਲਾਭਅੰਸ਼ ਦੀ ਅਦਾਇਗੀ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਵਿੱਤੀ ਸਾਲ 2022-23 ਲਈ ਕੇਂਦਰੀ ਬੈਂਕ ਵੱਲੋਂ ਸਰਕਾਰ ਨੂੰ ਲਾਭਅੰਸ਼ ਦਾ ਭੁਗਤਾਨ ਰੁਪਏ 87416 ਕਰੋੜ ਰਿਹਾ ਸੀ। ਮੌਜੂਦਾ ਵਿੱਤੀ ਸਾਲ ਲਈ ਪੇਸ਼ ਕੀਤੇ ਅੰਤਰਿਮ ਬਜਟ ਵਿਚ ਸਰਕਾਰ ਨੇ ਲਗਭਗ ਇਕ ਲੱਖ ਕਰੋੜ ਰੁਪਏ ਦੇ ਲਾਭਅੰਸ਼ ਦਾ ਅਨੁਮਾਨ ਲਾਇਆ ਸੀ ਅਤੇ 2.11 ਲੱਖ ਕਰੋੜ ਰੁਪਏ ਦਾ ਇਹ ਲਾਭਅੰਸ਼ ਸਰਕਾਰ ਦੇ ਅਨੁਮਾਨਾਂ ਨਾਲੋਂ ਵੀ ਦੁੱਗਣਾ ਹੈ।

ਇਸ ਇੱਕ ਤੀਰ ਨਾਲ ਕੇਂਦਰੀ ਬੈਂਕ ਨੇ ਕਈ ਨਿਸ਼ਾਨੇ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਇੱਕ ਪਾਸੇ ਤਾਂ ਜਦੋਂ 2.11 ਲੱਖ ਕਰੋੜ ਰੁਪਏ ਦੀ ਇਹ ਰਾਸ਼ੀ ਸਰਕਾਰ ਕੋਲ ਬੈਂਕਾਂ ਰਾਹੀਂ ਪਹੁੰਚੇਗੀ ਤਾਂ ਇਸ ਨਾਲ ਬੈਂਕਾਂ ਵਿਚ ਚਲੀ ਆ ਰਹੀ ਤਰਲਤਾ ਦੀ ਸਥਿਤੀ ਵਿਚ ਸੁਧਾਰ ਹੋਵੇਗਾ; ਦੂਜੇ ਪਾਸੇ ਇਹ ਰਾਸ਼ੀ ਸਰਕਾਰ ਦੀ ਵਿੱਤੀ ਹਾਲਤ ਵੀ ਠੀਕ ਕਰਨ ਵਿਚ ਮਦਦਗਾਰ ਹੋਵੇਗੀ।

ਅਰਥ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਸਾਲ 2024-25 ਲਈ ਵਿੱਤੀ ਘਾਟਾ ਅੰਤਰਿਮ ਬਜਟ ਵਿਚ ਅਨੁਮਾਨਿਤ 5.1% ਤੋਂ ਵੀ ਹੁਣ ਘਟ ਕੇ ਜੀ.ਡੀ.ਪੀ. ਦੇ 4.8% 'ਤੇ ਆ ਸਕਦਾ ਹੈ। ਅਸੀਂ ਜਾਣਦੇ ਹਾਂ ਕਿ ਮੌਜੂਦਾ ਸਰਕਾਰ ਲਗਾਤਾਰ ਨਿੱਤ ਨਵੀਆਂ ਸਕੀਮਾਂ ਲਾ ਕੇ ਅਤੇ ਵੱਧ ਕਰਜ਼ੇ ਚੁੱਕ ਕੇ ਕਿਸੇ ਤਰ੍ਹਾਂ ਡੰਗ ਟਪਾ ਰਹੀ ਹੈ। ਵਧਦੇ ਕਰਜ਼ਿਆਂ ਦੇ ਕਾਰਨ ਭਾਰਤੀ ਸਰਕਾਰ ਨੂੰ ਪਿਛਲੇ ਦੋ ਸਾਲਾਂ ਦੌਰਾਨ ਕੌਮਾਂਤਰੀ ਮੁਦਰਾ ਕੋਸ਼ ਕੋਲੋਂ ਵੀ ਦੋ ਵਾਰ ਚਿਤਾਵਨੀ ਮਿਲ ਚੁੱਕੀ ਹੈ। 2.11 ਲੱਖ ਕਰੋੜ ਰੁਪਏ ਦੇ ਲਾਭਅੰਸ਼ ਕਾਰਨ ਸਰਕਾਰ ਦੀ ਨਵੇਂ ਕਰਜ਼ੇ ਚੁੱਕਣ ਦੀ ਰਫ਼ਤਾਰ ਕੁਝ ਸਮੇਂ ਲਈ ਹੀ ਸਹੀ ਪਰ ਕਾਬੂ ਵਿਚ ਜ਼ਰੂਰ ਆਵੇਗੀ।

ਇਸ ਦਾ ਅਸਰ ਸਰਕਾਰ ਦੇ ਇਸ ਵਿੱਤੀ ਵਰ੍ਹੇ ਦੌਰਾਨ ਵਿੱਤੀ ਘਾਟੇ ਨੂੰ ਕਾਬੂ ਕਰਨ ਦੇ ਟੀਚੇ ਨੂੰ ਪ੍ਰਾਪਤ ਕਰਨ 'ਤੇ ਵੀ ਹੋਵੇਗਾ। ਇਸ ਨਾਲ ਭਾਰਤੀ ਸਟਾਕ ਮਾਰਕੀਟ ਵਿਚ ਵੀ ਵਿਦੇਸ਼ੀ ਨਿਵੇਸ਼ਕਾਂ ਦਾ ਭਰੋਸਾ ਵਾਪਸ ਆਵੇਗਾ। ਸਭ ਤੋਂ ਜ਼ਰੂਰੀ ਤਾਂ ਭਾਰਤ ਵਿਚ ਬਣੀ ਨਵੀਂ ਸਰਕਾਰ ਦੇ ਜੁਲਾਈ ਮਹੀਨੇ ਪੇਸ਼ ਹੋਣ ਵਾਲੇ ਬਜਟ ਵਿਚ ਲੋਕ ਲੁਭਾਊ ਫੈਸਲੇ ਦੇਣ ਦਾ ਸਬੱਬ ਬਣੇਗਾ। ਇਸ ਪ੍ਰਕਾਰ ਕੇਂਦਰੀ ਬੈਂਕ ਦਾ ਸਰਕਾਰ ਨੂੰ 2.11 ਲੱਖ ਕਰੋੜ ਰੁਪਏ ਦੇ ਲਾਭਅੰਸ਼ ਦਾ ਭੁਗਤਾਨ ਕਈ ਟੀਚਿਆਂ ਨੂੰ ਪ੍ਰਾਪਤ ਕਰੇਗਾ।

ਕੇਂਦਰੀ ਬੈਂਕ ਦੇ ਇਸ ਕਦਮ ਨਾਲ ਭਾਵੇਂ ਸਰਕਾਰ ਨੂੰ ਤਾਂ ਫਾਇਦੇ ਮਿਲਣਗੇ ਪਰ ਮੂਲ ਸਵਾਲ ਤਾਂ ਉੱਥੇ ਹੀ ਕਾਇਮ ਹੈ। ਇੱਕ ਪਾਸੇ ਤਾਂ ਸਰਕਾਰ ਅਤੇ ਕੇਂਦਰੀ ਬੈਂਕ ਵੱਧ ਅਤੇ ਜੋਖ਼ਮ ਭਰੇ ਕਰਜ਼ੇ ਦੇਣ 'ਤੇ ਸਖਤ ਹੋ ਰਹੇ ਹਨ ਅਤੇ ਦੂਜੇ ਪਾਸੇ ਕੇਂਦਰੀ ਬੈਂਕ ਸਿਸਟਮ ਵਿਚ ਤਰਲਤਾ ਮੁਹੱਈਆ ਕਰਨ ਵਿਚ ਕੋਈ ਕਮੀ ਨਹੀਂ ਛੱਡ ਰਿਹਾ। ਬੈਂਕ ਭਾਰਤੀ ਕੇਂਦਰੀ ਬੈਂਕ ਦੁਆਰਾ ਮੁਹੱਈਆ ਕਰਵਾਈ ਜਾ ਰਹੀ ਇਸ ਰਾਸ਼ੀ ਨੂੰ ਆਪਣੇ ਕੋਲ ਅਣਵਰਤਿਆ ਤਾਂ ਰੱਖ ਨਹੀਂ ਸਕਦੇ ਅਤੇ ਜੇ ਉਹ ਇਸ ਨੂੰ ਆਪ ਜਾਂ ਗੈਰ-ਬੈਂਕ ਵਿੱਤ ਕੰਪਨੀਆਂ ਰਾਹੀਂ ਕਰਜ਼ੇ ਦੇ ਤੌਰ 'ਤੇ ਮੁਹੱਈਆ ਕਰਦੇ ਹਨ ਤਾਂ ਵਿੱਤੀ ਸਮੱਸਿਆਵਾਂ ਖੜ੍ਹੀਆਂ ਹੁੰਦੀਆਂ ਹਨ।

ਇਹ ਤੱਥ ਕੇਂਦਰੀ ਬੈਂਕ ਦੀ ਉਲਝੀ ਹੋਈ ਮਾਨਸਿਕਤਾ ਨੂੰ ਬਿਆਨ ਕਰਦੇ ਹਨ ਜਿਸ ਵਿਚ ਉਹ ਹਰ ਔਕੜ ਦੇ ਬਾਵਜੂਦ ਬਸ ਭਾਰਤੀ ਸਰਕਾਰ ਦੀ ਮਦਦ ਕਰਨਾ ਚਾਹੁੰਦਾ ਹੈ।

# ਭਾਰਤੀ ਸਿਆਸਤ ਅਤੇ ਖੱਬੇ ਪੱਖੀ ਦਲ

ਪਲਵਿੰਦਰ ਸੋਹਲ
ਫੋਨ: +91-98768-56311

ਭਾਰਤ ਦੀਆਂ 18ਵੀਂ ਲੋਕ ਸਭਾ ਦੀਆਂ ਚੋਣਾਂ ਵਿਚ ਹਰ ਪਾਰਟੀ ਨੇ ਪੂਰੇ ਜ਼ੋਰ ਨਾਲ ਹਿੱਸਾ ਲਿਆ। ਮੁੱਖ ਮੁਕਾਬਲਾ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਦੇ ਗਠਜੋੜ ਐੱਨ.ਡੀ.ਏ. ਅਤੇ ਕਾਂਗਰਸ ਦੀ ਅਗਵਾਈ ਵਾਲੇ 'ਇੰਡੀਆ' ਗਠਜੋੜ ਨਾਲ ਹੋਇਆ। 'ਇੰਡੀਆ' ਗਠਜੋੜ ਵਿਚ ਦੇਸ਼ ਦੇ ਮੁੱਖ ਖੱਬੇ ਪੱਖੀ ਦਲ ਵੀ ਸ਼ਾਮਿਲ ਹਨ ਪਰ ਭਾਰਤੀ ਲੋਕਤੰਤਰ ਲਈ ਇਹ ਅਫਸੋਸਜਨਕ ਵਰਤਾਰਾ ਹੈ ਕਿ ਭਾਰਤੀ ਖੱਬੇ ਪੱਖੀ ਦਲ ਇਸ ਸਮੇਂ ਭਾਰਤੀ ਰਾਜਨੀਤੀ ਵਿਚ ਆਪਣਾ ਮਹੱਤਵ ਗਵਾ ਚੁੱਕੇ ਹਨ ਅਤੇ ਹਾਸ਼ੀਏ 'ਤੇ ਹਨ। ਲੋਕ ਹਿੱਤਾਂ ਵਾਲੀ ਲੋਕਾਂ ਦੇ ਬੁਨਿਆਦੀ ਮੁੱਦਿਆਂ ਦੀ ਸਿਆਸਤ ਲਈ ਜਾਣੇ ਜਾਂਦੇ ਭਾਰਤੀ ਖੱਬੇ ਪੱਖੀ ਦਲ ਇਸ ਸਮੇਂ ਤਕਰੀਬਨ ਗੈਰ-ਪ੍ਰਸੰਗਿਕ ਹੋ ਗਏ ਜਾਪਦੇ ਹਨ ਭਾਵੇਂ ਕੇਰਲਾ ਵਿਚ ਇਸ ਸਮੇਂ ਖੱਬੇ ਪੱਖੀ ਦਲਾਂ ਦੀ ਸਰਕਾਰ ਹੈ।

ਕਿਸੇ ਸਮੇਂ ਖੱਬੇ ਪੱਖੀਆਂ ਦੇ ਗੜ੍ਹ ਰਹੇ ਪੱਛਮੀ ਬੰਗਾਲ ਅਤੇ ਤ੍ਰਿਪੁਰਾ ਵਿਚ ਇਸ ਸਮੇਂ ਖੱਬੇ ਪੱਖੀ ਸਿਆਸਤ ਦੇ ਪੈਰ ਬੁਰੀ ਤਰ੍ਹਾਂ ਉਖੜੇ ਹੋਏ ਹਨ। ਪੱਛਮੀ ਬੰਗਾਲ ਵਿਚ ਤਾਂ ਲਗਭਗ ਸਾਢੇ ਤਿੰਨ ਦਹਾਕੇ ਸੱਤਾ ਵਿਚ ਰਹਿਣ ਦੇ ਬਾਅਦ ਖੱਬੇ ਪੱਖੀ ਦਲ ਇਸ ਸਮੇਂ ਇਸ ਰਾਜ ਦੀ ਸਿਆਸਤ ਵਿਚ ਹਾਸ਼ੀਏ 'ਤੇ ਹਨ। ਤ੍ਰਿਪੁਰਾ ਵਿਚ ਵੀ ਕਾਫੀ ਸਮੇਂ ਤੋਂ ਭਾਜਪਾ ਦੀ ਹਕੂਮਤ ਹੈ। ਕਿਸੇ ਸਮੇਂ ਮਹਾਰਾਸਟਰ, ਤਾਮਿਲਨਾਡੂ, ਮੱਧ ਪ੍ਰਦੇਸ਼, ਬਿਹਾਰ, ਉੜੀਸਾ ਅਤੇ ਪੰਜਾਬ ਦੀ ਸਿਆਸਤ ਵਿਚ ਵੀ ਆਪਣਾ ਆਧਾਰ ਰੱਖਣ ਵਾਲੇ ਕਮਿਊਨਿਸਟ ਦਲ ਅੱਜ ਚੋਣ ਸਿਆਸਤ ਵਿਚੋਂ ਮਨਫ਼ੀ ਹਨ।

ਦੇਸ਼ ਦੀ ਸਿਆਸਤ ਵਿਚ ਆਜ਼ਾਦੀ ਤੋਂ ਬਾਅਦ ਕਾਂਗਰਸ ਦੇ ਬਦਲ ਵਜੋਂ ਕਿਸੇ ਸਮੇਂ ਖੱਬੇ ਪੱਖੀ ਪਾਰਟੀਆਂ ਨੂੰ ਮੰਨਿਆ ਜਾਂਦਾ ਸੀ। ਦੇਸ਼ ਦੀ ਸਭ ਤੋਂ ਪਹਿਲੀ ਕਿਸੇ ਪ੍ਰਦੇਸ਼ ਦੀ ਗੈਰ-ਕਾਂਗਰਸੀ ਹਕੂਮਤ ਵੀ ਸਭ ਤੋਂ ਪਹਿਲਾਂ ਕੇਰਲਾ ਵਿਚ ਕਮਿਊਨਿਸਟ ਪਾਰਟੀ ਦੀ ਬਣੀ ਸੀ। ਦੇਸ਼ ਦੀ ਸਿਆਸਤ ਵਿਚ ਖੱਬੇ ਪੱਖੀ ਸਿਆਸਤ ਅਤੇ ਨੇਤਾਵਾਂ ਨੂੰ ਵਜ਼ਨ ਦਿੱਤਾ ਜਾਂਦਾ ਸੀ। ਇਹਨਾਂ ਨੇਤਾਵਾਂ ਦੀ ਵਿਚਾਰਧਾਰਕ ਦ੍ਰਿੜਤਾ, ਇਮਾਨਦਾਰੀ ਅਤੇ ਕਿਸਾਨ ਮਜ਼ਦੂਰ ਅਤੇ ਦੱਬੇ-ਕੁਚਲੇ ਲੋਕਾਂ ਦੇ ਹੱਕਾਂ ਲਈ ਸੰਘਰਸ਼ ਅਤੇ ਕੰਮ ਕਰਨ ਦੀ ਪ੍ਰਤੀਬੱਧਤਾ ਕਾਰਨ ਖੱਬੇ ਪੱਖੀ ਦਲ ਕਿਸੇ ਸਮੇਂ ਭਾਰਤੀ ਸਿਆਸਤ ਵਿਚ ਜਾਤੀ ਅਤੇ ਧਾਰਮਿਕ ਸਿਆਸਤ ਵਿਰੁੱਧ ਵੱਡੇ ਸਿਆਸੀ ਬਦਲ ਵੱਜੋਂ ਉਭਰੇ ਸਨ ਪਰ ਪਹਿਲਾਂ 1964 ਵਿਚ ਪਾਰਟੀ ਵਿਚ ਫੁੱਟ ਕਾਰਨ ਪਾਰਟੀ ਦੋ ਫਾੜ ਹੋ ਗਈ ਅਤੇ ਕਮਜ਼ੋਰ ਹੋਈ। ਬਾਅਦ ਵਿਚ ਐਮਰਜੈਂਸੀ ਤੋਂ ਬਾਅਦ ਪਹਿਲਾਂ ਜਨਤਾ ਪਾਰਟੀ ਦੇ ਉਭਾਰ ਅਤੇ ਬਾਅਦ ਵਿਚ ਸੰਨ ਅੱਸੀ ਵਾਲੇ ਦਹਾਕੇ ਵਿਚ ਰਾਮ ਮੰਦਿਰ ਅੰਦੋਲਨ ਕਾਰਨ ਭਾਜਪਾ ਦੇ ਉਭਾਰ ਕਾਰਨ ਖੱਬੇ ਪੱਖੀ ਦਲਾਂ ਦਾ ਆਧਾਰ ਘਟਣਾ ਸ਼ੁਰੂ ਹੋ ਗਿਆ।

ਉਂਝ, ਆਪਣੇ ਵੱਡੇ ਆਗੂਆਂ ਹਰਕ੍ਰਿਸ਼ਨ ਸਿੰਘ ਸੁਰਜੀਤ, ਜੋਤੀ ਬਾਸੂ, ਇੰਦਰਜੀਤ ਗੁਪਤ, ਸੋਮਨਾਥ ਚੈਟਰਜੀ, ਬੁੱਧਦੇਵ ਭੱਟਾਚਾਰਿਆ ਆਦਿ ਦੀ ਅਗਵਾਈ ਵਿਚ ਇਹ ਦਲ 2008 ਤੱਕ ਭਾਰਤੀ ਸਿਆਸਤ ਵਿਚ ਆਪਣੇ ਮਹੱਤਵ ਨੂੰ ਕਾਇਮ ਰੱਖਦੇ ਰਹੇ। 1996 ਵਿਚ ਤਾਂ ਇਹਨਾਂ ਦਲਾਂ ਨੂੰ ਆਪਣਾ ਆਗੂ ਪ੍ਰਧਾਨ ਮੰਤਰੀ ਬਣਾਉਣ ਦਾ ਮੌਕਾ ਵੀ ਮਿਲਿਆ ਸੀ ਪਰ ਇਹ ਖੁੰਝ ਗਏ। 2004 ਵਿਚ ਮਨਮੋਹਨ ਸਿੰਘ ਦੀ ਅਗਵਾਈ ਵਿਚ ਬਣੀ ਯੂਪੀਏ ਸਰਕਾਰ ਦੇ ਗਠਨ ਵਿਚ ਵੀ ਖੱਬੇ ਪੱਖੀ ਦਲਾਂ ਅਤੇ ਹਰਕ੍ਰਿਸ਼ਨ ਸਿੰਘ ਸੁਰਜੀਤ ਨੇ ਅਹਿਮ ਭੂਮਿਕਾ ਨਿਭਾਈ ਸੀ। ਬਾਅਦ ਵਿਚ 2008 ਵਿਚ ਅਮਰੀਕਾ ਨਾਲ ਹੋਏ ਪਰਮਾਣੂ ਸਮਝੌਤੇ ਵਿਰੁੱਧ ਇਸ ਸਰਕਾਰ ਤੋਂ ਸਮਰਥਨ ਵਾਪਸ ਲੈਣ ਤੋਂ ਬਾਅਦ ਇਹਨਾਂ ਦਲਾਂ ਦਾ ਭਾਰਤੀ ਸਿਆਸਤ ਵਿਚ ਨਿਘਾਰ ਸ਼ੁਰੂ ਹੋ ਗਿਆ।

> **ਅੱਜ ਵੀ ਖੱਬੇ ਪੱਖੀ ਦਲ ਅਤੇ ਨੇਤਾ ਦੂਸਰੇ ਸਿਆਸੀ ਦਲਾਂ ਦੇ ਮੁਕਾਬਲੇ ਕਾਰਪੋਰੇਟ ਘਰਾਣਿਆਂ ਦੇ ਪਿੱਠੂ ਨਹੀਂ ਹਨ। ਉਦਾਹਰਨ ਵਜੋਂ ਚੋਣ ਬਾਂਡ ਘੁਟਾਲੇ ਵਿਚ ਜੋ ਤੱਥ ਸਾਹਮਣੇ ਆਏ ਹਨ, ਉਸ ਅਨੁਸਾਰ ਕਿਸੇ ਵੀ ਖੱਬੇ ਪੱਖੀ ਦਲ ਨੇ ਕੋਈ ਫੰਡ ਨਹੀਂ ਲਿਆ।**

ਕਾਮਰੇਡ ਸੁਰਜੀਤ ਸਮੇਤ ਹੋਰ ਆਗੂਆਂ ਦੇ ਦੇਹਾਂਤ ਜਾਂ ਬਜ਼ੁਰਗ ਹੋਣ ਕਾਰਨ ਸਿਆਸਤ ਵਿਚ ਗੈਰ-ਸਰਗਰਮ ਹੋ ਜਾਣ ਕਾਰਨ ਅਤੇ ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਦੀ ਆਗੂ ਮਮਤਾ ਬੈਨਰਜੀ ਕੋਲੋਂ ਆਪਣੀ ਹਕੂਮਤ ਗਵਾ ਲੈਣ ਤੋਂ ਬਾਅਦ ਖੱਬੇ ਪੱਖੀ ਦਲ ਭਾਰਤੀ ਸਿਆਸਤ ਵਿਚ ਆਪਣਾ ਪ੍ਰਭਾਵ ਨਹੀਂ ਬਣਾ ਸਕੇ। ਜੋ ਹਾਲਾਤ ਪਿਛਲੇ 10 ਸਾਲ ਤੋਂ ਭਾਰਤੀ ਸਿਆਸਤ ਦੇ ਹਨ ਅਤੇ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਦਾ ਜਿਸ ਕਦਰ ਉਭਾਰ ਹੋਇਆ ਹੈ, ਦੇਸ਼ ਦਾ ਸਮਾਜ ਜਾਤੀ ਅਤੇ ਧਾਰਮਿਕ ਤੌਰ 'ਤੇ ਵੰਡਿਆ ਗਿਆ ਹੈ। ਅਜਿਹੇ ਸਮੇਂ ਵਿਚ ਖੱਬੀ ਪੱਖੀ ਦਲਾਂ ਦੀ ਭੂਮਿਕਾ ਅਹਿਮ ਹੋ ਸਕਦੀ ਹੈ। ਖੱਬੇ ਪੱਖੀ ਦਲਾਂ ਦਾ ਕੇਡਰ ਦੇਸ਼ ਦੇ ਤਕਰੀਬਨ ਹਰ ਜ਼ਿਲ੍ਹੇ ਵਿਚ ਮੌਜੂਦ ਹੈ। ਅਜੇ ਵੀ ਭਾਰਤੀ ਵੋਟਰਾਂ ਦਾ ਕੁੱਝ ਹਿੱਸਾ ਅਜਿਹਾ ਹੈ ਜੋ ਮੌਜੂਦਾ ਧਾਰਮਿਕ ਕੱਟੜਵਾਦ, ਜਾਤੀ ਕੱਟੜਵਾਦ ਤੇ ਭ੍ਰਿਸ਼ਟ ਰਾਜਨੀਤੀ ਦੇ ਸਖਤ ਖਿਲਾਫ ਹੈ ਅਤੇ ਸਮੁਚੇ ਸਿਸਟਮ ਨੂੰ ਬਦਲ ਕੇ ਲੋਕ ਪੱਖੀ ਸੁਧਾਰਾਂ ਦਾ ਹਾਮੀ ਹੈ। ਅਜਿਹੇ ਲੋਕਾਂ ਲਈ ਖੱਬੇ ਪੱਖੀ ਦਲ ਬਦਲ ਹੋ ਸਕਦੇ ਹਨ। ਕੇਰਲਾ ਵਾਸੀਆਂ ਵਰਗੀ ਪੜ੍ਹੀ-ਲਿਖੀ ਜਨਤਾ ਜੇਕਰ ਖੱਬੇ ਪੱਖੀ ਦਲਾਂ ਨੂੰ ਜਿਤਾ ਸਕਦੀ ਹੈ ਤਾਂ ਬਾਕੀ ਦੇਸ਼ ਵਿਚ ਵੀ ਅਜਿਹਾ ਹੋ ਸਕਦਾ ਹੈ। ਇਸ ਸਮੇਂ ਲੋੜ ਹੈ ਖੱਬੇ ਪੱਖੀ ਨੇਤਾ ਮਿਹਨਤ ਕਰਨ ਅਤੇ ਲੋਕਾਂ ਵਿਚ ਜਾਣ। ਲੋਕ ਮੁੱਦੇ ਚੁੱਕਣ ਅਤੇ ਲੋਕਾਂ ਦੀ ਆਵਾਜ਼ ਬਣਨ। ਇਸ ਸਮੇਂ ਖੱਬੇ ਪੱਖੀ ਨੇਤਾਵਾਂ ਦੀ ਸਰਗਰਮੀ ਕੇਰਲਾ ਨੂੰ ਛੱਡ ਕੇ ਕਿਤੇ ਵੀ ਜ਼ਿਕਰਯੋਗ ਨਹੀਂ ਹੈ।

ਅੱਜ ਵੀ ਖੱਬੇ ਪੱਖੀ ਦਲ ਅਤੇ ਨੇਤਾ ਦੂਸਰੇ ਸਿਆਸੀ ਦਲਾਂ ਦੇ ਮੁਕਾਬਲੇ ਕਾਰਪੋਰੇਟ ਘਰਾਣਿਆਂ ਦੇ ਪਿੱਠੂ ਨਹੀਂ ਹਨ। ਉਦਾਹਰਨ ਵਜੋਂ ਚੋਣ ਬਾਂਡ ਘੁਟਾਲੇ ਵਿਚ ਜੋ ਤੱਥ ਸਾਹਮਣੇ ਆਏ ਹਨ, ਉਸ ਅਨੁਸਾਰ ਕਿਸੇ ਵੀ ਖੱਬੇ ਪੱਖੀ ਦਲ ਨੇ ਕੋਈ ਫੰਡ ਨਹੀਂ ਲਿਆ। ਇਸ ਲਈ ਸਮੇਂ ਦੀ ਲੋੜ ਹੈ ਕਿ ਖੱਬੇ ਪੱਖੀ ਦਲ ਇੱਕਜੁਟ ਹੋ ਕੇ ਲੋਕਾਂ ਲਈ ਸੰਘਰਸ਼ ਕਰਨ, ਕਿਸਾਨਾਂ ਮਜ਼ਦੂਰਾਂ ਅਤੇ ਭਾਰਤ ਦੀ ਕਰੋੜਾਂ ਆਮ ਜਨਤਾ ਦੀ ਆਵਾਜ਼ ਬਣਨ ਅਤੇ ਅਜੋਕੇ ਸਮੇਂ ਦੀ ਫਿਰਕੂ ਰਾਜਨੀਤੀ ਦਾ ਡਟ ਕੇ ਵਿਰੋਧ ਕਰਨ। ਇਉਂ ਭਾਰਤੀ ਸਿਆਸਤ ਵਿਚ ਤਬਦੀਲੀ ਆਵੇਗੀ ਅਤੇ ਭਾਰਤੀ ਲੋਕਤੰਤਰ ਤੇ ਭਾਰਤੀ ਜਨਤਾ ਦੇ ਵੀ ਇਹ ਹਿੱਤ ਵਿਚ ਹੋਵੇਗਾ।

# ਫੁੱਟਬਾਲ ਦਾ ਜਰਨੈਲ ਪਨਾਮ ਵਾਲਾ ਜਰਨੈਲ ਸਿੰਘ

***ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਪਨਾਮ ਵਿਚ ਜਨਮ ਲੈਣ ਵਾਲੇ ਫੁੱਟਬਾਲ ਖਿਡਾਰੀ ਜਰਨੈਲ ਸਿੰਘ (20 ਫਰਵਰੀ 1936-13 ਅਕਤੂਬਰ 2000) ਬਾਰੇ ਗੱਲਾਂ-ਬਾਤਾਂ ਕਦੀ ਮੁੱਕਣ ਦਾ ਨਾਂ ਨਹੀਂ ਲੈਂਦੀਆਂ। ਉਨ੍ਹਾਂ ਆਪਣੀ ਖੇਡ-ਕਲਾ ਨਾਲ ਅਣਗਿਣਤ ਲੋਕਾਂ ਨੂੰ ਕਾਇਲ ਕੀਤਾ। ਜਰਨੈਲ ਸਿੰਘ ਬਾਰੇ ਕਿਤਾਬ ਲਿਖਣ ਵਾਲੇ ਡਾ. ਚਰਨਜੀਤ ਸਿੰਘ ਪੱਡਾ ਨੇ ਇਸ ਲੇਖ ਵਿਚ ਕੁੱਜੇ ਵਿਚ ਸਮੁੰਦਰ ਬੰਦ ਕਰ ਦਿੱਤਾ ਹੈ।***

1962 ਵਿਚ ਜਰਨੈਲ ਸਿੰਘ ਨੂੰ ਭਾਰਤੀ ਫੁੱਟਬਾਲ ਜਗਤ ਦਾ ਸਰਵੋਤਮ ਖਿਡਾਰੀ ਐਲਾਨਿਆ ਗਿਆ ਸੀ। ਉਦੋਂ ਤਕ ਉਹ ਫੁੱਟਬਾਲ ਸੰਸਾਰ ਦੇ ਮਹਿਬੂਬ ਖਿਡਾਰੀ ਦੇ ਤੌਰ 'ਤੇ ਪ੍ਰਸਿੱਧ ਹੋ ਚੁੱਕਾ ਸੀ। ਪਨਾਮੀਆ ਜੈਲਾ ਪਿੰਡ ਦੀ ਜੂਹ ਵਿਚੋਂ ਨਿਕਲ ਕੇ ਭਾਰਤੀ ਫੁੱਟਬਾਲ-ਅੰਬਰ ਦਾ ਰੌਸ਼ਨ ਸਿਤਾਰਾ ਬਣ ਗਿਆ ਸੀ। ਉਭਰਦੇ ਫੁੱਟਬਾਲਰ ਦੀ ਹਰ ਮਾਂ ਆਪਣੇ ਪੁੱਤਰ ਨੂੰ ਜਰਨੈਲ ਸਿੰਘ ਬਣਿਆ ਦੇਖਣਾ ਚਾਹੁੰਦੀ ਸੀ। ਉੱਚ ਕੋਟੀ ਦੇ ਇਸ ਫੁੱਟਬਾਲਰ ਦੀ ਚਰਚਾ ਪਿੰਡਾਂ ਦੀਆਂ ਸੱਥਾਂ, ਸ਼ਹਿਰਾਂ ਦੀਆਂ ਮਹਿਫ਼ਲਾਂ ਅਤੇ ਅਖ਼ਬਾਰਾਂ ਦੀਆਂ ਸੁਰਖ਼ੀਆਂ ਵਿਚ ਆਮ ਹੁੰਦੀ। ਜਦੋਂ ਹਾਕੀ ਦੇ ਮਸ਼ਹੂਰ ਸਿਤਾਰੇ ਧਿਆਨ ਚੰਦ ਦਾ ਜ਼ਿਕਰ ਹੁੰਦਾ ਹੈ ਤਾਂ ਬਰਾਬਰ



ਭਾਰਤੀ ਫੁੱਟਬਾਲ ਦੇ ਜਰਨੈਲ ਦਾ ਜ਼ਿਕਰ ਅਕਸਰ ਛਿੜ ਪੈਂਦਾ। ਉਹਦੀਆਂ ਕਿੱਕਾਂ ਦੀਆਂ ਕਿਲਕਾਰੀਆਂ ਦੀ ਗੂੰਜ ਹਰ ਫੁੱਟਬਾਲ ਪ੍ਰੇਮੀ ਨੂੰ ਸੁਣਾਈ ਦਿੰਦੀ ਸੀ। ਉਸ ਦੇ ਫੁੱਟਬਾਲ

**ਚਰਨਜੀਤ ਸਿੰਘ ਪੱਡਾ**
**ਫੋਨ: +91-98722-29431**

ਦਾ ਸੰਗੀਤ ਉਖੜੇ ਮਨਾਂ ਨੂੰ ਸੁਰ-ਤਾਲ ਵਿਚ ਬੰਨ੍ਹ ਦਿੰਦਾ ਸੀ। ਉਸ ਦੀ ਫੁੱਟਬਾਲ ਕਲਾ ਨੂੰ ਯਾਦ ਕਰ ਕੇ ਬੰਦਾ ਝੂਮਣ ਲੱਗ ਪੈਂਦਾ ਸੀ।

1962 ਦੇ ਇਨ੍ਹਾਂ ਦਿਨਾਂ ਵਿਚ ਜਰਨੈਲ ਸਿੰਘ ਨੇ ਚੰਡੀਗੜ੍ਹ ਦੋਸਤਾਨਾ ਮੈਚ ਖੇਡਿਆ। ਖੇਡ ਮਹਿਕਮੇ ਦੇ ਸੈਕਟਰੀ, ਆਈ.ਸੀ.ਐਸ. ਅਫਸਰ ਏ.ਐਲ. ਫਲੈਚਰ ਨੇ ਉਹ ਮੈਚ ਦੇਖਿਆ ਅਤੇ ਉਹ ਜਰਨੈਲ ਸਿੰਘ ਦੀ ਖੇਡ ਕਲਾ ਦੇ ਜਾਦੂ ਨਾਲ ਕੀਲਿਆ ਗਿਆ। ਮੈਚ ਖ਼ਤਮ ਹੋਣ ਤੋਂ ਬਾਅਦ ਫਲੈਚਰ ਜਰਨੈਲ ਸਿੰਘ ਕੋਲ ਗਿਆ, ਜਰਨੈਲ ਨੂੰ ਰੱਜ ਕੇ ਦੇਖਿਆ, ਫਿਰ ਸਾਹਮਣੇ ਖੜ੍ਹੋ ਕੇ ਉਹਦੇ ਦੋਵੇਂ ਮੋਢੇ ਘੁੱਟ ਕੇ ਕਹਿਣ ਲੱਗਾ, "ਨੌਜਵਾਨ ਹਮਾਰੇ ਵਿਭਾਗ ਮੇਂ ਨੌਕਰੀ ਕਰੋਗੇ।" ਜਰਨੈਲ ਸਿੰਘ ਨੇ ਥੋੜ੍ਹੀ ਜਿਹੀ ਝਿਜਕ ਨਾਲ ਆਖਿਆ, "ਅਗਰ ਆਪ ਅੱਛਾ ਗਰੇਡ ਦੇਂਗੇ ਤੋ ਮੈਂ ਜ਼ਰੂਰ ਕਰੂੰਗਾ।" ਫਲੈਚਰ ਨੇ ਜਰਨੈਲ ਸਿੰਘ ਨੂੰ 250-500 ਵਾਲਾ ਗਰੇਡ ਦੇਣ ਦੀ ਪੇਸ਼ਕਸ਼ ਕੀਤੀ। ਅਣਖ਼ੀਲੇ ਜਰਨੈਲ ਸਿੰਘ ਨੇ ਨਾਂਹ ਵਿਚ ਸਿਰ ਫੇਰ ਦਿੱਤਾ। ਉਸ ਨੂੰ ਇਹ ਗਰੇਡ ਜਚਿਆ ਨਹੀਂ ਸੀ ਪਰ ਮਿਸਟਰ ਫਲੈਚਰ ਹਰ ਹਾਲਤ ਵਿਚ ਉਸ ਨੂੰ ਆਪਣੇ ਵਿਭਾਗ ਦਾ ਸ਼ਿੰਗਾਰ ਬਣਾਉਣ ਲਈ ਧੁਰ ਅੰਦਰੋਂ ਤਤਪਰ ਸੀ। ਉਹਨੇ ਜਰਨੈਲ ਸਿੰਘ ਨੂੰ ਆਪਣੇ ਢਿੱਡ ਦੀ ਗੱਲ ਦੱਸੀ ਕਿ ਉਹ ਉਸ ਨੂੰ ਵੱਧ ਤੋਂ ਵੱਧ 500 ਮੁੱਢਲੀ ਤਨਖ਼ਾਹ ਵਾਲਾ ਗਰੇਡ ਲੈ ਕੇ ਦੇਣਗੇ। ਉਸ ਨੇ ਜਰਨੈਲ ਸਿੰਘ ਨੂੰ ਇਕ ਹਫ਼ਤਾ ਇੰਤਜ਼ਾਰ ਕਰਨ ਲਈ ਮਨਾ ਲਿਆ। ਉਸ ਸਮੇਂ ਜਗਜੀਤ ਸਿੰਘ ਚੌਹਾਨ ਪੰਜਾਬ ਦਾ ਵਿੱਤ ਮੰਤਰੀ ਸੀ। ਇਸ ਹਫ਼ਤੇ ਦਰਮਿਆਨ ਹੀ ਫਲੈਚਰ ਨੇ ਚੌਹਾਨ ਨਾਲ ਗੱਲ ਕੀਤੀ ਅਤੇ ਵਿੱਤ ਵਿਭਾਗ ਨੂੰ ਮਨਾ ਕੇ ਜਰਨੈਲ ਸਿੰਘ ਨੂੰ ਬੁਲਾ ਲਿਆ ਤੇ ਨੌਕਰੀ ਦੇ ਦਿੱਤੀ।

ਇਸ ਨੌਕਰੀ ਦੇ ਨਾਲ ਹੀ ਫਲੈਚਰ ਨੇ ਜਰਨੈਲ ਸਿੰਘ 'ਤੇ ਸ਼ਰਤ ਲਗਾ ਦਿੱਤੀ ਕਿ ਉਹ ਕਲਕੱਤੇ ਨਹੀਂ ਖੇਡੇਗਾ। ਜਰਨੈਲ ਸਿੰਘ ਨੇ ਵੀ ਆਪਣੀ ਕਲੱਬ ਮੋਹਨ ਬਗਾਨ ਨੂੰ ਕਹਿ ਦਿੱਤਾ ਕਿ ਉਹ ਹੁਣ ਉਨ੍ਹਾਂ ਦੀ ਕਲੱਬ ਲਈ ਨਹੀਂ ਖੇਡੇਗਾ। ਉਹਨੇ ਆਪਣੀ ਮਜਬੂਰੀ ਕਲੱਬ ਨੂੰ ਦੱਸ ਦਿੱਤੀ ਸੀ।

ਸ਼ੁਰੂ ਵਿਚ ਜਰਨੈਲ ਸਿੰਘ ਜ਼ਿਲ੍ਹਾ ਖੇਡ ਅਫਸਰ (ਹੁਸ਼ਿਆਰਪੁਰ) ਲੱਗਾ। ਇਨ੍ਹਾਂ ਹੀ ਦਿਨਾਂ ਵਿਚ ਜਕਾਰਤਾ ਏਸ਼ੀਅਨ ਖੇਡਾਂ ਹੋਣੀਆਂ ਸਨ। ਇਨ੍ਹਾਂ ਏਸ਼ੀਅਨ ਖੇਡਾਂ ਵਾਸਤੇ ਫੁੱਟਬਾਲ ਟੀਮ ਦਾ ਕੈਂਪ ਹੈਦਰਾਬਾਦ ਲੱਗਣਾ ਸੀ। ਇਸ ਕੈਂਪ ਵਾਸਤੇ ਜਰਨੈਲ ਸਿੰਘ ਦੀ ਚੋਣ ਹੋਣੀ ਪਹਿਲਾਂ ਹੀ ਤੈਅ ਸੀ। ਜਦੋਂ ਕੈਂਪ ਵਾਸਤੇ ਉਸ ਦੀ ਚੋਣ ਬਾਕਾਇਦਾ ਕਰ ਲਈ ਗਈ ਤਾਂ ਜਰਨੈਲ ਸਿੰਘ ਆਪਣੇ ਖੇਡ ਸੈਕਟਰੀ ਫਲੈਚਰ ਕੋਲ ਗਿਆ। ਉਸ ਨੇ ਅਰਜ਼ ਕੀਤੀ ਕਿ ਕੈਂਪ ਵਾਸਤੇ ਉਸ ਦੀ ਚੋਣ ਹੋ ਚੁੱਕੀ ਹੈ, ਉਹ ਕੈਂਪ ਵਿਚ ਜਾਣਾ ਚਾਹੁੰਦਾ ਹੈ। ਫਲੈਚਰ ਜ਼ਰੂਰੀ ਕਾਗਜ਼ਾਂ ਉਪਰ ਦਸਤਖ਼ਤ ਕਰ ਰਹੇ ਸਨ, ਉਹ ਰੁਕ ਗਏ। ਉਨ੍ਹਾਂ ਝਟਕੇ ਨਾਲ ਖੁਦ ਨੂੰ ਇਕਸੁਰ ਕੀਤਾ ਅਤੇ ਜਰਨੈਲ ਸਿੰਘ ਦੇ ਮੂੰਹ ਵੱਲ ਦੇਖਦੇ-ਦੇਖਦੇ ਸੰਜੀਦਗੀ ਦੇ ਆਲਮ ਵਿਚ ਉਤਰ ਗਏ। ਫਿਰ ਉਨ੍ਹਾਂ ਇਮਾਨਦਾਰ ਬੰਦੇ ਵਾਂਗ ਜਰਨੈਲ ਸਿੰਘ ਨੂੰ ਸੰਬੋਧਨ ਕੀਤਾ, "ਨੌਜਵਾਨ ਤੁਮ ਆਪਣਾ ਅੱਛਾ ਬੁਰਾ ਨਹੀਂ ਸਮਝਤੇ। ਜਾਓ, ਕੱਲ੍ਹ ਫਿਰ ਸੋਚ ਕਰ ਆਓ।" ਸੋਚਾਂ ਦੀ ਦੁਨੀਆ ਵਿਚ ਡੁੱਬਾ ਜਰਨੈਲ ਸਿੰਘ ਨੀਵੀਂ ਪਾਈ ਵਾਪਸ ਪਰਤ ਰਿਹਾ ਸੀ। ਗਹਿਰੀਆਂ ਸੋਚਾਂ ਦੀ ਘੁੰਮਣਘੇਰੀ ਵਿਚ ਫਸਿਆ ਉਹ ਅਜੀਬ ਦੁਚਿਤੀ ਵਿਚ ਸੀ। ਭਵਿੱਖ ਵਿਚਲੇ ਦੋ ਆਦਰਸ਼ ਉਸ ਦੇ ਸਾਹਮਣੇ ਸਨ: ਇਕ ਪਾਸੇ ਫੁੱਟਬਾਲ ਦੀ ਦੁਨੀਆ ਦਾ ਖੁੱਲ੍ਹਾ-ਡੁੱਲ੍ਹਾ ਸ਼ੁਹਰਤ ਭਰਿਆ ਸੰਸਾਰ ਸੀ; ਦੂਜੇ ਪਾਸੇ ਬੱਚਿਆਂ ਦੇ ਭਵਿੱਖ ਨਾਲ ਪ੍ਰਣਾਈ ਸੋਚ ਨੂੰ ਨੌਕਰੀ ਦਾ ਖ਼ਿਆਲ ਸੀ।

ਆਖ਼ਰ ਜਰਨੈਲ ਸਿੰਘ ਕਰੇ ਤਾਂ ਕੀ ਕਰੇ? ਰਾਤ ਨੂੰ ਨੀਂਦ ਨਾ ਆਈ। ਸੋਚਾਂ ਦੇ ਘੋੜੇ ਸਾਰੀ ਰਾਤ ਬੇਕਾਬੂ ਹੋਏ ਰਹੇ। ਉਸ ਦੀ ਕਲਪਨਾ ਵਿਚ ਕਦੇ ਫੁੱਟਬਾਲ ਪ੍ਰੇਮੀ ਉਸ ਨੂੰ ਆਵਾਜ਼ਾਂ ਮਾਰਦੇ ਰਹੇ ਅਤੇ ਕਦੀ ਪੱਕੀ ਨੌਕਰੀ ਦੀ ਸ਼ਿੱਦਤ ਭਰੀ ਸੋਚ ਉਸ ਦੇ ਇਰਦ-ਗਿਰਦ ਘੁੰਮਦੀ ਰਹੀ। ਖੇਡ ਦੇ ਮੈਦਾਨ ਵਿਚ ਇਕ ਸੈਕਿੰਡ ਵਿਚ ਕਈ ਠੀਕ ਫ਼ੈਸਲੇ ਕਰਨ ਵਾਲਾ ਜਰਨੈਲ ਸਿੰਘ ਘੰਟਿਆਂ ਬੱਧੀ ਦੁਬਿਧਾ ਦੇ ਸੰਕਟ ਵਿਚ ਫਸਿਆ ਰਿਹਾ।

ਚੌਵੀ ਘੰਟਿਆਂ ਦੀ ਸੋਚ-ਵਿਚਾਰ ਵਾਲੀ ਜੱਦੋ-ਜਹਿਦ ਬਾਅਦ ਜਰਨੈਲ ਸਿੰਘ ਨੇ ਪੱਕਾ ਫ਼ੈਸਲਾ ਕਰ ਲਿਆ। ਉਸ ਨੇ ਸੋਚਿਆ ਕਿ ਫਲੈਚਰ ਨੇ ਉਸ ਨੂੰ ਨੌਕਰੀ ਤੋਂ ਕੱਢ ਤਾਂ ਦੇਣਾ ਹੀ ਹੈ, ਇਸ ਕਰ ਕੇ ਉਸ ਨੇ ਫਲੈਚਰ ਨੂੰ ਉਸ ਦੇ ਦਫ਼ਤਰ ਜਾ ਕੇ ਵੱਡਾ ਹੌਸਲਾ ਕਰ ਕੇ ਕਹਿ ਦਿੱਤਾ, "ਫਲੈਚਰ ਸਾਹਿਬ, ਮੈਨੇ ਤੋ ਫੁੱਟਬਾਲ ਖੇਲਨਾ।" ਜਰਨੈਲ ਸਿੰਘ ਨੇ ਨੌਕਰੀ ਦੇ ਫੁੱਟਬਾਲ ਨੂੰ ਤਾਕਤਵਰ ਕਿੱਕ ਮਾਰ ਕੇ ਮਨ-ਮੈਦਾਨੋਂ ਬਾਹਰ ਕਰ ਦਿੱਤਾ ਸੀ। ਫਲੈਚਰ ਹੱਕੇ-ਬੱਕੇ ਰਹਿ ਗਏ। ਉਨ੍ਹਾਂ ਨੂੰ ਆਸ ਨਹੀਂ ਸੀ ਕਿ ਜਰਨੈਲ ਸਿੰਘ ਨੌਕਰੀ ਦੇ ਖ਼ਿਲਾਫ਼ ਅਤੇ ਫੁੱਟਬਾਲ ਦੇ ਹੱਕ ਵਿਚ ਇੰਨਾ ਦ੍ਰਿੜ ਫ਼ੈਸਲਾ ਕਰ ਸਕਦਾ ਹੈ ਪਰ ਇਸ ਫ਼ੈਸਲੇ ਨਾਲ ਫ਼ਲੈਚਰ ਦੇ ਮਨ ਵਿਚ ਜਰਨੈਲ ਸਿੰਘ ਦੀ ਇੱਜ਼ਤ ਹੋਰ ਵਧ ਗਈ। ਉਸ ਨੂੰ ਪਤਾ ਲੱਗ ਗਿਆ ਕਿ ਜਰਨੈਲ ਸਿੰਘ ਨੂੰ ਫੁੱਟਬਾਲ ਨਾਲੋਂ ਵੱਖ ਕਰਨਾ ਸੰਭਵ ਨਹੀਂ। ਉਹ ਜਾਣ ਗਿਆ ਕਿ ਜਰਨੈਲ ਸਿੰਘ ਫੁੱਟਬਾਲ ਖੇਡਣ ਵਾਸਤੇ ਹੀ ਜੰਮਿਆ ਹੈ। ਜਰਨੈਲ ਸਿੰਘ ਦਾ ਫੁੱਟਬਾਲ ਨਾਲ ਲੁਕਾ ਕੇ ਰੱਖਿਆ ਪਿਆਰ ਜ਼ਾਹਿਰ ਹੋ ਗਿਆ ਸੀ। ਕੁਝ ਦੇਰ ਦੀ ਖ਼ਿਜ਼ਾ ਵਰਗੀ ਚੁੱਪ ਤੋੜਦਿਆਂ ਫ਼ਲੈਚਰ ਨੇ ਮੁਸਕਰਾ ਕੇ ਆਪਣੇ ਮੱਥੇ 'ਤੇ ਖੱਬਾ ਹੱਥ ਫੇਰਿਆ ਅਤੇ ਸਾਹਮਣੀ ਕੁਰਸੀ 'ਤੇ ਬੈਠੇ ਜਰਨੈਲ ਸਿੰਘ ਨੂੰ ਨੀਝ ਨਾਲ ਤੱਕਿਆ। ਇੰਝ ਲੱਗਿਆ ਜਿਵੇਂ ਆਈ.ਸੀ.ਐਸ. ਅਫ਼ਸਰ ਨੇ ਜਰਨੈਲ ਸਿੰਘ ਦੇ ਰੌਸ਼ਨ ਭਵਿੱਖ 'ਤੇ ਝਾਤੀ ਮਾਰੀ ਹੋਵੇ। ਖ਼ਾਮੋਸ਼ ਅਤੇ ਨਿਸ਼ਚਿੰਤ ਬੈਠੇ ਜਰਨੈਲ ਸਿੰਘ ਨੂੰ ਫਲੈਚਰ ਦੇ ਫ਼ੈਸਲੇ ਦੀ ਉਡੀਕ ਸੀ।

ਅੰਤ ਫਲੈਚਰ ਆਪਣੀ ਸਾਫ਼-ਸੁਥਰੀ ਆਵਾਜ਼ ਵਿਚ ਬੋਲੇ, "ਨੌਜਵਾਨ ਜਾਓ। ਆਪ ਕੋ ਛੁੱਟੀ ਮਿਲੇਗੀ।"

ਖ਼ੁਸ਼ੀ ਅਤੇ ਹੈਰਾਨੀ ਦੇ ਰਲੇਮਿਲੇ ਹਾਵ-ਭਾਵਾਂ ਵਿਚ ਆਕੜ ਭੰਨਦਾ ਜਰਨੈਲ ਸਿੰਘ ਫਲੈਚਰ ਦੇ



ਜਰਨੈਲ ਸਿੰਘ

ਦਫ਼ਤਰ ਤੋਂ ਬਾਹਰ ਆ ਗਿਆ। ਉਸ ਦੇ ਦੋਹੀਂ ਹੱਥੀਂ ਲੱਡੂ ਸਨ। ਉਸ ਦੇ ਮਨ ਵਿਚ ਭਾਵੇਂ ਫੁੱਟਬਾਲ ਨਾਲ ਮੁਹੱਬਤ ਵਾਲਾ ਪੱਲੜਾ ਭਾਰੀ ਸੀ ਅਤੇ ਇਸ ਪੱਲੜੇ ਦੇ ਹੱਕ ਵਿਚ ਉਹ ਫ਼ੈਸਲਾ ਵੀ ਕਰ ਚੁੱਕਾ ਸੀ ਪਰ ਉਸ ਨੂੰ ਇਸ ਗੱਲ ਦੀ ਅਤਿਅੰਤ ਪ੍ਰਸੰਨਤਾ ਸੀ ਕਿ ਫਲੈਚਰ ਨੇ ਉਸ ਨੂੰ ਨੌਕਰੀ ਤੋਂ ਨਹੀਂ ਸੀ ਕੱਢਿਆ; ਇਕ ਵਕਤ ਜਰਨੈਲ ਸਿੰਘ ਸੋਚਦਾ ਸੀ ਕਿ ਇਸ ਮੁੱਦੇ 'ਤੇ ਫਲੈਚਰ ਉਸ ਨੂੰ ਝਿੜਕ ਕੇ ਨੌਕਰੀ ਤੋਂ ਜਵਾਬ ਦੇ ਦੇਣਗੇ।

ਹੁਣ ਜਰਨੈਲ ਸਿੰਘ ਉਡਾਣ ਤਾਂ ਹੈਦਰਾਬਾਦ ਦੀ ਭਰਨਾ ਚਾਹੁੰਦਾ ਸੀ ਜਿੱਥੇ ਭਾਰਤੀ ਟੀਮ ਦਾ ਕੈਂਪ ਲੱਗਣਾ ਸੀ ਪਰ ਉਹ ਜਹਾਜ਼ ਰਾਹੀਂ ਦਿੱਲੀ ਤੋਂ ਕਲਕੱਤੇ ਚਲਾ ਗਿਆ, ਉਥੇ ਮੋਹਨ ਬਗਾਨ ਕਲਕੱਤਾ ਲੀਗ ਖੇਡ ਰਹੀ ਸੀ; ਉਨ੍ਹਾਂ ਜਰਨੈਲ ਸਿੰਘ ਨੂੰ ਤਾਰ ਭੇਜ ਕੇ ਮੈਚ ਖੇਡਣ ਦੀ ਦਾਅਵਤ ਦਿੱਤੀ ਸੀ। ਕਲਕੱਤੇ ਪਹੁੰਚ ਕੇ ਜਰਨੈਲ ਸਿੰਘ ਨੇ ਆਪਣੀ ਕਲੱਬ ਲਈ ਦੋ ਮੈਚ ਖੇਡੇ ਅਤੇ ਆਪਣੇ ਫੁੱਟਬਾਲ ਹੁਨਰ ਦੇ ਜਾਦੂ ਨਾਲ ਦੋਵੇਂ ਮੈਚ ਜਿੱਤੇ। ਜਰਨੈਲ ਸਿੰਘ ਦੇ ਵੱਡੇ ਯੋਗਦਾਨ ਸਦਕਾ ਮੋਹਨ ਬਗਾਨ ਵਾਲੇ ਕਲਕੱਤਾ ਲੀਗ ਦੇ ਚੈਂਪੀਅਨ ਬਣ ਗਏ।

ਮੋਹਨ ਬਗਾਨ ਵਾਲਿਆਂ ਜਰਨੈਲ ਸਿੰਘ ਨੂੰ ਕਲਕੱਤਾ ਤੋਂ ਹੈਦਰਾਬਾਦ ਜਾਣ ਲਈ ਜਹਾਜ਼ ਦਾ ਟਿਕਟ ਲੈ ਦਿੱਤਾ। ਜਰਨੈਲ ਸਿੰਘ ਹੈਦਰਾਬਾਦ ਕੈਂਪ ਵਿਚ ਸ਼ਾਮਿਲ ਹੋ ਗਿਆ। ਇਸ ਕੈਂਪ ਵਿਚ ਚੂਨੀ ਗੋਸਵਾਮੀ, ਪੀ.ਕੇ. ਬੈਨਰਜੀ, ਟੀ. ਬਲਰਾਮ, ਥੰਗਾਰਾਜ, ਪੀ. ਬਰਮਲ, ਅਰੁਨ ਘੋਸ਼ ਅਤੇ ਯੂਸਫ਼ ਖ਼ਾਨ ਵਰਗੇ ਉੱਚ ਕੋਟੀ ਦੇ ਖਿਡਾਰੀ ਸਨ। ਇਨ੍ਹਾਂ ਖਿਡਾਰੀਆਂ ਵਿਚ ਖੇਡਦਿਆਂ ਜਰਨੈਲ ਸਿੰਘ ਖ਼ੁਦ ਨੂੰ ਆਨੰਦਿਤ ਮਹਿਸੂਸ ਕਰਦਾ ਸੀ। ਇਹੋ ਵਜ੍ਹਾ ਸੀ ਕਿ ਫੁੱਟਬਾਲ ਖੇਡ ਦੇ ਰੌਚਿਕ ਸੰਸਾਰ ਵਿਚ ਉਸ ਦੀ ਮੂਲ ਰੁਚੀ ਨੂੰ ਵਿਭਾਗ ਦੇ ਕਿਸੇ ਹੋਰ ਜ਼ਰੂਰੀ ਪੱਖ ਨਾਲ ਤੋਲਿਆ ਨਹੀਂ ਸੀ ਜਾ ਸਕਦਾ। ਪੰਜਾਬ ਦੇ ਖੇਡ ਵਿਭਾਗ ਵਲੋਂ ਉਸ ਦੇ ਮਾਣ ਵਿਚ ਦਿੱਤੀ ਨੌਕਰੀ ਲਈ ਉਹ ਖੇਡ ਵਿਭਾਗ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਸੀ ਪਰ ਜਰਨੈਲ ਸਿੰਘ ਦੇ ਅੰਦਰ ਵਗਦਾ ਫੁੱਟਬਾਲ ਦਾ ਵਹਿਣ ਉਸ ਨੂੰ ਨੌਕਰੀ ਦੀਆਂ ਪਾਬੰਦੀਆਂ ਵਿਚ ਪੂਰੀ ਤਰ੍ਹਾਂ ਬੱਝਣ ਨਹੀਂ ਸੀ ਦਿੰਦਾ। ਪੰਜਾਬ ਦੇ ਖੇਡ ਵਿਭਾਗ ਦੀ ਵੀ ਰੀਸ ਨਹੀਂ ਸੀ ਜੋ ਜਰਨੈਲ ਸਿੰਘ ਵਰਗੇ ਬਹੁਮੁੱਲੇ ਹੀਰੇ ਦੀ ਮਹਿੰਗੀ ਕੀਮਤ ਤਾਰ ਕੇ ਵੀ ਉਸ ਨੂੰ ਵਿਭਾਗ ਦਾ ਸ਼ਿੰਗਾਰ ਬਣਾਈ ਰੱਖਣਾ ਚਾਹੁੰਦਾ ਸੀ।

ਏਸ਼ੀਅਨ ਖੇਡਾਂ ਦਾ ਇਹ ਕੈਂਪ ਲਗਾ ਕੇ ਜਰਨੈਲ ਸਿੰਘ ਭਾਰਤੀ ਟੀਮ ਨਾਲ ਵਾਪਸ ਕਲਕੱਤੇ ਪਹੁੰਚਿਆ। ਫਿਰ ਉਥੋਂ ਉਹ ਜਕਾਰਤਾ ਗਏ ਅਤੇ ਏਸ਼ੀਅਨ ਚੈਂਪੀਅਨ ਬਣੇ। ਏਸ਼ੀਅਨ ਖੇਡਾਂ ਦੇ ਫੁੱਟਬਾਲ ਦਾ ਹੀਰੋ ਜਰਨੈਲ ਸਿੰਘ ਇਨ੍ਹਾਂ ਦਿਨਾਂ ਵਿਚ ਵੀ ਬਤੌਰ ਜ਼ਿਲ੍ਹਾ ਖੇਡ ਅਫ਼ਸਰ ਹੁਸ਼ਿਆਰਪੁਰ ਦੀ ਸੇਵਾ ਕਰਦਾ ਸੀ। ਨੌਕਰੀ ਉਸ ਦੇ ਫੁੱਟਬਾਲ ਅਭਿਆਸ ਵਿਚ ਕਦੇ ਵੀ ਰੁਕਾਵਟ ਨਹੀਂ ਬਣੀ। ਹੁਸ਼ਿਆਰਪੁਰ ਉਹ ਮੋਟਰ ਸਾਈਕਲ 'ਤੇ ਜਾਂਦਾ ਅਤੇ ਵਾਪਸ ਪਰਤਦਿਆਂ ਆਪਣੇ ਪਿਆਰੇ ਕਾਲਜ ਮਾਹਿਲਪੁਰ ਦੀ ਖ਼ੂਬਸੂਰਤ ਗਰਾਊਂਡ ਵਿਚ ਫੁੱਟਬਾਲ ਦਾ ਰੱਜ ਕੇ ਅਭਿਆਸ ਕਰਦਾ। ਪੰਜਾਬ ਦਾ ਮਸ਼ਹੂਰ ਫੁੱਟਬਾਲ ਖਿਡਾਰੀ ਗੁਰਦੇਵ ਗਿੱਲ ਦੱਸਦਾ ਹੈ, "ਮੈਂ ਜਰਨੈਲ ਸਿੰਘ ਨੂੰ ਜਦੋਂ ਖੇਡਦਿਆਂ ਦੇਖਦਾ ਤਾਂ ਮਨ ਹੀ ਮਨ ਉਸ ਵਰਗਾ ਫੁੱਟਬਾਲ ਖਿਡਾਰੀ ਬਣਨ ਨੂੰ ਜੀ ਕਰਦਾ। ਉਹ ਪ੍ਰੈਕਟਿਸ ਮੁਕਾ ਕੇ ਜਦੋਂ ਪਿੰਡ ਪਨਾਮ ਵਲ ਆਪਣੇ ਮੋਟਰ ਸਾਈਕਲ 'ਤੇ ਜਾਂਦਾ ਤਾਂ ਮੈਂ ਉਸ ਨੂੰ ਉਦੋਂ ਤਕ ਦੇਖਦਾ ਰਹਿੰਦਾ ਜਦੋਂ ਤਕ ਉਹ ਦਿਸਦਾ ਰਹਿੰਦਾ। ਉਸ ਦੀ ਸ਼ਰਾਫ਼ਤ ਉਸ ਦੇ ਮੋਟਰ ਸਾਈਕਲ ਦੇ ਸਾਈਲੈਂਸਰ ਵਿਚੋਂ ਬੋਲਦੀ ਸੀ। ਇਸ ਕਰ ਕੇ ਉਹ ਮੈਨੂੰ ਬੜਾ ਚੰਗਾ ਲਗਦਾ ਸੀ।"

ਜਰਨੈਲ ਸਿੰਘ 1962 ਤਕ ਜ਼ਿਲ੍ਹਾ ਖੇਡ ਅਫ਼ਸਰ ਹੁਸ਼ਿਆਰਪੁਰ ਰਿਹਾ। ਫਿਰ ਉਹ 1965 ਅਤੇ 1966 ਸੰਗਰੂਰ ਰਿਹਾ। ਫਿਰ ਉਸ ਨੂੰ 800-1200 ਦਾ ਗਰੇਡ ਮਿਲ ਗਿਆ ਅਤੇ ਉਹ ਸੀਨੀਅਰ ਫੁੱਟਬਾਲ ਕੋਚ ਦੇ ਤੌਰ 'ਤੇ ਜਲੰਧਰ ਆ ਗਿਆ। ਇਸ ਸਮੇਂ ਦੌਰਾਨ ਉਸ ਨੇ ਬਹੁਤ ਸਾਰੇ ਹੋਣਹਾਰ ਫੁੱਟਬਾਲ ਖਿਡਾਰੀ ਪੈਦਾ ਕੀਤੇ ਅਤੇ ਬਹੁਤ ਸਾਰਿਆਂ ਦੀ ਪਿੱਠ 'ਤੇ 'ਇੰਡੀਆ' ਲਿਖਵਾਉਣ ਦਾ ਮਾਣ ਹਾਸਲ ਕੀਤਾ। ਉਹ ਫੁੱਟਬਾਲ ਖਿਡਾਰੀ ਸਾਹਮਣੇ ਚਾਨਣ ਮੁਨਾਰੇ ਵਾਂਗ ਪੇਸ਼ ਹੁੰਦਾ। ਉਸ ਦੀ ਤੱਕਣੀ ਡੂੰਘੀ ਪਰਖ ਵਾਲੀ ਸੀ। ਉਸ ਦੀ ਖ਼ੂਬਸੂਰਤ ਨਿਗਾਹ ਜਿਸ ਖਿਡਾਰੀ ਉੱਪਰ ਪੈਂਦੀ, ਉਹ ਆਮ ਤੋਂ ਖ਼ਾਸ ਬਣ ਜਾਂਦਾ। ਉਸ ਦੇ ਰੋਮ-ਰੋਮ ਵਿਚੋਂ ਉੱਠਦਾ ਫੁੱਟਬਾਲ-ਜਜ਼ਬੇ ਦਾ ਉਛਾਲ ਉੱਭਰਦੇ ਫੁੱਟਬਾਲ ਖਿਡਾਰੀਆਂ ਵਿਚ ਜਾਨ ਪਾ ਦਿੰਦਾ। ਫੁੱਟਬਾਲ ਉਸ ਦਾ ਧਰਮ ਸੀ, ਫੁੱਟਬਾਲ ਹੀ ਉਸ ਦਾ ਕਰਮ ਸੀ। ਜਰਨੈਲ ਸਿੰਘ ਦਾ ਜੀਵਨ ਅਤੇ ਫੁੱਟਬਾਲ, ਦੋਵੇਂ ਘੁਲ-ਮਿਲ ਗਏ ਸਨ।

ਇਨ੍ਹਾਂ ਦਿਨਾਂ ਵਿਚ ਹੀ ਜਰਨੈਲ ਸਿੰਘ ਆਲ ਸਟਾਰ ਏਸ਼ੀਅਨ ਫੁੱਟਬਾਲ ਟੀਮ ਦਾ ਕਪਤਾਨ ਬਣ ਚੁੱਕਾ ਸੀ। ਉਸ ਦੀ ਪ੍ਰਸਿੱਧੀ ਦਾ ਕੋਈ ਹੱਦ-ਬੰਨਾ ਨਹੀਂ ਸੀ ਦਿਸਦਾ। ਪੰਜਾਬ ਸਰਕਾਰ ਨੇ ਉਸ ਨੂੰ ਸੀਨੀਅਰ ਫੁੱਟਬਾਲ ਕੋਚ ਤੋਂ ਸੀਨੀਅਰ ਡਿਪਟੀ ਡਾਇਰੈਕਟਰ (ਸਪੋਰਟਸ) ਅਤੇ ਫਿਰ 1972 ਵਿਚ ਸੰਯੁਕਤ ਡਾਇਰੈਕਟਰ (ਸਪੋਰਟਸ) ਬਣਾ ਦਿੱਤਾ ਗਿਆ ਤੇ ਉਹ ਪੰਜਾਬ ਦੀ ਖ਼ੂਬਸੂਰਤ ਰਾਜਧਾਨੀ ਚੰਡੀਗੜ੍ਹ ਚਲਾ ਗਿਆ।

ਇਕ ਗੱਲ ਖ਼ਾਸ ਤੌਰ 'ਤੇ ਦੱਸਣ ਵਾਲੀ ਹੈ ਕਿ ਸੱਤਰਵਿਆਂ ਵਿਚ ਪ੍ਰਕਾਸ਼ ਸਿੰਘ ਬਾਦਲ ਵਜ਼ਾਰਤ ਸਮੇਂ ਜਰਨੈਲ ਸਿੰਘ ਨੇ ਬਤੌਰ ਕਾਰਜਕਾਰੀ ਡਾਇਰੈਕਟਰ (ਸਪੋਰਟਸ) ਆਪਣੀਆਂ ਸੇਵਾਵਾਂ ਪੰਜਾਬ ਦੇ ਖੇਡ ਵਿਭਾਗ ਦੇ ਲੇਖੇ ਲਾਈਆਂ। ਪੰਜਾਬ ਦੀ ਰਾਜਨੀਤੀ ਵਿਚ ਅਜਿਹੇ ਸੁਲਝੇ ਹੋਏ ਨੇਤਾ ਬੈਠੇ ਸਨ ਜੋ ਉਸ ਦੀ ਅਥਾਹ ਖੇਡ ਸਮਰੱਥਾ ਅਤੇ ਲਿਆਕਤ ਦਾ ਵੱਧ ਮੁੱਲ ਪਾਉਣ ਲਈ ਹਰ ਵੇਲੇ ਤਤਪਰ ਰਹਿੰਦੇ ਸਨ। ਇਨ੍ਹਾਂ ਨੇਤਾਵਾਂ ਵਿਚ ਇਕ ਨਾਂ ਬਲਬੀਰ ਸਿੰਘ ਦਾ ਹੈ। ਉਹ ਕਾਂਗਰਸ ਦਾ ਉੱਘਾ ਨੇਤਾ ਸੀ। ਜਰਨੈਲ ਸਿੰਘ ਬਲਬੀਰ ਸਿੰਘ ਦਾ ਜਿਗਰੀ ਦੋਸਤ ਸੀ। ਇਕ ਵਾਰ ਜਰਨੈਲ ਸਿੰਘ ਉਨ੍ਹਾਂ ਨੂੰ ਮਿਲਣ ਲਈ ਉਨ੍ਹਾਂ ਦੇ ਘਰ ਗਿਆ। ਉਥੇ ਬੈਠਿਆਂ ਬਲਬੀਰ ਸਿੰਘ ਨੇ (ਉਸ ਸਮੇਂ ਦੇ) ਖੇਡ ਮੰਤਰੀ ਕੈਪਟਨ ਕੰਵਲਜੀਤ ਸਿੰਘ ਨੂੰ ਫੋਨ 'ਤੇ ਕਿਹਾ, "ਕਪਤਾਨ ਸਾਹਿਬ ਘਰ ਨੂੰ ਆਓ। ਤੁਹਾਡੇ ਨਾਲ ਜ਼ਰੂਰੀ ਗੱਲ ਕਰਨੀ ਆਂ।" ਕੈਪਟਨ ਕੰਵਲਜੀਤ ਸਿੰਘ ਉਸ ਵਕਤ ਬਾਦਲ ਵਜ਼ਰਾਤ ਦਾ ਉੱਘਾ ਵਜ਼ੀਰ ਸੀ। ਕੈਪਟਨ ਉਸੇ ਸਮੇਂ ਬਲਬੀਰ ਸਿੰਘ ਹੋਰਾਂ ਕੋਲ ਆ ਗਏ; ਬਲਬੀਰ ਸਿੰਘ ਕਹਿਣ ਲੱਗੇ, "ਕਪਤਾਨ ਸਾਹਿਬ, ਜਰਨੈਲ ਸਿੰਘ ਨੂੰ ਕਾਰਜਕਾਰੀ ਡਾਇਰੈਕਟਰ ਲਾ ਦਿਓ।" ਕੈਪਟਨ ਕੰਵਲਜੀਤ ਸਿੰਘ ਨੇ ਬਲਬੀਰ ਸਿੰਘ ਦੀ ਗੱਲ ਮੰਨ ਕੇ ਜਰਨੈਲ ਸਿੰਘ ਨੂੰ ਕਾਰਜਕਾਰੀ ਡਾਇਰੈਕਟਰ ਲਾ ਦਿੱਤਾ। ਜਰਨੈਲ ਸਿੰਘ ਨੇ ਡੇਢ ਸਾਲ ਬਤੌਰ ਕਾਰਜਕਾਰੀ ਡਾਇਰੈਕਟਰ (ਸਪੋਰਟਸ) ਸੇਵਾ ਨਿਭਾਈ।

ਬਲਬੀਰ ਸਿੰਘ ਅਤੇ ਜਰਨੈਲ ਸਿੰਘ ਉਸ ਵਕਤ ਦੇ ਦੋਸਤ ਸਨ ਜਦੋਂ ਜਰਨੈਲ ਸਿੰਘ ਫੁੱਟਬਾਲ-ਅੰਬਰ ਦਾ ਰੌਸ਼ਨ ਸਿਤਾਰਾ ਸੀ। ਉਸ ਸਮੇਂ ਬਲਬੀਰ ਸਿੰਘ ਦਿੱਲੀ ਕਿਸੇ ਕੰਪਨੀ ਵਿਚ ਵੱਡਾ ਅਫਸਰ ਲੱਗਾ ਹੋਇਆ ਸੀ। ਉਸ ਦਾ ਫੁੱਟਬਾਲ ਨਾਲ ਬੜਾ ਮੋਹ ਸੀ। ਜਦ ਵੀ ਕਦੇ ਦਿੱਲੀ ਮੈਚ ਹੁੰਦਾ, ਜਰਨੈਲ ਸਿੰਘ ਬਲਬੀਰ ਸਿੰਘ ਲਈ ਇਕ ਪਾਸ ਰਾਖਵਾਂ ਰੱਖਦਾ। ਜਰਨੈਲ ਸਿੰਘ ਦੇ ਬਲਬੀਰ ਸਿੰਘ ਬਾਰੇ ਜਜ਼ਬਾਤ ਬੜੇ ਸੱਜਰੇ ਸਨ। ਉਹ ਅਕਸਰ ਕਹਿੰਦਾ, "ਬਲਬੀਰ ਸਿੰਘ ਮੇਰਾ ਜਿਗਰੀ ਦੋਸਤ ਹੈ। ਉਹ ਤਾਂ ਬਹੁਤ ਹੀ ਚੰਗਾ। ਉਸ ਦੇ ਕੀ ਕਹਿਣੇ!" ਬਲਬੀਰ ਸਿੰਘ ਬਾਰੇ ਗੱਲਾਂ ਕਰਦਿਆਂ ਉਸ ਦਾ ਅੰਦਾਜ਼ ਭਾਵੁਕ ਹੋ ਜਾਂਦਾ।

ਜਰਨੈਲ ਸਿੰਘ ਨੇ 1962 ਵਿਚ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਵਜ਼ਾਰਤ ਦੇ ਉੱਘੇ ਅਫਸਰ ਏ.ਐਲ. ਫ਼ਲੈਚਰ ਵਲੋਂ ਨਿਓਤਾ ਦੇਣ 'ਤੇ ਪੰਜਾਬ ਦੇ ਖੇਡ ਵਿਭਾਗ ਵਿਚ ਨੌਕਰੀ ਸ਼ੁਰੂ ਕੀਤੀ ਸੀ ਪਰ ਹੁਣ 1984-85 ਵਿਚ ਸਮਾਂ ਗਵਰਨਰੀ ਰਾਜ ਦਾ ਸੀ। ਸਿਥਾਰਥ ਸ਼ੰਕਰ ਰੇਅ ਬੰਗਾਲੀ ਸੀ ਅਤੇ ਉਹ ਮੋਹਨ ਬਗਾਨ ਦਾ ਮੈਂਬਰ ਸੀ। ਰੇਅ ਅਤੇ ਉਸ ਦੀ ਪਤਨੀ ਮਾਇਆ ਰੇਅ ਜਰਨੈਲ ਸਿੰਘ ਨੂੰ ਬਹੁਤ ਪਿਆਰ ਕਰਦੇ ਸਨ। ਉਹ ਦੋਵੇਂ ਜੀਅ ਆਮ ਬੰਗਾਲੀਆਂ ਵਾਂਗ ਜਰਨੈਲ ਸਿੰਘ ਨੂੰ 'ਜਰਨਲ ਸਿੰਘ' ਹੀ ਕਹਿੰਦੇ ਸਨ। ਮਾਇਆ ਰੇਅ ਨੇ ਜਰਨੈਲ ਸਿੰਘ ਦੇ ਬਹੁਤ ਸਾਰੇ ਮੈਚ ਦੇਖੇ ਸਨ ਅਤੇ ਜਰਨੈਲ

***(ਬਾਕੀ ਅਗਲੇ ਸਫੇ 'ਤੇ)***





***ਜਰਨੈਲ ਸਿੰਘ ਅਤੇ ਰਾਸ਼ਟਰਪਤੀ ਰਾਧਾ ਕ੍ਰਿਸ਼ਨਨ ਤੋਂ ਇਨਾਮ ਹਾਸਿਲ ਕਰਦਿਆਂ ਜਰਨੈਲ ਸਿੰਘ।***

ਸਿੰਘ ਉਸ ਲਈ ਫੁੱਟਬਾਲ ਦਾ ਨਾਇਕ ਸੀ। ਰੇਅ ਪਰਿਵਾਰ ਦੇ ਸੱਦੇ 'ਤੇ ਉਹ ਜਦ ਵੀ ਕਦੇ ਗਵਰਨਰ ਹਾਊਸ ਗਿਆ, ਮਾਇਆ ਰੇਅ ਨੇ ਬੜਾ ਚਾਅ ਕੀਤਾ। ਉਹ ਕਿਸੇ ਸੁਘੜ ਸੁਆਣੀ ਵਾਂਗ ਕਲਕੱਤੇ ਦੇ ਬਣੇ ਵਿਸ਼ੇਸ਼ ਪਦਾਰਥ ਜਰਨੈਲ ਸਿੰਘ ਨੂੰ ਖੁਆਉਂਦੀ ਅਤੇ ਨਿੱਕੇ-ਨਿੱਕੇ ਸਵਾਲ ਕਰਦੀ ਜਰਨੈਲ ਸਿੰਘ ਤੋਂ ਹੁੰਗਾਰੇ ਲੈਂਦੀ; ਪੁੱਛਦੀ, "ਜਰਨਲ ਸਿੰਘ, ਆਪ ਨੇ ਯਹ ਚੀਜ਼ ਤੋਂ ਕਲਕੱਤੇ ਭੀ ਖਾਈ ਹੋਗੀ।" ਜਰਨੈਲ ਸਿੰਘ ਹਲਕੇ-ਹਲਕੇ ਮਿੱਠੇ ਹੁੰਗਾਰੇ ਭਰਦਾ ਮਾਇਆ ਰੇਅ ਦੇ ਚਾਅ ਦਾ ਸਿਖ਼ਰ ਦੇਖ ਕੇ ਹੈਰਾਨ ਹੋ ਜਾਂਦਾ। ਜਿੰਨੀ ਵਾਰ ਉਨ੍ਹਾਂ ਦੇ ਸੱਦੇ 'ਤੇ ਜਰਨੈਲ ਸਿੰਘ ਗਵਰਨਰ ਹਾਊਸ ਗਿਆ, ਮਾਇਆ ਰੇਅ ਨੇ ਉਸ ਦੇ ਸਤਿਕਾਰ ਵਿਚ ਮਹਿਮਾਨ ਨਿਵਾਜ਼ੀ ਦੇ ਅਗਲੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ।


ਐਸ.ਐਸ. ਰੇਅ ਅਤੇ ਮਾਇਆ ਰੇਅ ਦੀ ਨਿਗਾਹ ਵਿਚ ਜਰਨੈਲ ਸਿੰਘ ਦੇ ਹੁਨਰ ਦੀ ਕੀਮਤ ਤਾਂ ਨਹੀਂ ਸੀ ਪਾਈ ਜਾ ਸਕਦੀ ਪਰ ਉਨ੍ਹਾਂ ਜਰਨੈਲ ਸਿੰਘ ਨੂੰ ਖੇਡ ਵਿਭਾਗ ਦਾ ਐਡੀਸ਼ਨਲ ਡਾਇਰੈਕਟਰ ਬਣਾ ਦਿੱਤਾ। ਚਾਹੁੰਦੇ ਤਾਂ ਉਹ ਡਾਇਰੈਕਟਰ ਬਣਾਉਣਾ ਸੀ ਪਰ ਜਰਨੈਲ ਸਿੰਘ ਦਾ ਕਹਿਣਾ ਸੀ- "ਵਿਚ ਕੁਝ ਰਾਜਨੀਤੀ ਆ ਵੜੀ, ਇਸ ਕਰ ਕੇ ਮੈਂ ਡਾਇਰੈਕਟਰ ਨਹੀਂ ਬਣ ਸਕਿਆ।" ਜ਼ਿੰਦਗੀ ਦੇ ਇਸ ਵਿਸਥਾਰ ਵਿਚ ਜਾਂਦਾ ਉਹ ਇਹ ਵੀ ਕਹਿੰਦਾ ਸੀ- "ਆਪਣੇ ਲਈ ਕੁਝ ਮੰਗਣਾ ਮੈਨੂੰ ਖ਼ੈਰ ਮੰਗਣ ਵਾਂਗ ਲੱਗਦਾ ਸੀ। ਕੁਝ ਮੰਗਣ ਲਈ ਮੈਂ ਕਿਸੇ ਦੇ ਮਗਰ ਨਹੀਂ ਸੀ ਪੈ ਸਕਦਾ। ਇਹ ਕੁਝ ਮੇਰੀ ਫ਼ਿਤਰਤ ਵਿਚ ਸ਼ਾਮਿਲ ਨਹੀਂ ਸੀ।"

ਐਸ.ਐਸ. ਰੇਅ ਨਾਲ ਜਰਨੈਲ ਸਿੰਘ ਦੀਆਂ ਬਹੁਤ ਸਾਰੀਆਂ ਯਾਦਾਂ ਜੁੜੀਆਂ ਹੋਈਆਂ ਹਨ। ਉਨ੍ਹਾਂ ਵਿਚੋਂ ਇਕ ਪੰਜਾਬ ਫੁੱਟਬਾਲ ਚੈਂਪੀਅਨਸ਼ਿਪ ਮਾਲੇਰਕੋਟਲੇ ਦੀ ਹੈ। ਰੇਅ ਫਾਈਨਲ ਮੈਚ ਦੀ ਪ੍ਰਧਾਨਗੀ ਕਰਨ ਲਈ ਆਇਆ ਸੀ। ਜਰਨੈਲ ਸਿੰਘ ਅਤੇ ਐਸ.ਐਸ. ਰੇਅ ਇਕੱਠੇ ਬੈਠ ਕੇ ਫਾਈਨਲ ਮੈਚ ਦੇਖਦੇ ਰਹੇ। ਪੂਰਾ ਸਮਾਂ ਖ਼ਤਮ ਹੋਣ 'ਤੇ ਵੀ ਮੈਚ ਬਰਾਬਰ ਰਹਿ ਗਿਆ। ਸੰਗਰੂਰ ਦਾ ਡਿਪਟੀ ਕਮਿਸ਼ਨਰ ਅੰਦਰੋਂ ਕਾਹਲਾ ਪਈ ਜਾਵੇ ਕਿ ਕਿਸੇ ਤਰ੍ਹਾਂ ਮੈਚ ਖ਼ਤਮ ਹੋਵੇ ਤੇ ਕੰਮ ਨਿਬੜੇ ਅਤੇ ਰੇਅ ਸਾਹਿਬ ਜਾਣ ਵਾਲੇ ਬਣਨ। ਉਨ੍ਹਾਂ ਨੂੰ ਚਿੰਤਾ ਸੀ ਕਿ ਕੋਈ ਅੜਿੱਕਾ ਨਾ ਪੈ ਜਾਵੇ ਕਿਉਂਕਿ ਉਸ ਵੇਲੇ ਪੰਜਾਬ ਦਾ ਮਾਹੌਲ ਖ਼ੁਸ਼ਗਵਾਰ ਨਹੀਂ ਸੀ। ਇਸੇ ਲਈ ਉਹ ਅੰਦਰੋਂ ਕਈ ਤਰ੍ਹਾਂ ਦੇ ਫ਼ਿਕਰਾਂ ਵਿਚ ਘਿਰਿਆ ਹੋਇਆ ਸੀ ਅਤੇ ਛੇਤੀ ਸੁਰਖ਼ਰੂ ਹੋਣਾ ਚਾਹੁੰਦਾ ਸੀ। ਕਹਿਣ ਲੱਗਾ- "ਦੋਹਾਂ ਟੀਮਾਂ ਨੂੰ ਸਾਂਝੇ ਜੇਤੂ ਕਰਾਰ ਦੇ ਦਿਉ।" ਪਰ ਰੇਅ ਤਾਂ ਫੁੱਟਬਾਲ ਦੇ ਸਾਰੇ ਨਿਯਮਾਂ ਤੋਂ ਵਾਕਿਫ਼ ਸੀ। ਉਸ ਨੇ ਜਰਨੈਲ ਸਿੰਘ ਨੂੰ ਕਿਹਾ ਕਿ ਇਹ ਸਾਂਝੇ ਜੇਤੂ ਕਿਵੇਂ ਹੋ ਸਕਦੇ ਹਨ? ਜਰਨੈਲ ਸਿੰਘ ਨੇ ਰੇਅ ਨੂੰ ਕਿਹਾ ਕਿ ਸਾਂਝੇ ਜੇਤੂ ਨਹੀਂ ਹੋ ਸਕਦੇ ਪਰ ਡੀ.ਸੀ.ਕਹੀ ਜਾਂਦਾ ਕਿ ਰੇਅ ਸਾਹਿਬ ਨੇ ਛੇਤੀ ਜਾਣਾ ਹੈ, ਇਸ ਲਈ ਸਾਂਝੇ ਜੇਤੂ ਕਰਾਰ ਦੇ ਦਿਉ। ਇਹ ਗੱਲ ਸੁਣ ਕੇ ਰੇਅ ਕਹਿਣ ਲੱਗਾ, "ਨਹੀਂ ਨਹੀਂ, ਮੈਂ ਅੰਤਮ ਫੈਸਲੇ ਤਕ ਬੈਠਾਂਗਾ।"

ਰੇਅ ਦੀ ਇਸ ਗੱਲ ਤੋਂ ਬਾਅਦ ਡੀ.ਸੀ. ਚੁੱਪ ਹੋ ਗਿਆ, ਦੋਹਾਂ ਟੀਮਾਂ ਨੂੰ ਵਾਧੂ ਸਮਾਂ ਦਿੱਤਾ ਗਿਆ; ਅੰਤ ਨੂੰ ਪੈਨਲਟੀ ਕਿੱਕਾਂ ਦਾ ਨਿਯਮ ਲਾਗੂ ਕੀਤਾ ਗਿਆ। ਰੇਅ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਜਰਨੈਲ ਸਿੰਘ ਦੀ ਮਹਾਨ ਖਿਡਾਰੀ ਦੇ ਤੌਰ 'ਤੇ ਰੱਜ ਕੇ ਤਾਰੀਫ਼ ਕੀਤੀ। ਇਕ ਗੱਲ ਉਸ ਨੇ ਵਿਸ਼ੇਸ਼ ਤੌਰ 'ਤੇ ਆਖੀ ਕਿ ਤੁਸੀਂ ਮੈਨੂੰ ਅੱਜ ਮੁੱਖ ਮਹਿਮਾਨ ਵਜੋਂ ਬੁਲਾਇਆ ਹੈ ਪਰ ਅੱਜ ਦਾ ਮੁੱਖ ਮਹਿਮਾਨ 'ਜਰਨਲ ਸਿੰਘ' ਹੋਣਾ ਚਾਹੀਦਾ ਸੀ।

ਜਰਨੈਲ ਸਿੰਘ ਐਸ.ਐਸ. ਰੇਅ ਅਤੇ ਮਾਇਆ ਰੇਅ ਬਾਰੇ ਜਦ ਵੀ ਕਦੇ ਗੱਲ ਕਰਦਾ, ਬੜੇ ਸਤਿਕਾਰ ਨਾਲ ਕਰਦਾ। ਕਈ ਵਾਰ ਉਹ ਉਨ੍ਹਾਂ ਦੇ ਵਿਆਹੁਤਾ ਜੀਵਨ ਤੋਂ ਪਹਿਲਾਂ ਦੇ ਰੁਮਾਂਟਿਕ ਜੀਵਨ ਦੀਆਂ ਕਈ ਲੁਕਵੀਆਂ ਗੱਲਾਂ ਨੂੰ ਬੜੀਆਂ ਸੁਆਦਲੀਆਂ ਕਿੱਕਾਂ ਮਾਰਦਾ। ਦਰਅਸਲ ਜਿਵੇਂ ਉਹ ਫੁੱਟਬਾਲ ਖੇਡਦਾ ਆਨੰਦ ਮਾਣਦਾ ਸੀ, ਉਸੇ ਤਰ੍ਹਾਂ ਸੋਹਣੇ ਜੀਵਨ ਦੀਆਂ ਗੱਲਾਂ ਨੂੰ ਕਿੱਕਾਂ ਮਾਰਨ ਦਾ ਵੀ ਉਹ ਉਸਤਾਦ ਸੀ। ਜਦੋਂ ਉਹ ਮਿੱਠੇ ਨਾਲ ਲਬੇੜ ਕੇ ਮੂੰਹ ਵਿਚੋਂ ਗੱਲ ਕੱਢਦਾ ਸੀ ਤਾਂ ਫ਼ਿਜ਼ਾ ਵਿਚ ਵੀ ਮਿਠਾਸ ਘੁਲ ਜਾਂਦੀ ਸੀ। ਜਰਨੈਲ ਸਿੰਘ ਬੋਲਦਾ ਬੜਾ ਮਿੱਠਾ ਸੀ ਪਰ ਖੇਡਦਾ ਬੜਾ ਕਠੋਰ ਸੀ। ਇਸ ਬਾਰੇ ਉਸ ਦੇ ਜ਼ਮਾਨੇ ਦੇ ਮਸ਼ਹੂਰ ਖਿਡਾਰੀ ਪੀ.ਕੇ. ਬੈਨਰਜੀ ਨੇ ਜਰਨੈਲ ਸਿੰਘ ਦੀ ਮੌਤ ਦੇ ਸੁਨੇਹੇ ਤੋਂ ਬਾਅਦ ਪ੍ਰੈੱਸ ਨੂੰ ਦਿੱਤੇ ਬਿਆਨ ਵਿਚ ਕਿਹਾ ਸੀ- "ਖੇਡਦੇ ਸਮੇਂ ਵਿਰੋਧੀ ਟੀਮ ਨੂੰ ਸਖ਼ਤ ਟੱਕਰ ਦੇਣ ਲਈ ਉਹ ਬੇਕਿਰਕ ਹੋਣ ਦਾ ਭੁਲੇਖਾ ਪਾ ਦਿੰਦਾ ਸੀ ਪਰ ਇਸ ਦੇ ਹੱਦਾਂ-ਬੰਨੇ ਉਸ ਨੇ ਕਦੇ ਨਹੀਂ ਸੀ ਟੱਪੇ।" ਬੈਨਰਜੀ ਉਸ ਦੀ ਹੋਰ ਸਿਫ਼ਤ ਕਰਦਾ ਕਹਿੰਦਾ ਹੈ, "ਉਹ ਸ਼ੇਰ-ਦਿਲ ਖਿਡਾਰੀ ਸੀ। ਖ਼ਾਸ ਤੌਰ 'ਤੇ ਚੀਨ, ਜਪਾਨ ਤੇ ਕੋਰੀਆ ਦੇ ਫਾਰਵਰਡ ਜਰਨੈਲ ਸਿੰਘ ਨੂੰ ਭਾਰਤੀ ਰੱਖਿਅਤ ਪੰਗਤੀ ਵਿਚ ਦੇਖ ਕੇ ਸਹਿਮ ਜਾਂਦੇ ਸਨ; ਇਥੋਂ ਤਕ ਕਿ ਯੂਰਪ ਦੇ ਫੁੱਟਬਾਲ ਖਿਡਾਰੀ ਜਰਨੈਲ ਸਿੰਘ ਦੀ ਖੇਡ ਕਲਾ ਤੋਂ ਪ੍ਰਭਾਵਿਤ ਸਨ। ਫਰਾਂਸ ਅਤੇ ਹੰਗਰੀ ਵਰਗੇ ਦੇਸ਼ਾਂ ਨੇ 1960 ਦੀ ਰੋਮ ਉਲੰਪਿਕ ਵਿਚ ਜਰਨੈਲ ਸਿੰਘ ਦੀ ਫੁੱਟਬਾਲ ਸਰਦਾਰੀ ਅੱਗੇ ਸਿਰ ਝੁਕਾਇਆ ਸੀ।" 1956 ਦੀ ਭਾਰਤੀ ਫੁੱਟਬਾਲ ਟੀਮ ਦੇ ਉਪ ਕਪਤਾਨ ਮਿਸਟਰ ਕਿੱਟੂ ਨੇ ਜਰਨੈਲ ਸਿੰਘ ਦੀ ਤਾਕਤਵਾਰ ਡਿਫੈਂਸ ਦੀ ਗੱਲ ਕਰਦਿਆਂ ਕਿਹਾ ਸੀ, "ਜਰਨੈਲ ਸਿੰਘ ਨੂੰ ਮਾਤ ਦੇਣੀ ਜ਼ੋਖ਼ਮ ਭਰਿਆ ਕੰਮ ਸੀ", ਭਾਵ, ਫੁੱਟਬਾਲ ਨਾਲ ਜਰਨੈਲ ਸਿੰਘ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕਰਨੀ ਭਿਆਨਕ ਖ਼ਤਰਾ ਮੁੱਲ ਲੈਣ ਵਾਲੀ ਗੱਲ ਸੀ।






*1964 ਵਿਚ ਏਸ਼ੀਅਨ ਕੱਪ ਤੋਂ ਪਹਿਲਾਂ ਦੀ ਤਸਵੀਰ ਅਤੇ ਜਰਨੈਲ ਸਿੰਘ ਫੁਰਸਤ ਦੇ ਪਲਾਂ ਦੌਰਾਨ।*

ਜਰਨੈਲ ਸਿੰਘ ਨੇ ਪੰਜਾਬ ਦੇ ਖੇਡ ਵਿਭਾਗ ਵਲੋਂ ਦਿੱਤੀ ਵੱਕਾਰੀ ਨੌਕਰੀ ਦਾ ਮੁੱਲ ਉਸ ਸਮੇਂ ਤਾਰਿਆ ਜਦੋਂ ਉਸ ਨੇ ਹਾਕੀ ਨਾਲ ਪਿਆਰ ਕਰਨ ਵਾਲੇ ਸੂਬੇ ਨੂੰ 1970 ਵਿਚ ਫੁੱਟਬਾਲ ਦੀ ਸੰਤੋਸ਼ ਟਰਾਫੀ ਜਿਤਾਈ। ਉਹ 1974 ਦੀ ਸੰਤੋਸ਼ ਟਰਾਫੀ ਦੇ ਵਕਤ ਪੰਜਾਬ ਦੀ ਫੁੱਟਬਾਲ ਟੀਮ ਦਾ ਕੋਚ ਸੀ ਜਦੋਂ ਪੰਜਾਬ ਨੇ ਸੈਮੀਫਾਈਨਲ ਵਿਚ ਬੰਗਾਲ ਨੂੰ 6-0 ਨਾਲ ਮਾਤ ਦਿੱਤੀ। ਇਹ ਜਰਨੈਲ ਸਿੰਘ ਦੀ ਖੇਡ ਅਤੇ ਕੋਚਿੰਗ ਦਾ ਕ੍ਰਿਸ਼ਮਾ ਸੀ ਕਿ ਪੰਜਾਬ ਨੇ ਲਗਭਗ 30 ਸਾਲਾਂ ਦੇ ਲੰਮੇ ਅਰਸੇ ਬਾਅਦ ਫੁੱਟਬਾਲ ਵਿਚ ਆਪਣਾ ਵੱਕਾਰੀ ਰੁਤਬਾ ਦੁਬਾਰਾ ਹਾਸਲ ਕੀਤਾ ਸੀ। ਜ਼ਿੰਦਗੀ ਦੀ ਪੈੜ-ਚਾਲ ਨਾਲ ਕਦਮ ਮਿਲਾ ਕੇ ਚੱਲਣ ਵਾਲਾ ਇਕ ਖਿਡਾਰੀ ਉਸ ਵਕਤ ਪੰਜਾਬ ਖੇਡ ਵਿਭਾਗ ਦਾ ਸੀਨੀਅਰ ਡਿਪਟੀ ਡਾਇਰੈਕਟਰ ਸੀ ਜਦੋਂ ਉਹ 1969 ਵਿਚ ਭਾਰਤੀ ਟੀਮ ਦਾ ਕੋਚ ਬਣਿਆ। 1975-76 ਦੇ ਸਾਲਾਂ ਤਕ ਉਹ ਇਹ ਜ਼ਿੰਮੇਦਾਰੀ ਲਗਭਗ ਲਗਾਤਾਰ ਨਿਭਾਉਂਦਾ ਰਿਹਾ। ਏਸ਼ੀਆ ਦੇ ਫੁੱਟਬਾਲ ਦਾ ਜਰਨੈਲ ਬਤੌਰ ਕੋਚ ਕਿਹਾ ਕਰਦਾ ਸੀ, "ਜਿਹੜਾ ਖਿਡਾਰੀ ਇਹ ਕਹੇ ਕਿ ਅੱਜ ਗਰਾਊਂਡ ਵਿਚ ਮੇਰਾ ਜ਼ੋਰ ਨਹੀਂ ਲੱਗਾ, ਉਹ ਇਮਾਨਦਾਰ ਤਾਂ ਹੈ ਹੀ ਨਹੀਂ ਸਗੋਂ ਇਸ ਤੋਂ ਅੱਗੇ ਉਹ ਬੇਈਮਾਨ ਵੀ ਹੈ।" ਇਸੇ ਗੱਲ ਨੂੰ ਅੱਗੇ ਤੋਰਦਾ ਉਹ ਕਹਿੰਦਾ ਸੀ, "ਇਸ ਤਰ੍ਹਾਂ ਦੇ ਖਿਡਾਰੀ ਜਿੱਥੇ ਟੀਮ ਲਈ ਲਾਹੇਵੰਦ ਸਾਬਤ ਨਹੀਂ ਹੁੰਦੇ, ਉਥੇ ਆਪਣੇ ਆਪ ਨਾਲ ਧੋਖਾ ਵੀ ਕਰ ਰਹੇ ਹੁੰਦੇ ਨੇ।"

ਬਿਨਾਂ ਸ਼ੱਕ, ਹਰ ਘੜੀ ਹਰ ਪਲ ਨਵਾਂ ਇਤਿਹਾਸ ਸਿਰਜਣ ਵਾਲੇ ਭਾਰਤ ਮਾਂ ਦੇ ਇਸ ਮਹਾਨ ਸਪੂਤ ਨੇ ਜਿੱਥੇ ਵਰਲਡ ਇਲਵੈਨ ਦਾ ਮੈਂਬਰ ਬਣ ਕੇ ਅਤੇ ਏਸ਼ੀਆ ਦੇ ਫੁੱਟਬਾਲ ਟੀਮ ਦੀ ਕਪਤਾਨੀ ਕਰ ਕੇ ਭਾਰਤ ਦਾ ਮਾਣ ਵਧਾਇਆ, ਉਥੇ ਸੱਤਰਵਿਆਂ ਵਿਚ ਆਪਣੇ ਪਿਤਰੀ ਸੂਬੇ ਪੰਜਾਬ ਦੇ ਸੁੱਤੇ ਹੋਏ ਫੁੱਟਬਾਲ ਨੂੰ ਹਲੂਣ ਕੇ ਜਗਾਇਆ। ਇਸ ਤਰ੍ਹਾਂ ਉਸ ਨੇ ਜਿੱਥੇ ਪੰਜਾਬੀਆਂ ਦਾ ਦੇਰ ਦਾ ਉਲਾਂਭਾ ਲਾਹਿਆ, ਉਥੇ ਉਸ ਨੇ ਮੋਹਨ ਬਗਾਨ ਕਲੱਬ ਸਾਹਮਣੇ ਇਕ ਵਾਰ ਫਿਰ ਆਪਣੀ ਫੁੱਟਬਾਲ ਖੇਡ ਦੀ ਸਮਰੱਥਾ ਦਾ ਜ਼ੋਰਦਾਰ ਪ੍ਰਦਰਸ਼ਨ ਕੀਤਾ। ਇਸ ਜ਼ੋਰਦਾਰ ਪ੍ਰਦਰਸ਼ਨ ਨੇ ਮੋਹਨ ਬਗਾਨ ਵਾਲਿਆਂ ਨੂੰ ਇਹ ਅਹਿਸਾਸ ਕਰਵਾਇਆ ਕਿ ਜਰਨੈਲ ਸਿੰਘ ਦੀ ਕੀਮਤ ਕਿਸ ਕਰ ਕੇ ਵੱਧ ਹੈ।

ਸੱਚੀ ਗੱਲ ਤਾਂ ਇਹ ਸੀ ਕਿ ਜਰਨੈਲ ਸਿੰਘ ਨੇ ਫੁੱਟਬਾਲ ਦੇ ਖੇਤਰ ਵਿਚ ਬਹੁਤ ਸਖ਼ਤ ਮਿਹਨਤ ਕਰ ਕੇ ਵੱਡਾ ਨਾਮ ਕਮਾਇਆ ਸੀ। ਉਹ ਜਦ ਵੀ ਕਦੇ ਕਿਸੇ ਵੱਡੇ ਅਫਸਰ ਦੇ ਦਫ਼ਤਰ ਜਾਂ ਘਰ ਗਿਆ, ਅਫਸਰ ਉਸ ਨੂੰ ਦਰਵਾਜ਼ੇ ਤੋਂ ਲੈਣ ਵੀ ਆਇਆ ਅਤੇ ਤੋਰਨ ਵੀ ਗਿਆ। ਉੱਚ ਸ਼ਖ਼ਸੀਅਤਾਂ ਆਪਣੇ ਧੰਨ ਭਾਗ ਸਮਝਦੀਆਂ ਸਨ ਕਿ ਫੁੱਟਬਾਲ ਦਾ ਜਰਨੈਲ ਉਨ੍ਹਾਂ ਕੋਲ ਆਇਆ ਸੀ। ਉਹ ਦੁਨੀਆ ਭਰ ਦੇ ਫੁੱਟਬਾਲ ਪ੍ਰੇਮੀਆਂ ਦੀ 'ਦੰਦ ਕਥਾ' ਦਾ ਨਾਇਕ ਸੀ ਪਰ ਇਹ ਸਾਰਾ ਕੁਝ ਐਵੇਂ ਨਹੀਂ ਸੀ ਵਾਪਰਿਆ। ਖੇਡ ਮੈਦਾਨ ਵਿਚ 'ਬੱਬਰ ਸ਼ੇਰ' ਦਾ ਰੁਤਬਾ ਉਸ ਨੂੰ ਸੌਖਿਆ ਨਹੀਂ ਸੀ ਮਿਲਿਆ। ਉਹ ਏਨਾ ਕਰੜਾ ਅਭਿਆਸ ਕਰਦਾ ਸੀ ਕਿ ਰਾਤ ਨੂੰ ਉਸ ਦੇ ਸਰੀਰ ਦੇ ਰੋਮ-ਰੋਮ ਵਿਚੋਂ ਚੀਸਾਂ ਉੱਠਦੀਆਂ ਸਨ। ਉਸ ਦਾ ਵਿਸ਼ਵਾਸ ਸੀ ਕਿ ਉੱਚੀ ਮੰਜ਼ਿਲ 'ਤੇ ਪਹੁੰਚਣ ਲਈ ਅਭਿਆਸ ਹੀ ਸਿੱਧਾ ਰਸਤਾ ਹੈ। ਉਹ ਕਹਿੰਦਾ ਸੀ, "ਅਸੀਂ ਦੂਜਿਆਂ ਤੋਂ ਵੱਧ ਅਭਿਆਸ ਕਰ ਕੇ ਹੀ ਉਨ੍ਹਾਂ ਤੋਂ ਅੱਗੇ ਨਿਕਲ ਸਕਦੇ ਹਾਂ।" ਜਰਨੈਲ ਸਿੰਘ ਕਿਸੇ ਦੇ ਤਜਰਬੇ ਦਾ ਫ਼ਾਇਦਾ ਉਠਾਉਣ ਵਾਲਾ ਸੂਝਵਾਨ ਖਿਡਾਰੀ ਸੀ। ਜਦੋਂ ਉਹ ਬਤੌਰ ਫੁੱਟਬਾਲ ਕੋਚ ਸੇਵਾਵਾਂ ਨਿਭਾਉਂਦਾ ਸੀ ਤਾਂ ਖਿਡਾਰੀਆਂ ਨਾਲ ਗੱਲਾਂ ਕਰਦਾ ਅਕਸਰ ਹੀ ਕਹਿੰਦਾ, "ਖਿਡਾਰੀ ਲਈ ਸਭ ਤੋਂ ਜ਼ਰੂਰੀ ਕੰਮ ਉਸ ਦਾ ਖੇਡ ਅਭਿਆਸ ਹੈ। ਜ਼ਿੰਦਗੀ ਦੇ ਹੋਰ ਰੁਝੇਵੇਂ ਉਸ ਲਈ ਦੂਜੇ ਨੰਬਰ ਦੀਆਂ ਗੱਲਾਂ ਹਨ।" ਇਹੋ ਕਾਰਨ ਸੀ ਕਿ ਉਹ ਉਸ ਖਿਡਾਰੀ ਨੂੰ ਬੁਰੀ ਤਰ੍ਹਾਂ ਟੋਕਦਾ ਸੀ ਜਿਹੜਾ ਅਭਿਆਸ ਤੋਂ ਗ਼ੈਰ-ਹਾਜ਼ਰ ਰਹਿਣ ਤੋਂ ਬਾਅਦ ਇਹ ਕਹੇ ਕਿ ਮੈਨੂੰ 'ਜ਼ਰੂਰੀ ਕੰਮ' ਪੈ ਗਿਆ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਜਰਨੈਲ ਸਿੰਘ ਫੁੱਟਬਾਲ ਖੇਡ ਪ੍ਰਤੀ ਸਮਰਪਣ ਦੀ ਭਾਵਨਾ ਨੂੰ ਸ਼ਬਦਾਂ ਦੁਆਰਾ ਬਿਆਨ ਕਰਨਾ ਔਖਾ ਹੈ। ਉਸ ਦੀ ਇਸੇ ਭਾਵਨਾ ਦੀ ਗਵਾਹੀ ਭਰਦੇ ਪੀ.ਕੇ. ਬੈਨਰਜੀ ਦੇ ਸ਼ਬਦ ਵਰਣਨਯੋਗ ਹਨ, "ਕਿਸੇ ਨੇ ਧਾਰਮਿਕ ਗ੍ਰੰਥ ਪੜ੍ਹ ਕੇ ਇੰਨੀ ਨਿਮਰਤਾ ਹਾਸਲ ਨਹੀਂ ਕੀਤੀ ਹੋਣੀ ਜਿੰਨੀ ਉਸ ਨੇ ਫੁੱਟਬਾਲ ਖੇਡ ਕੇ ਪ੍ਰਾਪਤ ਕਰ ਲਈ ਸੀ। ਉਸ ਨੇ ਬਹੁਤ ਵੱਡੀਆਂ ਪ੍ਰਾਪਤੀਆਂ ਨੂੰ ਵੀ ਨਿਮਰਤਾ ਨਾਲ ਸਵੀਕਾਰ ਕੀਤਾ। ਉਸ ਦੇ ਸੁਭਾਅ ਦੀ ਇਹੋ ਸਿਫ਼ਤ ਉਸ ਦੀ ਮਹਾਨਤਾ ਦਾ ਕਾਰਨ ਬਣੀ।" ਜਦੋਂ ਉਹ ਏਸ਼ੀਆ ਦੀ ਫੁੱਟਬਾਲ ਟੀਮ ਦੀ ਕਪਤਾਨੀ ਕਰ ਰਿਹਾ ਸੀ ਤਾਂ ਪਿੰਡ ਆ ਕੇ ਉਹ ਪਨਾਮ ਦੀ ਟੀਮ ਵਲੋਂ ਵੀ ਖੇਡ ਲੈਂਦਾ ਸੀ। ਇਸੇ ਕਰ ਕੇ ਇਲਾਕੇ ਦੇ ਲੋਕਾਂ ਦੀ ਉਸ ਵਿਚ ਸ਼ਰਧਾ ਵੀ ਸੀ ਅਤੇ ਉਸ ਉੱਤੇ ਮਾਣ ਵੀ ਸੀ। ਸੱਚ ਤਾਂ ਇਹ ਸੀ ਕਿ ਜ਼ਿੰਦਗੀ ਦਾ ਹਰ ਰੰਗ ਜਰਨੈਲ ਸਿੰਘ ਨੂੰ ਰਾਸ ਆ ਜਾਂਦਾ ਸੀ। ਪੰਜ ਤਾਰਾ ਹੋਟਲ ਤੋਂ ਵਾਪਸ ਆ ਕੇ ਉਸ ਨੂੰ ਅਲਾਣੇ ਮੰਜੇ 'ਤੇ ਵੀ ਗੂੜ੍ਹੀ ਨੀਂਦ ਆ ਜਾਂਦੀ ਸੀ। ਉਹ ਬਨਾਵਟੀ ਜ਼ਿੰਦਗੀ ਤੋਂ ਕੋਹਾਂ ਦੂਰ ਸੀ। ਅਪਣੱਤ ਵਿਚ ਭਿੱਜਾ ਉਹ ਆਪਣੇ ਗਿਣਤੀ ਦੇ ਦੋਸਤਾਂ ਵਿਚ ਠਹਾਕੇ ਮਾਰ ਕੇ ਹੱਸਦਾ ਨੇਕ ਦਿਲ ਪੇਂਡੂ ਲਗਦਾ ਸੀ। ਖੇਡਦੇ ਵਕਤ ਉਸ ਨੇ ਆਪਣੀ ਦੋਸਤੀ ਦਾ ਘੇਰਾ ਇਹ ਸੋਚ ਕੇ ਸੀਮਤ ਰੱਖਿਆ ਤਾਂ ਕਿ ਉਸ ਦਾ ਫੁੱਟਬਾਲ ਅਭਿਆਸ ਨਿਰਵਿਘਨ ਚੱਲਦਾ ਰਹੇ। ਉਹ ਬਹੁਤਾ ਸਮਾਂ ਭਰਾਵਾਂ ਵਰਗੇ ਨਿੱਘੇ ਦੋਸਤ ਰਾਮਜੀਤ ਨਾਲ ਬਿਤਾ ਦਿੰਦਾ। ਰਾਮਜੀਤ ਸਿੰਘ ਜਰਨੈਲ ਦੀ ਫੁੱਟਬਾਲ ਕਲਾ ਦਾ ਕਦਰਦਾਨ ਸੀ ਅਤੇ ਦੋਵੇਂ ਇਕ ਦੂਜੇ ਦੇ ਰਾਜ਼ਦਾਨ ਵੀ ਸਨ। ਇਹ ਦੋਵੇਂ ਦੋਸਤ ਇਕ ਦੂਸਰੇ ਦੀ ਦੀਦ ਦੇ ਪਿਆਸੇ ਸਨ। ਉਂਝ, ਕੁਲਦੀਪ ਸਿੰਘ ਚਾਂਦਪੁਰੀ ਵਰਗੇ ਫ਼ੌਜੀ ਅਫ਼ਸਰ ਉਸ ਦੇ ਜਮਾਤੀ ਵੀ ਸਨ ਅਤੇ ਯਾਰ ਵੀ। ਜਰਨੈਲ ਸਿੰਘ ਨੂੰ ਮਾਣ ਸੀ ਕਿ ਜੇ ਉਸ ਨੇ ਫੁੱਟਬਾਲ ਦੇ ਖੇਤਰ ਵਿਚ ਧਾਂਕ ਜਮਾਈ ਹੈ ਤਾਂ ਉਸ ਦੇ ਦੋਸਤ ਚਾਂਦਪੁਰੀ ਨੇ ਲੌਂਗੇਵਾਲਾ ਚੌਕੀ 'ਤੇ 1971 ਦੀ ਲੜਾਈ ਲੜਦਿਆਂ ਪਾਕਿਸਤਾਨੀ ਫ਼ੌਜ ਦੇ ਦੰਦ ਖੱਟੇ ਕੀਤੇ ਸਨ। ਇਸੇ ਫ਼ੌਜੀ ਅਫ਼ਸਰ ਦੀ ਬਹਾਦਰੀ 'ਤੇ ਆਧਾਰਿਤ ਬਾਅਦ ਵਿਚ 'ਬਾਰਡਰ' ਫਿਲਮ ਬਣੀ।



ਖੇਡ ਮੈਦਾਨ ਵਿਚ ਜਰਨੈਲ ਸਿੰਘ।

ਲਗਭਗ ਦਸ ਸਾਲ ਫੁੱਟਬਾਲ ਉਪਰ ਰਾਜ ਕਰਨ ਵਾਲੇ ਜਰਨੈਲ ਸਿੰਘ 'ਤੇ ਜਿੱਥੇ ਉਸ ਦੇ ਖੇਡ ਵਿਭਾਗ ਨੂੰ ਮਾਣ ਸੀ ਉਥੇ ਭਾਰਤੀ ਫੁੱਟਬਾਲ ਦੇ ਚੋਣ ਕਰਤਾ ਉਸ ਦੀ ਸਲਾਹ ਨਾਲ ਟੀਮ ਦੀ ਚੋਣ ਕਰਦੇ ਰਹੇ। ਉਹ ਭਾਰਤੀ ਫੁੱਟਬਾਲ ਟੀਮ ਵਿਚ 'ਭੀਮ' ਦਾ ਦਰਜਾ ਪ੍ਰਾਪਤ ਕਰ ਚੁੱਕਾ ਸੀ। ਪੰਜਾਬ ਦਾ ਖੇਡ ਵਿਭਾਗ ਉਸ ਦੀ ਇਮਾਨਦਾਰੀ ਦਾ ਕਾਇਲ ਸੀ। ਖੇਡ ਵਿਭਾਗ ਦੀ ਖ਼ਰੀਦੋ-ਫ਼ਰੋਖ਼ਤ ਜਰਨੈਲ ਸਿੰਘ ਦੇ ਹਵਾਲੇ ਸੀ। ਉਹ ਵੱਖ-ਵੱਖ ਖੇਡ-ਕੋਚ ਬੁਲਾ ਕੇ ਪਰਚੇਜ਼ ਕਮੇਟੀ ਬਣਾ ਦਿੰਦਾ ਤੇ ਸਾਰੇ ਕੋਚਾਂ ਨੂੰ ਅਪਣੱਤ ਨਾਲ ਆਖਦਾ, "ਸਮਾਨ ਵਧੀਆ ਖਰੀਦਣਾ ਪਰ ਸਹੁਰਿਉ! ਕੋਈ ਹੇਰਾਫੇਰੀ ਨਹੀਂ ਹੋਣੀ ਚਾਹੀਦੀ। ਜੇ ਕਿਤੇ ਇਸ ਤਰ੍ਹਾਂ ਦਾ ਕੁਝ ਵਾਪਰ ਗਿਆ ਤਾਂ ਮੇਰੇ ਪੱਲੇ ਕੁਝ ਨਹੀਂ ਜੇ ਰਹਿਣਾ।" ਉਸ ਦੇ ਕੋਚ ਉਸ ਪ੍ਰਤੀ ਹਮੇਸ਼ਾ ਸੁਹਿਰਦ ਰਹੇ। ਉਨ੍ਹਾਂ ਨੇ ਹਮੇਸ਼ਾ ਜਰਨੈਲ ਸਿੰਘ ਦਾ ਮਨ ਚਾਹਿਆ ਸਾਥ ਦਿੱਤਾ ਅਤੇ ਸ਼ਾਬਾਸ਼ ਲਈ।

ਜਰਨੈਲ ਸਿੰਘ ਜਦੋਂ ਪੰਜਾਬ ਦੇ ਖੇਡ ਵਿਭਾਗ ਦਾ ਐਡੀਸ਼ਨਲ ਡਾਇਰੈਕਟਰ ਸੀ, ਉਸ ਦੇ ਪਿੰਡ ਦੇ ਯਾਰ ਉਸ ਕੋਲ ਚੰਡੀਗੜ੍ਹ ਬੜੇ ਮਾਣ ਨਾਲ ਜਾਂਦੇ। ਖ਼ੁਸ਼-ਮਿਜ਼ਾਜ ਜਰਨੈਲ ਸਿੰਘ ਉਨ੍ਹਾਂ ਨੂੰ ਹੱਥੀਂ ਛਾਵਾਂ ਕਰਦਾ। ਕਈ ਵਾਰ ਤਾਂ ਉਹ ਅੰਗਰੇਜ਼ੀ ਸ਼ਰਾਬ ਅਤੇ ਦੇਸੀ ਮੁਰਗੇ ਨਾਲ ਵੀ ਹਾਣੀਆਂ ਨੂੰ ਨਿਵਾਜਦਾ। ਰਾਮਜੀਤ ਸਿੰਘ ਵਰਗੇ ਆਪਣੇ ਦੋਸਤਾਂ ਨੂੰ ਚੰਡੀਗੜ੍ਹ ਦੇਖ ਕੇ ਉਹ ਮਹਿਸੂਸ ਕਰਦਾ ਕਿ ਉਸ ਨੇ ਪਿੰਡ ਪਨਾਮ ਦੇ ਦਰਸ਼ਨ ਕਰ ਲਏ ਨੇ। ਪਿੰਡ ਵਾਲਿਆਂ ਦੇ ਕੰਮ ਆ ਕੇ ਉਸ ਦੀ ਰੂਹ ਬੇਹੱਦ ਖ਼ੁਸ਼ ਹੁੰਦੀ। ਕਦੀ ਉਸ ਦਾ ਦਿਲ ਕਰਦਾ, ਉਹ ਪਿੰਡੋਂ ਆਏ 'ਫ਼ਰਿਸ਼ਤਿਆਂ' ਨੂੰ ਆਪਣੇ ਕਲਾਵੇ ਵਿਚ ਘੁੱਟ ਲਵੇ। ਉਹ ਪਿੰਡੋਂ ਆਏ ਆਪਣੇ ਯਾਰਾਂ ਦੇ ਮੂੰਹ ਦੀ ਰੌਣਕ ਵਿਚੋਂ ਆਪਣੇ ਅਤੀਤ ਦੇ ਸੁਪਨੇ ਦੇਖਦਾ। ਉਹ ਉਨ੍ਹਾਂ ਦੀਆਂ ਗੱਲਾਂ ਵਿਚੋਂ ਆਪਣੇ ਪਿੰਡ ਦੀ ਸੱਥ ਦੇ ਨਕਸ਼ ਉਲੀਕਦਾ। ਉਹ ਆਪਣੇ ਪਿੰਡ ਦੇ ਬਜ਼ੁਰਗਾਂ ਦੀਆਂ ਨਸੀਹਤਾਂ ਦੀ ਪੈੜ ਲੱਭਦਾ ਗੂੜ੍ਹੇ ਅਪਣੱਤ ਭਰੇ ਰਿਸ਼ਤੇ ਵਿਚ ਬੱਝ ਜਾਂਦਾ। ਉਹ ਪਿੰਡ ਦੀ ਜੂਹ ਤੋਂ ਸ਼ੁਰੂ ਹੁੰਦੇ ਪਿੰਡ ਨਾਲ ਆਪਣੇ ਰਿਸ਼ਤੇ ਦਾ ਕਿਆਸ ਕਰਦਾ। ਕਦੇ-ਕਦੇ ਉਹ ਉਦਾਸ ਲਹਿਜੇ ਵਿਚ ਪਿੰਡ ਦੀ ਬੇਰੌਣਕ ਗਰਾਊਂਡ ਦੀ ਗੱਲ ਕਰਦਾ। ਉਹ ਖੇਤਾਂ ਵਿਚਲੀ ਇਕੱਲੀ ਰਹਿ ਗਈ ਉਦਾਸ ਟਾਹਲੀ ਨੂੰ ਚੇਤੇ ਕਰਦਾ ਜਿਸ ਨੇ ਹੈੱਡ ਲਾਉਣ ਵਿਚ ਉਸ ਨੂੰ ਨਿਪੁੰਨ ਬਣਾਇਆ ਸੀ। ਕਲਪਨਾ ਵਿਚ ਆਪਣੇ ਘਰ ਨੂੰ ਜਾਂਦੀ ਭੀੜੀ ਗਲੀ ਦੀ ਚੜ੍ਹਾਈ ਚੜ੍ਹਦਿਆਂ ਦਾ ਚਾਅ ਉਸ ਦੇ ਬੁੱਲ੍ਹਾਂ 'ਤੇ ਆਪ-ਮੁਹਾਰੇ ਆ ਜਾਂਦਾ। ਫਿਰ ਪਿੰਡ ਦੇ ਮਿੱਠੇ ਸੁਪਨਿਆਂ ਦੀ ਨੀਂਦ 'ਚੋਂ ਬਾਹਰ ਆ ਕੇ ਮੁਸਕਰਾ ਕੇ ਮਾਣ ਨਾਲ ਕਹਿੰਦਾ, "ਮੇਰੇ ਪਿੰਡ ਦੀ ਕੋਈ ਰੀਸ ਨਹੀਂ।"

ਜਰਨੈਲ ਸਿੰਘ ਸਟੈਨੋ ਨੂੰ ਚਿੱਠੀ ਡਿਕਟੇਟ ਕਰਵਾਉਂਦਾ ਆਪਣੀ ਉੱਚੀ ਲਿਆਕਤ ਅਤੇ ਗੂੜ੍ਹ ਅੰਗਰੇਜ਼ੀ ਦੀ ਸ਼ਾਨਦਾਰ ਮਿਸਾਲ ਪੇਸ਼ ਕਰਦਾ। ਫਿਰ ਉਹ ਵਿਹਲਾ ਹੋ ਕੇ ਚੇਲਿਆਂ ਤੋਂ ਦੋਸਤ ਬਣੇ ਸੁਖਵਿੰਦਰ 'ਸੁੱਖੀ' ਅਤੇ ਗੁਰਦੇਵ ਗਿੱਲ ਨੂੰ ਫੋਨ ਕਰ ਕੇ ਚੰਡੀਗੜ੍ਹ ਬੁਲਾਉਂਦਾ। ਛੋਟੀ ਉਮਰ ਦੇ ਇਨ੍ਹਾਂ ਕਰੀਬੀ ਦੋਸਤਾਂ ਨਾਲ ਵਿਸਕੀ ਦੀਆਂ ਚੁਸਕੀਆਂ ਲੈਂਦਿਆਂ ਉਹ ਹੁਸੀਨ ਦੁਨੀਆ ਦੀਆਂ ਗੱਲਾਂ ਨੂੰ ਸ਼ਾਨਦਾਰ ਕਿੱਕਾਂ ਮਾਰਦਾ। ਉਹ ਵਿਸਕੀ ਦੇ ਘੁੱਟ ਭਰਦਾ ਬੜੇ ਮਾਣ ਨਾਲ ਕਹਿੰਦਾ, "ਖੇਡਦੇ ਵਕਤ ਉਸ ਨੇ ਕਦੇ ਸ਼ਰਾਬ ਨਹੀਂ ਸੀ ਪੀਤੀ।" ਫਿਰ ਥੋੜ੍ਹਾ ਜਿਹਾ ਰੁਕ ਕੇ ਕਹਿੰਦਾ, "ਸ਼ਰਾਬ ਪੀਣ ਦੀ ਸ਼ੁਰੂਆਤ 1970 ਦੇ ਲਗਭਗ ਦੀ ਐ। ਇਨ੍ਹਾਂ ਦਿਨਾਂ ਵਿਚ ਕਦੇ-ਕਦੇ ਮਾੜੀ ਮੋਟੀ ਪੀ ਲੈਂਦਾ ਸਾਂ। ਫਿਰ ਜਦੋਂ 1977-78 ਵਿਚ ਭਾਰਤੀ ਕਬੱਡੀ ਟੀਮ ਨਾਲ ਬਤੌਰ ਕੋਚ ਇੰਗਲੈਂਡ ਗਿਆ ਤਾਂ ਉਥੇ ਫਿਰ ਮੈਂ ਸ਼ਰਾਬ ਬਾਕਾਇਦਾ ਪੀਣ ਲੱਗ ਪਿਆ।"

ਬੈਠਿਆਂ-ਬੈਠਿਆਂ ਕਈ ਵਾਰ ਉਹ ਸੁੱਖੀ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਦਿਆਂ ਅੱਖਾਂ ਚੌੜੀਆਂ ਕਰ ਲੈਂਦਾ, ਤਿੱਖੀ ਨਜ਼ਰ ਨਾਲ ਸੁੱਖੀ ਵੱਲ ਦੇਖਦਾ। ਉਹ ਮਿੱਠਾ ਗੁੱਸਾ ਜ਼ਾਹਿਰ ਕਰਦਿਆਂ ਬੜੇ ਜਵੇ ਨਾਲ ਸੁੱਖੀ ਨੂੰ ਆਖਦਾ, "ਮੇਰੀ ਰੰਗੀਨ ਦੁਨੀਆ ਬਾਰੇ ਤੇਰੀ ਜੁਅਰਤ ਕਿਵੇਂ ਪਈ ਉਏ ਪੁੱਛਣ ਦੀ?" ਫਿਰ ਮਚਲੇ ਜੱਟ ਵਾਂਗ ਥੋੜ੍ਹਾ-ਥੋੜ੍ਹਾ ਮੁਸਕਰਾ ਕੇ ਸਭ ਕੁਝ ਦੱਸ ਦਿੰਦਾ। ਕਈ ਵਾਰ ਉਹ ਇੰਨਾ ਰੰਗੀਨ ਹੋ ਜਾਂਦਾ ਕਿ ਬੇਜਾਨ ਚੀਜ਼ਾਂ ਬਾਰੇ ਜਾਨਦਾਰ ਗੱਲਾਂ ਕਰਦਾ। ਉਹ ਆਪਣੀ ਰਿਹਾਇਸ਼ਗਾਹ ਦੇ ਇਕ ਕਮਰੇ ਵਿਚ ਟੁੱਟੀ ਪਈ ਮੰਜੀ ਨੂੰ 'ਹਿਰਸ' ਵਿਚ ਟੁੱਟ ਗਈ ਦੱਸਦਾ।

ਉਹ ਕੁਝ ਨਾ ਕਹਿੰਦਾ ਹੋਇਆ ਵੀ ਸਭ ਕੁਝ ਕਹਿ ਜਾਂਦਾ। ਉਸ ਦੀ ਚੁੱਪ ਦੂਜੇ ਕੋਲੋਂ ਬੜੇ ਟੇਢੇ ਸਵਾਲ ਪੁੱਛਦੀ। ਉਹ ਚੁੱਪ ਰਹਿ ਕੇ ਦੂਜਿਆਂ ਨੂੰ ਬੋਲਣ ਲਾ ਲੈਂਦਾ। 'ਰਜ਼ਾਮੰਦੀ' ਹਾਸਲ ਕਰਨ ਲਈ ਉਹ ਸੰਕੇਤਕ ਢੰਗ ਵਰਤਦਾ। ਉਹ ਮਿੱਠ-ਬੋਲੜੇ ਖ਼ੂਬਸੂਰਤ ਅੰਦਾਜ਼ ਨਾਲ ਮਾਹੌਲ ਨੂੰ ਨਸ਼ਿਆ ਦਿੰਦਾ। ਖ਼ੁਸ਼ਗਵਾਰ ਮਾਹੌਲ ਵਿਚ ਉਹ ਗੁਰਦੇਵ ਗਿੱਲ ਦੀਆਂ ਧੜੱਲੇਦਾਰ ਗੱਲਾਂ ਦਾ ਮਜ਼ਾ ਲੈਂਦਾ ਉੱਚੀ-ਉੱਚੀ ਹੱਸਦਾ। ਉਹ ਸੁੱਖੀ ਅਤੇ ਗਿੱਲ ਦੇ ਹੱਥਾਂ ਨੂੰ ਆਪਣੇ ਹੱਥਾਂ ਵਿਚ ਘੁੱਟਦਿਆਂ ਯਾਰਾਂ ਦਾ ਯਾਰ ਬਣ ਜਾਂਦਾ। ਆਪਣੇ ਪਰਛਾਵੇਂ ਹੇਠ ਵਧੇ-ਫੁੱਲੇ ਆਪਣੇ ਫੁੱਟਬਾਲਰ ਚੇਲਿਆਂ ਉੱਤੇ ਬੇਹੱਦ ਮਾਣ ਕਰਦਾ ਉਹ ਦੂਣਾ-ਚੌਣਾ ਹੋ ਜਾਂਦਾ।

ਸੱਚ ਤਾਂ ਇਹ ਸੀ ਕਿ ਜੇ ਫੁੱਟਬਾਲ ਖੇਡਣ ਵਿਚ ਉਸ ਦਾ ਕੋਈ ਸਾਨੀ ਨਹੀਂ ਸੀ ਤਾਂ ਮਿਲਣ-ਗਿਲਣ ਵਿਚ ਵੀ ਉਸ ਦਾ ਕੋਈ ਮੁਕਾਬਲਾ ਨਹੀਂ ਸੀ। ਜਿਸ ਤਰ੍ਹਾਂ ਦਾ ਬੰਦਾ ਉਸ ਕੋਲ ਬੈਠ ਜਾਂਦਾ, ਉਹ ਉਸੇ ਤਰ੍ਹਾਂ ਦੀਆਂ ਗੱਲਾਂ ਉਸ ਨਾਲ ਕਰਦਾ ਘੁਲ-ਮਿਲ ਜਾਂਦਾ। ਉਸ ਨੂੰ ਲੋਕ-ਮਨਾਂ ਦੀ ਬੜੀ ਡੂੰਘੀ ਸਮਝ ਸੀ। ਉਹ ਸੱਚੀਆਂ ਕਦਰਾਂ-ਕੀਮਤਾਂ ਦਾ ਪੁਜਾਰੀ ਸੀ। ਉਹ ਆਪਣੇ ਵਿਭਾਗ ਦੇ ਹਰ ਮਸਲੇ ਨੂੰ ਵਿਭਾਗ ਦੀਆਂ ਉੱਚੀਆਂ-ਸੁੱਚੀਆਂ ਰਵਾਇਤਾਂ ਅਨੁਸਾਰ ਹੱਲ ਕਰਦਾ ਸੀ। ਪੰਜਾਬ ਦੇ ਖੇਡ ਵਿਭਾਗ ਦੇ ਡਾਇਰੈਕਟਰ ਨੇ ਇਕ ਵਾਰ ਵਿਭਾਗ ਦੀ ਇਕ ਅਧਿਕਾਰੀ ਬਾਰੇ ਜਦੋਂ ਜਰਨੈਲ ਸਿੰਘ ਦੇ ਵਿਚਾਰ ਜਾਣਨੇ ਚਾਹੇ ਤਾਂ ਜਰਨੈਲ ਸਿੰਘ ਕਹਿਣ ਲੱਗਾ, "ਹਾਂ ਜੀ, ਉਹ ਬਹੁਤ ਸੁਸ਼ੀਲ ਹਨ।" ਉਸ ਨੇ 'ਸੁਸ਼ੀਲ' ਸ਼ਬਦ ਇੰਨਾ ਚੱਬ ਕੇ ਬੋਲਿਆ ਕਿ ਡਾਇਰੈਕਟਰ ਮੁਸਕਰਾਉਣ ਲੱਗ ਪਿਆ। ਦਰਅਸਲ, ਜਰਨੈਲ ਸਿੰਘ ਜਦੋਂ ਖ਼ਾਸ ਕਿਸਮ ਦੇ ਰਉਂ ਵਿਚ ਹੁੰਦਾ ਸੀ ਤਾਂ ਉਹ ਪੰਜਾਬੀ ਜ਼ਬਾਨ ਦੇ ਖ਼ੂਬਸੂਰਤ ਸ਼ਬਦਾਂ ਨਾਲ ਕਲਾਕਾਰੀ ਕਰਦਾ ਬੜੇ ਦਿਲ-ਖਿਚਵੇਂ ਚਿੱਤਰ ਉਲੀਕ ਜਾਂਦਾ ਸੀ। ਸੁਣਨ ਵਾਲਾ ਕਦੇ ਜਰਨੈਲ ਸਿੰਘ ਦੇ ਮੂੰਹ ਵੱਲ ਦੇਖਦਾ ਅਤੇ ਕਦੇ ਉਸ ਦੇ ਉਲੀਕੇ ਰੰਗ-ਬਰੰਗੇ ਚਿੱਤਰਾਂ ਬਾਰੇ ਸੋਚਦਾ। ਉਹ ਕਿਸੇ ਦੇ ਨਾਂਹ-ਮੁਖੀ ਵਿਹਾਰ ਨੂੰ ਬੜੇ ਆਲ੍ਹਾ ਸ਼ਬਦਾਂ ਵਿਚ ਬਿਆਨ ਕਰਨ ਦੇ ਸਮਰੱਥ ਸੀ। ਉਹ ਕਿਸੇ ਦੇ ਅਨੈਤਿਕ ਆਚਰਣ ਨੂੰ ਆਪਣੇ ਮਨ ਦੇ ਖਾਤੇ ਪੈਣ ਹੀ ਨਹੀਂ ਸੀ ਦਿੰਦਾ।

ਉਸ ਨੇ ਅਥਾਹ ਮਿਹਨਤ ਕਰ ਕੇ ਆਪਣਾ ਸਮਾਜਿਕ ਰੁਤਬਾ ਇੰਨਾ ਉੱਚਾ ਬਣਾ ਲਿਆ ਸੀ ਕਿ ਆਪਣੇ ਆਪ ਨੂੰ ਕਹਿੰਦਾ ਕਹਾਉਂਦਾ ਬੰਦਾ ਵੀ ਉਸ ਨਾਲ ਸੋਚ ਵਿਚਾਰ ਕੇ ਗੱਲ ਕਰਦਾ ਸੀ। ਜਰਨੈਲ ਸਿੰਘ ਜਦੋਂ ਸ਼ਨਿਚਰਵਾਰ ਪਿੰਡ ਆਉਂਦਾ ਤਾਂ ਉਸ ਦੀ ਹਾਜ਼ਰੀ ਦਾ ਅਹਿਸਾਸ ਪਿੰਡ ਦੀ ਸੱਥ ਵਿਚੋਂ ਵੀ ਮਹਿਸੂਸ ਹੋ ਜਾਂਦਾ। ਕੋਲੋਂ ਲੰਘਦੇ ਨੂੰ ਵਡੇਰੀ ਉਮਰ ਦੇ ਬੰਦੇ ਵੀ ਹੱਥ ਜੋੜ ਕੇ ਫ਼ਤਹਿ ਬੁਲਾਉਂਦੇ। ਕਈ ਵਾਰ ਨੌਜਵਾਨ ਮੁੰਡੇ ਸੰਗਦੇ-ਸੰਗਦੇ ਪਰ੍ਹਾਂ-ਉਰ੍ਹਾਂ ਹੋ ਜਾਂਦੇ। ਜਰਨੈਲ ਸਿੰਘ ਦੇ ਘਰ ਨਾਲ ਲਗਦੇ ਘਰਾਂ ਦੀਆਂ ਔਰਤਾਂ ਕਿਲਕਾਰੀਆਂ ਮਾਰ ਰਹੇ ਆਪਣੇ ਬੱਚਿਆਂ ਨੂੰ ਇਹ ਕਹਿ ਕੇ ਚੁੱਪ ਕਰਵਾਉਂਦੀਆਂ ਕਿ "ਚੁੱਪ ਕਰੋ ਡੁੱਬ ਜਾਣਿਉਂ, ਵੱਡੇ ਸਰਦਾਰ ਜੀ ਆਏ ਹੋਏ ਨੇ।"

ਕਹਾਣੀ




"ਤੂੰ ਮੇਰੀ ਕਹਾਣੀ ਕਦੋਂ ਲਿਖੇਂਗੀ ਆਸ਼ਾ?" ਉਹ ਕਈ ਵਾਰ ਮੈਨੂੰ ਪੁਛਦੀ, ਪਰ ਮੈਂ ਹਰ ਵਾਰ ਟਾਲ ਜਾਂਦੀ। ਕਈ ਵਾਰੀ ਉਹ ਮੂੰਹ ਸੁਜਾ ਕੇ ਚਲੀ ਜਾਂਦੀ। ਤੇ ਫੇਰ ਜਦੋਂ ਅਗਲੀ ਵਾਰ ਮਿਲਦੀ ਤਾਂ ਉਹ ਸ਼ਿਕਵਾ ਕਰਦੀ। ਅਜਿਹਾ ਕਿੰਨੀ ਹੀ ਵਾਰੀ ਹੋਇਆ ਸੀ। ਇਕ ਵਾਰ ਤਾਂ ਉਸ ਨੇ ਕਹਿ ਹੀ ਦਿਤਾ ਸੀ, "ਲਿਖਣੀ ਹੈ ਤਾਂ ਲਿਖ ਦੇ, ਮੈਂ ਜ਼ਿਆਦਾ ਵਾਰੀ ਤਾਂ ਕਹਿਣਾ ਨਹੀਂ।" ਮੈਨੂੰ ਲਗਦਾ ਜਿਵੇਂ ਉਹ ਕਹਿੰਦੀ ਹੋਵੇ, ਮੇਰਾ ਸਵੈਟਰ ਬੁਣ ਦੇ ਜਾਂ ਝੱਗਾ ਸੀਂ ਦੇ। ਮੈਨੂੰ ਪਤੈ ਤੂੰ ਸਵੈਟਰ ਬੁਣਨਾ ਜਾਣਦੀ ਹੈਂ ਜਾਂ ਝੱਗੇ ਸੀਣੇ। ਸੀਣਾ ਹੈ ਤਾਂ ਸੀ ਦੇ, ਨਹੀਂ ਤਾਂ ਕਿਸੇ ਹੋਰ ਤੋਂ ਸਿਲਵਾ ਲਵਾਂ।

ਮੇਰੇ ਆਪਣੇ ਇਸ ਖਿਆਲ ਉਤੇ ਮੈਨੂੰ ਹਾਸਾ ਆਉਂਦਾ ਪਰ ਅੱਜ ਗੱਲ ਮੈਂ ਹਾਸੇ ਵਿਚ ਟਾਲ ਨਹੀਂ ਸਕੀ ਸੀ। ਅੱਜ ਉਸ ਦੇ ਲੜਕੇ ਦਾ ਜਨਮ ਦਿਨ ਸੀ। ਜਦੋਂ ਮੈਂ ਉਸ ਨੂੰ ਵਧਾਈਆਂ ਦਿਤੀਆਂ, ਉਸ ਨੇ ਭਰੀ ਮਹਿਫਿਲ ਵਿਚ ਫਿਰ ਇਹ ਸਵਾਲ ਫੇਰ ਦੁਹਰਾਇਆ, "ਮੇਰੀ ਕਹਾਣੀ ਕਦੋਂ ਲਿਖੇਂਗੀ?"

ਮੈਨੂੰ ਜਵਾਬ ਨਾ ਸੁਝਿਆ। ਦੋ ਪਲ ਸੋਚਣ ਤੋਂ ਬਾਅਦ ਮੈਂ ਕਿਹਾ, "ਰੂਪੀ, ਅਸਲ ਵਿਚ ਮੈਨੂੰ ਤੇਰੀ ਪੂਰੀ ਕਹਾਣੀ ਦਾ ਪਤਾ ਨਹੀਂ। ਸ਼ੁਰੂ ਤਾਂ ਕਰ ਲਵਾਂਗੀ ਪਰ ਖਤਮ ਕਿਥੇ ਕਰਾਂ! ਨਾਲੇ ਮੈਨੂੰ...।"

"ਮੇਰੇ ਵਰਗੀਆਂ ਕਹਾਣੀਆਂ ਕਦੇ ਖਤਮ ਨਹੀਂ ਹੁੰਦੀਆਂ, ਆਸ਼ਾ। ਸ਼ੁਰੂ ਹੁੰਦੀਆਂ ਨੇ ਤਾਂ ਚਲਦੀਆਂ ਹੀ ਰਹਿੰਦੀਆਂ ਨੇ। ਬੇਅੰਤ ਹੁੰਦੀਆਂ ਨੇ। ਕੋਈ ਅੰਤ ਨਹੀਂ ਹੁੰਦਾ ਇਨ੍ਹਾਂ ਕਹਾਣੀਆਂ ਦਾ!" ਉਹ ਆਪਣੀਆਂ ਕਟੋਰਿਆਂ ਵਰਗੀਆਂ ਅੱਖਾਂ ਬੰਦ ਕਰਦੀ ਬੋਲੀ।

"ਫੇਰ ਵੀ ਜਦੋਂ ਤਕ ਪੂਰੀ ਗੱਲ ਦਾ ਪਤਾ ਨਾ ਹੋਵੇ...ਮੈਨੂੰ ਡਰ ਲਗਦੈ, ਮੈਂ ਕੋਈ ਝੂਠ ਸੱਚ ਨਾ ਮਾਰ ਬੈਠਾਂ। ਪਿਛੋਂ ਤੈਨੂੰ ਬੁਰਾ ਲੱਗੇ," ਮੈਂ ਜਵਾਬ ਦਿੱਤਾ।

"ਬੁਰਾ ਲੱਗਣ ਨੂੰ ਕਿਹੜਾ ਮੈਂ ਸਤੀ ਸਵਿਤਰੀ ਹਾਂ। ਜੋ ਮੇਰੇ ਹੱਡਾਂ ਨੇ ਹੰਢਾਇਆ ਹੈ, ਉਹ ਲਿਖ! ਮੇਰਾ ਸੱਚ!"

"ਪਰ ਤੇਰਾ ਸੱਚ ਮੈਨੂੰ ਪੂਰਾ ਪਤਾ ਨਹੀਂ ਹਾਲੇ," ਮੈਂ ਕਿਹਾ।

"ਚੰਗਾ ਫੇਰ! ਤੂੰ ਜਾਈਂ ਨਾ। ਅੱਜ ਰਾਤ ਮੇਰੇ ਕੋਲ ਹੀ ਰਹੀਂ। ਮੈਂ ਤੈਨੂੰ ਆਪਣਾ ਸੱਚ ਦਸਾਂਗੀ," ਉਹ ਹੁਕਮ ਜਿਹਾ ਦੇ ਕੇ ਪਾਰਟੀ ਵਿਚ ਬਿਜ਼ੀ ਹੋ ਗਈ।

ਅੱਧੀ ਰਾਤ ਤਕ ਜਨਮ-ਦਿਨ ਦੀ ਪਾਰਟੀ ਚਲਦੀ ਰਹੀ। ਬਾਰਾਂ ਵਜੇ ਤੋਂ ਬਾਅਦ ਉਹ ਵਿਹਲੀ ਹੋ ਕੇ ਸੋਫੇ ਉਤੇ ਹੀ ਪਸਰ ਗਈ। ਆਪਣੇ ਲੰਮੇ ਕਾਲੇ ਵਾਲ ਖੋਲ੍ਹ ਕੇ ਉਸ ਨੇ ਖਿਲਾਰ ਲਏ। ਮੈਂ ਵੇਖਿਆ, ਲਾਲ ਰੰਗ ਦਾ ਸੂਟ ਉਸ ਦੇ ਰੰਗ ਨਾਲ ਮਿਲ ਗਿਆ ਸੀ। ਗਲ ਵਿਚ ਪਾਈ ਝੂਠੇ ਮੋਤੀਆਂ ਦੀ ਮਾਲਾ ਸਿਰਫ ਉਸ ਦੀ ਲੰਬੀ ਗੋਰੀ ਗਰਦਨ ਉਤੇ ਲਿਪਟੀ ਹੋਣ ਕਰਕੇ ਹੀ ਸੁੱਚੀ ਲਗ ਰਹੀ ਸੀ। ਲੰਮੇ-ਲੰਮੇ ਹੱਥ ਪੈਰ ਅਤੇ ਲੰਮਾ ਕੱਦ, ਜਿਵੇਂ ਮੇਰੇ ਸਾਹਮਣੇ ਇੰਦਰ ਦੇ ਅਖਾੜੇ ਦੀ ਕੋਈ ਅਪਸਰਾ ਬੈਠੀ ਸੀ। ਕਿੰਨੀ ਸੋਹਣੀ ਹੈ ਉਹ! ਪਤਾ ਨਹੀਂ ਕਿਉਂ ਉਸ ਨੂੰ ਵੇਖ ਕੇ ਮੈਨੂੰ ਤਾਜ ਮਹੱਲ ਯਾਦ ਆ ਗਿਆ। ਸ਼ਾਇਦ ਤਾਜ ਮਹੱਲ ਜਿੰਨੀ ਸੁਹਣੀ ਲੱਗੀ ਸੀ ਉਹ ਮੈਨੂੰ ਅਤੇ ਓਨੀ ਹੀ ਉਦਾਸ। ਜੇ ਮੈਂ ਮਰਦ ਹੁੰਦੀ ਤੇ ਰੂਪੀ ਨਾਲ ਜ਼ਰੂਰ ਇਸ਼ਕ ਕਰਦੀ, ਮੈਂ ਸੋਚਿਆ।

"ਕਿਥੇ ਗੁਆਚ ਗਈ ਹੈਂ?" ਉਸ ਨੇ ਮੇਰੀ ਧਿਆਨ-ਮਾਲਾ ਤੋੜੀ।

"ਮੈਂ ਤੇਰੇ ਹੁਸਨ ਦਾ ਜਲਵਾ ਦੇਖ ਰਹੀ ਹਾਂ! ਕਿੰਨੀ ਸੋਹਣੀ ਹੈਂ ਤੂੰ। ਜੀਅ ਕਰਦੈ ਦੇਖੀ ਜਾਵਾਂ!"

ਮੇਰਾ ਜਵਾਬ ਸੁਣ ਕੇ ਉਹ ਖਿੜਖਿੜਾ ਕੇ ਹੱਸੀ ਅਤੇ ਉਸ ਦੇ ਦੰਦ ਮੋਤੀਆਂ ਵਾਂਗ ਚਮਕੇ। "ਮੇਰੀ ਕਹਾਣੀ ਵੀ ਸੁਣੇਂਗੀ ਕਿ ਮੈਨੂੰ ਦੇਖੀ ਹੀ ਜਾਵੇਂਗੀ?" ਉਹ ਮੁਸਕਰਾਈ।

"ਹਾਂ ਦੱਸ," ਮੈਂ ਮੇਜ 'ਤੇ ਪੈਰ ਰੱਖਦੀ ਹੋਈ ਨੇ ਪੁੱਛਿਆ।

"ਆਸ਼ਾ ਮੈਨੂੰ ਪਤਾ ਨਹੀਂ ਕਿ ਮੈਂ ਆਪਣੀ ਕਹਾਣੀ ਕਿੱਥੋਂ ਸ਼ੁਰੂ ਕਰਾਂ। ਨਾ ਹੀ ਜ਼ਿੰਦਗੀ ਦਾ ਪਹਿਲਾ ਚੈਪਟਰ ਯਾਦ ਹੈ ਅਤੇ ਨਾ ਹੀ ਪਹਿਲਾ ਪਾਤਰ। ਬਸ ਇੰਨਾ ਯਾਦ ਹੈ ਕਿ ਮੈਂ ਇਕ ਟੁੱਟੇ ਹੋਏ ਘਰ ਦੀ ਪੈਦਾਇਸ਼ ਸੀ।" ਉਹ ਥੋੜਾ ਜਿਹਾ ਰੁਕੀ ਤੇ ਮੇਰੇ ਵਲ ਦੇਖਿਆ।

"ਟੁੱਟੇ ਹੋਏ ਘਰ ਦੀ," ਮੈਂ ਪੁਛਿਆ। "ਹਾਂ! ਮੇਰੇ ਮਾਂ-ਬਾਪ ਦੀ ਆਪਸ ਵਿਚ ਬਣਦੀ ਨਹੀਂ ਸੀ। ਮੈਂ ਦਸ ਕੁ ਸਾਲ ਦੀ ਸੀ ਜਦੋਂ ਅਸੀਂ ਇੰਡੀਆ ਤੋਂ ਇੰਗਲੈਂਡ ਆ ਗਏ। ਮੇਰੀ ਥੋੜੀ-ਬਹੁਤ ਪੜ੍ਹਾਈ ਇੰਡੀਆ ਵਿਚ ਹੋਈ ਤੇ ਬਾਕੀ ਇੰਗਲੈਂਡ ਵਿਚ। ਮੇਰੇ ਮੰਮੀ ਡੈਡੀ ਫੈਕਟਰੀਆਂ ਵਿਚ ਕੰਮ ਕਰਦੇ ਸਨ। ਡੈਡੀ ਜਿੰਨਾ ਪੇ-ਪੈਕਟ ਲੈ ਕੇ ਆਉਂਦਾ, ਸ਼ਰਾਬ ਅਤੇ ਗੋਰੀਆਂ ਉਤੇ ਖਰਚ ਕਰ ਦਿੰਦਾ ਤੇ ਮੰਮ ਨਾਲੇ ਡੈਡ ਦੀਆਂ ਗਾਲਾਂ ਖਾਂਦੀ, ਨਾਲੇ ਘਰ ਦਾ ਖਰਚ ਚਲਾਉਂਦੀ। ਕਿਸੇ ਨਾ ਕਿਸੇ ਬਹਾਨੇ ਡੈਡ ਮੰਮ ਨੂੰ ਰੋਜ਼ ਹੀ ਕੁੱਟਦਾ ਸੀ। ਪਰ ਮੰਮ ਡੈਡ ਨੂੰ ਛਡਣ ਲਈ ਤਿਆਰ ਨਹੀਂ ਸੀ। ਮੈਂ ਕਈ ਵਾਰੀ ਮੰਮ ਨੂੰ ਕਹਿ ਦਿੰਦੀ, ਚੱਲ ਆਪਾਂ ਇੰਡੀਆ ਚਲੀਏ। ਪਰ ਡੈਡ ਤੇ ਮੰਮ ਨੂੰ ਪੌਂਡਾਂ ਤੋਂ ਵਧ ਹੁਣ ਕੋਈ ਚੀਜ਼ ਪਿਆਰੀ ਨਹੀਂ ਸੀ। ਇੰਡੀਆ ਜਾਣਾ ਤਾਂ ਦੂਰ ਉਹ ਇੰਡੀਆ ਦਾ ਨਾਂ ਤਕ ਸੁਣਨ ਨੂੰ ਤਿਆਰ ਨਹੀਂ ਸੀ। ਪਰ ਮੈਂ ਇਕ ਦਿਨ ਲਈ ਵੀ ਇੰਡੀਆ ਨੂੰ ਨਹੀਂ ਭੁੱਲੀ ਸੀ। ਆਪਣੇ ਦੋਸਤਾਂ-ਸਹੇਲੀਆਂ ਨੂੰ, ਆਪਣੇ ਰਿਸ਼ਤੇਦਾਰਾਂ ਨੂੰ ਤੇ ਆਪਣੇ ਪੰਜਾਬ ਨੂੰ। ਇਹੋ ਜਿਹੀ ਕੋਈ ਰਾਤ ਨਹੀਂ ਸੀ ਕਿ ਮੈਨੂੰ ਇੰਡੀਆ ਦਾ ਸੁਪਨਾ ਨਾ ਆਇਆ ਹੋਵੇ। ਇਹੋ ਜਿਹੇ ਮਾਹੌਲ ਵਿਚ ਮੈਂ ਜ਼ਿਆਦਾ ਪੜ੍ਹ ਲਿਖ ਨਾ ਸਕੀ।

ਸਕੂਲ ਤੋਂ ਬਾਅਦ ਮੈਨੂੰ ਏਅਰਪੋਰਟ ਉਤੇ ਕੰਮ ਮਿਲ ਗਿਆ। ਜਿਵੇਂ ਘਰ ਦੀ ਘੁਟਨ ਵਿਚੋਂ ਨਿਕਲ ਕੇ ਮੈਂ ਰੰਗ-ਬਿਰੰਗੇ ਮੇਲੇ ਵਿਚ ਆ ਗਈ। ਰੋਜ਼ ਹੀ ਹਜ਼ਾਰਾਂ ਮੁਸਾਫਿਰ ਜਹਾਜ਼ਾਂ ਉਤੇ ਚੜ੍ਹਦੇ ਉਤਰਦੇ, ਜਿਵੇਂ ਰੋਜ਼ ਨਵੇਂ ਪੰਛੀ ਆਉਂਦੇ ਤੇ ਉਡਾਰੀ ਮਾਰ ਜਾਂਦੇ। ਮੈਂ ਲੋਕਾਂ ਨੂੰ ਆਉਂਦੇ-ਜਾਂਦੇ ਵੇਖਦੀ, ਆਪਸ ਵਿਚ ਗਲੇ ਮਿਲਦਿਆਂ ਤਕਦੀ, ਤਾਂ ਜਿਵੇਂ ਮੇਰੇ ਅੰਦਰ ਬਹੁਤ ਕੁਝ ਟੁੱਟ ਜਾਂਦਾ। ਲੋਕ ਕਿੰਨੇ ਖੁਸ਼ ਨੇ। ਕਿਵੇਂ ਆਪਸ ਵਿਚ ਪਿਆਰ ਕਰਦੇ ਨੇ ਇਕ ਦੂਜੇ ਨੂੰ। ਜਦੋਂ ਕੋਈ ਆਦਮੀ ਤੀਵੀਂ ਅਲੱਗ ਹੋ ਰਹੇ ਹੁੰਦੇ ਤਾਂ ਇਕ ਦੂਜੇ ਦੀਆਂ ਬਾਹਾਂ ਵਿਚ ਸਮਾ ਜਾਂਦੇ। ਔਰਤ ਰੋਂਦੀ ਤੇ ਮਰਦ ਵੀ ਉਸ ਨੂੰ ਛਾਤੀ ਨਾਲ ਲਾ ਕੇ ਅੱਖਾਂ ਭਰ ਲੈਂਦਾ। ਮੈਨੂੰ ਲੱਗਦਾ, ਲੋਕ ਆਪਣੀਆਂ ਪਤਨੀਆਂ ਤੇ ਬੱਚਿਆਂ ਨੂੰ ਕਿੰਨਾ ਪਿਆਰ ਕਰਦੇ ਨੇ। ਪਰ ਇਕ ਸਾਡਾ ਘਰ ਹੈ ਜਿਥੇ ਸਾਰਾ ਦਿਨ ਕਲੇਸ਼ ਹੁੰਦਾ ਤੇ ਭੰਗ ਭੁਜਦੀ ਏ। ਮੈਨੂੰ ਪੈਸੇ ਸੁਹਣੇ ਮਿਲਦੇ ਸੀ, ਪਰ ਜਿਸ ਦਿਨ ਤਨਖਾਹ ਮਿਲਣੀ, ਮੈਂ ਉਦਾਸ ਹੋ ਜਾਣਾ। ਤਨਖਾਹ ਮੰਮ ਨੂੰ ਦੇਵਾਂਗੀ। ਡੈਡ ਸ਼ਰਾਬ ਵਾਸਤੇ ਪੈਸੇ ਮੰਗੇਗਾ। ਮੰਮ ਕਹੇਗੀ ਕੁੜੀ ਦੇ ਪੈਸੇ ਨੇ, ਸ਼ਰਾਬਾਂ ਉਤੇ ਨਾ ਰੋੜ। ਦੋਵੇਂ ਜੂਤ-ਪਤਾਣ ਹੋਣਗੇ। ਜਿਵੇਂ ਪੈਸਾ ਸਾਡੀ ਘਰ ਦੀ ਲੜਾਈ ਦੀ ਅੱਗ ਵਿਚ ਪੈਟਰੋਲ ਦਾ ਕੰਮ ਕਰਦਾ ਸੀ। ਤੂੰ ਸੁਣ ਰਹੀ ਏਂ ਨਾ ਧਿਆਨ ਨਾਲ?" ਉਹ ਗੱਲ ਕਰਦੀ ਵਿਚੋਂ ਰੁਕੀ।

"ਬੋਲੀ ਚਲ, ਰੁਕ ਨਾ! ਕਹਾਣੀ ਦੀ ਤੰਦ ਨਾ ਤੋੜੀਂ, ਮੈਂ ਸੁਣ ਰਹੀ ਹਾਂ," ਮੈਂ ਇਕੋ ਸਾਹੇ ਕਹਿ ਗਈ, ਉਹ ਅੱਗੇ ਦੱਸਣ ਲਗੀ,

"ਹਾਂ, ਮੈਂ ਕਹਿ ਰਹੀ ਸੀ ਕਿ ਇਨ੍ਹਾਂ ਹੀ ਉਦਾਸੀਆਂ ਵਿਚ ਦੋ-ਤਿੰਨ ਸਾਲ ਲੰਘ ਗਏ। ਇਕ ਦਿਨ ਇੰਡੀਆ ਜਾਣ ਵਾਲੀ ਏਅਰ ਇੰਡੀਆ ਦੀ ਫਲਾਈਟ ਲੇਟ ਸੀ। ਮੁਸਾਫਿਰ ਬੈਠੇ ਚਾਹ-ਪਾਣੀ ਪੀ ਰਹੇ ਸਨ ਤੇ ਅਸੀਂ ਸਾਰਾ ਸਟਾਫ ਉਨ੍ਹਾਂ ਦੀ ਸੇਵਾ ਵਿਚ ਲੱਗੇ ਹੋਏ ਸੀ। ਇਨ੍ਹਾਂ ਹੀ ਮੁਸਾਫਿਰਾਂ ਵਿਚ ਮੈਨੂੰ ਮਿਲਿਆ ਸੀ ਨਰਿੰਦਰ। ਮੈਨੂੰ ਥੱਕੀ-ਟੁੱਟੀ ਨੂੰ ਇਕ ਕੁਰਸੀ ਉਤੇ ਬੈਠੀ ਵੇਖ ਕੇ ਉਹ ਮੇਰੇ ਨਾਲ ਵਾਲੀ ਕੁਰਸੀ ਉਤੇ ਆ ਕੇ ਬੈਠ ਗਿਆ। ਮੈਂ ਸਰਸਰੀ ਨਜ਼ਰ ਨਾਲ ਉਸ ਵਲ ਦੇਖਿਆ ਪਰ ਦੇਖਦੀ ਹੀ ਰਹਿ ਗਈ। ਜਿਵੇਂ ਉਸ ਨੇ ਮੈਨੂੰ ਹਿਪਨੋਟਾਈਜ਼ ਕਰ ਲਿਆ ਸੀ। ਸੁਹਣੇ ਬੰਦੇ ਤਾਂ ਏਅਰਪੋਰਟ 'ਤੇ ਰੋਜ਼ ਹੀ ਦੇਖਦੀ ਸੀ ਪਰ ਨਰਿੰਦਰ ਲਈ ਤਾਂ ਜਿਵੇਂ ਸੁਹਣਾ ਲਫਜ਼ ਵੀ ਛੋਟਾ ਸੀ। ਗੋਰਾ ਚਿੱਟਾ, ਮੂੰਹ ਦਗ-ਦਗ ਕਰਦਾ, ਘੁੰਗਰਾਲੇ ਵਾਲ, ਗੁਲਾਬੀ ਬੁੱਲ੍ਹ ਤੇ ਦਰਵੇਸ਼ਾਂ ਵਰਗੀਆਂ ਅੱਖਾਂ। ਜਿਵੇਂ ਉਸ ਦੀਆਂ ਅੱਖਾਂ ਵਿਚੋਂ ਕੋਈ ਸੇਕ ਆ ਰਿਹਾ ਸੀ। ਮੈਨੂੰ ਆਪਣਾ ਵਜੂਦ ਪਿਘਲਦਾ ਜਾਪਿਆ। ਮੈਂ ਉਸ ਦੀਆਂ ਅੱਖਾਂ ਵਿਚ ਗੁਆਚ ਗਈ। ਉਹ ਮੁਸਕਰਾਇਆ, ਮੈਂ ਆਪੇ ਵਿਚ ਮੁੜੀ। ਥੋੜ੍ਹਾ ਸੰਭਲੀ ਕਿ ਉਠ ਕੇ ਚਲੀ ਜਾਵਾਂ ਪਰ ਮੇਰੇ ਪੈਰਾਂ ਵਿਚ ਜਾਨ ਨਹੀਂ ਸੀ।

"ਕੀ ਨਾਂ ਹੈ ਤੇਰਾ?" ਉਸ ਨੇ ਹੌਲੀ ਜਿਹੀ ਪੁਛਿਆ। ਬਹੁਤ ਨਿਘੀ ਆਵਾਜ਼ ਸੀ ਉਸ ਦੀ।

"ਰੁਪਿੰਦਰ!" ਮੈਂ ਜਵਾਬ ਦਿਤਾ।

"ਬਹੁਤ ਪਿਆਰਾ ਨਾਂ ਹੈ। ਬਹੁਤ ਸੁਹਣਾ ਪਰ ਏਨਾ ਸੁਹਣਾ ਨਹੀਂ ਜਿੰਨੀ ਸੁਹਣੀ ਤੂੰ ਆਪ ਹੈਂ। ਤੇਰਾ ਨਾਂ ਤਾਂ ਤਸਵੀਰ ਹੋਣਾ ਚਾਹੀਦਾ ਹੈ ਜਾਂ ਬਹਾਰ। ਤਸਵੀਰ ਜਿੰਨੀ ਸੁਹਣੀ ਹੈਂ ਤੂੰ।" ਜਦੋਂ ਉਹ ਗੱਲ ਕਰਦਾ ਤਾਂ ਉਸ ਦੀਆਂ ਅੱਖਾਂ ਜਾਦੂ ਧੂੜਦੀਆਂ।

"ਤੂੰ ਕਿਥੇ ਚਲਿਆ ਹੈਂ?" ਮੇਰਾ ਇੰਨੇ ਸੁਹਣੇ ਮਰਦ ਦੇ ਮੂੰਹੋਂ ਤਾਰੀਫ ਸੁਣ ਦਿਲ ਉਛਲਿਆ ਪਰ ਮੈਂ ਉਸ ਨੂੰ ਜ਼ਾਹਰ ਨਾ ਹੋਣ ਦਿੱਤਾ।

"ਇੰਡੀਆ! ਪੰਜਾਬ। ਅੰਮ੍ਰਿਤਸਰ ਕੋਲ ਪਿੰਡ ਹੈ ਮੇਰਾ। ਮੇਰੇ ਮਾਂ-ਬਾਪ ਉਥੇ ਹੀ ਨੇ। ਘਰ-ਬਾਰ, ਜ਼ਮੀਨ-ਜਾਇਦਾਦ, ਪੂਰਾ ਪਿੰਡ ਹੀ ਸਾਡਾ ਆਪਣਾ ਹੈ। ਮੈਂ ਇਕੱਲਾ ਪੁਤਰ ਹਾਂ ਮਾਂ-ਬਾਪ ਦਾ। ਬਸ ਹਰ ਸਾਲ ਦੇ ਚਾਰ ਚੱਕਰ ਇੰਡੀਆ ਦੇ ਲੱਗ ਹੀ ਜਾਂਦੇ ਨੇ," ਉਹ ਦੱਸ ਰਿਹਾ ਸੀ।

"ਅੰਮ੍ਰਿਤਸਰ? ਜਿਥੇ ਹਰਿਮੰਦਰ ਸਾਹਿਬ ਹੈ?" ਮੈਂ ਕਿਹਾ।

"ਹਾਂ, ਸਾਡੇ ਪਿੰਡ ਤੋਂ ਦਸ ਕੁ ਮੀਲ ਦਾ ਰਾਹ ਹੈ ਅੰਮ੍ਰਿਤਸਰ ਦਾ। ਤੂੰ ਗਈ ਹੈਂ ਕਦੇ ਹਰਿਮੰਦਰ ਸਾਹਿਬ?"

"ਨਹੀਂ, ਪਰ ਸਾਡੇ ਘਰ ਹਰਿਮੰਦਰ ਸਾਹਿਬ ਦੀ ਬਹੁਤ ਵਡੀ ਤਸਵੀਰ ਲਗੀ ਹੋਈ ਏ। ਮੇਰਾ ਬੜਾ ਜੀਅ ਕਰਦੈ ਮੈਂ ਕਦੇ ਹਰਿਮੰਦਰ ਸਾਹਿਬ ਜਾਵਾਂ...ਪੰਜਾਬ। ਜਿਥੇ ਮੇਰਾ ਘਰ ਹੈ, ਮੇਰੇ ਬਾਪ-ਦਾਦਿਆਂ ਦਾ ਘਰ!" ਮੈਂ ਉਦਾਸ ਆਵਾਜ਼ ਵਿਚ ਕਿਹਾ।

"ਚੱਲ ਅੱਜ ਹੀ ਲੈ ਚਲਦਾ ਹਾਂ," ਉਸ ਨੇ ਮਜ਼ਾਕ ਵਿਚ ਕਿਹਾ ਤੇ ਮੈਂ ਸ਼ਰਮਾ ਕੇ ਨੀਵੀਂ ਪਾ ਲਈ।

"ਮੇਰਾ ਨਾਂ ਨਰਿੰਦਰ ਹੈ। ਸੱਤ ਤਾਰੀਖ ਨੂੰ ਵਾਪਸ ਆਵਾਂਗਾ। ਤੂੰ ਮੈਨੂੰ ਮਿਲੇਂਗੀ ਏਅਰਪੋਰਟ ਉਤੇ?" ਉਸ ਨੇ ਫਿਰ ਮਿਲਣ ਦਾ ਵਾਅਦਾ ਮੰਗਿਆ।

"ਪਤਾ ਨਹੀਂ," ਮੈਂ ਉਥੋਂ ਉਠ ਕੇ ਖੜੀ ਹੋ ਗਈ।

ਨਰਿੰਦਰ ਚਲਾ ਗਿਆ। ਮੇਰੇ ਲਈ ਸੱਤ ਤਾਰੀਖ ਦੂਰ ਹੋ ਗਈ। ਭਾਵੇਂ ਕੋਈ ਗੱਲ ਨਹੀਂ ਸੀ ਪਰ ਜਿਵੇਂ ਸੂਈ ਦੀਆਂ ਘੜੀਆਂ ਮੇਰੇ ਲਈ ਰੁਕ ਗਈਆਂ। ਕੀ ਮੰਤਰ ਫੂਕ ਗਿਆ ਸੀ ਉਹ ਮੇਰੇ ਉਤੇ। ਜਦੋਂ ਵੀ ਏਅਰ ਇੰਡੀਆ ਦੀ ਫਲਾਈਟ ਆਉਂਦੀ, ਮੈਂ ਚਾਰੇ ਪਾਸੇ ਅੱਖਾਂ ਘੁਮਾਉਂਦੀ। ਸ਼ਾਇਦ ਉਹ ਪਹਿਲਾਂ ਆ ਜਾਵੇ! ਕਿਤੇ ਉਹ ਲੰਘ ਨਾ ਜਾਵੇ। ਅਜੀਬ ਜਿਹੀ ਤਰਥੱਲੀ ਮੇਰੇ ਅੰਦਰ ਮਚ ਗਈ ਸੀ। ਹੌਲੀ-ਹੌਲੀ ਕਰਕੇ ਤਿੰਨ ਹਫਤੇ ਲੰਘ ਗਏ ਤੇ ਸੱਤ ਤਾਰੀਖ ਆ ਗਈ। ਮੈਂ ਜਾਣ-ਬੁਝ ਕੇ ਕਿਸੇ ਦੁਕਾਨ ਵਿਚ ਜਾ ਕੇ ਖੜੀ ਹੋ ਗਈ ਕਿ ਦੇਖਾਂ ਤਾਂ ਸਹੀ, ਉਹ ਮੈਨੂੰ ਲਭਦਾ ਹੈ ਕਿ ਨਹੀਂ, ਜਾਂ ਭੁਲ ਹੀ ਗਿਆ ਹੈ। ਸਾਰੇ ਮੁਸਾਫਿਰ ਲੰਘ ਗਏ। ਨਰਿੰਦਰ ਅਖੀਰ ਵਿਚ ਬਾਹਰ ਆਇਆ। ਉਸ ਨੇ ਚਾਰੇ ਪਾਸੇ ਨਜ਼ਰਾਂ ਘੁਮਾਈਆਂ। ਉਹ ਮੈਨੂੰ ਤਲਾਸ਼ ਰਿਹਾ ਸੀ। ਦਸ-ਪੰਦਰਾਂ ਮਿੰਟ ਇਧਰ-ਉਧਰ ਘੁੰਮਦਾ ਰਿਹਾ ਤੇ ਮੈਂ ਮਜ਼ੇ ਲੈਂਦੀ ਰਹੀ। ਆਪਣੇ ਕੋਟ ਦੀ ਜੇਬ ਵਿਚੋਂ ਰੁਮਾਲ ਕਢ ਕੇ ਉਸ ਨੇ ਆਪਣਾ ਮੱਥਾ ਪੂੰਝਿਆ, ਜਿਥੇ ਸ਼ਾਇਦ ਪ੍ਰੇਸ਼ਾਨੀ ਕਾਰਨ ਪਸੀਨਾ ਆ ਗਿਆ ਸੀ। ਅਖੀਰ ਉਹ ਬੈਗ ਚੁਕ ਕੇ ਹਾਰੇ ਹੋਏ ਖਿਡਾਰੀ ਵਾਂਗ ਗਰਦਨ ਸੁਟ ਕੇ ਤੁਰ ਪਿਆ। ਮੈਂ ਦੁਕਾਨ ਵਿਚੋਂ ਬਾਹਰ ਆ ਗਈ।

"ਨਰਿੰਦਰ!" ਮੈਂ ਪਿਛੋਂ ਆਵਾਜ਼ ਦਿਤੀ। ਉਹ ਰੁਕ ਗਿਆ। ਜਿਵੇਂ ਹਜ਼ਾਰਾਂ ਗੁਲਾਬ ਉਸ ਦੇ ਚਿਹਰੇ ਉਤੇ ਇਕੋ ਵੇਲੇ ਖਿੜ ਪਏ ਸੀ।

"ਮੈਨੂੰ ਪਤਾ ਸੀ ਤੂੰ ਜ਼ਰੂਰ ਆਵੇਂਗੀ।" ਉਸ ਨੇ ਮੈਨੂੰ ਜੱਫੀ ਪਾ ਲਈ। ਜ਼ਿੰਦਗੀ ਵਿਚ ਪਹਿਲੀ ਵਾਰ ਮੈਨੂੰ ਕਿਸੇ ਮਰਦ ਨੇ ਆਪਣੇ ਕਲਾਵੇ ਵਿਚ ਲਿਆ ਸੀ। ਉਸ ਦੇ ਸਰੀਰ ਵਿਚੋਂ ਭੁਬਲ ਵਰਗਾ ਸੇਕ ਆ ਰਿਹਾ ਸੀ। ਮੈਨੂੰ ਲਗਿਆ ਮੈਂ ਪਿਘਲ ਰਹੀ ਹਾਂ। ਖਾਮੋਸ਼ ਜਿਹੀ ਉਸ ਦੇ ਨਾਲ ਲੱਗੀ ਰਹੀ।

"ਚਲ ਸਾਹਮਣੇ ਬੈਠ ਕੇ ਚਾਹ ਪੀਂਦੇ ਹਾਂ।" ਉਹ ਰੇਸਤਰਾਂ ਵਲ ਨੂੰ ਤੁਰ ਪਿਆ। ਮੈਂ ਜਿਵੇਂ ਬੋਲੀ ਤੇ ਗੂੰਗੀ ਹੋ ਗਈ ਸੀ। ਉਸ ਦੀਆਂ ਗੱਲਾਂ ਦਾ ਹਾਂ-ਹੂੰ ਵਿਚ ਜਵਾਬ ਦੇ ਰਹੀ ਸੀ। ਉਹ ਮੇਰੇ ਲਈ ਇੰਡੀਆ ਤੋਂ ਸੋਨੇ ਦੀ ਚੇਨੀ ਲੈ ਕੇ ਆਇਆ ਸੀ ਜਿਸ ਦੇ ਲਾਕੇਟ ਵਿਚ ਹਰਿਮੰਦਰ ਸਾਹਿਬ ਦੀ ਤਸਵੀਰ ਸੀ। ਉਸ ਨੇ ਆਪਣੇ ਹੱਥਾਂ ਨਾਲ ਮੇਰੇ ਗਲ ਵਿਚ ਉਹ ਚੇਨੀ ਪਾ ਦਿਤੀ। ਅਸੀਂ ਕਾਫੀ ਦੇਰ ਉਥੇ ਬੈਠੇ ਰਹੇ ਤੇ ਉਹ ਫੇਰ ਵੀਕ-ਐਂਡ ਉਤੇ ਮਿਲਣ ਦਾ ਵਾਅਦਾ ਕਰ ਕੇ ਚਲਾ ਗਿਆ।

ਮੈਂ ਹੁਣ ਆਮ ਦੁਨੀਆਂ ਵਿਚੋਂ ਨਿਕਲ ਕੇ ਕਿਸੇ ਹੋਰ ਦੁਨੀਆਂ ਵਿਚ ਵਿਚਰ ਰਹੀ ਸੀ। ਨਰਿੰਦਰ ਦੇ ਖਿਆਲ ਦਾ ਨਸ਼ਾ ਹਰ ਵੇਲੇ ਮੇਰੇ ਦਿਮਾਗ ਉਤੇ ਸੀ। ਉਠਦੇ-ਬਹਿੰਦੇ ਉਸ ਦਾ ਹੀ ਖਿਆਲ ਸੀ। ਘਰ ਦਾ ਕਲੇਸ਼, ਮਾਂ-ਬਾਪ ਦੀ ਚਿੜ-ਚਿੜ ਤੇ ਕੰਮ ਦਾ ਪਰੈਸ਼ਰ, ਮੈਂ ਸਭ ਕੁਝ ਭੁਲ ਗਈ। ਸ਼ਨਿਚਰਵਾਰ ਵਾਲੇ ਦਿਨ ਮੈਂ ਆਪਣਾ ਸਭ ਤੋਂ ਸੁਹਣਾ ਪੰਜਾਬੀ ਸੂਟ ਕਢ ਕੇ ਪਾਇਆ ਤੇ ਨਰਿੰਦਰ ਨੂੰ ਮਿਲਣ ਚਲੀ ਗਈ। ਉਹ ਮੇਰੀ ਇੰਤਜ਼ਾਰ ਕਰ ਰਿਹਾ ਸੀ। ਸਫੇਦ ਰੰਗ ਦੀ ਮਰਸੇਡੀਜ਼ ਵਿਚ ਉਹ ਕੋਈ ਰਾਜਕੁਮਾਰ ਲੱਗ ਰਿਹਾ ਸੀ। ਮੈਨੂੰ ਆਪਣੀ ਕਿਸਮਤ ਉਤੇ ਰਸ਼ਕ ਹੋਇਆ।

ਅਸੀਂ ਬਹੁਤ ਦੇਰ ਤਕ ਆਪਸ ਵਿਚ ਗੱਲਾਂ ਕਰਦੇ ਰਹੇ, ਇਕ ਦੂਜੇ ਬਾਰੇ। ਇਕ-ਦੂਜੇ ਦੀਆਂ ਹੌਬੀਆਂ ਪੁਛਦੇ ਰਹੇ ਤੇ ਹਾਸਾ ਮਜ਼ਾਕ ਕਰਦੇ ਰਹੇ। ਮੈਂ ਉਸ ਨੂੰ ਆਪਣੀ ਜ਼ਿੰਦਗੀ ਬਾਰੇ ਦਸਿਆ ਕਿ ਮੈਂ ਕਿੰਨੀ ਇਕੱਲੀ ਹਾਂ। ਮੇਰੇ ਮਾਂ-ਬਾਪ ਆਪਸ ਵਿਚ ਇਕ ਦੂਜੇ ਦੇ ਦੁਸ਼ਮਣ ਨੇ।

"ਦੁਸ਼ਮਣੀ ਦੀ ਗੱਲ ਨਹੀਂ ਹੁੰਦੀ, ਰੂਪ, ਦਰਅਸਲ ਸਮਝਣ ਦੀ ਗੱਲ ਹੁੰਦੀ ਹੈ, ਅੰਡਰਸਟੈਂਡਿੰਗ ਦੀ। ਜੇ ਆਦਮੀ ਤੀਵੀਂ ਦਾ ਮੇਲ ਸਹੀ ਨਾ ਹੋਵੇ ਤਾਂ ਅੰਡਰਸਟੈਂਡਿੰਗ ਹੋ ਹੀ ਨਹੀਂ ਸਕਦੀ। ਇਹ ਬੇਮੇਲ ਜਿਹੇ ਵਿਆਹ ਘੜੀਸਾ-ਘੜੀਸੀ ਦਾ ਹੀ ਕੰਮ ਹੁੰਦੇ ਨੇ, ਕੋਈ ਸੁਆਦ ਵਾਲੀ ਗੱਲ ਨਹੀਂ ਹੁੰਦੀ। ਤੂੰ ਸੁਣਿਆ ਨਹੀਂ 'ਜੋੜੀਆਂ ਜਗ ਥੋੜੀਆਂ ਨਰੜ ਬਥੇਰੇ'। ਇਥੇ ਜ਼ਿਆਦਾ ਨਰੜ ਹੀ ਨੇ ਤੇ ਇਸ ਦਾ ਖਮਿਆਜ਼ਾ ਬੱਚੇ ਭੁਗਤਦੇ ਨੇ।" ਉਹ ਕਿਤੇ ਦੂਰ ਗੁਆਚ ਗਿਆ ਸੀ।

"ਕਿਉਂ ਨਰਿੰਦਰ, ਕੀ ਤੇਰੇ ਮਾਂ-ਬਾਪ ਵੀ?" ਮੈਂ ਹੈਰਾਨ ਹੋਈ।

"ਨਹੀਂ! ਮੇਰੇ ਮਾਂ-ਬਾਪ ਤਾਂ ਇੰਡੀਆ ਵਿਚ ਰਾਜਿਆਂ ਵਾਂਗ ਰਹਿੰਦੇ ਨੇ। ਉਹ ਤਾਂ ਪੁਰਾਣੇ ਬੰਦੇ ਨੇ, ਜਦੋਂ ਵਿਆਹ ਲਾਟਰੀ ਵਾਂਗ ਲਗਦਾ ਹੁੰਦਾ ਸੀ," ਉਸ ਨੇ ਵਾਈਨ ਦਾ ਗਲਾਸ ਮੂੰਹ ਨੂੰ ਲਾਉਂਦਿਆਂ ਕਿਹਾ।

"ਫੇਰ ਤੂੰ ਉਦਾਸ ਕਿਉਂ ਹੋ ਗਿਆ?"

"ਮੈਂ ਦਰਅਸਲ ਆਪਣੀ ਗੱਲ ਕਰ ਰਿਹਾ ਸੀ। ਮੇਰੀ ਤੇ ਮੇਰੀ ਬੀਵੀ ਦੀ ਕਦੇ ਨਹੀਂ ਬਣੀ। ਚੰਗੀ ਸੁਹਣੀ ਕੁੜੀ ਹੈ ਉਹ, ਬਹੁਤ ਅਮੀਰ ਘਰ ਦੀ। ਪੱਕੀ ਮੇਡ ਇਨ ਇੰਗਲੈਂਡ। ਮਜਾਲ ਹੈ, ਉਹਦੇ ਪੁਛੇ ਬਗੈਰ ਘਰ ਵਿਚ ਪੱਤਾ ਵੀ ਹਿਲ ਜਾਵੇ। ਮੈਨੂੰ ਪਤਾ ਹੈ, ਉਹ ਮੈਨੂੰ ਬਹੁਤ ਚਾਹੁੰਦੀ ਹੈ, ਪਰ ਮੇਰੇ ਧੁਰ ਅੰਦਰ ਨਹੀਂ ਲਹਿ ਸਕੀ। ਮੈਂ ਕਦੇ ਸ਼ਿੱਦਤ ਨਾਲ ਉਸ ਨੂੰ ਪਿਆਰ ਨਹੀਂ ਕੀਤਾ। ਸਿਰਫ ਬੱਚਿਆਂ ਕਰਕੇ ਸਾਡੀ ਮੈਰਿਜ ਚਲ ਰਹੀ ਹੈ," ਉਹ ਬੋਲਦਾ-ਬੋਲਦਾ ਰੁਕ ਗਿਆ।

"ਤੇਰੇ ਬੱਚੇ ਵੀ ਨੇ ਨਰਿੰਦਰ? ਤੂੰ ਤਾਂ ਵੇਖਣ ਨੂੰ ਕੁਆਰਾ ਲਗਦਾ ਹੈਂ!" ਮੈਂ ਹੈਰਾਨ ਸੀ।

"ਨਹੀਂ ਰੂਪ ਮੇਰਾ ਵੱਡਾ ਲੜਕਾ ਪੰਦਰਾਂ ਸਾਲ ਦਾ ਹੈ ਤੇ ਲੜਕੀ ਦਸ ਸਾਲ ਦੀ। ਮੈਂ ਵੀ ਵਿਆਹ ਕਰਵਾ ਕੇ ਇੰਗਲੈਂਡ ਆਇਆ ਸੀ। ਰਿਸ਼ਤੇਦਾਰੀ ਵਿਚੋਂ ਹੀ ਮੇਰਾ ਵਿਆਹ ਹੋ ਗਿਆ ਸੀ। ਸੋਚਿਆ ਸੀ, ਪੜ੍ਹੀ ਲਿਖੀ ਸੁਹਣੀ ਕੁੜੀ ਹੈ ਬਲਜੀਤ, ਮੇਰੀ ਤੇ ਮੇਰੇ ਖਾਨਦਾਨ ਦੀ ਕਦਰ ਕਰੇਗੀ ਪਰ ਉਹ ਮੈਨੂੰ ਘਰ ਦੇ ਇਕ ਸਾਮਾਨ ਤੋਂ ਵੱਧ ਕੁਝ ਨਹੀਂ ਸਮਝਦੀ। ਜਿਵੇਂ ਮੈਂ ਉਸ ਦਾ ਨੌਕਰ ਹੋਵਾਂ। ਮੈਂ ਆਪਣੇ ਘਰ ਪੂਰੀ ਸਰਦਾਰੀ ਕੀਤੀ ਹੈ ਪਰ ਇੰਗਲੈਂਡ ਆ ਕੇ ਲਗਦਾ ਹੈ ਜਿਵੇਂ ਕੋਈ ਭਈਆ ਹੋਵਾਂ। ਸਾਲਾ ਡਾਰਲਿੰਗ-ਡਾਰਲਿੰਗ, ਪਲੀਜ਼- ਪਲੀਜ਼ ਕਰਦਿਆਂ ਮੂੰਹ ਦੁਖਣ ਲੱਗ ਜਾਂਦਾ ਹੈ। ਉਹ ਸਮਝਦੀ ਹੈ, ਮੈਂ ਉਸ ਦਾ ਗੁਲਾਮ ਹਾਂ ਪਰ ਦਿਲੋਂ ਮੈਂ ਉਸ ਦੀ ਧੇਲੇ ਦੀ ਕਦਰ ਨਹੀਂ ਕਰਦਾ। ਲੋਕ ਜਾਨਵਰਾਂ ਨੂੰ ਵਸ ਵਿਚ ਕਰ ਲੈਂਦੇ ਨੇ, ਉਹ ਤੀਵੀਂ ਕੀ ਹੋਈ ਜਿਸ ਨੇ ਆਦਮੀ ਨੂੰ ਨਾ ਜਿਤਿਆ। ਬਸ ਇਕ ਖਾਲੀਪਣ ਜਿਹਾ ਲੈ ਕੇ ਜੀ ਰਿਹਾ ਹਾਂ। ਬੇਅਰਥ ਜ਼ਿੰਦਗੀ!" ਫੇਰ ਉਹ ਬਹੁਤ ਦੇਰ ਤਕ ਚੁਪ ਰਿਹਾ। "ਕੀ ਗੱਲ ਹੈ, ਮੇਰੇ ਵਿਆਹ ਦੀ ਗੱਲ ਸੁਣ ਕੇ ਤੇਰਾ ਮੂਡ ਖਰਾਬ ਹੋ ਗਿਆ? ਪਰ ਇਹ ਵੀ ਕੀ ਵਿਆਹ ਹੋਇਆ ਜੋ ਸਿਰਫ ਇਕੱਠੇ ਰਹਿਣ ਲਈ ਹੈ। ਉਹ ਹੋਰ ਰੂਮ ਵਿਚ ਸੌਂਦੀ ਹੈ ਤੇ ਮੈਂ ਹੋਰ ਵਿਚ। ਸਾਡੀ ਕੋਈ ਦਿਲੀ ਸਾਂਝ ਨਹੀਂ।" ਉਹ ਮੈਨੂੰ ਆਪਣੀਆਂ ਮਜਬੂਰੀਆਂ ਦਸ ਰਿਹਾ ਸੀ।

"ਨਹੀਂ! ਮੈਂ ਸੋਚਦੀ ਹਾਂ ਕਿ ਇਥੇ ਹਰ ਘਰ ਵਿਚ ਉਹੀ ਹਾਲ ਹੈ। ਅਧੂਰੀਆਂ ਜਿਹੀਆਂ ਜ਼ਿੰਦਗੀਆਂ ਜੀ ਰਹੇ ਨੇ ਲੋਕ।" ਮੈਨੂੰ ਮੇਰਾ ਘਰ ਯਾਦ ਆ ਗਿਆ।

"ਹਾਂ ਅਧੂਰੀਆਂ ਹੀ ਸਮਝ ਲੈ। ਪਰ ਜੇ ਕੋਈ ਚੰਗਾ ਸਾਥੀ ਮਿਲ ਜਾਵੇ ਤਾਂ ਪੂਰੀਆਂ ਵੀ ਹੋ ਜਾਂਦੀਆਂ ਨੇ।" ਉਸ ਦੀਆਂ ਅਖਾਂ ਵਿਚ ਮੈਂ ਪਹਿਲੀ ਵਾਰੀ ਉਦਾਸੀ ਦੀ ਝਲਕ ਦੇਖੀ।

"ਕੀ ਮਤਲਬ?"

"ਮਤਲਬ ਬੱਚਿਆਂ ਕਰਕੇ ਆਪਣੀ ਔਰਤ ਨੂੰ ਤਾਂ ਮੈਂ ਛੱਡ ਨਹੀਂ ਸਕਦਾ। ਮੇਰੇ ਸਵਾਰਥ ਕਰਕੇ ਉਨ੍ਹਾਂ ਮਾਸੂਮਾਂ ਦੀ ਜ਼ਿੰਦਗੀ ਕਿਉਂ ਤਬਾਹ ਹੋਵੇ। ਟੁੱਟੇ ਹੋਏ ਘਰਾਂ ਦੇ ਬੱਚੇ ਕਿਹੋ ਜਿਹੇ ਹੁੰਦੇ ਨੇ, ਤੈਥੋਂ ਵੱਧ ਕੌਣ ਸਮਝ ਸਕਦਾ ਹੈ ਪਰ ਹਾਂ, ਜੇ ਇਸ ਸਭ ਦੇ ਬਾਵਜੂਦ ਕੋਈ ਮੈਨੂੰ ਸਵੀਕਾਰ ਕਰ ਲਵੇ, ਤਾਂ ਮੈਂ ਜ਼ਿੰਦਗੀ ਭਰ ਸਾਥ ਨਿਭਾਉਣ ਦਾ ਵਾਅਦਾ ਕਰਦਾਂ," ਉਸ ਨੇ ਮੇਰਾ ਹੱਥ ਫੜਦਿਆਂ ਕਿਹਾ।

"ਜ਼ਿੰਦਗੀ ਭਰ ਸਾਥ ਨਿਭਾਉਣ ਦਾ ਵਾਅਦਾ ਕਿਵੇਂ? ਜਦੋਂ ਤੂੰ ਪਹਿਲਾਂ ਹੀ ਵਿਆਹਿਆ ਹੋਇਆ ਏਂ। ਤੇਰੀ ਤੀਵੀਂ ਤੈਨੂੰ ਛਡੇਗੀ? ਵਿਆਹ ਤੋਂ ਬਗੈਰ ਜ਼ਿੰਦਗੀ ਭਰ ਦਾ ਸਾਥ ਕਿਵੇਂ ਨਿਭ ਸਕਦਾ ਹੈ?" ਗੱਲ ਮੇਰੇ ਗਲੇ ਤੋਂ ਥਲੇ ਨਹੀਂ ਉਤਰ ਰਹੀ ਸੀ।

"ਰਾਧਾ ਤੇ ਕ੍ਰਿਸ਼ਨ ਦਾ ਕਿਹੜਾ ਵਿਆਹ ਹੋਇਆ ਸੀ? ਹਰ ਮੰਦਰ ਵਿਚ ਉਨ੍ਹਾਂ ਦੀ ਪੂਜਾ ਹੁੰਦੀ ਹੈ। ਪਿਆਰ ਤਾਂ ਬਹੁਤ ਉਚਾ ਜਜ਼ਬਾ ਹੈ, ਰੂਪ, ਇਹਦਾ ਵਿਆਹ ਨਾਲ ਕੋਈ ਤੁਅੱਲਕ ਨਹੀਂ। ਵਿਆਹ ਨਾਲ ਪਿਆਰ ਨਹੀਂ ਖਰੀਦੇ ਜਾਂਦੇ। ਵਿਆਹ ਤੋਂ ਬਹੁਤ ਉਤਾਂਹ ਦੀ ਚੀਜ਼ ਹੈ ਇਹ!" ਉਹ ਫਿਲਾਸਫਰਾਂ ਵਾਂਗ ਬੋਲਿਆ।

"ਫੇਰ ਰਾਧਾ ਕੀ ਕ੍ਰਿਸ਼ਨ ਦੀ ਰਖੇਲ ਸੀ?"

ਮੈਨੂੰ ਕ੍ਰਿਸ਼ਨ ਤੇ ਰਾਧਾ ਦੀ ਕਹਾਣੀ ਵਿਚ ਦਿਲਚਸਪੀ ਜਾਗ ਪਈ।

"ਨਹੀਂ ਰਾਧਾ ਕ੍ਰਿਸ਼ਨ ਦੀ ਪ੍ਰੇਮਿਕਾ ਸੀ, ਉਸ ਦਾ ਇਸ਼ਕ। ਕ੍ਰਿਸ਼ਨ ਦੀਆਂ, ਕਹਿੰਦੇ ਨੇ, ਤਿੰਨ ਸੌ ਸੱਠ ਰਾਣੀਆਂ ਸੀ, ਪਰ ਰਾਧਾ ਦੀ ਗੱਲ ਹੀ ਹੋਰ ਸੀ। ਦਿਲ ਦੀ ਕਹਾਣੀ ਹੈ।" ਨਰਿੰਦਰ ਨੇ ਮਸਤੀ ਵਿਚ ਅਖਾਂ ਬੰਦ ਕਰਦਿਆਂ ਕਿਹਾ।

"ਕ੍ਰਿਸ਼ਨ ਵੀ ਤੇਰੇ ਵਰਗਾ ਸੁਹਣਾ ਹੋਣਾ ਏਂ ਤੇ ਸ਼ਰਾਰਤੀ, ਜਿਸ 'ਤੇ ਹਰ ਕੁੜੀ ਆਸ਼ਕ ਹੋ ਜਾਂਦੀ ਸੀ," ਮੈਂ ਹੱਸ ਕੇ ਕਿਹਾ।

"ਨਹੀਂ, ਮੈਂ ਕਿਥੇ ਸੁਹਣਾ ਹਾਂ, ਤੇ ਨਾ ਹੀ ਮੇਰੇ ਕੋਲ ਟਾਈਮ ਹੈ ਕ੍ਰਿਸ਼ਨ ਵਾਂਗ ਪਤਨੀਆਂ ਦੀ ਫੌਜ ਰਖਣ ਦਾ। ਪਰ ਪਤਾ ਨਹੀਂ ਕਿਉਂ, ਤੈਨੂੰ ਵੇਖ ਕੇ ਮੈਨੂੰ ਲੱਗਿਆ ਕਿ ਆਪਣੀ ਜੋੜੀ ਕਿੰਨੀ ਸੁਹਣੀ ਬਣਦੀ ਏ, ਰਾਧਾ ਤੇ ਕ੍ਰਿਸ਼ਨ ਵਾਂਗ। ਕਿੰਨੀ ਸੁਹਣੀ ਹੈਂ ਤੂੰ, ਕਿਸੇ ਦਾ ਵੀ ਈਮਾਨ ਡੋਲ ਸਕਦੈ।" ਜਦੋਂ ਉਸ ਨੇ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਿਹਾ ਤਾਂ ਮੈਨੂੰ ਲਗਿਆ, ਉਹ ਝੂਠ ਨਹੀਂ ਬੋਲਦਾ। ਮੈਨੂੰ ਰਾਹ ਜਾਂਦੀ ਨੂੰ ਦੇਖ ਕੇ ਕਈ ਵਾਰੀ ਲੋਕ ਖੜ੍ਹੇ ਹੋ ਜਾਂਦੇ ਨੇ, ਇਹ ਮੈਂ ਕਈ ਵਾਰੀ

*(ਬਾਕੀ ਅਗਲੇ ਸਫੇ 'ਤੇ)*

*(ਪਿਛਲੇ ਸਫੇ ਦੀ ਬਾਕੀ)*

ਖੁਦ ਦੇਖਿਆ ਸੀ।

"ਮੇਰੀ ਰਾਧਾ ਬਣੇਂਗੀ?" ਉਸ ਦੀ ਆਵਾਜ਼ ਵਿਚ ਤਰਲਾ ਸੀ।

"ਪਤਾ ਨਹੀਂ!" ਆਖ ਕੇ ਮੈਂ ਘਰ ਵਾਪਸ ਆ ਗਈ। ਕਈ ਦਿਨ ਮੁੜ ਕੇ ਨਰਿੰਦਰ ਨੂੰ ਨਾ ਮਿਲੀ ਪਰ ਉਸ ਨੂੰ ਭੁਲੀ ਵੀ ਨਾ। ਮੈਂ ਕਦੇ ਮੰਦਰ ਨਹੀਂ ਗਈ ਸੀ ਪਰ ਪਤਾ ਨਹੀਂ ਕਿਉਂ ਮੈਂ ਇਕ ਦਿਨ ਸ਼ਾਮ ਨੂੰ ਮੰਦਰ ਚਲੀ ਗਈ। ਰਾਧਾ ਤੇ ਕ੍ਰਿਸ਼ਨ ਦੀਆਂ ਮੂਰਤੀਆਂ ਵੇਖ ਕੇ ਮੇਰਾ ਦਿਲ ਜ਼ੋਰ ਦੀ ਧੜਕਿਆ। ਮੈਨੂੰ ਲਗਿਆ, ਰਾਧਾ ਤੇ ਕ੍ਰਿਸ਼ਨ ਦੀ ਥਾਂ ਉਤੇ ਮੈਂ ਤੇ ਨਰਿੰਦਰ ਖੜੇ ਸੀ। ਮੈਂ ਸਿਰ ਝੁਕਾਉਣਾ ਭੁਲ ਗਈ। ਪੁਜਾਰੀ ਕੋਲ ਜਾ ਕੇ ਰਾਧਾ ਤੇ ਕ੍ਰਿਸ਼ਨ ਦੀ ਕਹਾਣੀ ਪੁਛੀ। ਉਹੀ ਸੀ, ਜੋ ਨਰਿੰਦਰ ਨੇ ਦੱਸੀ ਸੀ। ਮੇਰੇ ਦਿਲ ਵਿਚ ਨਰਿੰਦਰ ਦੇ ਪਿਆਰ ਦਾ ਜੋ ਦਰਿਆ ਹੌਲੀ-ਹੌਲੀ ਵਗ ਰਿਹਾ ਸੀ, ਜਿਵੇਂ ਅਚਾਨਕ ਉਸ ਵਿਚ ਤੂਫਾਨ ਆ ਗਿਆ। ਘਰ ਆ ਕੇ ਮੈਂ ਸਾਰੀ ਰਾਤ ਨਰਿੰਦਰ ਬਾਰੇ ਸੋਚਦੀ ਰਹੀ। ਉਸ ਨੂੰ ਭੁਲਣਾ ਸ਼ਾਇਦ ਮੇਰੇ ਲਈ ਮੁਸ਼ਕਲ ਹੋ ਗਿਆ ਸੀ। ਮੈਨੂੰ ਦੁਨੀਆਂ ਦੇ ਕਈ ਵਡੇ ਬੰਦੇ ਯਾਦ ਆਏ, ਜਿਨ੍ਹਾਂ ਨੇ ਦੋ-ਦੋ ਵਿਆਹ ਕਰਵਾਏ ਸੀ, ਕਈ ਵਿਆਹੇ ਬੰਦੇ ਜਿਨ੍ਹਾਂ ਉਤੇ ਕੁਆਰੀਆਂ ਕੁੜੀਆਂ ਮਰਦੀਆਂ ਨੇ।

ਪਰ ਮੇਰਾ ਦਿਮਾਗ ਮੇਰੇ ਦਿਲ ਦਾ ਸਾਥ ਨਹੀਂ ਦੇ ਰਿਹਾ ਸੀ। 'ਇਹ ਗਲਤ ਹੈ, ਇਹ ਸਹੀ ਹੈ,' ਦੇ ਚਕਰ ਵਿਚ ਹਫਤਾ ਲੰਘ ਗਿਆ। ਇਕ ਦਿਨ ਜਦੋਂ ਸ਼ਾਮ ਨੂੰ ਕੰਮ ਛਡਿਆ ਤਾਂ ਨਰਿੰਦਰ ਕਾਰ ਲਈ ਅੱਗੇ ਖੜਾ ਸੀ। ਦਾੜ੍ਹੀ ਵਧੀ ਹੋਈ, ਸਿਰ ਦੇ ਵਾਲ ਖਿੰਡੇ ਹੋਏ ਤੇ ਦਰਵੇਸ਼ੀ ਅੱਖਾਂ ਵਿਚ ਅੰਤਾਂ ਦੀ ਉਦਾਸੀ। ਉਸ ਨੂੰ ਵੇਖ ਕੇ ਮੇਰੇ ਅੰਦਰ ਖੁਸ਼ੀ ਦੀ ਲਹਿਰ ਜਿਹੀ ਉਠੀ ਪਰ ਮੈਂ ਜ਼ਾਹਿਰ ਨਾ ਹੋਣ ਦਿਤੀ।

"ਤੈਨੂੰ ਇਕ ਵਾਰ ਵੀ ਮੇਰਾ ਖਿਆਲ ਨਹੀਂ ਆਇਆ? ਕਿੰਨੀ ਨਿਰਮੋਹੀ ਹੈਂ ਤੂੰ!" ਉਸ ਨੇ ਅੱਖਾਂ ਭਰ ਕੇ ਕਿਹਾ।

ਮੈਂ ਕੁਝ ਨਾ ਬੋਲੀ। ਉਸ ਦੀਆਂ ਅੱਖਾਂ ਵਿਚ ਅਥਰੂ ਦੇਖ ਕੇ ਮੇਰੇ ਅੰਦਰੋਂ ਰੁਗ ਭਰਿਆ ਗਿਆ ਪਰ ਇੰਤਹਾ ਖੁਸ਼ੀ ਵੀ ਹੋਈ ਕਿ ਨਰਿੰਦਰ ਮੈਨੂੰ ਕਿੰਨਾ ਪਿਆਰ ਕਰਦਾ ਹੈ।

"ਮੈਨੂੰ ਭੁਲਿਆ ਨਹੀਂ ਤੂੰ?" ਮੈਂ ਜਿਵੇਂ ਉਸ ਦੇ ਅੰਦਰ ਝਾਕਣਾ ਚਾਹੁੰਦੀ ਸੀ।

"ਤੂੰ ਭੁਲਣ ਵਾਲੀ ਚੀਜ਼ ਹੈਂ?" ਉਸ ਨੇ ਅਗੋਂ ਸਵਾਲ ਕੀਤਾ। ਉਸ ਦਿਨ ਪਹਿਲੀ ਵਾਰ ਅਸੀਂ ਇਕੱਠਿਆਂ ਨੇ ਰਾਤ ਗੁਜ਼ਾਰੀ। ਕਿੰਨਾ ਨਿੱਘ ਸੀ ਉਸ ਦੀ ਛੋਹ ਵਿਚ ਤੇ ਕਿੰਨੀ ਰਿਲੈਕਸ ਹੁੰਦੀ ਸੀ ਮੈਂ ਜਦੋਂ ਉਹਦੇ ਮੋਢੇ 'ਤੇ ਸਿਰ ਰੱਖਦੀ ਸੀ।

ਫੇਰ ਤਾਂ ਜਿਵੇਂ ਰੋਜ਼ ਦਾ ਹੀ ਕੰਮ ਹੋ ਗਿਆ। ਉਹ ਬਿਜ਼ਨਸ ਦੇ ਬਹਾਨੇ ਤੇ ਮੈਂ ਕੰਮ ਦੇ ਬਹਾਨੇ ਅਕਸਰ ਰਾਤਾਂ ਬਾਹਰ ਗੁਜ਼ਾਰਦੇ। ਜਦੋਂ ਸਵੇਰੇ ਅਲੱਗ ਹੁੰਦੇ ਤਾਂ ਜਿਵੇਂ ਜਿਸਮ ਵਿਚੋਂ ਰੂਹ ਕੱਢਣ ਵਾਲੀ ਗੱਲ ਹੁੰਦੀ।

"ਤੂੰ ਆਪਣਾ ਅੱਡ ਫਲੈਟ ਲੈ-ਲੈ।" ਇਕ ਦਿਨ ਨਰਿੰਦਰ ਨੇ ਮੇਰੇ ਦਿਲ ਦੀ ਕਹੀ, "ਪੈਸੇ ਮੈਂ ਆਪੇ ਦੇਵਾਂਗਾ, ਤੂੰ ਆਪਣੀ ਪਸੰਦ ਦਾ ਘਰ ਦੇਖ ਲੈ।"

ਮੈਂ ਇਕ ਬੈਡਰੂਮ ਦਾ ਛੋਟਾ ਜਿਹਾ ਫਲੈਟ ਦੇਖ ਲਿਆ। ਨਰਿੰਦਰ ਨੇ ਤੇ ਮੈਂ ਮਿਲ ਕੇ ਖਰਚਾ ਕੀਤਾ। ਤੇ ਮਹੀਨੇ ਵਿਚ ਹੀ ਮੈਂ ਲੈਂਡਲੇਡੀ ਬਣ ਗਈ। ਨਰਿੰਦਰ ਨੇ ਘਰ ਸਾਮਾਨ ਨਾਲ ਭਰ ਦਿਤਾ। ਹੁਣ ਮੇਰੇ ਘਰ ਵਿਚ ਐਸ਼-ਆਰਾਮ ਦੀ ਹਰ ਚੀਜ਼ ਮੌਜੂਦ ਸੀ। ਮਾਂ-ਬਾਪ ਨੂੰ ਪਤਾ ਲੱਗਿਆ ਤਾਂ ਬਹੁਤ ਕਲੇਸ਼ ਹੋਇਆ। ਮੈਂ ਪੱਜ ਪਾਇਆ ਕਿ ਤੁਹਾਡੀ ਲੜਾਈ ਕਰਕੇ ਹੀ ਘਰ ਛਡ ਰਹੀ ਹਾਂ। ਨਰਿੰਦਰ ਦੇ ਪਿਆਰ ਵਿਚ ਮੈਨੂੰ ਦੁਨੀਆਂ ਦਾ ਹਰ ਰਿਸ਼ਤਾ ਬੌਣਾ ਜਾਪਦਾ ਸੀ। ਉਹ ਹਰ ਰੋਜ਼ ਸ਼ਾਮ ਨੂੰ ਘਰ ਜਾਣ ਤੋਂ ਪਹਿਲਾਂ ਦੋ-ਚਾਰ ਘੰਟੇ ਮੇਰੇ ਕੋਲ ਗੁਜ਼ਾਰਦਾ। ਮੈਂ ਉਸ ਲਈ ਖਾਣਾ ਤਿਆਰ ਕਰਦੀ, ਉਸ ਦੇ ਕਪੜੇ ਧੋਂਦੀ, ਪ੍ਰੈਸ ਕਰਦੀ ਤੇ ਪੂਰੀ ਔਰਤ ਬਣ ਕੇ ਉਸ ਦੀ ਸੇਵਾ ਕਰਦੀ। ਮੈਂ ਨਹੀਂ ਚਾਹੁੰਦੀ ਸੀ ਜਿਨ੍ਹਾਂ ਕਮੀਆਂ ਕਰਕੇ ਉਹ ਬਲਜੀਤ ਤੋਂ ਦੂਰ ਹੋਇਆ, ਉਹ ਮੇਰੇ ਵਿਚ ਹੋਣ। ਜਦੋਂ ਉਹ ਅੱਧੀ ਕੁ ਰਾਤ ਨੂੰ ਮੈਨੂੰ ਛੱਡ ਕੇ ਜਾਂਦਾ ਤਾਂ ਕਈ ਵਾਰ ਮੈਂ ਰੋ ਪੈਂਦੀ।

"ਰੋਂਦੀ ਕਿਉਂ ਹੈਂ? ਜਿੰਨਾ ਪਿਆਰ ਸੀ ਤੈਨੂੰ ਦੇ ਚਲਿਆ ਹਾਂ। ਉਸ ਵਾਸਤੇ ਕੀ ਬਚਿਆ ਹੈ?" ਉਹ ਮੈਨੂੰ ਤਸੱਲੀ ਦਿੰਦਾ।

"ਤੂੰ ਮੇਰਾ ਹੋਵੇਂਗਾ ਕਦੇ ਪੂਰੇ ਦਾ ਪੂਰਾ?"

ਮੈਂ ਸ਼ਿਕਵਾ ਕਰਦੀ।

"ਮੈਂ ਤੈਨੂੰ ਪਹਿਲੇ ਦਿਨ ਹੀ ਕਹਿ ਦਿਤਾ ਸੀ ਕਿ ਮੈਂ ਉਸ ਤੀਵੀਂ ਨੂੰ ਨਹੀਂ ਛੱਡ ਸਕਦਾ," ਜਦੋਂ ਉਹ ਮੇਰੀ ਗੋਦ ਵਿਚ ਸਿਰ ਰਖ ਕੇ ਕਹਿੰਦਾ ਤਾਂ ਮੈਂ ਬਰਫ ਹੋ ਜਾਂਦੀ।

"ਫੇਰ ਘਰ ਤਾਂ ਤੇਰਾ ਉਹੀ ਹੈ ਨਰਿੰਦਰ, ਤੇ ਟੱਬਰ ਵੀ ਤੇਰਾ ਉਹੀ। ਮੈਂ ਤਾਂ ਐਵੇਂ ਉਧਾਰ ਮੰਗਿਆ ਹੋਇਆ ਰਿਸ਼ਤਾ ਹਾਂ।" ਮੈਂ ਕਦੇ-ਕਦੇ ਬਹੁਤ ਉਦਾਸ ਹੋ ਜਾਂਦੀ।

"ਮੇਰਾ ਇਕ ਦੋਸਤ ਕਹਿੰਦਾ ਹੁੰਦੈ ਕਿ ਮੰਗੀ ਹੋਈ ਸਿਗਰਟ, ਮੰਗੀ ਹੋਈ ਅਖਬਾਰ ਤੇ ਮੰਗੀ ਹੋਈ ਤੀਵੀਂ ਦਾ ਮਜ਼ਾ ਹੀ ਹੋਰ ਹੁੰਦਾ ਹੈ। ਮੈਂ ਕਦੇ ਅਖਬਾਰ ਤੇ ਸਿਗਰਟ ਤਾਂ ਕਦੇ ਮੰਗੇ ਨਹੀਂ ਪਰ ਤੀਵੀਂ...।" ਜਦੋਂ ਉਹ ਸ਼ਰਾਰਤ ਨਾਲ ਆਖਦਾ ਤਾਂ ਮੈਂ ਉਸ ਦੇ ਕੰਨ ਫੜ ਕੇ ਖਿਚ ਦਿੰਦੀ।

"ਤਾਂ ਫੇਰ ਮੰਗੀ ਹੋਈ ਚੀਜ਼ ਕਿੰਨੇ ਕੁ ਦਿਨ ਚਲਦੀ ਹੈ? ਆਖਰ ਤੇਰੀ ਮਾਲਕਣ ਤੈਨੂੰ ਇਕ ਦਿਨ ਮੇਰੇ ਤੋਂ ਖੋਹ ਕੇ ਲੈ ਹੀ ਜਾਵੇਗੀ," ਕੋਈ ਡਰ ਮੇਰੇ ਅੰਦਰੋਂ ਉਠਦਾ।

"ਉਹ ਮੇਰੀ ਮਜਬੂਰੀ ਹੈ ਰੂਪ, ਤੂੰ ਮੇਰਾ ਇਸ਼ਕ। ਮਜਬੂਰੀ ਇਸ਼ਕ ਨੂੰ ਕਦੇ ਜਿਤ ਨਹੀਂ ਸਕੀ।" ਉਹ ਮੇਰਾ ਦਿਲ ਧਰਾਉਂਦਾ ਤੇ ਮੈਂ ਮਜਬੂਰੀ ਤੇ ਇਸ਼ਕ ਦੀ ਇਸ ਕਸ਼ਮਕਸ਼ ਵਿਚ ਸਭ ਕੁਝ ਭੁਲ ਜਾਂਦੀ। ਯਾਦ ਰਹਿ ਜਾਂਦਾ ਸਿਰਫ ਨਰਿੰਦਰ ਦਾ ਪਿਆਰ ਤੇ ਸਾਥ, ਜਿਸ ਦੇ ਆਸਰੇ ਸੱਤ ਸਮੁੰਦਰ ਤਰਨ ਨੂੰ ਮੈਂ ਤਿਆਰ ਸੀ। ਉਹ ਫੇਰ ਕਿੰਨੀ-ਕਿੰਨੀ ਦੇਰ ਮੇਰੇ ਲੰਬੇ ਵਾਲਾਂ ਨਾਲ ਖੇਡਦਾ ਰਹਿੰਦਾ ਜਾਂ ਮੇਰੇ ਪੈਰ ਆਪਣੀ ਗੋਦ ਵਿਚ ਰੱਖ ਕੇ ਬੈਠ ਜਾਂਦਾ। ਔਰਤ ਦਾ ਚਾਹੁਣ ਵਾਲਾ ਜੇ ਉਸ ਦੇ ਕਦਮਾਂ ਵਿਚ ਬੈਠਾ ਹੋਵੇ ਤਾਂ ਉਹ ਆਪਣੇ ਆਪ ਨੂੰ ਨੂਰਜਹਾਂ ਸਮਝਦੀ ਹੈ ਤੇ ਇਸ ਹਕੂਮਤ ਦਾ ਨਸ਼ਾ ਕਿਸੇ ਤਖਤ-ਏ-ਤਾਊਸ ਤੋਂ ਘੱਟ ਨਹੀਂ ਹੁੰਦਾ। ਇਸੇ ਨਸ਼ੇ ਵਿਚ ਮੈਨੂੰ ਪਾਪ ਪੁੰਨ ਸਭ ਭੁੱਲ ਗਏ।

ਗਰਮੀਆਂ ਦੀਆਂ ਛੁੱਟੀਆਂ ਸਨ। ਨਰਿੰਦਰ ਦੋ ਹਫਤੇ ਤੋਂ ਕਿਸੇ ਬਿਜ਼ਨਸ ਟੂਰ 'ਤੇ ਗਿਆ ਹੋਇਆ ਸੀ। ਅਚਾਨਕ ਮੇਰਾ ਦਿਲ ਘਬਰਾਇਆ ਤੇ ਮੈਨੂੰ ਪਤਾ ਲੱਗਾ ਕਿ ਮੈਂ ਮਾਂ ਬਣਨ ਵਾਲੀ ਹਾਂ। ਮੈਂ ਅਵਾਕ ਰਹਿ ਗਈ, ਸਮਝ ਨਾ ਆਈ, ਖੁਸ਼ ਹੋਵਾਂ ਕਿ ਉਦਾਸ, ਹੱਸਾਂ ਕਿ ਰੋਵਾਂ। ਝਟਪਟ ਨਰਿੰਦਰ ਦੇ ਦਫਤਰ ਵਿਚ ਫੋਨ ਘੁਮਾਇਆ ਪਰ ਹਾਲੇ ਉਹ ਵਾਪਸ ਨਹੀਂ ਸੀ ਆਇਆ। ਕਈ ਦਿਨ ਲੰਘ ਗਏ। ਅਜੀਬ ਜਿਹਾ ਅਹਿਸਾਸ ਸੀ ਜੋ ਬਿਆਨ ਨਹੀਂ ਕੀਤਾ ਜਾ ਸਕਦਾ, ਸਿਰਫ ਮਹਿਸੂਸ ਕੀਤਾ ਜਾ ਸਕਦਾ ਸੀ। ਨਰਿੰਦਰ ਨੂੰ ਪਤਾ ਲਗੇਗਾ ਤਾਂ ਖੁਸ਼ੀ ਵਿਚ ਪਾਗਲ ਹੋ ਜਾਵੇਗਾ। ਮੈਂ ਛੇਤੀ ਤੋਂ ਛੇਤੀ ਉਸ ਨੂੰ ਇਹ ਖੁਸ਼ਖਬਰੀ ਦੇਣਾ ਚਾਹੁੰਦੀ ਸੀ ਪਰ ਉਸ ਦਾ ਕੋਈ ਪਤਾ ਹੀ ਨਹੀਂ ਲੱਗ ਰਿਹਾ ਸੀ ਕਿ ਉਹ ਕਿਥੇ ਗਿਆ ਹੈ। ਜਦੋਂ ਵੀ ਫੋਨ ਕਰਦੀ ਅਗੋਂ ਜਵਾਬ ਮਿਲਦਾ, "ਜ਼ਰੂਰੀ ਕੰਮ ਉਤੇ ਬਾਹਰ ਗਏ ਹੋਏ ਨੇ।"

ਅਚਾਨਕ ਇਕ ਦਿਨ ਸਵੇਰੇ ਉਸ ਦਾ ਫੋਨ ਆਇਆ। ਉਹ ਏਅਰਪੋਰਟ ਤੋਂ ਬੋਲ ਰਿਹਾ ਸੀ। ਮੈਂ ਫਟਾਫਟ ਉਸ ਨੂੰ ਖੁਸ਼ਖਬਰੀ ਸੁਣਾਈ। ਦੋ ਪਲ ਲਈ ਉਹ ਕੁਝ ਨਾ ਬੋਲਿਆ।

> ***ਮੈਂ ਹੁਣ ਆਮ ਦੁਨੀਆਂ ਵਿਚੋਂ ਨਿਕਲ ਕੇ ਕਿਸੇ ਹੋਰ ਦੁਨੀਆਂ ਵਿਚ ਵਿਚਰ ਰਹੀ ਸੀ। ਨਰਿੰਦਰ ਦੇ ਖਿਆਲ ਦਾ ਨਸ਼ਾ ਹਰ ਵੇਲੇ ਮੇਰੇ ਦਿਮਾਗ ਉਤੇ ਸੀ। ਉਠਦੇ-ਬਹਿੰਦੇ ਉਸ ਦਾ ਹੀ ਖਿਆਲ ਸੀ। ਘਰ ਦਾ ਕਲੇਸ਼, ਮਾਂ-ਬਾਪ ਦੀ ਚਿੜ-ਚਿੜ ਤੇ ਕੰਮ ਦਾ ਪਰੈਸ਼ਰ, ਮੈਂ ਸਭ ਕੁਝ ਭੁਲ ਗਈ। ਸ਼ਨਿਚਰਵਾਰ ਵਾਲੇ ਦਿਨ ਮੈਂ ਆਪਣਾ ਸਭ ਤੋਂ ਸੁਹਣਾ ਪੰਜਾਬੀ ਸੂਟ ਕਢ ਕੇ ਪਾਇਆ ਤੇ ਨਰਿੰਦਰ ਨੂੰ ਮਿਲਣ ਚਲੀ ਗਈ। ਉਹ ਮੇਰੀ ਇੰਤਜ਼ਾਰ ਕਰ ਰਿਹਾ ਸੀ। ਸਫੇਦ ਰੰਗ ਦੀ ਮਰਸਡੀਜ਼ ਵਿਚ ਉਹ ਕੋਈ ਰਾਜਕੁਮਾਰ ਲੱਗ ਰਿਹਾ ਸੀ। ਮੈਨੂੰ ਆਪਣੀ ਕਿਸਮਤ ਉਤੇ ਰਸ਼ਕ ਹੋਇਆ।***

ਫੇਰ ਉਸ ਨੇ ਹੌਲੀ ਜਿਹੀ ਕਿਹਾ, "ਅੱਜ ਦਿਨੇ ਆਪਣੀ ਡਾਕਟਰ ਕੋਲ ਜਾਈਂ ਉਹ ਸਭ ਠੀਕ ਕਰ ਦੇਵੇਗੀ।"

"ਕੀ ਠੀਕ ਕਰ ਦੇਵੇਗੀ?" ਮੈਨੂੰ ਸਮਝ ਨਾ ਆਈ।

"ਇਸ ਹਫਤੇ ਜਾ ਕੇ ਅਬੋਰਸ਼ਨ ਕਰਵਾ ਆ, ਅੱਗੇ ਹੀ ਬਹੁਤ ਦੇਰ ਹੋ ਚੁਕੀ ਹੈ। ਹੋਰ ਲੇਟ ਕਰਨਾ ਠੀਕ ਨਹੀਂ ਹੈ।" ਉਸ ਨੇ ਜਿਵੇਂ ਹੁਕਮ ਦਿਤਾ।

"ਅਬੋਰਸ਼ਨ? ਪਰ ਕਿਉਂ? ਮੈਂ ਬੌਖਲਾਈ।

"ਕਿਉਂ ਦਾ ਕੀ ਮਤਲਬ? ਮੈਂ ਫਾਰਸੀ ਬੋਲ ਰਿਹਾ ਹਾਂ ਜੋ ਤੈਨੂੰ ਸਮਝ ਨਹੀਂ ਆ ਰਹੀ?"

ਨਰਿੰਦਰ ਮੈਨੂੰ ਪਹਿਲੀ ਵਾਰ ਉਚੀ ਆਵਾਜ਼ ਵਿਚ ਬੋਲਿਆ।

"ਪਰ ਮੈਂ ਇਸ ਬੱਚੇ ਨੂੰ ਜਨਮ ਦੇਣਾ ਚਾਹੁੰਦੀ ਹਾਂ, ਨਿੰਦੀ। ਇਹ ਤੇਰੇ-ਮੇਰੇ ਪਿਆਰ ਦਾ ਸਬੂਤ ਹੈ, ਸੱਚੇ ਪਿਆਰ ਦਾ ਸਬੂਤ," ਮੈਂ ਆਪਣੀ ਵਕਾਲਤ ਕੀਤੀ।

"ਓ ਸ਼ਟ-ਅੱਪ। ਮੈਂ ਪਹਿਲਾਂ ਹੀ ਬਹੁਤ ਦੁਖੀ ਹਾਂ। ਡੋਂਟ ਗਿਵ ਮੀ ਦਿਸ ਬੁਲਸ਼ਿਟ। ਇਕ ਔਰਤ ਮੈਨੂੰ ਪਹਿਲਾਂ ਹੀ ਬਚਿਆਂ ਦੇ ਨਾਂ 'ਤੇ ਬਥੇਰਾ ਰਗੜ ਰਹੀ ਹੈ। ਹੁਣ ਆਹ ਦੂਜੀ ਆਹ ਗਈ!" ਉਹ ਆਪੇ ਤੋਂ ਬਾਹਰ ਹੋ ਗਿਆ।

"ਪਰ ਨਿੰਦੀ...!" ਮੈਂ ਬੋਲ ਹੀ ਰਹੀ ਸੀ ਕਿ ਉਹ ਵਿਚੋਂ ਹੀ ਦਹਾੜਿਆ, "ਫਜ਼ੂਲ ਦੀ ਬਕਵਾਸ ਸੁਣਨ ਵਾਸਤੇ ਮੇਰੇ ਕੋਲ ਟਾਈਮ ਨਹੀਂ। ਮੇਰੇ ਬਿਜ਼ਨਸ ਦੀਆਂ ਹੋਰ ਬਥੇਰੀਆਂ ਅਪਾਇੰਟਮੈਂਟਾਂ ਨੇ। ਤੂੰ ਚੁੱਪ ਕਰ ਕੇ ਡਾਕਟਰ ਦੇ ਜਾਹ। ਜਿੰਨੇ ਪੈਸੇ ਲਗਣਗੇ, ਮੈਂ ਆਪੇ ਦੇਵਾਂਗਾ।"

"ਗੱਲ ਸੁਣ ਨਰਿੰਦਰ! ਮੈਂ ਮਾਂ ਬਣਨਾ ਚਾਹੁੰਦੀ ਹਾਂ। ਤੇਰੇ ਬੱਚੇ ਦੀ ਮਾਂ। ਜਦੋਂ ਤੂੰ ਮੇਰੇ ਕੋਲ ਨਹੀਂ ਹੋਵੇਂਗਾ ਤਾਂ ਤੇਰੀ ਨਿਸ਼ਾਨੀ ਤੇਰੀ ਕਮੀ ਮਹਿਸੂਸ ਨਹੀਂ ਹੋਣ ਦੇਵੇਗੀ। ਬੇਵਜ੍ਹਾ ਗੁੱਸੇ ਨਾ ਹੋ।"

"ਉਲੂ ਦੀ ਪੱਠੀ, ਮਾਂ ਬਣਨਾ ਚਾਹੁੰਦੀ ਹੈ! ਹਜ਼ਾਰਾਂ ਔਰਤਾਂ ਰੋਜ਼ ਮਾਂ ਬਣਦੀਆਂ ਨੇ। ਕੋਈ ਨਵਾਂ ਕੰਮ ਹੈ? ਤੇਰੇ ਮਾਂ ਬਣਨ ਨਾਲ ਤੇਰੇ ਤਗਮੇ ਲੱਗ ਜਾਣਗੇ? ਬੇਵਕੂਫ ਨਾ ਬਣ, ਅਕਲ ਤੋਂ ਕੰਮ ਲੈ। ਮੈਨੂੰ ਤੇਰਾ ਸਹਾਰਾ ਚਾਹੀਦਾ ਹੈ। ਤੇਰੇ ਕੋਲ ਆ ਕੇ ਮੈਂ ਜ਼ਿੰਦਗੀ ਦੇ ਗਮ ਭੁੱਲ ਜਾਂਦਾ ਹਾਂ। ਫਜ਼ੂਲ ਦੀਆਂ ਸਿਰਦਰਦੀਆਂ ਨਾ ਦੇ ਮੈਨੂੰ। ਨਾਲੇ ਤੂੰ ਕੁਆਰੀ ਹੈਂ। ਨਾਜਾਇਜ਼ ਬੱਚੇ ਨੂੰ ਸਮਾਜ ਕਦੇ ਸਵੀਕਾਰ ਨਹੀਂ ਕਰਦਾ। ਸਭ ਹਰਾਮ ਦਾ ਕਹਿਣਗੇ ਉਸ ਨੂੰ। ਤੂੰ ਕਿਤੇ ਮੂੰਹ ਦਿਖਾਉਣ ਜੋਗੀ ਨਹੀਂ ਰਹੇਂਗੀ," ਉਹ ਲਗਾਤਾਰ ਬੋਲੀ ਜਾ ਰਿਹਾ ਸੀ।

"ਹਰਾਮ ਦਾ ਕਿਉਂ ਹੈ? ਤੂੰ ਬਾਪ ਹੈਂ ਮੇਰੇ ਬੱਚੇ ਦਾ। ਆਪਣਾ ਵਿਆਹ ਨਹੀਂ ਹੋਇਆ ਤਾਂ ਕੀ ਹੈ ਪਰ ਰੱਬ ਨੂੰ ਪਤਾ ਹੈ ਕਿ ਮੈਂ ਤੇਰੀ ਔਰਤ ਹਾਂ," ਮੈਂ ਆਤਮ ਵਿਸ਼ਵਾਸ ਨਾਲ ਕਿਹਾ।

"ਰਬਿਸ਼! ਕਾਨੂੰਨਨ ਮੈਂ ਤੇਰੇ ਬੱਚੇ ਦਾ ਬਾਪ ਨਹੀਂ, ਤੇ ਨਾ ਹੀ ਤੂੰ ਮੇਰੀ ਔਰਤ। ਮੈਨੂੰ ਇਮੋਸ਼ਨਲੀ ਬਲੈਕਮੇਲ ਕਰਨ ਦੀ ਕੋਸ਼ਿਸ਼ ਨਾ ਕਰ। ਨਾ ਹੀ ਮੈਂ ਕਿਸੇ ਕੋਟ ਕਚਹਿਰੀ ਵਿਚ ਜਾ ਕੇ ਕਹਿਣਾ ਹੈ ਕਿ ਤੇਰੇ ਬੱਚੇ ਦਾ ਬਾਪ ਹਾਂ। ਤੈਨੂੰ ਘਰ ਲੈ ਦਿਤਾ, ਸੈਟਲ ਕਰ ਦਿਤਾ, ਬਸ। ਇਸ ਤੋਂ ਵੱਧ ਮੇਰੇ ਤੋਂ ਉਮੀਦ ਨਾ ਰਖੀਂ। ਤੇਰੇ ਮਾਂ ਬਣਨ ਦੇ ਸ਼ੌਕ ਵਿਚ ਮੈਂ ਆਪਣਾ ਘਰ ਪੱਟ ਲਵਾਂ? ਲੱਖਾਂ ਦਾ ਬਿਜ਼ਨਸ ਡੋਬ ਲਵਾਂ? ਮੇਰੇ ਬੱਚਿਆਂ ਉਤੇ ਇਸ ਚੀਜ਼ ਦਾ ਕੀ ਅਸਰ ਪਵੇਗਾ, ਸੋਚਿਐ?" ਉਹ ਹੋਰ ਭੜਕ ਗਿਆ।

"ਤੂੰ ਜ਼ਰਾ ਸੋਚ ਕੇ ਦੱਸ।" ਮੈਂ ਕਿਹਾ।

"ਫਾਲਤੂ ਗੱਲਾਂ ਸੋਚਣ ਵਾਸਤੇ ਮੇਰੇ ਕੋਲ ਟਾਈਮ ਨਹੀਂ। ਨਾਲੇ ਮੈਂ ਆਪਣੇ ਬੱਚਿਆਂ ਨੂੰ ਛੁੱਟੀਆਂ ਵਿਚ ਅਮਰੀਕਾ ਲੈ ਕੇ ਚਲਿਆਂ ਹਾਂ। ਮੈਨੂੰ ਫੋਨ ਨਾ ਕਰੀਂ," ਆਖ ਕੇ ਉਸ ਨੇ ਫੋਨ ਰੱਖ ਦਿੱਤਾ।

ਉਹ ਹੋ ਗਿਆ ਜਿਸ ਦੀ ਮੈਨੂੰ ਸੁਫਨੇ ਵਿਚ ਵੀ ਉਮੀਦ ਨਹੀਂ ਸੀ। ਮੈਂ ਸੁੰਨ ਹੋ ਗਈ। ਵਿਸ਼ਵਾਸ ਨਹੀਂ ਆ ਰਿਹਾ ਸੀ ਕਿ ਨਰਿੰਦਰ ਵਰਗਾ ਬੰਦਾ ਵੀ ਇਸ ਤਰ੍ਹਾਂ ਪਿੱਠ ਦਿਖਾ ਦੇਵੇਗਾ। ਆਪਣੇ-ਆਪ ਉਤੇ ਤਰਸ ਜਿਹਾ ਆਇਆ ਮੈਨੂੰ। ਕੀ ਕਰ ਬੈਠੀ। ਘਰੋਂ ਬਾਗੀ ਹੋ ਕੇ ਨਿਕਲੀ ਸੀ। ਪਿਆਰ ਵਿਚ ਪਾਗਲ ਹੋਈ ਨੇ ਸਮਾਜ ਦੀ ਵੀ ਪਰਵਾਹ ਨਾ ਕੀਤੀ ਤੇ ਆਪਣੀ ਸੋਨੇ ਵਰਗੀ ਜਵਾਨੀ ਨਰਿੰਦਰ ਅੱਗੇ ਪਾ ਦਿਤੀ। ਉਹ ਹਰਾਮ ਦਾ ਮਾਲ ਸਮਝ ਕੇ ਵਰਤਦਾ ਰਿਹਾ ਤੇ ਮੌਕਾ ਪੈਣ 'ਤੇ ਚੋਰਾਂ ਵਾਂਗ ਮੂੰਹ ਛੁਪਾ ਕੇ ਭਜ ਗਿਆ। ਮੈਂ ਨਾ ਰੋ ਰਹੀ ਸੀ ਨਾ ਹੱਸ ਰਹੀ ਸੀ। ਫਲੈਟ ਵਿਚ ਮੈਂ ਇਕੱਲੀ ਬੈਠੀ ਸੀ। ਉਸ ਫਲੈਟ ਵਿਚ ਜਿਥੇ ਮੇਰੀਆਂ ਤੇ ਨਰਿੰਦਰ ਦੀਆਂ ਫੋਟੋਆਂ ਥਾਂ-ਥਾਂ ਲਗੀਆਂ ਹੋਈਆਂ ਸਨ, ਰਾਧਾ ਤੇ ਕ੍ਰਿਸ਼ਨ ਵਾਂਗ। ਇਹ ਫਲੈਟ ਮੈਨੂੰ ਮੰਦਰ ਵਾਂਗ ਲਗਦਾ ਸੀ ਤੇ ਅੱਜ ਜਿਵੇਂ ਇਸੇ ਫਲੈਟ ਵਿਚ ਮੈਂ ਆਪਣੇ ਆਪ ਨੂੰ ਕਿਸੇ ਕੋਠੇ ਉਤੇ ਮਹਿਸੂਸ ਕਰ ਰਹੀ ਸੀ, ਕਿਸੇ ਵੇਸਵਾ ਵਾਂਗ, ਜਿਸ ਦਾ ਗਾਹਕ ਉਸ ਦਾ ਮੁੱਲ ਚੁਕਾ ਕੇ ਉਸ ਨਾਲ ਸੌਦਾ ਤਾਂ ਹੈ ਪਰ ਉਸ ਦੇ ਬੱਚੇ ਨੂੰ ਆਪਣਾ ਨਾਂ ਦੇਣਾ ਉਹ ਆਪਣੀ ਸ਼ਾਨ ਦੇ ਖਿਲਾਫ ਸਮਝਦਾ ਹੈ। ਤਾਂ ਮੇਰਾ ਬੱਚਾ ਹਰਾਮ ਦਾ ਹੈ ਕਿਉਂਕਿ ਮੇਰਾ ਰਿਸ਼ਤਾ ਹਰਾਮ ਦਾ ਸੀ। ਮੈਨੂੰ ਆਪਣੇ ਆਪ 'ਤੇ ਕਚਿਆਣ ਜਿਹੀ ਆਈ। ਮੈਂ ਆਪਣੇ ਅੰਦਰੋਂ ਹਵਾੜ ਜਿਹੀ ਆਉਂਦੀ ਮਹਿਸੂਸ ਕੀਤੀ, ਜਿਵੇਂ ਮੈਂ ਕੋਈ ਗੰਦੀ ਨਾਲੀ ਸੀ, ਜਿਸ ਵਿਚ ਕੋਈ ਰਾਹੀ ਮੂਤ ਕੇ ਚਲਾ ਗਿਆ ਸੀ। ਆਪਣੇ ਆਪ ਤੋਂ ਨਫਰਤ ਹੋ ਗਈ। ਜੀਅ ਕੀਤਾ ਕਿਸੇ ਗੱਡੀ ਥੱਲੇ ਜਾ ਕੇ ਸਿਰ ਦੇ ਦੇਵਾਂ ਤੇ ਚਿਠੀ ਲਿਖ ਕੇ ਰਖ ਜਾਵਾਂ ਕਿ ਨਰਿੰਦਰ ਨੇ ਮੇਰੀ ਜ਼ਿੰਦਗੀ ਤਬਾਹ ਕੀਤੀ ਹੈ।

ਪਰ ਮਰਨਾ ਏਨਾ ਆਸਾਨ ਕਿਥੇ ਸੀ! ਸੋਚਦੀ ਹੋਈ ਮੈਂ ਕਾਰਪੈਟ ਉਤੇ ਹੀ ਲੇਟ ਗਈ ਕਿ ਕੀ ਕਰਾਂ। ਅਚਾਨਕ ਦਿਮਾਗ ਨੇ ਕਿਹਾ, ਏਨੀ ਚਿੰਤਾ ਦੀ ਕਿਹੜੀ ਗੱਲ ਹੈ। ਜੇ ਨਰਿੰਦਰ ਹੀ ਭਜ ਗਿਆ ਤਾਂ ਤੈਨੂੰ ਇਹ ਫਾਹਾ ਗਲ ਪਾਉਣ ਦੀ ਕੀ ਲੋੜ ਹੈ? ਕੱਲ੍ਹ ਨੂੰ ਡਾਕਟਰ ਦੇ ਜਾ ਕੇ ਕਹਾਣੀ ਖਤਮ ਕਰ ਦੇ। ਜਿਵੇਂ ਮੇਰੇ ਸਿਰ ਤੋਂ ਕੋਈ ਬੋਝ ਉਤਰ ਗਿਆ। ਸੋਚਿਆ, ਮੁੜ ਨਰਿੰਦਰ ਦੀ ਸ਼ਕਲ ਨਹੀਂ ਦੇਖਾਂਗੀ। ਆਪਣੇ ਮਾਂ-ਬਾਪ ਕੋਲ ਵਾਪਸ ਚਲੀ ਜਾਵਾਂਗੀ। ਇਹ ਫਲੈਟ ਵੀ ਛੱਡ ਜਾਵਾਂਗੀ, ਕੰਜਰੀ ਦਾ ਕੋਠਾ। ਮੈਂ ਨਰਿੰਦਰ ਨੂੰ ਗਾਲ੍ਹ ਕੱਢੀ।

ਦੂਜੇ ਦਿਨ ਡਾਕਟਰ ਦੇ ਗਈ। ਬਜ਼ੁਰਗ ਡਾਕਟਰਨੀ ਨੇ ਮੇਰੇ ਸਿਰ 'ਤੇ ਹੱਥ ਰਖਿਆ, "ਫਿਕਰ ਦੀ ਕੋਈ ਗੱਲ ਨਹੀਂ ਦਸ ਮਿੰਟ ਲਗਣਗੇ।" ਮੈਂ ਅਗਲੇ ਹਫਤੇ ਦੀ ਅਪਾਇੰਟਮੈਂਟ ਲੈ ਕੇ ਵਾਪਸ ਆ ਗਈ। ਸਿਰਫ ਇਕ ਹਫਤੇ ਦੀ ਮੁਸੀਬਤ ਸੀ। ਫੇਰ ਮੈਂ ਫਰੀ ਹੋ ਜਾਵਾਂਗੀ। ਫਲੈਟ ਛਡਣ ਲਈ ਮੈਂ ਆਪਣਾ ਸਾਮਾਨ, ਜੋ ਘਰੋਂ ਲੈ ਕੇ ਆਈ ਸੀ, ਇਕੱਠਾ ਕਰਨਾ ਸ਼ੁਰੂ ਕੀਤਾ। ਅਲਮਾਰੀ 'ਤੇ ਪਿਆ ਭਾਰੀ ਅਟੈਚੀਕੇਸ ਚੁਕਣ ਲਈ ਮੈਂ ਕੁਰਸੀ 'ਤੇ ਚੜ੍ਹ ਗਈ। ਅਟੈਚੀ ਭਾਰਾ ਹੋਣ ਕਰਕੇ ਮੇਰਾ ਕਾਫੀ ਜ਼ੋਰ ਲੱਗ ਰਿਹਾ ਸੀ।

"ਕਿਤੇ ਬੱਚੇ ਨੂੰ ਨੁਕਸਾਨ ਨਾ ਪਹੁੰਚੇ," ਜਿਵੇਂ ਮੇਰੇ ਅੰਦਰੋਂ ਕੋਈ ਬੋਲਿਆ।

"ਫੇਰ ਕੀ ਹੈ? ਤੂੰ ਰਖਣਾ ਤਾਂ ਹੈ ਨਹੀਂ। ਚੰਗਾ ਸਗੋਂ ਖਹਿੜਾ ਛੁਟੇਗਾ," ਦਿਮਾਗ ਨੇ ਕਿਹਾ।

"ਨਹੀਂ ਉਹ ਹੋਰ ਗੱਲ ਹੈ। ਪਰ ਇਦਾਂ ਉਸ ਨੂੰ ਤਕਲੀਫ ਹੋਵੇਗੀ," ਮੇਰੇ ਅੰਦਰਲੀ ਔਰਤ ਨੇ ਕਿਹਾ, ਤੇ ਮੈਂ ਅਟੈਚੀ ਉਥੇ ਹੀ ਰਖ ਦਿਤਾ। ਪਤਾ ਨਹੀਂ ਕਿਉਂ ਇਸ ਅੰਦਰਲੀ ਮੁਸੀਬਤ ਨਾਲ ਮੈਨੂੰ ਅਚਾਨਕ ਹੀ ਹਮਦਰਦੀ ਜਾਗ ਪਈ ਸੀ। ਕੰਮ ਤੋਂ ਮੈਂ ਦੋ ਹਫਤੇ ਦੀਆਂ ਛੁਟੀਆਂ ਲੈ ਲਈਆਂ। ਰੱਜ ਕੇ ਖਾਧਾ ਕਿਤੇ ਬੱਚਾ ਭੁਖਾ ਨਾ ਹੋਵੇ। ਰੱਜ ਕੇ ਆਰਾਮ ਕੀਤਾ ਕਿ ਜਿੰਨੀ ਦੇਰ ਮੇਰੀ ਕੁਖ ਵਿਚ ਹੈ, ਉਨੀ ਦੇਰ ਤਾਂ ਆਰਾਮ ਨਾਲ ਰਹੇ। ਫੇਰ ਤਾਂ...। ਮੇਰਾ ਜੀਅ ਭਰ ਆਇਆ। ਜਿਵੇਂ ਮੇਰੇ ਅੰਦਰ ਕੋਈ ਖਿਡੌਣਾ ਬਣਨਾ ਸ਼ੁਰੂ ਹੋ ਗਿਆ ਸੀ। ਉਠਦੇ ਬਹਿੰਦੇ, ਸੌਂਦੇ, ਜਾਗਦੇ ਹਰ ਵੇਲੇ ਸੁਰਤ ਉਸ ਵਲ ਰਹਿੰਦੀ। ਕਿਤੇ ਕੋਈ ਅੰਗ ਨਾ ਡਿਗ ਪਵੇ ਇਸ ਖਿਡੌਣੇ ਦਾ। ਮੈਂ ਧਰਤੀ ਵਾਂਗ ਹਰੀ ਹੋ ਗਈ ਸੀ। ਸ਼ੀਸ਼ੇ ਵਿਚ ਆਪਣਾ ਰੂਪ ਨਾ ਪਛਾਣ ਸਕੀ। ਕਿੰਨੀ ਸੁਹਣੀ ਲਗਦੀ ਸੀ ਆਪਣੇ ਆਪ ਨੂੰ।

"ਤੂੰ ਮਾਂ ਬਣਨ ਵਾਲੀ ਹੈਂ, ਰੂਪ। ਹੁਣ ਤੂੰ ਰਚਣਹਾਰੀ ਹੈਂ। ਦੁਨੀਆਂ ਦਾ ਸਭ ਤੋਂ ਵਡਾ ਰੁਤਬਾ ਤੈਨੂੰ ਮਿਲ ਰਿਹਾ ਹੈ। ਤੇਰੇ ਹੁਸਨ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ," ਸ਼ੀਸ਼ੇ ਵਿਚੋਂ ਮੇਰੇ ਪਰਛਾਵੇਂ ਨੇ ਕਿਹਾ।

"ਪਰ ਇਹ ਬੱਚਾ ਨਾਜਾਇਜ਼ ਹੈ। ਸਮਾਜ ਕਿਸੇ ਨਾਜਾਇਜ਼ ਰਿਸ਼ਤੇ ਨੂੰ ਸਵੀਕਾਰ ਨਹੀਂ ਕਰਦਾ। ਇਥੇ ਕਾਨੂੰਨ ਦੇ ਪਹਿਰੇ ਨੇ," ਮੈਂ ਪਰਛਾਵੇਂ ਨੂੰ ਜਵਾਬ ਦਿਤਾ।

ਰਿਸ਼ਤਾ ਕੋਈ ਵੀ ਨਾਜਾਇਜ਼ ਨਹੀਂ ਹੁੰਦਾ, ਰੁਪਿੰਦਰ। ਮਤਲਬ ਤਾਂ ਹੈ ਤੁਸੀਂ ਕਿਸੇ ਰਿਸ਼ਤੇ ਨੂੰ ਕਿੰਨੀ ਈਮਾਨਦਾਰੀ ਨਾਲ ਜੀਂਦੇ ਹੋ।" ਪਰਛਾਵੇਂ ਨੇ ਅਗੋਂ ਬਹਿਸ ਕੀਤੀ।

"ਪਰ...ਪਰ ਮੈਂ ਇਕੱਲੀ...ਸਮਾਜ.. ਬੱਚਾ... ਮਾਂ...ਬਾਪ...ਰਿਸ਼ਤੇ...! ਨਹੀਂ, ਨਹੀਂ ਮੈਂ ਇਹ ਭਾਰ ਇਕੱਲੇ ਨਹੀਂ ਚੁਕ ਸਕਦੀ। ਬੱਚੇ ਦੇ ਬਾਪ ਦਾ ਹੋਣਾ ਬਹੁਤ ਜ਼ਰੂਰੀ ਹੈ। ਸਮਾਜ ਬੱਚੇ ਦੇ ਬਾਪ ਦਾ ਨਾਂ ਪੁਛਦਾ ਹੈ। ਮੇਰੇ ਬੱਚੇ ਦੇ ਤਾਂ ਮੱਥੇ ਉਤੇ ਲਿਖਿਆ ਹੋਵੇਗਾ ਕਿ ਮੇਰਾ ਬਾਪ ਚੋਰ ਹੈ। ਨਹੀਂ, ਮੈਂ ਆਪਣੇ ਸਵਾਰਥ ਲਈ ਬੱਚੇ ਨੂੰ ਏਡੀ ਸਜ਼ਾ ਕਿਉਂ ਦੇਵਾਂ!" ਮੈਂ ਸ਼ੀਸ਼ੇ ਵਲੋਂ ਮੂੰਹ ਦੂਜੇ ਪਾਸੇ ਕਰ ਲਿਆ। ਗਰਭਵਤੀ ਔਰਤ ਵਾਸਤੇ ਇਸ ਵੇਲੇ ਉਸ ਬੱਚੇ ਦਾ ਬਾਪ ਉਸ ਕੋਲ ਹੋਣਾ ਕਿੰਨਾ ਜ਼ਰੂਰੀ ਹੈ, ਮੈਨੂੰ ਅਹਿਸਾਸ ਹੋਇਆ। ਸਿਰਫ ਔਰਤ ਨੂੰ ਇਮੋਸ਼ਨਲੀ ਹੀ ਨਹੀਂ, ਸਗੋਂ ਬੱਚੇ ਨੂੰ ਵੀ ਜਿਵੇਂ ਅੰਦਰੋਂ ਪਤਾ ਹੁੰਦਾ ਹੈ ਕਿ ਮੇਰਾ ਬਾਪ ਕੌਣ ਹੈ। ਸ਼ਾਇਦ ਨਰਿੰਦਰ ਦਾ ਫੋਨ ਆ ਹੀ ਜਾਵੇ ਕਿ ਬੱਚੇ ਨੂੰ ਰੱਖ ਲੈ ਤੇ ਆਪਣੇ ਇਸ ਖਿਆਲ 'ਤੇ ਮੈਂ ਰੋ ਪਈ। ਨਾ ਨਰਿੰਦਰ ਦਾ ਫੋਨ ਆਇਆ ਤੇ ਨਾ ਮੈਂ ਫੈਸਲਾ ਬਦਲ ਸਕੀ।

ਡਾਕਟਰ ਕੋਲ ਜਾਣ ਤੋਂ ਇਕ ਰਾਤ ਪਹਿਲਾਂ ਮੈਂ ਗੁਰਦੁਆਰੇ ਗਈ। ਆਪਣੇ ਪਾਪਾਂ ਦੀ ਭੁਲ ਬਖਸ਼ਾਣ ਤੇ ਹਿੰਮਤ ਮੰਗਣ। ਗੁਰਦੁਆਰੇ ਵਿਚ ਢਾਡੀ ਜਥਾ 'ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਸਾਕਾ' ਗਾ ਰਿਹਾ ਸੀ, ਜਿਨ੍ਹਾਂ ਨੂੰ ਨੀਂਹਾਂ ਵਿਚ ਚਿਣਿਆ ਗਿਆ। ਸਾਕਾ ਸੁਣਦੇ ਵੇਲੇ ਮੈਂ ਬਹੁਤ ਰੋਈ। ਧੰਨ ਗੁਰੂ ਤੇ ਧੰਨ ਤੇਰੇ ਬੱਚੇ। ਬੱਚਿਆਂ ਦਾ ਕੀ ਦੋਸ਼ ਸੀ। ਮੇਰਾ ਬੱਚਾ ਵੀ ਕੱਲ੍ਹ ਨੂੰ ਬੇਇਨਸਾਫੀ ਦੀਆਂ ਨੀਂਹਾਂ ਵਿਚ ਦੱਬ ਦਿੱਤਾ ਜਾਏਗਾ ਤੇ ਮੈਂ ਖਾਲੀ ਹੋ ਜਾਵਾਂਗੀ। ਜ਼ਮੀਨ ਵਿਚੋਂ ਜੇ ਪੌਦਾ ਵੀ ਪੁਟੀਏ ਤੇ ਮਿਟੀ ਜੜ੍ਹਾਂ ਨਾਲ ਨਿਕਲ ਜਾਂਦੀ ਹੈ। ਫੇਰ ਮੈਂ ਤਾਂ ਔਰਤ ਸਾਂ। ਮੇਰੀ ਤੇ ਕੁਖ ਪੱਟੀ ਜਾਣੀ ਸੀ। ਆਂਦਰਾਂ ਨਿਕਲ ਜਾਣਗੀਆਂ ਮੇਰੀਆਂ। ਰੋਂਦੀ-ਰੋਂਦੀ ਮੈਂ ਘਰ ਆ ਗਈ। ਘਰ ਆ ਕੇ ਦੂਜੇ ਦਿਨ ਡਾਕਟਰ ਦੇ ਜਾਣ ਦੀ ਤਿਆਰੀ ਕੀਤੀ।

ਰਾਤ ਦੇ ਚੌਥੇ ਦਾ ਪਹਿਰ ਮੈਂ ਅੱਧ ਸੁਤੀ, ਅੱਧ ਜਾਗਦੀ ਸੀ। ਜਿਵੇਂ ਮੇਰੇ ਅੰਦਰੋਂ ਆਵਾਜ਼ ਆਈ, "ਮਾਂ...!" ਬੇਸੁਰਤੀ ਜਿਹੀ 'ਚ ਮੈਂ 'ਮਾਂ' ਲਫਜ਼ ਫੇਰ ਸੁਣਿਆ, ਜਿਵੇਂ ਮੇਰੇ ਨੰਗੇ ਢਿੱਡ ਨਾਲ ਨਿਕਾ ਜਿਹਾ ਕੋਈ ਬਲੂੰਗੜਾ ਚੰਮੜਿਆ ਹੋਇਆ ਸੀ। ਉਸ ਦੇ ਨਿੱਕੇ-ਨਿੱਕੇ ਹੱਥ ਪੈਰ ਮੈਂ ਆਪਣੇ ਢਿਡ ਉਤੇ ਮਹਿਸੂਸ ਕੀਤੇ। ਆਪਣੇ ਆਪ ਹੀ ਮੇਰਾ ਹੱਥ ਮੇਰੇ ਢਿਡ ਉਤੇ ਚਲਾ ਗਿਆ। ਆਪਣੇ ਅੰਦਰੋਂ ਮੈਂ ਕੋਈ ਜਿਉਂਦੀ ਜਾਗਦੀ ਚੀਜ਼ ਮਹਿਸੂਸ ਕੀਤੀ ਜੋ ਹਿਲ ਰਹੀ ਸੀ। ਹਨੇਰੇ ਵਿਚ ਮੈਂ ਆਪਣੇ ਅੰਦਰ ਝਾਤ ਮਾਰੀ। ਜਿਵੇਂ ਦੋ ਛੋਟੀਆਂ-ਛੋਟੀਆਂ ਅੱਖਾਂ ਮੇਰੇ ਵਲ ਤੱਕ ਰਹੀਆਂ ਸਨ। "ਮਾਂ" ਉਨ੍ਹਾਂ ਅੱਖਾਂ ਨੇ ਪੁਕਾਰਿਆ। ਮੈਨੂੰ ਠੰਢੀਆਂ ਤਰੇਲੀਆਂ ਆ ਗਈਆਂ। ਮੈਂ ਆਪਣੇ ਢਿੱਡ ਨੂੰ ਘੁੱਟ ਕੇ ਜੱਫੀ ਪਾ ਲਈ।

"ਮੇਰੇ ਬੱਚੇ! ਮੈਂ ਤੈਨੂੰ ਜਨਮ ਦੇਵਾਂਗੀ। ਮਾਫ ਕਰ ਦੇ, ਮੈਂ ਆਪਣੇ ਸਵਾਰਥ ਲਈ ਤੇਰਾ ਕਤਲ ਕਰਨ ਦੀ ਸੋਚੀ। ਤੇਰਾ ਬਾਪ ਚੋਰ ਹੈ, ਬੱਚੇ, ਪਰ ਤੇਰੀ ਮਾਂ...ਤੇਰੀ ਮਾਂ ਤਾਂ ਤੇਰੀ ਮਾਂ ਹੈ!" ਮੇਰਾ ਸਿਰਹਾਣਾ ਹੰਝੂਆਂ ਨਾਲ ਭਿਜ ਗਿਆ ਸੀ। ਅਜੀਬ ਜਿਹੀ ਸ਼ਾਂਤੀ ਮਿਲੀ ਮੈਨੂੰ, ਅਜੀਬ ਜਿਹੀ ਹਿੰਮਤ ਆ ਗਈ ਮੇਰੇ ਵਿਚ। ਤੇ ਮੈਂ ਉਦੋਂ ਹੀ ਉਠ ਕੇ ਆਪਣਾ ਸਾਮਾਨ ਇਕੱਠਾ ਕੀਤਾ। ਸਵੇਰੇ ਹੀ ਡਾਕਟਰ ਨੂੰ ਫੋਨ ਕਰ ਦਿਤਾ ਕਿ ਮੈਂ ਵਿਚਾਰ ਬਦਲ ਲਿਆ ਹੈ। ਮੁੜ ਕੇ ਕਦੀ ਪਛਤਾਈ ਨਹੀਂ ਤੇ ਨਾ ਹੀ ਜ਼ਿੰਦਗੀ ਨਾਲ ਸ਼ਿਕਵਾ ਕੀਤਾ ਕਿ ਕੀ ਹੋ ਰਿਹਾ ਹੈ।

ਉਹ ਫਲੈਟ ਛਡ ਕੇ ਮੈਂ ਕਿਰਾਏ ਦੇ ਕਮਰੇ ਵਿਚ ਚਲੀ ਗਈ। ਕੰਮ ਉਤੇ ਜਾਣਾ ਸ਼ੁਰੂ ਕਰ ਦਿਤਾ ਥੋੜ੍ਹੇ ਦਿਨਾਂ ਬਾਅਦ ਹੀ ਮੇਰਾ ਭੇਦ ਖੁਲਣਾ ਸ਼ੁਰੂ ਹੋ ਗਿਆ। ਆਖਰ ਕਦੋਂ ਤਕ ਅੱਗ ਨੂੰ ਮੈਂ ਆਪਣੀ ਝੋਲੀ ਵਿਚ ਛੁਪਾ ਕੇ ਰਖ ਸਕਦੀ ਸੀ। ਲੋਕਾਂ ਨੇ ਕੰਜਰੀ-ਕੁੱਤੀ ਕਿਹਾ। ਕੰਮ ਵਾਲਿਆਂ ਨੇ ਆਵਾਜੇ ਕੱਸੇ। ਮਾਂ ਨੂੰ ਪਤਾ ਲੱਗਿਆ ਤੇ ਉਸ ਨੇ ਬਥੇਰਾ ਸਿਰ ਪਿਟਿਆ। ਪਰ ਮੇਰੇ ਕੰਨਾਂ ਨੇ ਜੋ ਅੰਦਰੋਂ ਇਕ ਵਾਰ ਮਾਂ ਲਫਜ਼ ਸੁਣਿਆ ਸੀ, ਜਿਵੇਂ ਉਸ ਤੋਂ ਬਾਅਦ ਮੇਰੇ ਲਈ ਦੁਨੀਆਂ ਦੀ ਹਰ ਆਵਾਜ਼ ਛੋਟੀ ਹੋ ਗਈ ਸੀ। ਮੈਂ ਉਸ ਆਵਾਜ਼ ਨੂੰ ਸ਼ਰੇਆਮ ਸੁਣਨਾ ਚਾਹੁੰਦੀ ਸੀ। ਬਾਕੀ ਮਹੀਨੇ ਲੋਕਾਂ ਦੇ ਤਾਅਨੇ ਮਿਹਣੇ ਸੁਣ ਕੇ ਤੇ ਗਾਲਾਂ ਖਾ ਕੇ ਕਢੇ। ਮੈਂ ਦੁਨੀਆਂ ਦੀਆਂ ਉਨ੍ਹਾਂ ਔਰਤਾਂ ਬਾਰੇ ਕਿਤਾਬਾਂ ਪੜ੍ਹੀਆਂ, ਜਿਨ੍ਹਾਂ ਨੇ ਇਕੱਲੀਆਂ ਨੇ ਬੱਚੇ ਪੈਦਾ ਕੀਤੇ ਸੀ। ਸ਼ਕੁੰਤਲਾ ਤੇ ਸੀਤਾ ਵਰਗੀਆਂ, ਜਿਨ੍ਹਾਂ ਦੇ ਆਦਮੀ ਉਨ੍ਹਾਂ ਨੂੰ ਅੱਧਵਾਟੇ ਛਡ ਗਏ ਸਨ।

ਫੇਰ ਅਮਨਦੀਪ ਜੰਮਿਆ, ਜਿਵੇਂ ਮੇਰੀ ਸਾਰੀ ਤਪੱਸਿਆ ਸਫਲ ਹੋ ਗਈ। ਨਾ ਦੁਨੀਆਂ ਨਾਲ ਕੋਈ ਗਿਲਾ ਰਿਹਾ ਤੇ ਨਾ ਨਰਿੰਦਰ ਦੀ ਬੇਵਫਾਈ ਯਾਦ ਰਹੀ। ਅਮਨਦੀਪ ਨੂੰ ਵੇਖ ਕੇ ਜਿਵੇਂ ਮੇਰੀ ਸਾਰੇ ਸੰਘਰਸ਼ ਦੀ ਥਕਾਵਟ ਲਹਿ ਗਈ ਸੀ। ਔਰਤ ਜਦੋਂ ਮਾਂ ਬਣ ਜਾਂਦੀ ਹੈ ਤਾਂ ਉਸ ਲਈ ਦੁਨੀਆਂ ਦੇ ਬਾਕੀ ਰਿਸ਼ਤੇ ਛੋਟੇ ਹੋ ਜਾਂਦੇ ਹਨ।

ਨਰਿੰਦਰ ਭਾਵੇਂ ਮੇਰੇ ਤੋਂ ਪਿਠ ਮੋੜ ਗਿਆ ਸੀ, ਪਰ ਬੱਚੇ ਦੀ ਖਬਰ ਜਿਵੇਂ ਉਸ ਨੂੰ ਹਵਾ ਵਾਂਗ ਮਿਲੀ। ਇਕ ਦਿਨ ਉਹ ਆ ਗਿਆ। "ਤੈਨੂੰ ਕਿੰਨਾ ਸਮਝਾਇਆ ਸੀ, ਇਸ ਮੁਸੀਬਤ ਵਿਚ ਨਾ ਪੈ। ਹੁਣ ਕਿੰਨੀ ਔਖੀ ਹੈਂ," ਉਸ ਨੇ ਹਮਦਰਦੀ ਜਤਾਈ। ਮੈਂ ਉਸ ਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ।

"ਚਲ ਜੋ ਹੋ ਗਿਆ ਸੋ ਹੋ ਗਿਆ। ਆਪਣੇ ਫਲੈਟ ਵਾਪਸ ਚਲ। ਮੇਰਾ ਬੱਚਾ ਕਿਰਾਏ ਦੇ ਕਮਰਿਆ ਵਿਚ ਰੁਲੇ, ਮੇਰੇ ਤੋਂ ਬਰਦਾਸ਼ਤ ਨਹੀਂ ਹੁੰਦਾ। ਅਸੀਂ ਸਰਦਾਰ ਹਾਂ ਪਿੰਡ ਦੇ। ਰਾਜਿਆਂ ਵਰਗੇ ਹਾਂ। ਇਹੋ ਜਿਹੀ ਜ਼ਿੰਦਗੀ ਤਾਂ ਸਾਡੇ ਨੌਕਰ ਵੀ ਨਹੀਂ ਜੀਂਦੇ," ਉਸ ਦੇ ਅੰਦਰਲਾ ਬਾਪ ਹੰਕਾਰ ਬਣ ਕੇ ਬੋਲਿਆ।

"ਨਰਿੰਦਰ! ਇਹ ਉਹੀ ਬੱਚਾ ਹੈ ਜਿਸ ਦੇ ਪੈਦਾ ਹੋਣ ਦੀ ਖਬਰ ਸੁਣ ਕੇ ਤੂੰ ਫੋਨ ਤਕ ਕਰਨਾ ਛਡ ਦਿਤਾ ਸੀ ਤੇ ਜਿਸ ਦੀ

*(ਬਾਕੀ ਅਗਲੇ ਸਫੇ 'ਤੇ)*

# ਗਰਭਵਤੀ ਔਰਤਾਂ ਕਿਹੜੇ ਫਲ ਖਾਣ!

'ਮਾਂ' ਬਣਨ ਦਾ ਅਹਿਸਾਸ ਆਪਣੇ ਆਪ ਵਿਚ ਹੀ ਬਹੁਤ ਉੱਚਾ ਅਤੇ ਸੁੱਚਾ ਹੈ। ਆਪਣੇ ਢਿੱਡ ਅੰਦਰ ਪਲ ਰਹੇ ਜੀਵ ਬਾਰੇ ਹਰ ਮਾਂ ਚਿੰਤਤ ਹੁੰਦੀ ਹੈ। ਸਿਹਤਮੰਦ ਬੱਚਾ ਅਤੇ ਜੱਚਾ ਵਾਸਤੇ ਖੁਰਾਕ ਦਾ ਅਹਿਮ ਰੋਲ ਹੁੰਦਾ ਹੈ। ਉਸੇ ਦਾ ਜ਼ਿਕਰ ਇਸ ਲੇਖ ਵਿਚ ਹੈ:

ਖੋਜਾਂ ਉੱਤੇ ਆਧਾਰਤ ਜਿਹੜੀਆਂ ਚੀਜ਼ਾਂ, ਖਾਸ ਕਰ ਫਲ, ਵਧੀਆ ਅਸਰ ਵਿਖਾ ਚੁੱਕੇ ਹਨ, ਉਨ੍ਹਾਂ ਦੀ ਹੀ ਗੱਲ ਕਰਾਂਗੇ।

1. **ਖਰਬੂਜਾ:** ਸੁਆਦੀ ਤਾਂ ਹੁੰਦਾ ਹੀ ਹੈ, ਪਰ ਖਰਬੂਜਾ ਸਰੀਰ ਅੰਦਰੋਂ ਵਾਧੂ ਲੂਣ ਕੱਢ ਕੇ ਸੋਜ਼ਾ ਘਟਾ ਦਿੰਦਾ ਹੈ ਤੇ ਫਾਲਤੂ ਪਾਣੀ ਇਕੱਠਾ ਨਹੀਂ ਹੋਣ ਦਿੰਦਾ। ਇਹ ਸਰੀਰ ਅੰਦਰ ਲੋਹ ਕਣ ਵਧਾਉਂਦਾ ਹੈ ਅਤੇ ਬੱਚੇ ਦੀ ਰੀੜ੍ਹ ਦੀ ਹੱਡੀ ਤੰਦਰੁਸਤ ਰੱਖਣ ਵਿਚ ਵੀ ਸਹਾਈ ਹੁੰਦਾ ਹੈ।

2. **ਹਦਵਾਣਾ:** ਇਸ ਵਿਚ ਵਿਟਾਮਿਨ ਏ, ਸੀ, ਬੀ6 ਅਤੇ ਕੇ ਭਰੇ ਪਏ ਹਨ। ਵਿਟਾਮਿਨ ਕੇ ਸਦਕਾ ਲੱਤਾਂ ਵਿਚ ਪਈਆਂ ਖੱਲੀਆਂ ਠੀਕ ਹੋ ਜਾਂਦੀਆਂ ਹਨ ਤੇ ਕੜਵੱਲ ਵੀ ਨਹੀਂ ਪੈਂਦੇ। ਹਦਵਾਣੇ ਵਿਚਲਾ ਮੈਗਨੀਸ਼ੀਅਮ ਪੱਠਿਆਂ ਨੂੰ ਨਰਮ ਪਾ ਦਿੰਦਾ ਹੈ ਅਤੇ ਵਕਤ ਤੋਂ ਪਹਿਲਾਂ ਬੱਚੇਦਾਨੀ ਨੂੰ ਸੁੰਗੜਨ ਤੋਂ ਰੋਕਦਾ ਹੈ ਜਿਸ ਨਾਲ ਸਤਮਾਹੇ ਬੱਚੇ ਜੰਮਣ ਤੋਂ ਬਚਾਓ ਹੋ ਜਾਂਦਾ ਹੈ। ਇਸ ਦੇ ਖਾਣ ਨਾਲ ਸਵੱਖਤੇ ਵੇਲੇ ਦਿਲ ਕੱਚਾ ਵੀ ਨਹੀਂ ਹੁੰਦਾ, ਸਰੀਰ ਅੰਦਰ ਪਾਣੀ ਦੀ ਮਾਤਰਾ ਸਹੀ ਰਹਿੰਦੀ ਹੈ ਅਤੇ ਛਾਤੀ ਵਿਚ ਜਲਣ ਵੀ ਨਹੀਂ ਮਹਿਸੂਸ ਹੁੰਦੀ।

**ਡਾ. ਹਰਸ਼ਿੰਦਰ ਕੌਰ, ਐਮ.ਡੀ.**
**ਫੋਨ: 0175-2216783**

3. **ਬਲੂਬੈਰੀ, ਰਸਭਰੀ ਅਤੇ ਸਟਰਾਅਬੈਰੀ:** ਇਹ ਭਰੂਣ ਦੇ ਦਿਮਾਗ਼ ਦੇ ਵਿਕਾਸ ਲਈ ਲਾਹੇਵੰਦ ਹਨ। ਬਲੂਬੈਰੀਆਂ ਵਿਚਲੇ ਫਾਈਬਰ, ਵਿਟਾਮਿਨ ਸੀ ਅਤੇ ਫੋਲੇਟ ਸਦਕਾ ਇਹ ਅਸਰ ਦਿਸਦੇ ਹਨ। ਐਂਥੋਸਾਇਆਨਿਨ, ਜੋ ਬਲੂਬੈਰੀਆਂ ਵਿਚ ਭਰਿਆ ਪਿਆ ਹੈ, ਵੀ ਬਹੁਤ ਚੰਗਾ ਅਸਰ ਵਿਖਾਉਂਦਾ ਹੈ। ਇਹੋ ਜਿਹੇ ਹੀ ਅਸਰ ਬਰੋਕਲੀ, ਕੇਲਪੱਤਾ, ਪਾਲਕ, ਸਲਾਦ ਪੱਤਾ, ਗੋਭੀ ਅਤੇ ਐਸਪੈਰਾਗਸ ਖਾਣ ਨਾਲ ਵੀ ਦਿਸਦੇ ਹਨ।

4. **ਅਨਾਰ, ਨਾਸ਼ਪਾਤੀ, ਸੇਬ, ਨਿੰਬੂ:** ਵਿਟਾਮਿਨ ਸੀ ਅਤੇ ਫਲੇਵੋਨਾਇਡ ਸਦਕਾ ਇਨ੍ਹਾਂ ਨੂੰ ਖਾਣ ਨਾਲ ਬੱਚੇਦਾਨੀ ਅੰਦਰਲੀਆਂ ਰਸੌਲੀਆਂ ਬਣਨ ਦਾ ਖ਼ਤਰਾ ਘੱਟ ਹੋ ਜਾਂਦਾ ਹੈ। ਇਸ ਦੇ ਨਾਲੋਂ-ਨਾਲ ਅੰਦਰੂਨੀ ਅੰਗ ਵੀ ਤੰਦਰੁਸਤ ਰਹਿੰਦੇ ਹਨ ਅਤੇ ਅੰਡਕੋਸ਼ ਦੇ ਕੈਂਸਰ ਹੋਣ ਦਾ ਖ਼ਤਰਾ ਵੀ ਘੱਟ ਹੋ ਜਾਂਦਾ ਹੈ।

ਨਿੰਬੂ ਪਾਣੀ ਰੋਜ਼ ਸਵੇਰੇ ਪੀਂਦੇ ਰਹਿਣ ਨਾਲ ਵਿਟਾਮਿਨ ਸੀ ਵੀ ਪੂਰਾ ਹੋ ਜਾਂਦਾ ਹੈ, ਬੀਮਾਰੀਆਂ ਹੋਣ ਦਾ ਖ਼ਤਰਾ ਘਟਦਾ ਹੈ, ਦਿਲ ਕੱਚਾ ਨਹੀਂ ਹੁੰਦਾ, ਹਾਜ਼ਮਾ ਠੀਕ ਰਹਿੰਦਾ ਹੈ ਅਤੇ ਕਬਜ਼ ਵੀ ਨਹੀਂ ਹੁੰਦੀ।

5. **ਤਿਲ:** ਰੈਗੂਲਰ ਤੌਰ ਉੱਤੇ ਰੋਜ਼ ਅੱਧਾ ਚਮਚ ਤਿਲ ਖਾਂਦੇ ਰਹਿਣ ਨਾਲ ਭਰੂਣ ਦੇ ਦਿਮਾਗ਼ ਉੱਤੇ ਵਧੀਆ ਅਸਰ ਪੈਂਦਾ ਹੈ ਅਤੇ ਉਸ ਦੀ ਯਾਦਾਸ਼ਤ ਵੀ ਚੰਗੀ ਹੋਣ ਦੇ ਆਸਾਰ ਵਧ ਜਾਂਦੇ ਹਨ।

6. **ਸੰਤਰਾ:** ਸਰੀਰ ਅੰਦਰ ਪਾਣੀ ਪੂਰਾ ਕਰਨ ਦੇ ਨਾਲੋ ਨਾਲ ਇਸ ਵਿਚਲੇ ਪੋਟਾਸ਼ੀਅਮ, ਫੋਲੇਟ ਅਤੇ ਵਿਟਾਮਿਨ ਸੀ ਵੀ ਲਾਹੇਵੰਦ ਸਾਬਤ ਹੋ ਚੁੱਕੇ ਹਨ। ਜੇ ਸਬਜ਼ੀ ਖਾਣ ਤੋਂ ਬਾਅਦ ਸੰਤਰਾ ਖਾਧਾ ਜਾਵੇ ਤਾਂ ਸਬਜ਼ੀ ਵਿਚਲੇ ਲੋਹ ਕਣ, ਸੰਤਰੇ ਵਿਚਲੇ ਵਿਟਾਮਿਨ ਸੀ ਰਾਹੀਂ ਵਧੀਆ ਹਜ਼ਮ ਹੋ ਜਾਂਦੇ ਹਨ।

7. **ਐਵੋਕੈਡੋ:** ਇਸ ਵਿਚ ਬਾਕੀ ਫਲਾਂ ਨਾਲੋਂ ਸਭ ਤੋਂ ਵੱਧ ਫੋਲੇਟ ਹੁੰਦਾ ਹੈ। ਇਸ ਦੇ ਨਾਲੋਂ-ਨਾਲ ਮੈਗਨੀਸ਼ੀਅਮ, ਵਿਟਾਮਿਨ ਸੀ, ਬੀ, ਕੇ, ਫਾਈਬਰ ਅਤੇ ਕੋਲੀਨ ਵੀ ਹੈ। ਲੱਤਾਂ ਵਿਚਲੇ ਕੜਵੱਲ ਇਸ ਨੂੰ ਖਾਣ ਨਾਲ ਠੀਕ ਹੋ ਜਾਂਦੇ ਹਨ। ਕੋਲੀਨ ਭਰੂਣ ਦੇ ਦਿਮਾਗ਼ ਲਈ ਕਾਫ਼ੀ ਫ਼ਾਇਦੇਮੰਦ ਸਾਬਤ ਹੋ ਚੁੱਕਿਆ ਹੈ।

8. **ਅੰਬ:** ਇੱਕ ਅੰਬ ਵਿਚਲਾ ਵਿਟਾਮਿਨ ਸੀ ਸਰੀਰ ਦੀ ਰੋਜ਼ਾਨਾ ਦੀ ਲੋੜੀਂਦੀ ਮਾਤਰਾ ਪੂਰੀ ਕਰ ਦਿੰਦਾ ਹੈ। ਵਿਟਾਮਿਨ ਸੀ ਅੰਤੜੀਆਂ ਅਤੇ ਸਾਹ ਦੀਆਂ ਬੀਮਾਰੀਆਂ ਹੋਣ ਤੋਂ ਰੋਕਣ ਵਿਚ ਮਦਦ ਕਰਦਾ ਹੈ। ਵਾਧੂ ਅੰਬ ਖਾਣ ਨਾਲ ਟੱਟੀਆਂ ਵੀ ਲੱਗ ਸਕਦੀਆਂ ਹਨ।

9. **ਕੇਲਾ:** ਪੋਟਾਸ਼ੀਅਮ, ਪੈਕਟਿਨ, ਵਿਟਾਮਿਨ ਬੀ6, ਅਤੇ ਫਾਈਬਰ ਭਰਪੂਰ ਹੋਣ ਦੇ ਨਾਲ-ਨਾਲ ਇੱਕ ਸੰਪੂਰਨ ਖੁਰਾਕ ਵਜੋਂ ਜਾਣਿਆ ਜਾਂਦਾ ਹੈ। ਵਿਟਾਮਿਨ ਬੀ6 ਜਿੱਥੇ ਵਾਲਾਂ ਲਈ ਵਧੀਆ ਹੈ, ਉੱਥੇ ਦਿਲ ਕੱਚਾ ਅਤੇ ਉਲਟੀ ਵੀ ਠੀਕ ਕਰਦਾ ਹੈ। ਜੇ ਇੱਕ ਕੇਲਾ ਰੋਜ਼ ਖਾਧਾ ਜਾਵੇ ਤਾਂ ਕਬਜ਼ ਨਹੀਂ ਹੁੰਦੀ, ਪਰ ਜ਼ਿਆਦਾ ਖਾਣ ਨਾਲ ਅਫ਼ਾਰਾ ਹੋ ਸਕਦਾ ਹੈ।

ਕਬਜ਼ ਦੀ ਦਿੱਕਤ ਬਹੁਤੀਆਂ ਗਰਭਵਤੀ ਔਰਤਾਂ ਨੂੰ ਹੋ ਜਾਂਦੀ ਹੈ। ਇਸ ਦੇ ਕਾਰਨ ਹਨ:-

1. ਬੱਚੇਦਾਨੀ ਦੇ ਵਧੇ ਆਕਾਰ ਸਦਕਾ ਅੰਤੜੀਆਂ ਦਾ ਦੱਬਿਆ ਜਾਣਾ
2. ਬਹੁਤ ਤਣਾਓ ਰਹਿਣਾ
3. ਘਬਰਾਹਟ ਹੁੰਦੀ ਰਹਿਣੀ
4. ਘੱਟ ਫਾਈਬਰ ਵਾਲੀ ਖ਼ੁਰਾਕ ਖਾਣੀ
5. ਆਇਰਨ ਦੀਆਂ ਗੋਲੀਆਂ ਖਾਣ ਸਦਕਾ



10. ਸੇਬ: ਇਸ ਵਿਚ ਵੀ ਫਾਈਬਰ, ਵਿਟਾਮਿਨ ਸੀ, ਪੋਟਾਸ਼ੀਅਮ ਤੇ ਪੈਕਟਿਨ ਭਰਿਆ ਹੈ। ਪੈਕਟਿਨ ਚੰਗੇ ਕੀਟਾਣੂਆਂ ਦੀ ਗਿਣਤੀ ਅੰਤੜੀਆਂ ਵਿਚ ਵਧਾ ਦਿੰਦਾ ਹੈ।

11. **ਫਲਾਂ ਦਾ ਰਸ:** ਜੂਸ ਪੀਣ ਦੀ ਸਲਾਹ ਆਮ ਹੀ ਘਰ ਵਿੱਚੋਂ ਮਿਲਦੀ ਰਹਿੰਦੀ ਹੈ। ਜੂਸ ਵਿਚ ਬਹੁਤੇ ਵਧੀਆ ਅੰਸ਼ ਨਦਾਰਦ ਹੁੰਦੇ ਹਨ। ਇਸੇ ਲਈ ਨਿਰਾ ਮਿੱਠਾ ਪਾਣੀ ਪੀਣ ਨਾਲੋਂ ਫਲ ਖਾਣੇ ਹੀ ਬਿਹਤਰ ਹਨ। ਇੰਜ ਹੀ ਸੁੱਕੇ ਫਲ ਜਿਵੇਂ ਅੰਜੀਰ ਆਦਿ, ਵਿਚ ਲੋੜੋਂ ਵੱਧ ਮਿੱਠਾ ਹੁੰਦਾ ਹੈ, ਜੋ ਸਹੀ ਨਹੀਂ ਹੁੰਦਾ।

12. ਰੋਜ਼ 8-12 ਗਿਲਾਸ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਲੂਣ ਵੀ ਸਿਰਫ਼ ਆਇਓਡੀਨ ਵਾਲਾ ਹੀ ਖਾਣਾ ਚਾਹੀਦਾ ਹੈ, ਪਹਾੜੀ ਲੂਣ ਨਹੀਂ! ਆਇਓਡੀਨ ਦੀ ਕਮੀ ਨਾਲ ਮੰਦਬੁੱਧ ਬੱਚਾ ਪੈਦਾ ਹੋਣ ਦੇ ਆਸਾਰ ਵਧ ਜਾਂਦੇ ਹਨ।

ਕੁੱਝ ਸਬਜ਼ੀਆਂ ਜਿਵੇਂ ਆਲੂ, ਪੁੰਗਰੀਆਂ ਦਾਲਾਂ, ਸਰ੍ਹੋਂ, ਗਾਜਰ, ਹਰੀਆਂ ਫਲੀਆਂ, ਖੁੰਭ, ਮਟਰ, ਸ਼ਲਗਮ ਅਤੇ ਚੁਕੰਦਰ ਵੀ ਖਾਂਦੇ ਰਹਿਣਾ ਚਾਹੀਦਾ ਹੈ।

ਪ੍ਰੋਟੀਨ ਦੀ ਵੱਧ ਲੋੜ ਨੂੰ ਪੂਰਾ ਕਰਨ ਲਈ ਅੰਡਾ, ਸੈਲਮਨ ਮੱਛੀ, ਦਾਲਾਂ, ਦੁੱਧ, ਪਨੀਰ, ਮੂੰਗਫਲੀ, ਪਿਸਤਾ, ਕਾਜੂ, ਬਦਾਮ, ਅਖਰੋਟ ਆਦਿ, ਵੀ ਖਾਂਦੇ ਰਹਿਣ ਦੀ ਲੋੜ ਹੈ।

13. **ਪਪੀਤਾ:** ਜ਼ਰੂਰ ਹਰ ਰੋਜ਼ ਇੱਕ ਫਾੜੀ ਖਾ ਲੈਣੀ ਚਾਹੀਦੀ ਹੈ।

ਰਾਗੀ ਦਾ ਆਟਾ, ਛਾਣਬੂਰੇ ਵਾਲੀ ਕਣਕ ਦਾ ਆਟਾ, ਬਾਜਰਾ, ਮੱਕੀ ਵੀ ਵਾਧੂ ਈਸਟਰੋਜਨ ਹਾਰਮੋਨ ਨੂੰ ਕਾਬੂ ਵਿਚ ਰੱਖਣ ਵਿਚ ਮਦਦ ਕਰਦੇ ਹਨ, ਸੋ ਰੋਜ਼ ਦੇ ਖਾਣੇ ਵਿਚ ਸ਼ਾਮਲ ਕਰ ਲੈਣੇ ਚਾਹੀਦੇ ਹਨ।

14. **ਲਾਲ ਰਸਭਰੀ ਦੇ ਪੱਤਿਆਂ ਦੀ ਚਾਹ:** ਇਕ ਖੋਜ ਵਿਚ ਇਸ ਚਾਹ ਦੇ ਬੱਚੇਦਾਨੀ ਉੱਤੇ ਵਧੀਆ ਅਸਰ ਵੇਖੇ ਗਏ ਹਨ। ਇਹ ਚਾਹ ਮਾਹਵਾਰੀ ਰੈਗੂਲਰ ਕਰਨ ਦੇ ਨਾਲ ਬੱਚਾ ਠਹਿਰਨ ਦੇ ਆਸਾਰ ਵੀ ਵਧਾ ਦਿੰਦੀ ਹੈ, ਬੱਚੇਦਾਨੀ ਤੰਦਰੁਸਤ ਰੱਖਦੀ ਹੈ ਤੇ ਜੰਮਣ ਪੀੜਾਂ ਵੀ ਘਟਾ ਦਿੰਦੀ ਹੈ। ਇਸ ਨੂੰ ਪੀਂਦੇ ਰਹਿਣ ਨਾਲ ਬੱਚਾ ਜੰਮਣ ਬਾਅਦ ਮਾਂ ਨੂੰ ਲਹੂ ਵੀ ਘੱਟ ਪੈਂਦਾ ਹੈ।

ਖ਼ਿਆਲ ਰਹੇ, ਇਹ ਚਾਹ ਡਾਕਟਰੀ ਸਲਾਹ ਤੋਂ ਬਗ਼ੈਰ ਨਹੀਂ ਪੀਣੀ ਚਾਹੀਦੀ।

**ਕਿੰਨੀ ਮਾਤਰਾ ਵਿਚ ਫਲ ਸਬਜ਼ੀਆਂ ਖਾਧੀਆਂ ਜਾਣ:**

ਫਲ: ਇੱਕ ਸੰਤਰੇ ਜਿੰਨੇ ਆਕਾਰ ਦਾ ਇੱਕ ਫਲ ਰੋਜ਼ ਦੋ ਵੇਲੇ ਜਾਂ ਇੱਕ ਕੱਪ ਕੱਟਿਆ ਫਲ ਦਿਨ ਵਿਚ ਦੋ ਵਾਰ

**ਸਬਜ਼ੀਆਂ:** ਇੱਕ ਵੇਲੇ ਇੱਕ ਕੌਲੀ ਕੱਚੀ ਜਾਂ ਪੱਕੀ ਹੋਈ ਸਬਜ਼ੀ, ਦਿਨ ਵਿਚ ਇੱਕ ਵਾਰ ਸਬਜ਼ੀਆਂ ਦਾ ਸੂਪ ਅਤੇ ਰੋਜ਼ ਪਲੇਟ ਭਰ ਕੇ ਖਾਧਾ ਕੱਚਾ ਸਲਾਦ!

**ਸਾਰ:** ਅੱਜ ਦੇ ਦਿਨ ਗਰਭ ਦੌਰਾਨ ਅਤੇ ਬੱਚੇ ਦੇ ਜਨਮ ਸਮੇਂ 830 ਔਰਤਾਂ ਹਰ ਰੋਜ਼ ਮੌਤ ਦੇ ਮੂੰਹ ਵਿਚ ਜਾ ਰਹੀਆਂ ਹਨ। ਪੂਰੀ ਦੁਨੀਆ ਵਿਚੋਂ ਜਨਮ ਦੇਣ ਦੇ ਸਮੇਂ ਮਾਵਾਂ ਦੀਆਂ ਮੌਤਾਂ ਦੀ ਗਿਣਤੀ ਜੇ ਕਰੀਏ ਤਾਂ 99 ਫੀਸਦੀ ਵਿਕਾਸਸ਼ੀਲ ਦੇਸ਼ਾਂ ਵਿਚ ਹੈ। ਇਨ੍ਹਾਂ ਵਿੱਚੋਂ ਬਹੁਤੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਜੇ ਖ਼ੁਰਾਕ ਸਹੀ ਕਰ ਲਈਏ ਤਾਂ ਇਹ ਸੰਭਵ ਹੋ ਸਕਦਾ ਹੈ।

---

## ਛੋਟੀ ਸਰਦਾਰਨੀ

*(ਪਿਛਲੇ ਸਫੇ ਦੀ ਬਾਕੀ)*

ਮਾਂ ਨੂੰ ਤੂੰ ਰਾਹਾਂ ਵਿਚ ਛਡ ਕੇ ਚਲਾ ਗਿਆ ਸੀ। ਨਾਲੇ ਮੇਰੀ ਇਕ ਗੱਲ ਸੁਣ ਲਉ ਧਿਆਨ ਨਾਲ, ਸਰਦਾਰ ਜੀ, ਮੇਰਾ ਬੱਚਾ ਕਿਸੇ ਰਾਜੇ ਮਹਾਰਾਜੇ ਦਾ ਬੱਚਾ ਨਹੀਂ, ਉਹ ਇਕ ਇਕੱਲੀ ਮਜ਼ਦੂਰ ਮਾਂ ਦਾ ਬੱਚਾ ਹੈ। ਮੈਂ ਨਹੀਂ ਚਾਹੁੰਦੀ ਉਸ ਦੇ ਮਨ ਵਿਚ ਕੋਈ ਭੁਲੇਖਾ ਪਵੇ। ਇਸ ਲਈ ਤੂੰ ਅੱਜ ਤੋਂ ਬਾਅਦ ਇਥੇ ਨਾ ਆਈਂ," ਮੈਂ ਉਸ ਨੂੰ ਬਾਹਰ ਕੱਢ ਕੇ ਦਰਵਾਜ਼ਾ ਬੰਦ ਕਰ ਲਿਆ।

ਨਰਿੰਦਰ ਕਈ ਮਹੀਨੇ ਨਾ ਆਇਆ। ਅਮਨ ਹੁਣ ਵਧਣਾ ਸ਼ੁਰੂ ਹੋ ਗਿਆ ਸੀ। ਸ਼ਾਮੀਂ ਕੰਮ ਤੋਂ ਥੱਕੀ ਹਾਰੀ ਆਉਂਦੀ ਤਾਂ ਉਸ ਨੂੰ ਵੇਖ ਕੇ ਜਿਵੇਂ ਮੇਰੇ ਵਿਚ ਨਵੀਂ ਜਾਨ ਪੈ ਜਾਂਦੀ। ਥੋੜੇ ਪੈਸੇ ਫੜ-ਫੜਾ ਕੇ ਮੈਂ ਆਪਣਾ ਘਰ ਲੈ ਲਿਆ। ਪਰ ਨਰਿੰਦਰ ਨੇ ਮੇਰਾ ਖੁਰਾ-ਖੋਜ ਕੱਢ ਲਿਆ ਤੇ ਆ ਕੇ ਇਕ ਦਿਨ ਮੇਰੇ ਪੈਰ ਫੜ ਲਏ, "ਰੱਬ ਦੇ ਵਾਸਤੇ ਮੇਰੇ ਗੁਨਾਹਾਂ ਦੀ ਸਜ਼ਾ ਮੇਰੇ ਬੱਚੇ ਨੂੰ ਨਾ ਦੇ। ਉਸ ਨੂੰ ਬਾਪ ਦੇ ਪਿਆਰ ਦੀ ਲੋੜ ਹੈ।" ਉਹ ਕਦੇ-ਕਦੇ ਅਮਨ ਨੂੰ ਮਿਲਣ ਆ ਜਾਂਦਾ ਤੇ ਮੈਂ ਦੇਖਿਆ ਕਿ ਜੇ ਕਦੇ ਨਰਿੰਦਰ ਨਾ ਆਉਂਦਾ ਤਾਂ ਅਮਨ ਆਨੀ-ਬਹਾਨੀ ਰੋਂਦਾ। ਬੁਖਾਰ ਚੜ੍ਹਾ ਲੈਂਦਾ। ਮੈਂ ਬੱਚੇ ਲਈ ਏਨੀ ਬਦਨਾਮੀ ਝੱਲੀ ਸੀ ਤੇ ਜ਼ਿੰਦਗੀ ਦਾਅ ਉਤੇ ਲਾ ਦਿਤੀ ਸੀ, ਉਸ ਦੀ ਉਦਾਸੀ ਮੇਰੇ ਤੋਂ ਸਹਾਰੀ ਨਾ ਗਈ। ਮੈਂ ਨਰਿੰਦਰ ਨੂੰ ਘਰ ਆਉਣ-ਜਾਣ ਦੀ ਖੁੱਲ੍ਹ ਦੇ ਦਿਤੀ। ਘਰ ਵਿਚ ਆਉਣ ਦੀ ਜਦੋਂ ਇਜਾਜ਼ਤ ਮਿਲ ਗਈ ਤਾਂ ਇਕ ਦਿਨ ਨਰਿੰਦਰ ਨੇ ਮੇਰੇ ਨਾਲ ਹਮਬਿਸਤਰੀ ਕਰਨ ਦੀ ਕੋਸ਼ਿਸ਼ ਕੀਤੀ।

"ਤਮੀਜ਼ ਨਾਲ ਰਹਿ। ਜੇ ਬੱਚੇ ਕਰਕੇ ਮੈਂ ਤੈਨੂੰ ਇਸ ਘਰ ਵਿਚ ਆਉਣ-ਜਾਣ ਲਈ ਕਹਿ ਦਿਤਾ ਹੈ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਮੈਂ ਫਿਰ ਇਤਿਹਾਸ ਨੂੰ ਦੁਹਰਾਉਣ ਲੱਗੀ ਹਾਂ। ਇਹ ਨਾ ਸਮਝੀਂ ਕਿ ਮੈਂ ਕਮਜ਼ੋਰ ਹੋ ਗਈ ਹਾਂ ਤੇ ਮੈਨੂੰ ਤੇਰੇ ਸਹਾਰੇ ਦੀ ਲੋੜ ਹੈ। ਮੈਂ ਆਪਣੇ ਬੱਚੇ ਨੂੰ ਉਦਾਸ ਨਹੀਂ ਦੇਖ ਸਕਦੀ ਤੇ ਤੇਰਾ ਉਹਦੇ ਨਾਲ ਖ਼ੂਨ ਦਾ ਰਿਸ਼ਤਾ ਹੈ। ਤੇਰੇ ਬਗੈਰ ਉਹ ਰੋਂਦਾ ਮੇਰੇ ਤੋਂ ਵੇਖਿਆ ਨਹੀਂ ਜਾਂਦਾ," ਮੈਂ ਅੱਗ ਵਾਂਗ ਮੱਚੀ।

"ਮੇਰੀ ਗਲਤੀ ਮਾਫ ਕਰ ਦੇ," ਉਸ ਨੇ ਅੱਖਾਂ ਭਰੀਆਂ।

"ਫਜ਼ੂਲ ਮੈਨੂੰ ਡਿਸਟਰਬ ਨਾ ਕਰ। ਤੂੰ ਮੈਨੂੰ ਕੰਜਰੀ ਸਮਝ ਰਖਿਐ? ਜੋ ਤੇਰੇ ਤੋਂ ਨਿਭਣੀਆਂ ਨਹੀਂ ਸੀ ਤਾਂ ਲਾਈਆਂ ਕਿਉਂ? ਨਾਲੇ ਅਜ ਤੋਂ ਬਾਅਦ ਮੈਨੂੰ ਹੱਥ ਲਾਇਆ ਤਾਂ ਮੈਂ ਹੱਥ ਤੋੜ ਦੇਵਾਂਗੀ। ਬੱਚੇ ਨੂੰ ਮਿਲ ਤੇ ਜਾਹ," ਆਖ ਕੇ ਮੈਂ ਉਸ ਨੂੰ ਬਾਹਰ ਦਾ ਬੂਹਾ ਦਿਖਾਇਆ।

ਉਹ ਹਮੇਸ਼ਾਂ ਲਈ ਚੁਪ ਹੋ ਗਿਆ। ਬੱਚਾ ਉਸ ਦੀ ਵੀ ਕਮਜ਼ੋਰੀ ਸੀ। ਉਹ ਚੁਪ-ਚਾਪ ਆਉਂਦਾ, ਬੱਚੇ ਨਾਲ ਖੇਡਦਾ ਤੇ ਚਲੇ ਜਾਂਦਾ।

ਹੁੰਦੀ-ਹੁੰਦੀ ਗੱਲ ਨਰਿੰਦਰ ਦੀ ਪਤਨੀ ਤਕ ਪਹੁੰਚ ਗਈ। ਉਹ ਸਾਹੋ-ਸਾਹੀ ਹੋਈ ਮੇਰੇ ਘਰ ਆਈ। ਆਉਂਦੇ ਸਾਰ ਪਹਿਲਾਂ ਤਿੰਨ-ਚਾਰ ਥੱਪੜ ਮੇਰੇ ਮੂੰਹ ਉਤੇ ਮਾਰੇ, ਫੇਰ ਮੇਰੇ ਵਾਲ ਪੁੱਟੇ। "ਕੰਜਰੀਏ, ਤੈਨੂੰ ਮੇਰਾ ਘਰ ਹੀ ਲਭਿਆ ਸੀ ਪੱਟਣ ਨੂੰ। ਥੋੜ੍ਹੀ ਖਲਕਤ ਤੁਰੀ ਫਿਰਦੀ ਹੈ। ਕਿਸੇ ਹੋਰ ਦੇ ਘਰ ਵਿਚ ਡਾਕਾ ਮਾਰਦੀ। ਇਕ ਆਹ ਕੀੜਾ ਜੰਮ ਸੁਟਿਆ, ਹਿੱਸਾ ਮੰਗਣ ਨੂੰ," ਉਹ ਅਮਨ ਵਲ ਵਧੀ।

"ਭੈਣ ਜੀ," ਮੈਂ ਭੱਜ ਕੇ ਅਗੇ ਆ ਗਈ।

"ਮੈਨੂੰ ਜੋ ਮਰਜ਼ੀ ਕਹੋ, ਮੈਂ ਤੁਹਾਡੀ ਚੋਰ ਹਾਂ। ਪਰ ਬੱਚਾ...!"

"ਚੁਪ ਕਰ। ਜ਼ਿਆਦਾ ਚੰਗੀ ਬਣਨ ਦੀ ਕੋਸ਼ਿਸ਼ ਨਾ ਕਰ ਮੇਰੇ ਸਾਹਮਣੇ। ਮੈਂ ਜਾਣਦੀ ਹਾਂ ਤੇਰੇ ਵਰਗੀਆਂ ਨੂੰ। ਦੂਜੀਆਂ ਦੇ ਆਦਮੀ ਸਾਂਭਣਾ ਤੁਹਾਡੇ ਖੱਬੇ ਹੱਥ ਦਾ ਕੰਮ ਹੁੰਦਾ ਹੈ ਪਰ ਮੈਂ ਵੀ ਕੋਈ ਗਏ-ਗੁਜ਼ਰੇ ਘਰ ਦੀ ਨਹੀਂ ਹਾਂ, ਬੜੀ ਮਜ਼ਬੂਤ ਚੀਜ਼ ਹਾਂ। ਤੇਰੇ ਵਰਗੀਆਂ ਕਈ ਆਈਆਂ ਤੇ ਗਈਆਂ ਪਰ ਨਰਿੰਦਰ ਨੂੰ ਮੇਰੇ ਤੋਂ ਕੋਈ ਨਹੀਂ ਖੋਹ ਸਕੀ। ਮੈਂ ਉਨ੍ਹਾਂ ਔਰਤਾਂ ਵਿਚੋਂ ਨਹੀਂ ਜਿਹੜੀਆਂ ਘਬਰਾ ਕੇ ਦੂਜੇ ਦਿਨ ਤਲਾਕ ਦੇ ਦਿੰਦੀਆਂ ਨੇ। ਮੈਂ ਸਮਝ ਲਊਂ, ਮੇਰਾ ਆਦਮੀ ਦੋ ਘੰਟੇ ਕੰਜਰੀ ਦੇ ਕੋਠੇ ਉਤੇ ਜਾਂਦਾ ਹੈ। ਅਖੀਰ ਰਾਤ ਨੂੰ ਤਾਂ ਮੇਰੇ ਕੋਲ ਘਰ ਹੀ ਆਉਂਦਾ ਹੈ ਨਾ। ਤੇਰੇ ਵਰਗੀਆਂ ਜੇ ਦਸ ਵੀ ਆ ਜਾਣ ਤਾਂ ਮੇਰਾ ਕੁਝ ਨਹੀਂ ਵਿਗਾੜ ਸਕਦੀਆਂ। ਬਿਗਾਨੀ ਅੱਗ ਉਤੇ ਕਿੰਨੇ ਕੁ ਦਿਨ ਹੱਡ ਸੇਕੇਂਗੀ। ਆਖਰ ਆਦਮੀ ਤਾਂ ਮੇਰਾ ਹੀ ਰਹੇਗਾ," ਉਹ ਅੱਗ ਬੁਕਦੀ ਤੇ ਅੰਗਿਆਰ ਹਗਦੀ ਵਾਪਸ ਚਲੀ ਗਈ।

ਮੈਨੂੰ ਉਸ ਉਤੇ ਤਰਸ ਆਇਆ। ਧੋਖਾ ਉਸ ਨਾਲ ਵੀ ਹੋਇਆ ਸੀ। ਮੈਂ ਸੋਚਿਆ ਸੀ ਕਿ ਬਲਜੀਤ ਕੋਈ ਬਦਸੂਰਤ ਜਿਹੀ ਔਰਤ ਹੋਵੇਗੀ। ਉਹ ਤਾਂ ਕਾਫੀ ਸੁਹਣੀ-ਸੁਨੱਖੀ, ਭਰੇ-ਪੂਰੇ ਜਿਸਮ ਦੀ ਮਾਲਕ ਸੀ। ਮੈਂ ਸੋਚ ਰਹੀ ਸੀ, ਅਨਜਾਣੇ ਵਿਚ ਹੀ ਕਿਸੇ ਵਿਆਹੇ ਹੋਏ ਬੰਦੇ ਨਾਲ ਪਿਆਰ ਪਾ ਕੇ ਮੈਂ ਕਿੰਨਾ ਗਲਤ ਕੰਮ ਕੀਤਾ ਸੀ ਪਰ ਮੇਰਾ ਕਸੂਰ ਕੀ ਸੀ? ਇਹ ਤਾਂ ਨਰਿੰਦਰ ਹੀ ਸੀ ਜੋ ਬਲਜੀਤ ਦਾ ਨਕਸ਼ਾ ਹੀ ਹੋਰ ਖਿਚਦਾ ਰਿਹਾ ਮੇਰੇ ਸਾਹਮਣੇ।

ਬਲਜੀਤ ਨੇ ਸਾਰੇ ਸ਼ਹਿਰ ਵਿਚ ਢਿੰਡੋਰਾ ਪਿੱਟ ਦਿਤਾ ਕਿ ਮੈਂ ਉਸ ਦੇ ਆਦਮੀ ਨੂੰ ਲੁਟ ਕੇ ਖਾ ਰਹੀ ਹਾਂ। ਇਕ ਦਿਨ ਨਰਿੰਦਰ ਕਿਤੇ ਬਾਹਰ ਗਿਆ ਹੋਇਆ ਸੀ ਤਾਂ ਉਸ ਦਾ ਲੜਕਾ ਪਿਛੋਂ ਆਇਆ। ਮੈਂ ਬੂਹਾ ਖੋਲ੍ਹਿਆ।

"ਆਂਟੀ! ਮੇਰਾ ਡੈਡ ਅਜ ਬਾਹਰ ਗਿਆ ਹੋਇਆ ਹੈ। ਜੇ ਤੇਰਾ ਨਹੀਂ ਸਰਦਾ ਤਾਂ ਮੈਂ ਆਵਾਂ ਅੱਜ ਰਾਤ ਤੇਰੇ ਕੋਲ," ਉਹ ਹਸਿਆ।

ਮੈਂ ਕੀ ਕਹਿੰਦੀ। ਪਰ ਉਸ ਦਿਨ ਤੋਂ ਮੈਨੂੰ ਬਲਜੀਤ ਨਾਲ ਨਫਰਤ ਹੋ ਗਈ।

ਮੇਰੇ ਲਈ ਤਾਂ ਪੈਸਾ ਪਹਿਲਾਂ ਹੀ ਕੁਝ ਮਾਇਨੇ ਨਹੀਂ ਰਖਦਾ ਸੀ, ਹੁਣ ਤਾਂ ਪੈਸੇ ਵਾਲਿਆਂ ਦੇ ਚਿਹਰੇ ਬੁਰੀ ਤਰ੍ਹਾਂ ਨੰਗੇ ਹੋ ਗਏ ਸੀ ਮੇਰੇ ਸਾਹਮਣੇ। ਮੈਂ ਬਹੁਤ ਮਿਹਨਤ ਕਰਨੀ ਸ਼ੁਰੂ ਕਰ ਦਿਤੀ। ਮੈਂ ਚਾਹੁੰਦੀ ਸਾਂ ਮੇਰਾ ਬੱਚਾ ਬਹੁਤ ਅੱਛੀ ਐਜੂਕੇਸ਼ਨ ਲਵੇ। ਵਧੀਆ ਸਕੂਲ ਵਿਚ ਪੜ੍ਹੇ ਤੇ ਦੁਨੀਆਂ ਦਾ ਬਿਹਤਰੀਨ ਬੰਦਾ ਬਣੇ। ਮੈਨੂੰ ਹਰ ਬੰਦੇ ਨੇ ਨਫਰਤ ਕੀਤੀ ਹੈ, ਆਸ਼ਾ। ਹਰ ਬੰਦੇ ਨੇ ਮੈਨੂੰ ਗਲਤ ਸਮਝਿਆ। ਸ਼ਾਇਦ ਮੇਰਾ ਬੱਚਾ ਵੀ ਵਡਾ ਹੋ ਕੇ ਮੈਨੂੰ ਨਫਰਤ ਕਰੇ, ਪਰ ਮੈਂ ਆਪਣੇ ਖ਼ੂਨ ਦੀਆਂ ਘੁੱਟਾਂ ਨਾਲ ਇਸ ਨੂੰ ਪਾਲ ਰਹੀ ਹਾਂ। ਇਹਦੇ ਵਿਚ ਸਭ ਕੁਝ ਇਹਦੇ ਬਾਪ ਵਾਲਾ ਹੈ। ਉਹੀ ਅੱਖਾਂ, ਉਹੀ ਬੁਲ੍ਹ ਤੇ ਉਹੀ ਮੁਸਕਾਨ। ਜਦੋਂ ਇਹ ਘੰਟਾ-ਘੰਟਾ ਮੇਰੇ ਵਾਲਾਂ ਨਾਲ ਖੇਡਦਾ ਹੈ ਜਾਂ ਮੇਰੇ ਪੈਰ ਫੜ ਕੇ ਬੈਠ ਜਾਂਦਾ ਹੈ ਤਾਂ ਜਿਵੇਂ ਨਰਿੰਦਰ ਫੇਰ ਮੇਰੇ ਸਾਹਮਣੇ ਬੈਠਾ ਹੁੰਦਾ ਹੈ। ਨਰਿੰਦਰ ਨੂੰ ਤਾਂ ਮੈਂ ਮਾਫ ਨਹੀਂ ਕਰ ਸਕਦੀ। ਮਾਫ ਕਰਨ ਨੂੰ ਕਿਹੜਾ ਮੈਂ ਉਸ ਨੂੰ ਨਫਰਤ ਕਰਨੀ ਹਾਂ। ਨਫਰਤ ਵੀ ਉਸ ਨੂੰ ਕੀਤੀ ਜਾਂਦੀ ਹੈ ਜਿਸ ਦੀ ਕੋਈ ਕੀਮਤ ਤੁਹਾਡੀਆਂ ਨਜ਼ਰਾਂ ਵਿਚ ਹੋਵੇ। ਜਿਹੜਾ ਬੰਦਾ ਨਜ਼ਰਾਂ ਵਿਚੋਂ ਗਿਰ ਜਾਵੇ, ਉਹ ਨਫਰਤ ਦੇ ਵੀ ਕਾਬਲ ਨਹੀਂ ਰਹਿੰਦਾ।

ਹੁਣ ਤਾਂ ਮੈਂ ਤੇ ਮੇਰਾ ਬੱਚਾ, ਬੱਸ ਇਹੀ ਮੇਰੀ ਜ਼ਿੰਦਗੀ ਹੈ। ਜੇ ਇਹ ਨਾ ਹੁੰਦਾ ਤਾਂ ਪਤਾ ਨਹੀਂ ਮੈਂ ਅੱਜ ਕਿਥੇ ਹੁੰਦੀ।

ਉਸ ਨੇ ਜਿਵੇਂ ਕਹਾਣੀ ਦਾ ਅਖੀਰ ਕੀਤਾ। "ਰੁਪਿੰਦਰ ਬੱਚਾ ਤਾਂ ਤੇਰਾ ਬਹੁਤ ਖ਼ੂਬਸੂਰਤ ਹੈ। ਖਾਸ ਕਰਕੇ ਜਦੋਂ ਮੈਂ ਉਸ ਦੇ ਕੇਸ ਰੱਖੇ ਵੇਖਦੀ ਹਾਂ ਤਾਂ ਪਤਾ ਲਗਦਾ ਹੈ ਕਿ ਤੇਰਾ ਸਿੱਖ ਧਰਮ ਵਿਚ ਕਿੰਨਾ ਵਿਸ਼ਵਾਸ ਹੈ। ਪਰ ਤੈਨੂੰ ਇਹ ਖਿਆਲ ਕਿਵੇਂ ਆਇਆ ਕਿ ਤੇਰਾ ਬੱਚਾ ਪੱਗ ਬੰਨ੍ਹੇ?" ਮੈਂ ਪੁਛਿਆ।

"ਆਸ਼ਾ ਇਕ ਵਾਰ ਜਦੋਂ ਅਮਨ ਪੰਜ ਕੁ ਸਾਲ ਦਾ ਸੀ ਤਾਂ ਸਕੂਲੋਂ ਆਇਆ। ਰਾਤ ਨੂੰ ਮੈਂ ਜਦੋਂ ਉਸ ਨੂੰ ਸੁਲਾਉਣ ਲਈ ਕਹਾਣੀ ਸੁਣਾਉਣ ਲੱਗੀ ਤਾਂ ਉਹ ਬੋਲਿਆ, "ਮੌਮ! ਟੈਲ ਮੀ ਸਮਥਿੰਗ ਅਬਾਊਟ ਗੋਲਡਨ ਟੈਂਪਲ?" ਜਦੋਂ ਉਸ ਨੇ ਆਪਣੀਆਂ ਨਿੱਕੀਆਂ-ਨਿੱਕੀਆਂ ਬਾਹਾਂ ਮੇਰੀ ਗਰਦਨ ਦੁਆਲੇ ਲਪੇਟੀਆਂ ਤਾਂ ਮੈਨੂੰ ਲੱਗਿਆ ਜਿਵੇਂ ਮੇਰਾ ਕੋਈ ਕਣ ਪਹਿਲੀ ਵਾਰੀ ਉਸ ਵਿਚ ਜਾਗਿਆ ਹੋਵੇ। ਮੈਨੂੰ ਉਹ ਬੜਾ ਪਿਆਰਾ ਲੱਗਿਆ ਤੇ ਮੈਂ ਦੂਜੇ ਦਿਨ ਹੀ ਇੰਡੀਆ ਜਾਣ ਲਈ ਸੀਟਾਂ ਬੁਕ ਕਰਵਾ ਲਈਆਂ। ਨਰਿੰਦਰ ਨੂੰ ਪਤਾ ਲੱਗਿਆ ਤਾਂ ਉਹ ਬਹੁਤ ਬੋਲਿਆ, "ਬੱਚੇ ਨੂੰ ਕਿਥੇ ਲੈ ਕੇ ਜਾਵੇਂਗੀ ਏਨੀ ਗਰਮੀ ਵਿਚ? ਬੀਮਾਰ ਹੋ ਜਾਵੇਗਾ।" ਪਰ ਮੇਰੀ ਜ਼ਿਦ ਅੱਗੇ ਉਸ ਦੀ ਇਕ ਨਾ ਚੱਲੀ। ਹਾਰ ਕੇ ਉਹ ਵੀ ਨਾਲ ਹੀ ਤੁਰ ਪਿਆ।

ਉਹ ਮੈਨੂੰ ਆਪਣੇ ਪਿੰਡ ਲੈ ਗਿਆ। ਮੇਰੇ ਅੰਦਰ ਰੋਸ਼ਨੀ ਦੀ ਕੋਈ ਲੀਕ ਜਿਹੀ ਉਠੀ। ਸ਼ਾਇਦ ਉਹ ਮੈਨੂੰ ਆਪਣੇ ਮਾਂ-ਬਾਪ ਦੇ ਘਰ ਲੈ ਕੇ ਜਾਵੇਗਾ। ਸ਼ਾਇਦ ਉਹ ਇਸ ਰਿਸ਼ਤੇ ਨੂੰ ਉਥੇ ਜਾ ਕੇ ਕੋਈ ਨਾਂ ਦੇਵੇਗਾ। ਪਰ ਉਹ ਮੈਨੂੰ ਖੂਹ ਵਾਲੇ ਘਰ ਵਿਚ ਲੈ ਗਿਆ। ਖੇਤਾਂ ਵਿਚ ਖੂਹ ਦੇ ਲਾਗੇ ਇਕ ਕੱਚਾ ਜਿਹਾ ਘਰ ਸੀ ਤੇ ਉਥੇ ਮਹਿਮਾਨਾਂ ਦੇ ਠਹਿਰਨ ਲਈ ਸ਼ਾਇਦ ਗੈਸਟ ਹਾਊਸ ਬਣਿਆ ਹੋਇਆ ਸੀ। ਮੈਨੂੰ ਫੇਰ ਆਪਣੀ ਔਕਾਤ ਦਾ ਅਹਿਸਾਸ ਹੋਇਆ, ਤੇ ਦਿਲ ਵਿਚ ਜਿਹੜੀ ਰੋਸ਼ਨੀ ਦੀ ਲੀਕ ਉਠੀ ਸੀ, ਉਹ ਫੇਰ ਨਫਰਤ ਵਿਚ ਬਦਲ ਗਈ। ਨਾ ਉਸ ਦੇ ਘਰੋਂ ਕੋਈ ਮੈਨੂੰ ਮਿਲਣ ਆਇਆ ਤੇ ਨਾ ਉਹ ਮੈਨੂੰ ਘਰ ਲੈ ਕੇ ਗਿਆ। ਸ਼ਾਇਦ ਲੋਕ ਕਹਿੰਦੇ ਹੋਣਗੇ, ਵਲੈਤੋਂ ਕੋਈ ਕੰਜਰੀ ਆਈ ਹੋਈ ਹੈ। ਅਸੀਂ ਸਾਰਾ ਪੰਜਾਬ ਘੁੰਮੇ। ਹਰਿਮੰਦਰ ਸਾਹਿਬ ਵੀ ਗਏ। ਆਉਣ ਤੋਂ ਇਕ ਦਿਨ ਪਹਿਲਾਂ ਮੈਂ ਅਮਨ ਨੂੰ ਲੈ ਕੇ ਪਿੰਡ ਦੇ ਗੁਰਦੁਆਰੇ ਵਿਚ ਮੱਥਾ ਟੇਕਣ ਗਈ। ਮੇਰੇ ਨਾਲ ਘਰ ਦੀ ਸਫਾਈ ਕਰਨ ਵਾਲੀ ਜਮਾਂਦਾਰਨੀ ਵੀ ਸੀ ਜੋ ਅਮਨ ਨੂੰ ਹਰ ਵੇਲੇ ਗੋਦੀ ਚੁਕ ਕੇ ਮੇਰੇ ਨਾਲ ਚਲਦੀ ਸੀ। "ਆਹ ਕਾਕਾ ਜੀ ਕੌਣ ਨੇ ਭਾਈ?" ਗ੍ਰੰਥੀ ਨੇ ਨੌਕਰਾਣੀ ਨੂੰ ਪੁਛਿਆ। "ਵਲੈਤੋਂ 'ਛੋਟੀ ਸਰਦਾਰਨੀ' ਜੀ ਆਏ ਨੇ, ਭਾਈ ਜੀ। ਆਹ ਕਾਕਾ ਉਨ੍ਹਾਂ ਦਾ ਹੀ ਹੈ," ਆਖ ਕੇ ਉਸ ਨੇ ਬਾਬਾ ਜੀ ਅਗੇ ਮੱਥਾ ਟੇਕਿਆ। ਮੇਰੀਆਂ ਭੁਬਾਂ ਨਿਕਲ ਗਈਆਂ। ਮੈਂ ਜਮਾਂਦਾਰਨੀ ਦੇ ਗਲ ਲਗ ਕੇ ਫੁਟ-ਫੁਟ ਰੋ ਪਈ। ਜਿਵੇਂ ਸਾਲਾਂ ਦੀ ਬੱਧੀ ਵੇਦਨਾ ਹੰਝੂਆਂ ਦੇ ਹੜ ਵਿਚ ਵਹਿ ਤੁਰੀ ਸੀ। ਅਮਨ ਦੇ ਪੈਦਾ ਹੋਣ ਤੋਂ ਬਾਅਦ ਅੱਜ ਮੈਂ ਪਹਿਲੀ ਵਾਰ ਰੋਈ ਸੀ।

ਜਮਾਂਦਾਰਨੀ ਬੋਲੀ, "ਬੱਸ ਕਰੋ, ਸਰਦਾਰਨੀ ਜੀ, ਸਾਨੂੰ ਕਿਹੜਾ ਪਤਾ ਨਹੀਂ। ਸਭ ਸਮਝਦੇ ਆਂ, ਪਰ ਕਹਿ ਨਹੀਂ ਸਕਦੇ। ਅਖੇ ਵੱਡੇ ਬੰਦਿਆਂ ਦੀਆਂ ਵੱਡੀਆਂ ਗੱਲਾਂ। ਅਸੀਂ ਕਮੀਨ ਹੋਏ ਪਰ ਪਤਾ ਸਭ ਕਾਸੇ ਦਾ ਐ। ਜੱਟ ਹੱਥ ਆਈ ਤੀਵੀਂ ਤੇ ਜ਼ਮੀਨ ਕਦੇ ਨਹੀਂ ਛਡਦਾ। ਮੌਕਾ ਮਿਲੇ ਤਾਂ ਦੂਜੇ ਦੀ ਵੀ ਸਾਂਭ ਲੈਂਦੈ। ਭਲਾ ਦਾਈਆਂ ਤੋਂ ਢਿਡ ਲੁਕੇ ਨੇ। ਮੈਂ ਕਿਉਂ ਝੂਠ ਬੋਲਾਂ, ਮਹਾਰਾਜ ਦੇ ਘਰ ਵਿਚ ਖੜੀ ਆਂ।" ਪਤਾ ਨਹੀਂ, ਉਹ ਕੀ ਕੀ ਬੋਲਦੀ ਰਹੀ ਪਰ ਮੇਰੇ ਕੰਨਾਂ ਵਿਚ 'ਛੋਟੀ ਸਰਦਾਰਨੀ' ਲਫ਼ਜ਼ ਹੀ ਗੂੰਜ ਰਹੇ ਸਨ। ਜਿਵੇਂ ਜ਼ਿੰਦਗੀ ਦੇ ਸਾਰੇ ਉਲਾਂਭੇ ਲਹਿ ਗਏ ਸੀ। ਤੇ ਉਸ ਵੇਲੇ ਮੈਂ ਫੈਸਲਾ ਕਰ ਲਿਆ ਸੀ ਕਿ ਮੈਂ ਆਪਣੇ ਪੁਤਰ ਨੂੰ ਸਿੰਘ ਸਜਾਵਾਂਗੀ।

"ਰੱਬ ਦੇ ਘਰ ਵਿਚ ਪਹਿਲੀ ਵਾਰ ਕਿਸੇ ਨੇ ਮੈਨੂੰ ਪਹਿਚਾਣਿਆ ਸੀ!"

# ਅਦਾਕਾਰਾ ਮੈਂਡੀ ਤੱਖੜ ਦੀ ਹਿੰਮਤ

ਅਦਾਕਾਰਾ ਮੈਂਡੀ ਤੱਖੜ ਕੁਝ ਹਟ ਕੇ ਕਰਨ ਵਿਚ ਕਦੇ ਅਸਫਲ ਨਹੀਂ ਹੁੰਦੀ। ਫਿਰ ਭਾਵੇਂ ਇਹ ਉਸ ਦੀ ਆਉਣ ਵਾਲੀ ਫਿਲਮ 'ਹਾਏ ਨੀ ਮੇਰੀ ਮੋਟੋ' ਲਈ 45 ਕਿਲੋ ਭਾਰ ਵਧਾਉਣ ਲਈ ਹੌਸਲਾ ਕਰਨ ਦੀ ਗੱਲ ਹੋਵੇ ਜਾਂ ਫਿਰ 'ਕਿੱਕਲੀ' ਫਿਲਮ ਨਾਲ ਨਿਰਮਾਤਾ ਤੇ ਸਹਿ-ਨਿਰਦੇਸ਼ਕ ਬਣਨ ਦੀ। ਇਸ ਸਾਦਗੀ ਭਰਪੂਰ ਅਦਾਕਾਰਾ ਨੇ ਕਈ ਵੱਡੀਆਂ ਫਿਲਮਾਂ ਜਿਵੇਂ 'ਸਰਦਾਰ ਜੀ', 'ਰੱਬ ਦਾ ਰੇਡੀਓ' ਅਤੇ 'ਦਿ ਸਾਹਿਬਾ ਆਫ ਮਿਰਜ਼ਾ- ਦਿ ਅਨਟੋਲਡ ਸਟੋਰੀ' ਕੀਤੀਆਂ ਹਨ। ਪੰਜਾਬੀ ਫਿਲਮ ਜਗਤ 'ਚ ਆਪਣਾ ਖ਼ਾਸ ਮੁਕਾਮ ਬਣਾ ਚੁੱਕੀ ਇਹ ਅਦਾਕਾਰਾ ਬੇਬਾਕੀ ਨਾਲ ਆਪਣੀ ਗੱਲ ਰੱਖਣ ਲਈ ਜਾਣੀ ਜਾਂਦੀ ਹੈ।

ਫਿਲਮ 'ਕਿੱਕਲੀ' ਰਾਹੀਂ ਨਿਰਮਾਤਾ ਬਣਨ ਲਈ ਮੈਂਡੀ ਨੇ ਇਹ ਤਰਕ ਦਿੱਤਾ, "ਇਸ ਇੰਡਸਟਰੀ ਵਿਚ ਪਿਛਲੇ 10 ਸਾਲਾਂ ਤੋਂ ਮੈਂ ਨਿਰਮਾਤਾਵਾਂ ਦੇ ਪਿੱਛੇ ਆਪਣੇ ਪੈਸੇ ਲੈ ਕੇ ਭੱਜ-ਭੱਜ ਕੇ ਥੱਕ ਚੁੱਕੀ ਹਾਂ, ਉਨ੍ਹਾਂ ਨੂੰ ਕਿਸੇ ਖਾਸ ਵਿਸ਼ੇ 'ਤੇ ਫਿਲਮ ਬਣਾਉਣ ਲਈ ਕਹਿਣਾ ਵੀ ਹੁਣ ਮੇਰੇ ਵਸ ਦੀ ਗੱਲ ਨਹੀਂ। ਇਸ ਤੋਂ ਇਲਾਵਾ ਜੇ ਤੁਸੀਂ ਖ਼ੁਦ ਕਿਸੇ ਪ੍ਰੋਜੈਕਟ ਲਈ ਅੱਗੇ ਹੁੰਦੇ ਹੋ ਤਾਂ ਇਹ ਜ਼ਿਆਦਾ ਸਨਮਾਨ ਦਿਵਾਉਂਦਾ ਹੈ।" ਨਿਰਮਾਤਾ ਦੇ ਨਾਲ-ਨਾਲ ਉਹ ਅਦਾਕਾਰਾ ਵੀ ਹੈ। ਇਸ ਸਬੰਧੀ ਉਹ ਕਹਿੰਦੀ ਹੈ- "ਅਦਾਕਾਰ ਦਾ ਕੰਮ ਵੀ ਸੌਖਾ ਨਹੀਂ ਹੁੰਦਾ। ਪ੍ਰਸ਼ੰਸਕਾਂ ਦੇ ਤੁਹਾਡੇ ਪਿੱਛੇ ਭੱਜਣ ਤੋਂ ਇਲਾਵਾ ਪ੍ਰਸਿੱਧੀ ਦੇ ਚੰਗੇ ਪੱਖ ਤੋਂ ਪਰ੍ਹੇ, ਪਰਦੇ ਪਿੱਛੇ ਜੋ ਵਾਪਰਦਾ ਹੈ, ਉਹ ਵੱਖਰੀ ਕਹਾਣੀ ਹੁੰਦੀ ਹੈ।"

ਪੰਜਾਬੀ ਫਿਲਮ ਸਨਅਤ ਜ਼ਿਆਦਾਤਰ ਪੁਰਸ਼ਾਂ ਦੁਆਲੇ ਘੁੰਮਦੀ ਹੋਣ ਦੇ ਸਵਾਲ 'ਤੇ ਮੈਂਡੀ ਦਾ ਮੰਨਣਾ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਜ਼ਿਕਰਯੋਗ ਤਬਦੀਲੀ ਆਈ ਹੈ ਤੇ ਨਿੱਗਰ ਔਰਤ ਕਿਰਦਾਰਾਂ 'ਤੇ ਕੇਂਦਰਤ ਫਿਲਮਾਂ ਬਣ ਰਹੀਆਂ ਹਨ ਪਰ ਕੀ ਇਨ੍ਹਾਂ ਨੂੰ ਉਹ ਹੱਲਾਸ਼ੇਰੀ ਮਿਲੇਗੀ ਜਿਸ ਦੀਆਂ ਇਹ ਹੱਕਦਾਰ ਹਨ। ਇਹ ਐਨ ਵੱਖਰਾ ਮਾਮਲਾ ਹੈ। ਉਹ ਕਹਿੰਦੀ ਹੈ, "ਹਰ ਫਿਲਮ ਉਦਯੋਗ ਦੀ ਇਹੀ ਕਹਾਣੀ ਹੈ। ਅਦਾਕਾਰਾਵਾਂ ਨੂੰ ਉਨ੍ਹਾਂ ਦੇ ਪੁਰਸ਼ ਸਾਥੀਆਂ ਨਾਲੋਂ ਕਾਫ਼ੀ ਘੱਟ ਅਦਾਇਗੀ ਕੀਤੀ ਜਾਂਦੀ ਹੈ" ਪਰ ਜਦ ਕੰਮ ਔਰਤ ਦੇ ਕੰਟਰੋਲ ਵਿਚ ਹੁੰਦਾ ਹੈ ਤਾਂ ਅਸੀਂ ਔਰਤਾਂ ਬਾਰੇ ਅਹਿਮ ਵਿਸ਼ੇ ਵਾਲੀ ਫਿਲਮ ਦੀ ਆਸ ਕਰ ਸਕਦੇ ਹਾਂ।

'ਕਿੱਕਲੀ' ਜਿਸ ਵਿਚ ਉਸ ਤੋਂ ਇਲਾਵਾ ਉੱਭਰਦੀ ਹੋਈ ਸਟਾਰ ਵਾਮਿਕਾ ਗੱਬੀ ਦੀ ਵੀ ਅਹਿਮ ਭੂਮਿਕਾ ਹੈ, ਤਿਕੋਣੀ ਪ੍ਰੇਮ ਕਹਾਣੀ ਹੈ। ਵਾਮਿਕਾ ਨੂੰ ਇਸ ਫਿਲਮ 'ਚ ਲੈਣ ਦੇ ਕਾਰਨ ਮੈਂਡੀ ਲਈ ਨਿੱਜੀ ਹਨ। ਉਹ ਵਾਮਿਕਾ ਨੂੰ ਉਦੋਂ ਤੋਂ ਜਾਣਦੀ ਹੈ ਜਦ ਉਹ 17-18 ਸਾਲਾਂ ਦੀ



ਸੀ। ਵਾਮਿਕਾ ਅਤੇ ਕੁਝ ਹੋਰਾਂ ਜਿਵੇਂ ਐਮੀ ਵਿਰਕ ਨੂੰ ਉਹ ਕਰੀਬੀ ਦੋਸਤ ਮੰਨਦੀ ਹੈ ਪਰ ਖ਼ਾਸ ਤੌਰ 'ਤੇ ਵਾਮਿਕਾ ਦੀ ਸਫਲਤਾ ਉਸ ਨੂੰ 'ਆਪਣੀ ਲੱਗਦੀ' ਹੈ।

ਬਰਤਾਨੀਆ 'ਚ ਪੈਦਾ ਹੋਣ ਦੇ ਬਾਵਜੂਦ ਉਹ ਕਿਹੜੀ ਚੀਜ਼ ਸੀ ਜਿਸ ਨੇ ਮੈਂਡੀ ਨੂੰ ਪੰਜਾਬੀ ਸਿਨੇਮਾ ਵੱਲ ਖਿੱਚਿਆ? ਇਹ ਪੁੱਛਣ 'ਤੇ ਉਹ ਹੱਸਦੀ ਹੈ ਤੇ ਦੱਸਦੀ ਹੈ, "ਬਰਤਾਨੀਆ 'ਚ ਪੰਜਾਬੀ, ਪੰਜਾਬ ਵਿਚਲਿਆਂ ਨਾਲੋਂ ਵੀ ਵੱਧ ਪੰਜਾਬੀ ਹਨ। ਮਾਪਿਆਂ ਨੂੰ ਫ਼ਿਕਰ ਹੁੰਦਾ ਹੈ ਕਿ ਉਨ੍ਹਾਂ ਦੇ ਬੱਚੇ 'ਪੂਰੇ ਅੰਗਰੇਜ਼' ਨਾ ਬਣ ਜਾਣ ਤੇ ਅਸੀਂ ਪੂਰੇ 'ਪੰਜਾਬੀ' ਬਣ ਗਏ। ਮੈਂ ਪੰਜਾਬੀ ਲਿਖ ਤੇ ਪੜ੍ਹ ਸਕਦੀ ਹਾਂ। ਇਹ ਮੇਰੇ ਮਨ 'ਚ ਹੈ ਕਿ ਮੈਂ ਆਪਣੇ ਸੂਬੇ ਨੂੰ ਮਾਣ ਮਹਿਸੂਸ ਕਰਾਵਾਂ।" ਅਸਲ 'ਚ ਉਹ ਨਵੀਂ ਪਿਰਤ ਕਿਉਂ ਪਾਉਣਾ ਚਾਹੁੰਦੀ ਹੈ ਤੇ ਆਪਣੇ ਪ੍ਰੋਡਕਸ਼ਨ ਅਦਾਰੇ ਵਿਚ ਨਵੀਂ ਪ੍ਰਤਿਭਾ ਨੂੰ ਮੌਕਾ ਕਿਉਂ ਦੇਣਾ ਚਾਹੁੰਦੀ ਹੈ? ਇਸ 'ਤੇ ਮੈਂਡੀ ਦਾ ਜਵਾਬ ਹੈ ਕਿ ਉਹ ਮਹਿਸੂਸ ਕਰਦੀ ਹੈ ਕਿ ਪੰਜਾਬੀ ਫਿਲਮ ਜਗਤ ਬਹੁਤ ਛੋਟਾ ਹੈ ਜਿਸ ਵਿਚ 'ਨਿਰੋਲ ਅਦਾਕਾਰਾਂ ਨਾਲੋਂ ਗਾਇਕ-ਅਦਾਕਾਰ ਜ਼ਿਆਦਾ ਹਨ'।

ਮੈਂਡੀ ਨੇ 'ਕਿੱਕਲੀ' ਵਿਚ ਜੋਬਨਪ੍ਰੀਤ ਸਿੰਘ ਨੂੰ ਲਿਆ ਹੈ ਜਿਸ ਨਾਲ ਉਹ ਪਹਿਲਾਂ 'ਸਾਕ' ਵਿਚ ਕੰਮ ਕਰ ਚੁੱਕੀ ਹੈ। ਉਹ ਆਪਣੇ ਸਹਿ-ਅਦਾਕਾਰ ਰਹਿ ਚੁੱਕੇ ਦਿਲਜੀਤ ਦੋਸਾਂਝ ਅਤੇ ਸਿੱਧੂ ਮੂਸੇਵਾਲਾ ਦੀ ਵੀ ਸਿਫ਼ਤ ਕਰਦੀ ਹੈ। ਮੈਂਡੀ ਮੁਤਾਬਕ ਉਸ ਨੇ ਦਿਲਜੀਤ ਕੋਲੋਂ ਅਨੁਸ਼ਾਸਨ ਅਤੇ ਸਿੱਧੂ ਕੋਲੋਂ ਨਿਰਮਲਤਾ ਦਾ ਸਬਕ ਸਿੱਖਿਆ। ਉਸ ਦਾ ਕਹਿਣਾ ਹੈ ਕਿ 'ਹਰ ਕਿਸੇ ਦਾ ਆਪਣਾ ਜਾਦੂ ਹੈ।'

ਪੰਜਾਬੀ ਸਿਨੇਮਾ ਦੀ ਹਾਲੇ ਓਨੀ ਪਹੁੰਚ ਨਹੀਂ ਬਣੀ ਜਿੰਨੀ ਪੰਜਾਬੀ ਸੰਗੀਤ ਦੀ ਬਣੀ ਹੈ ਜਿਸ ਦੀਆਂ ਧੁਨਾਂ ਸਾਨੂੰ ਹਰ ਦੂਜੀ ਹਿੰਦੀ ਫਿਲਮ ਵਿਚ ਸੁਣਨ ਨੂੰ ਮਿਲਦੀਆਂ ਹਨ। ਮੈਂਡੀ ਜ਼ੋਰ ਦੇ ਕੇ ਕਹਿੰਦੀ ਹੈ, "ਪਿਛਲੇ ਪੰਜ ਸਾਲਾਂ ਵਿਚ ਕਾਫ਼ੀ ਵੱਡੀ ਤਬਦੀਲੀ ਆਈ ਹੈ।"

ਹਾਲਾਂਕਿ ਅੱਜ ਵੀ ਹਿੰਦੀ ਫਿਲਮਾਂ ਦੇ ਦਰਸ਼ਕ ਜਾਂ ਦੱਖਣ ਭਾਰਤੀ ਦਰਸ਼ਕ ਪੰਜਾਬੀ ਫਿਲਮਾਂ ਦੇਖਦੇ ਹਨ ਜਾਂ ਨਹੀਂ, ਇਹ ਵੱਡਾ ਸਵਾਲ ਹੈ ਪਰ ਨਿਰਮਾਤਾ ਤੇ ਅਦਾਕਾਰ ਤਜਰਬੇ ਜ਼ਰੂਰ ਕਰ ਰਹੇ ਹਨ। 'ਹਾਏ ਨੀ ਮੇਰੀ ਮੋਟੋ' ਨੂੰ ਹੀ ਲੈ ਲਓ ਜੋ 'ਬੌਡੀ ਸ਼ੇਮਿੰਗ' (ਸਰੀਰਕ ਦਿਖ 'ਤੇ ਕਿਸੇ ਦਾ ਮਜ਼ਾਕ ਉਡਾਉਣਾ) ਬਾਰੇ ਇੱਕ ਤੋਂ ਵੱਧ ਕਈ ਰੂੜ੍ਹੀਵਾਦੀ ਵਿਚਾਰਾਂ ਨੂੰ ਚੁਣੌਤੀ ਦਿੰਦੀ ਹੈ।

ਮੈਂਡੀ ਮੁਤਾਬਕ, "ਬੌਡੀ ਸ਼ੇਮਿੰਗ ਕਾਫ਼ੀ ਵਧ ਗਿਆ ਹੈ। ਇਹ ਕਿਸੇ ਨੂੰ ਬੁਲਾਉਣ ਦਾ ਨਵਾਂ ਤਰੀਕਾ ਹੀ ਬਣ ਗਿਆ ਹੈ। ਲੋਕ ਤੁਹਾਨੂੰ ਮਿਲਣ 'ਤੇ ਝੱਟ ਪੁੱਛਣਗੇ ਕਿ ਤੇਰਾ ਭਾਰ ਵਧ ਗਿਆ ਲਗਦਾ ਹੈ ਜਾਂ ਲਗਦਾ ਹੈ ਕਿ ਭਾਰ ਘਟਾ ਲਿਆ ਹੈ।" ਫਿਲਮ ਲਈ 45 ਕਿਲੋ ਭਾਰ ਵਧਾਉਣਾ ਕੋਈ ਮਜ਼ਾਕ ਨਹੀਂ ਤੇ ਉਹ ਇਸ ਦੇ ਵਿਰੁੱਧ ਜਾਂ ਹੱਕ ਵਿਚ ਕੋਈ ਸਲਾਹ ਨਹੀਂ ਦੇਵੇਗੀ ਪਰ ਉਸ ਨੇ ਐਨਾ ਭਾਰ ਵਧਾਉਣਾ ਇਸ ਲਈ ਚੁਣਿਆ ਕਿਉਂਕਿ 'ਬੌਡੀ ਸੂਟ ਜਾਂ ਹੋਰ ਚੀਜ਼ਾਂ ਨਕਲੀ ਲੱਗਦੀਆਂ ਹਨ।" ਉਸ ਨੇ ਦੱਸਿਆ ਕਿ ਫਿਲਮ 'ਹਾਏ ਨੀ ਮੇਰੀ ਮੋਟੋ'



ਕਈ ਮੁੱਦਿਆਂ ਨਾਲ ਨਜਿੱਠਦੀ ਹੈ ਜਿਸ ਵਿਚ ਸਾਡਾ ਗੋਰੇ ਰੰਗ ਪ੍ਰਤੀ ਲਗਾਓ ਵੀ ਸ਼ਾਮਲ ਹੈ।

ਇਸ ਮਹੀਨੇ ਰਹੱਸਪੂਰਨ ਰੁਮਾਂਟਿਕ ਕਾਮੇਡੀ 'ਮਿਸਟਰ ਸ਼ੁਦਾਈ' ਰਿਲੀਜ਼ ਹੋ ਰਹੀ ਹੈ ਜਿਸ ਵਿਚ ਮੈਂਡੀ ਦੀ ਵੀ ਭੂਮਿਕਾ ਹੈ। ਇਹ ਗੱਲ ਸੱਚ ਹੈ ਕਿ ਕਾਮੇਡੀ ਹਾਲੇ ਵੀ ਪੰਜਾਬੀ ਫਿਲਮਸਾਜ਼ਾਂ ਦੀ ਪਸੰਦ ਹੈ ਤੇ ਦਰਸ਼ਕ ਵੀ ਇਹੀ ਚਾਹੁੰਦੇ ਹਨ ਪਰ ਉਹ ਇਸ ਰੁਝਾਨ 'ਤੇ ਕਹਿੰਦੀ ਹੈ, "ਜੇਕਰ ਦਰਸ਼ਕ ਸਾਨੂੰ ਉਤਸ਼ਾਹਿਤ ਕਰਨ ਤਾਂ ਪੰਜਾਬੀ ਸਿਨੇਮਾ ਵੀ ਕਈ ਮੁਸ਼ਕਿਲ ਵਿਸ਼ਿਆਂ ਨੂੰ ਛੂਹ ਸਕਦਾ ਹੈ।" ਘੱਟੋ-ਘੱਟ ਉਹ ਤਾਂ ਇਸ ਗੱਲ ਲਈ ਦ੍ਰਿੜ ਹੈ ਅਤੇ ਚਾਹੁੰਦੀ ਹੈ ਕਿ ਅੱਜ ਤੋਂ ਪੰਜ ਸਾਲਾਂ ਬਾਅਦ ਮੈਂਡੀ ਤੱਖੜ ਸਟੂਡੀਓਜ਼ ਮਨੋਰੰਜਨ ਅਤੇ ਸੁਨੇਹਾ ਦੇਣ ਵਾਲੀਆਂ ਫਿਲਮਾਂ ਲਈ ਜਾਣਿਆ ਜਾਵੇ।

*-ਨੌਨਿਕਾ ਸਿੰਘ*

# ਕਿਆਰਾ ਅਡਵਾਨੀ ਦਾ ਦਹਾਕਾ

'ਫਗਲੀ' ਨਾਲ ਬੌਲੀਵੁੱਡ ਦੀ ਦੁਨੀਆ ਵਿਚ ਪੈਰ ਧਰਨ ਵਾਲੀ ਅਦਾਕਾਰਾ ਕਿਆਰਾ ਅਡਵਾਨੀ ਨੇ ਫਿਲਮੀ ਦੁਨੀਆ ਵਿਚ ਇਕ ਦਹਾਕਾ ਪੂਰਾ ਕਰ ਲਿਆ ਹੈ। ਇਸ ਮੌਕੇ ਉਹ ਕਾਫ਼ੀ ਭਾਵੁਕ ਨਜ਼ਰ ਆਈ। ਉਸ ਨੇ ਵੀਡੀਓ ਸਾਂਝਾ ਕੀਤਾ ਜਿਸ ਦੀ ਸ਼ੁਰੂਆਤ ਵਿਚ ਉਹ ਮਜ਼ਾਹੀਆ ਅੰਦਾਜ਼ ਵਿਚ ਆਪਣੀ ਟੀਮ ਨੂੰ ਦੱਸ ਰਹੀ ਹੈ ਕਿ ਉਹ ਆਪਣੇ ਪਰਿਵਾਰ ਅੱਗੇ 'ਸ਼ੋਅ' ਪੇਸ਼ ਕਰਦੀ ਹੁੰਦੀ ਸੀ। ਫਿਰ ਉਸ ਨੇ ਆਪਣੇ ਬਚਪਨ ਦਾ ਵੀਡੀਓ ਦਿਖਾਇਆ ਜਿਸ ਵਿਚ ਕਿਆਰਾ ਨੂੰ ਪ੍ਰਫਾਰਮ ਕਰਦਿਆਂ ਦੇਖਿਆ ਜਾ ਸਕਦਾ ਹੈ। ਉਸ ਨੂੰ ਉਨ੍ਹਾਂ ਕਿਰਦਾਰਾਂ ਦੀਆਂ ਤਸਵੀਰਾਂ ਨਾਲ ਕੇਕ ਕੱਟਦੇ ਦੇਖਿਆ ਜਾ ਸਕਦਾ ਹੈ ਜੋ ਉਸ ਨੇ ਲੰਘੇ ਸਾਲਾਂ ਦੌਰਾਨ ਨਿਭਾਏ ਹਨ। ਵੀਡੀਓ ਵਿਚ ਕਿਆਰਾ ਦੇ ਪ੍ਰਸ਼ੰਸਕਾਂ ਨਾਲ ਮੇਲ-ਮਿਲਾਪ ਨੂੰ ਵੀ ਦਿਖਾਇਆ ਗਿਆ ਹੈ ਜਿਸ ਨੂੰ ਦੇਖ ਕੇ ਉਹ ਭਾਵੁਕ ਹੋ ਜਾਂਦੀ ਹੈ।

ਵੀਡੀਓ ਨਾਲ ਉਸ ਨੇ ਲੰਮਾ ਧੰਨਵਾਦ ਨੋਟ ਵੀ ਲਿਖਿਆ ਹੈ: '13 ਜੂਨ 2014... 10 ਸਾਲ ਤੇ ਅਜਿਹਾ ਮਹਿਸੂਸ ਹੋ ਰਿਹੈ ਜਿਵੇਂ ਇਹ ਕੱਲ੍ਹ ਦੀ ਗੱਲ ਹੁੰਦੀ ਹੈ। ਮੈਂ ਅਜੇ ਵੀ ਉਹੀ ਲੜਕੀ ਹਾਂ ਜੋ ਆਪਣੇ ਪਰਿਵਾਰ ਅੱਗੇ ਪ੍ਰਦਰਸ਼ਨ ਕਰਨ ਲਈ ਉਤਾਵਲੀ ਰਹਿੰਦੀ ਹੈ। ਬੱਸ ਫਰਕ ਸਿਰਫ਼ ਇੰਨਾ ਹੈ ਕਿ ਹੁਣ ਮੇਰਾ ਪਰਿਵਾਰ ਬਹੁਤ ਵੱਡਾ ਹੈ ਕਿਉਂਕਿ ਤੁਹਾਡੇ ਵਿਚੋਂ ਹਰ ਕੋਈ ਇਸ ਦਾ ਹਿੱਸਾ ਹੈ।' ਉਸ ਨੇ ਆਪਣੇ ਇਸ ਸਫ਼ਰ ਦੌਰਾਨ ਮਿਲੇ ਪਿਆਰ ਲਈ ਵੀ ਧੰਨਵਾਦ ਕੀਤਾ। ਇਸੇ ਦੌਰਾਨ ਸਿਧਾਰਥ ਮਲਹੋਤਰਾ ਨੇ ਵੀ ਆਪਣੇ ਇੰਸਟਾਗ੍ਰਾਮ 'ਤੇ



ਉਸ ਲਈ ਸੰਦੇਸ਼ ਪੋਸਟ ਕੀਤਾ। ਉਸ ਨੇ ਲਿਖਿਆ ਹੈ- 'ਇੱਕ ਦਹਾਕੇ ਦੀ ਸਖ਼ਤ ਮਿਹਨਤ, ਪਿਆਰ ਅਤੇ ਜਨੂੰਨ ਲਈ ਸ਼ੁਭਕਾਮਨਾਵਾਂ! ਚਮਕਦੇ ਰਹੋ।' ਜ਼ਿਕਰਯੋਗ ਹੈ ਕਿ ਕਿਆਰਾ ਅਡਵਾਨੀ ਨੇ ਨਾ ਸਿਰਫ ਆਪਣੀ ਅਦਾਕਾਰੀ ਨਾਲ ਸਗੋਂ ਆਪਣੇ ਫੈਸ਼ਨ ਸਟਾਈਲ ਨਾਲ ਵੀ ਲੱਖਾਂ ਦਿਲਾਂ ਨੂੰ ਮੋਹਿਆ ਹੈ। ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ 'ਫਗਲੀ' ਨਾਲ ਕੀਤੀ ਅਤੇ ਜਲਦੀ ਹੀ 'ਐੱਮ.ਐੱਸ. ਧੋਨੀ- ਦਿ ਅਨਟੋਲਡ ਸਟੋਰੀ', 'ਲਸਟ ਸਟੋਰੀਜ਼', 'ਕਬੀਰ ਸਿੰਘ', 'ਸ਼ੇਰਸ਼ਾਹ', 'ਗੁੱਡ ਨਿਊਜ਼' ਵਰਗੀਆਂ ਫਿਲਮਾਂ ਨਾਲ ਪ੍ਰਸਿੱਧੀ ਪ੍ਰਾਪਤ ਕੀਤੀ।

# 'ਮਹਾਰਾਜ' ਮੁਸੀਬਤ ਵਿਚ ਘਿਰਿਆ




ਗੁਜਰਾਤ ਹਾਈ ਕੋਰਟ ਨੇ ਅਦਾਕਾਰ ਆਮਿਰ ਖ਼ਾਨ ਦੇ ਲੜਕੇ ਜੁਨੈਦ ਖ਼ਾਨ ਦੀ ਪਹਿਲੀ ਫਿਲਮ 'ਮਹਾਰਾਜ' ਦੀ ਓ.ਟੀ.ਟੀ. ਪਲੈਟਫਾਰਮ 'ਨੈੱਟਫਲਿਕਸ' ਉੱਤੇ ਰਿਲੀਜ਼ ਕਰਨ 'ਤੇ ਰੋਕ ਲਾ ਦਿੱਤੀ ਹੈ। ਹਿੰਦੂ ਭਾਈਚਾਰੇ ਦੇ ਮੈਂਬਰਾਂ ਨੇ ਦਾਅਵਾ ਕੀਤਾ ਸੀ ਕਿ ਫਿਲਮ ਰਿਲੀਜ਼ ਹੋਣ ਕਾਰਨ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੇਗੀ। ਜਸਟਿਸ ਸੰਗੀਤਾ ਵਿਸ਼ੇਨ ਦੇ ਬੈਂਚ ਨੇ ਇਹ ਆਦੇਸ਼ ਜਾਰੀ ਕੀਤਾ ਹੈ। ਇਹ ਫਿਲਮ 14 ਜੂਨ ਨੂੰ ਨੈੱਟਫਲਿਕਸ 'ਤੇ ਰਿਲੀਜ਼ ਹੋਣੀ ਸੀ। ਬੈਂਚ ਨੇ ਕੇਂਦਰ ਸਰਕਾਰ, ਨੈੱਟਫਲਿਕਸ ਅਤੇ ਯਸ਼ਰਾਜ ਫਿਲਮਜ਼ ਨੂੰ ਵੀ ਨੋਟਿਸ ਜਾਰੀ ਕੀਤੇ ਹਨ। ਵੈਸ਼ਣਵ ਫਿਰਕੇ ਦੇ ਪੁਸ਼ਟੀਮਾਰਗ ਦੇ ਅੱਠ ਮੈਂਬਰਾਂ ਨੇ ਫਿਲਮ ਦੀ ਰਿਲੀਜ਼ ਖ਼ਿਲਾਫ਼ ਪਟੀਸ਼ਨ ਦਾਇਰ ਕੀਤੀ ਸੀ। ਮੰਨਿਆ ਜਾ ਰਿਹਾ ਹੈ ਕਿ ਫਿਲਮ 1862 ਦੇ ਪ੍ਰਸਿੱਧ ਮਹਾਰਾਜ ਲਾਈਬਲ ਮਾਮਲੇ 'ਤੇ ਆਧਾਰਿਤ ਹੈ।

ਸੋਸ਼ਲ ਮੀਡੀਆ ਯੂਜ਼ਰਜ਼ ਨੇ ਪਾਈਆਂ ਪੋਸਟਾਂ ਵਿਚ 'ਬਾਈਕਾਟ ਨੈੱਟਫਲਿਕਸ', 'ਬੈਨ ਮਹਾਰਾਜ ਫਿਲਮ', 'ਆਮਿਰ ਖ਼ਾਨ' ਆਦਿ ਲਿਖ ਕੇ ਫਿਲਮ ਦਾ ਵਿਰੋਧ ਕੀਤਾ। 'ਮਹਾਰਾਜ' ਦੇ ਨਿਰਮਾਤਾਵਾਂ ਮੁਤਾਬਕ ਇਹ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਦੇ ਸਮੇਂ ਬਾਰੇ ਫਿਲਮ ਹੈ ਅਤੇ 1862 ਦੇ ਮਹਾਰਾਜ ਲਾਈਬਲ ਕੇਸ 'ਤੇ ਆਧਾਰਿਤ ਹੈ। ਫਿਲਮ 'ਚ ਕਰਸਨਦਾਸ ਮੂਲਜੀ ਦਾ ਕਿਰਦਾਰ ਹੈ ਜਿਹੜਾ ਪੱਤਰਕਾਰ ਤੇ ਸਮਾਜ ਸੁਧਾਰਕ ਹੈ। ਉਹ ਔਰਤਾਂ ਦੇ ਹੱਕਾਂ ਤੇ ਸਮਾਜ ਸੁਧਾਰਾਂ ਦੀ ਵਕਾਲਤ ਕਰਦਾ ਹੈ।

# Reliable

*Trucks & Trailer Repair Shop*

**7401 Brookville Road Indianapolis, IN 46239**



* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change
* DPF Work
* Nox Sensor
*Truck & Trailer Bushings
*Air Compressor *
* Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**